ਐਤਵਾਰ, 4 ਮਈ, 2025
22 ਵਿਸਾਖ { ਨਾਨਕਸ਼ਾਹੀ 557 / ਬਿਕਰਮੀ 2082 }
ਜਿਲਦ/VOL. : 73
ਅੰਕ/NO. : 333

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • SUNDAY, 4 MAY, 2025 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

You Tube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 8+6=14

## ਸ਼ਿਪਿੰਗ ਲਿੰਕ, ਵਪਾਰ ਤੇ ਚਿੱਠੀ-ਪੱਤਰੀ ਵੀ ਬੰਦ

**ਨਵੀਂ ਦਿੱਲੀ** : ਭਾਰਤ ਨੇ ਪਹਿਲਗਾਮ ਵਿੱਚ ਅੱਤਵਾਦੀਆਂ ਵੱਲੋਂ ਸੈਲਾਨੀਆਂ ਦੀਆਂ ਹੱਤਿਆਵਾਂ ਦੇ ਮੱਦੇਨਜ਼ਰ ਪਾਕਿਸਤਾਨ ਤੋਂ ਆਉਣ ਵਾਲੇ ਸਾਮਾਨ ਜਾਂ ਉਸ ਦੀ ਸਰਹੱਦ ਤੋਂ ਹੋ ਕੇ ਆਉਣ ਵਾਲੀਆਂ ਵਸਤਾਂ 'ਤੇ ਪਾਬੰਦੀ ਲਾ ਦਿੱਤੀ ਹੈ। ਭਾਰਤ ਦੇ ਵਿਦੇਸ਼ ਵਪਾਰ ਡਾਇਰੈਕਟੋਰੇਟ ਜਨਰਲ ਨੇ ਇੱਕ ਨੋਟੀਫਿਕੇਸ਼ਨ 'ਚ ਕਿਹਾ ਹੈ ਕਿ ਇਹ ਪਾਬੰਦੀ ਫੌਰੀ ਤੌਰ 'ਤੇ ਅਮਲ ਵਿਚ ਆ ਜਾਵੇਗੀ।

ਭਾਰਤ ਪਾਕਿਸਤਾਨ ਨੂੰ ਮੁੱਖ ਤੌਰ 'ਤੇ ਕਪਾਹ, ਆਰਗੈਨਿਕ ਕੈਮੀਕਲਜ਼, ਪਸ਼ੂ ਖੁਰਾਕ, ਖਾਣ ਵਾਲੇ ਤੇਲ, ਪਲਾਸਟਿਕ ਆਰਟੀਕਲ, ਮੈਨ-ਮੇਡ ਫਿਲਾਮੈਂਟ, ਕੌਫੀ, ਚਾਹ, ਮਸਾਲੇ, ਡਾਈਜ਼, ਤੇਲ ਬੀਜ, ਡੇਅਰੀ ਪ੍ਰੋਡਕਟਸ ਤੇ ਦਵਾਈਆਂ ਭੇਜਦਾ ਸੀ ਅਤੇ ਪਾਕਿਸਤਾਨ ਤੋਂ ਤਾਂਬਾ, ਫਲ ਤੇ ਮੇਵੇ, ਕਪਾਹ, ਲੂਣ, ਗੰਧਕ, ਵੂਲ ਆਦਿ ਮੰਗਾਉਂਦਾ ਸੀ। ਵਪਾਰ ਤੋਂ ਇਲਾਵਾ ਜਹਾਜ਼ਰਾਨੀ ਲਿੰਕ ਵੀ ਮੁਅੱਤਲ ਕਰ ਦਿੱਤੇ ਗਏ ਹਨ। ਹੁਣ ਪਾਕਿਸਤਾਨੀ ਝੰਡੇ ਵਾਲਾ ਕੋਈ ਜਹਾਜ਼ ਭਾਰਤੀ ਬੰਦਰਗਾਹ 'ਤੇ ਨਹੀਂ ਰੁਕੇਗਾ ਤੇ ਭਾਰਤੀ ਝੰਡੇ ਵਾਲਾ ਜਹਾਜ਼ ਪਾਕਿਸਤਾਨੀ ਬੰਦਰਗਾਹ 'ਤੇ ਨਹੀਂ ਰੁਕੇਗਾ।




ਇਸੇ ਦੌਰਾਨ ਡਾਕ ਵਿਭਾਗ ਨੇ ਪਾਕਿਸਤਾਨ ਨਾਲ ਡਾਕ ਤੇ ਪਾਰਸਲ ਦਾ ਲੈਣ-ਦੇਣ ਵੀ ਬੰਦ ਕਰ ਦਿੱਤਾ ਹੈ। ਭਾਰਤ ਨੇ ਪਹਿਲਗਾਮ ਹਮਲੇ ਵਿੱਚ ਪਾਕਿਸਤਾਨ ਦੀ ਸ਼ਮੂਲੀਅਤ ਦਾ ਦੋਸ਼ ਲਾਇਆ ਹੈ, ਜਦਕਿ ਪਾਕਿਸਤਾਨ ਨੇ ਅਜਿਹੇ ਦੋਸ਼ ਨਕਾਰੇ ਹਨ।

ਪਾਕਿਸਤਾਨ ਨੇ ਕਿਹਾ ਹੈ ਕਿ ਉਸ ਕੋਲ ਖੁਫੀਆ ਜਾਣਕਾਰੀ ਹੈ ਕਿ ਭਾਰਤ ਫੌਜੀ ਕਾਰਵਾਈ ਸ਼ੁਰੂ ਕਰਨ ਦਾ ਇਰਾਦਾ ਰੱਖਦਾ ਹੈ। ਪਾਕਿਸਤਾਨ ਨੇ ਵੀ ਜਵਾਬੀ ਕਾਰਵਾਈਆਂ ਦਾ ਐਲਾਨ ਕੀਤਾ ਹੈ, ਜਿਸ ਵਿੱਚ ਸਾਰੇ ਸਰਹੱਦੀ ਵਪਾਰ ਨੂੰ ਰੋਕਣਾ, ਭਾਰਤੀ ਜਹਾਜ਼ਾਂ ਲਈ ਆਪਣਾ ਹਵਾਈ ਖੇਤਰ ਬੰਦ ਕਰਨਾ ਅਤੇ ਭਾਰਤੀ ਡਿਪਲੋਮੈਟਾਂ ਨੂੰ ਕੱਢਣਾ ਸ਼ਾਮਲ ਹੈ।

## ਬੱਚੀ ਦੀ ਦੁੱਖ ਤੋਂ ਮੁਕਤੀ ਲਈ ਰੂਹਾਨੀ ਇਲਾਜ

**ਇੰਦੌਰ** : ਹਾਲਾਂਕਿ ਡਾਕਟਰੀ ਕਾਫੀ ਤਰੱਕੀ ਕਰ ਚੁੱਕੀ ਹੈ, ਪਰ ਇੱਕ ਪੜ੍ਹੇ-ਲਿਖੇ ਜੋੜੇ ਨੇ ਬ੍ਰੇਨ ਟਿਊਮਰ ਤੋਂ ਪੀੜਤ ਬੱਚੀ ਦੇ ਇਲਾਜ ਦੀ 'ਰੂਹਾਨੀ ਪ੍ਰਣਾਲੀ' ਨੂੰ ਤਰਜੀਹ ਦਿੱਤੀ। ਦਰਅਸਲ ਇਸ ਰੂਹਾਨੀ ਪ੍ਰਣਾਲੀ ਨੂੰ ਜੈਨ ਧਰਮ ਵਾਲੇ ਸੰਥਾਰਾ ਕਹਿੰਦੇ ਹਨ। ਸੱਲੇਖਨਾ, ਸਮਾਧੀ ਮਰਨ, ਪੰਡਤ ਮਰਨ ਤੇ ਸੰਨਿਆਸ ਮਰਨ ਵੀ ਕਹਿੰਦੇ ਹਨ। ਇਸ ਵਿੱਚ ਮਰਨ ਵਰਤ ਰੱਖਿਆ ਜਾਂਦਾ ਹੈ। ਵਿਅਕਤੀ ਹੌਲੀ-ਹੌਲੀ ਅੰਨ-ਪਾਣੀ ਘਟਾਉਂਦਾ ਜਾਂਦਾ ਹੈ ਤੇ ਫਿਰ ਉਸ ਦੀ ਮੌਤ ਹੋ ਜਾਂਦੀ ਹੈ। ਜੈਨ ਧਰਮ ਵਾਲੇ ਇਸ ਨੂੰ ਰੂਹਾਨੀ ਸ਼ੁੱਧੀਕਰਨ ਤੇ ਦੁਨੀਆ ਤੋਂ ਮੁਕਤੀ ਦੱਸਦੇ ਹਨ। ਪ੍ਰਥਾ ਮੁਤਾਬਕ ਜਦੋਂ ਬੰਦੇ ਨੂੰ ਲੱਗਦਾ ਹੈ ਕਿ ਮੌਤ ਨੇੜੇ ਹੈ ਤਾਂ ਉਹ ਇੱਕ ਕਮਰੇ ਵਿੱਚ ਬੰਦ ਹੋ ਜਾਂਦਾ ਹੈ ਤੇ ਖਾਣਾ-ਪੀਣਾ ਤਿਆਗ ਦਿੰਦਾ ਹੈ, ਪਰ ਇੱਥੇ ਇਹ ਪ੍ਰਥਾ ਇੱਕ ਨਿੱਕੀ ਜਿਹੀ ਬੱਚੀ 'ਤੇ ਲਾਗੂ ਕੀਤੀ ਗਈ, ਜਿਸ ਨੇ ਅਜੇ ਦੁਨੀਆ ਨਹੀਂ ਦੇਖੀ ਸੀ, ਮੌਤ ਨੇੜੇ ਆਉਣ ਦਾ ਇਲਹਾਮ ਤਾਂ ਉਸ ਨੂੰ ਕਿੱਥੇ ਹੋਣਾ ਸੀ।


ਵਿਯਾਨਾ ਜੈਨ ਆਪਣੇ ਮਾਂ-ਬਾਪ ਨਾਲ।

21 ਮਾਰਚ ਨੂੰ ਆਖਰੀ ਸਾਹ ਲੈਣ ਵਾਲੀ ਤਿੰਨ ਸਾਲ ਦੀ ਬੱਚੀ ਵਿਯਾਨਾ ਜੈਨ ਦੇ ਮਾਂ-ਬਾਪ, ਜਿਹੜੇ ਆਈ ਟੀ ਪ੍ਰੋਫੈਸ਼ਨਲ ਹਨ, ਨੇ ਦੱਸਿਆ ਕਿ 'ਗੋਲਡਨ ਬੁੱਕ ਆਫ ਵਰਲਡ ਰਿਕਾਰਡਜ਼' ਨੇ ਇਸ ਦਾ ਨੋਟਿਸ ਲੈ ਕੇ ਵਿਯਾਨਾ ਦੇ ਨਾਂਅ ਸਰਟੀਫਿਕੇਟ ਜਾਰੀ ਕਰਕੇ ਕਿਹਾ ਹੈ ਕਿ ਉਹ ਸੰਥਾਰਾ ਪ੍ਰਥਾ ਤਹਿਤ ਮੁਕਤੀ ਹਾਸਲ ਕਰਨ ਵਾਲੀ ਸਭ ਤੋਂ ਨਿੱਕੀ ਉਮਰ ਦੀ ਸੀ। ਜੋੜੇ ਨੇ ਦੱਸਿਆ ਕਿ ਉਨ੍ਹਾਂ ਜੈਨ ਮੁਨੀ ਦੀ ਸਲਾਹ 'ਤੇ ਇਹ ਢੰਗ ਅਪਣਾਇਆ। ਬੱਚੀ ਦੇ ਪਿਤਾ ਪਿਯੂਸ਼ ਜੈਨ ਨੇ ਦੱਸਿਆ, 'ਬੱਚੀ ਨੂੰ ਬ੍ਰੇਨ ਟਿਊਮਰ ਦਾ ਜਨਵਰੀ ਵਿੱਚ ਪਤਾ ਲੱਗਿਆ। ਉਸ ਦੀ ਸਰਜਰੀ ਹੋਈ ਤੇ ਸਿਹਤ ਵਿੱਚ ਸੁਧਾਰ ਵੀ ਹੋਇਆ, ਪਰ ਮਾਰਚ ਵਿੱਚ ਸਿਹਤ ਵਿਗੜ ਗਈ ਅਤੇ ਉਸ ਲਈ ਖਾਣਾ-ਪੀਣਾ ਮੁਸ਼ਕਲ ਹੋ ਗਿਆ। 21 ਮਾਰਚ ਦੀ ਰਾਤ ਮੈਂ ਪਰਵਾਰ ਨਾਲ ਬੱਚੀ ਨੂੰ ਲੈ ਕੇ ਰਾਜੇਸ਼ ਮੁਨੀ ਦੇ ਦਰਸ਼ਨਾਂ ਲਈ ਗਿਆ। ਮਹਾਰਾਜ ਜੀ ਨੇ ਕਿਹਾ ਕਿ ਬੱਚੀ ਦਾ ਅੰਤ ਨੇੜੇ ਹੈ ਅਤੇ ਉਸ ਨੂੰ ਸੰਥਾਰਾ ਕਰਵਾਇਆ ਜਾਵੇ, ਇਸ ਦੀ ਜੈਨ ਧਰਮ ਵਿੱਚ ਬਹੁਤ ਅਹਿਮੀਅਤ ਹੈ। ਸੋਚ-ਵਿਚਾਰ ਕੇ ਅਸੀਂ ਰਾਜ਼ੀ ਹੋ ਗਏ। ਸੰਥਾਰਾ ਦੀਆਂ ਰਸਮਾਂ ਪੂਰੀਆਂ ਕਰਨ ਦੇ ਕੁਝ ਮਿੰਟਾਂ ਬਾਅਦ ਬੱਚੀ ਦੀ ਮੌਤ ਹੋ ਗਈ।'

ਬੱਚੀ ਦੀ ਮਾਂ ਵਰਸ਼ਾ ਜੈਨ ਨੇ ਕਿਹਾ, 'ਮੈਂ ਦੱਸ ਨਹੀਂ ਸਕਦੀ ਕਿ ਸੰਥਾਰਾ ਦਾ ਫੈਸਲਾ ਕਿੰਨੀ ਮੁਸ਼ਕਲ 'ਚ ਲਿਆ। ਬੱਚੀ ਦੀ ਹਾਲਤ ਦੇਖੀ ਨਹੀਂ ਜਾਂਦੀ ਸੀ। ਮੈਂ ਚਾਹੁੰਦੀ ਹਾਂ ਕਿ ਮੇਰੀ ਧੀ ਅਗਲੇ ਜਨਮ ਵਿੱਚ ਹਮੇਸ਼ਾ ਖੁਸ਼ ਰਹੇ।'

ਸੰਥਾਰਾ ਬਾਰੇ ਕਾਨੂੰਨੀ ਤੇ ਧਾਰਮਕ ਹਲਕਿਆਂ ਵਿੱਚ ਵਿਵਾਦ 2015 ਵਿੱਚ ਭਖਿਆ ਸੀ, ਜਦੋਂ ਰਾਜਸਥਾਨ ਹਾਈ ਕੋਰਟ ਨੇ ਇਸ ਨੂੰ ਤਾਜ਼ੀਰਾਤੇ ਹਿੰਦ ਦੀ ਦਫਾ 306 (ਖੁਦਕੁਸ਼ੀ ਲਈ ਉਕਸਾਉਣਾ) ਅਤੇ 309 (ਖੁਦਕੁਸ਼ੀ ਦੀ ਕੋਸ਼ਿਸ਼) ਤਹਿਤ ਸਜ਼ਾਯੋਗ ਅਪਰਾਧ ਐਲਾਨਿਆ ਸੀ, ਪਰ ਸੁਪਰੀਮ ਕੋਰਟ ਨੇ ਜੈਨ ਭਾਈਚਾਰੇ ਦੀਆਂ ਧਾਰਮਕ ਸੰਸਥਾਵਾਂ ਵੱਲੋਂ ਦਾਇਰ ਪਟੀਸ਼ਨਾਂ ਦੀ ਸੁਣਵਾਈ ਕਰਦਿਆਂ ਰਾਜਸਥਾਨ ਹਾਈ ਕੋਰਟ ਦੇ ਫੈਸਲੇ 'ਤੇ ਰੋਕ ਲਾ ਦਿੱਤੀ ਸੀ।

## ਭਾਰਤ ਨੇ ਸਿੰਧ ਦਰਿਆ 'ਤੇ ਡੈਮ ਬਣਾਇਆ ਤਾਂ ਉਡਾ ਦੇਵਾਂਗੇ : ਖਵਾਜਾ ਆਸਿਫ



**ਇਸਲਾਮਾਬਾਦ** : ਪਾਕਿਸਤਾਨ ਦੇ ਰੱਖਿਆ ਮੰਤਰੀ ਖਵਾਜਾ ਆਸਿਫ ਨੇ ਧਮਕੀ ਦਿੱਤੀ ਹੈ ਕਿ ਜੇ ਭਾਰਤ ਨੇ ਸਿੰਧੂ ਜਲ ਸੰਧੀ ਦੀ ਉਲੰਘਣਾ ਕੀਤੀ ਤੇ ਸਿੰਧ ਦਰਿਆ 'ਤੇ ਕੋਈ ਢਾਂਚਾ (ਡੈਮ) ਖੜ੍ਹਾ ਕੀਤਾ ਤਾਂ ਪਾਕਿਸਤਾਨ ਉਸ ਨੂੰ ਉਡਾ ਦੇਵੇਗਾ। 'ਜਿਓ ਨਿਊਜ਼' ਟੈਲੀਵਿਜ਼ਨ ਚੈਨਲ ਨਾਲ ਇੰਟਰਵਿਊ 'ਚ ਖਵਾਜਾ ਨੇ ਕਿਹਾ ਕਿ ਸਿੰਧ ਦਰਿਆ 'ਤੇ ਕਿਸੇ ਵੀ ਤਰ੍ਹਾਂ ਦੇ ਢਾਂਚੇ ਦੀ ਉਸਾਰੀ ਨੂੰ ਭਾਰਤ ਦਾ ਹਮਲਾ ਸਮਝਿਆ ਜਾਵੇਗਾ। ਭਾਰਤ ਨੇ ਪਹਿਲਗਾਮ ਵਿੱਚ ਸੈਲਾਨੀਆਂ 'ਤੇ ਦਹਿਸ਼ਤਗਰਦਾਂ 'ਤੇ ਹਮਲੇ ਦੇ ਬਾਅਦ ਸਿੰਧੂ ਜਲ ਸੰਧੀ ਨੂੰ ਮੁਅੱਤਲ ਕਰ ਦਿੱਤਾ ਸੀ। ਖਵਾਜਾ ਨੇ ਕਿਹਾ ਕਿ ਹਮਲਾ ਸਿਰਫ ਤੋਪਾਂ ਜਾਂ ਬੰਦੂਕਾਂ ਚਲਾਉਣਾ ਨਹੀਂ ਹੁੰਦਾ, ਇਸ ਦੇ ਕਈ ਰੂਪ ਹੁੰਦੇ ਹਨ। ਇਨ੍ਹਾਂ ਵਿੱਚ ਇੱਕ ਰੂਪ ਪਾਣੀ ਰੋਕ ਕੇ ਜਾਂ ਉਸ ਦਾ ਰਾਹ ਬਦਲ ਕੇ ਲੋਕਾਂ ਨੂੰ ਭੁੱਖੇ-ਤਿਹਾਏ ਰੱਖ ਕੇ ਮਾਰਨਾ ਵੀ ਹੁੰਦਾ ਹੈ। ਖਵਾਜਾ ਨੇ ਕਿਹਾ ਕਿ ਫਿਲਹਾਲ ਪਾਕਿਸਤਾਨ ਸੰਬੰਧਤ ਮੰਚਾਂ 'ਤੇ ਸਿੰਧੂ ਜਲ ਸੰਧੀ ਦਾ ਮਾਮਲਾ ਉਠਾਉਣ ਜਾ ਰਿਹਾ ਹੈ।

## 450 ਕਿੱਲੋਮੀਟਰੀ ਅਬਦਾਲੀ ਮਿਜ਼ਾਈਲ ਦੀ ਪਰਖ

**ਇਸਲਾਮਾਬਾਦ** : ਪਾਕਿਸਤਾਨ ਨੇ ਸਨਿੱਚਰਵਾਰ ਐਲਾਨਿਆ ਕਿ ਉਸ ਨੇ ਜ਼ਮੀਨ ਤੋਂ ਜ਼ਮੀਨ ਉਤੇ ਮਾਰ ਕਰਨ ਵਾਲੀ ਅਬਦਾਲੀ ਮਿਜ਼ਾਈਲ ਦੀ ਪਰਖ ਕੀਤੀ, ਜੋ 450 ਕਿੱਲੋਮੀਟਰ ਤੱਕ ਮਾਰ ਕਰ ਸਕਦੀ ਹੈ। ਪਾਕਿਸਤਾਨ ਨੇ ਪਹਿਲਗਾਮ ਅੱਤਵਾਦੀ ਹਮਲੇ ਤੋਂ ਬਾਅਦ ਭਾਰਤ ਨਾਲ ਵਧੇ ਤਣਾਅ ਦੇ ਵਿਚਕਾਰ ਇਹ ਕਾਰਵਾਈ ਕੀਤੀ ਹੈ।

ਪਾਕਿਸਤਾਨੀ ਫੌਜ ਵੱਲੋਂ ਜਾਰੀ ਬਿਆਨ ਵਿੱਚ ਕਿਹਾ ਗਿਆ ਹੈ, 'ਇਸ ਲਾਂਚ ਦਾ ਮਕਸਦ ਫੌਜਾਂ ਦੀ ਸੰਚਾਲਨ ਤਿਆਰੀ ਨੂੰ ਯਕੀਨੀ ਬਣਾਉਣਾ ਅਤੇ ਮਿਜ਼ਾਈਲ ਦੇ ਉੱਨਤ ਨੈਵੀਗੇਸ਼ਨ ਸਿਸਟਮ ਅਤੇ ਵਧੀਆਂ ਅਮਲੀ ਵਿਸ਼ੇਸ਼ਤਾਵਾਂ ਸਮੇਤ ਮੁੱਖ ਤਕਨੀਕੀ ਮਾਪਦੰਡਾਂ ਨੂੰ ਪ੍ਰਮਾਣਤ ਕਰਨਾ ਸੀ। ਫੌਜ ਨੇ ਅਭਿਆਸ ਬਾਰੇ ਵੇਰਵੇ ਦਿੱਤੇ ਬਿਨਾਂ ਕਿਹਾ ਕਿ ਮਿਜ਼ਾਈਲ ਲਾਂਚ 'ਐਕਸਰਸਾਈਜ਼ ਇੰਡਸ' (ਸਿੰਧ ਅਭਿਆਸ) ਦਾ ਹਿੱਸਾ ਸੀ। ਸਾਬਕਾ ਰਾਸ਼ਟਰਪਤੀ ਆਸਿਫ ਅਲੀ ਜ਼ਰਦਾਰੀ, ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ ਅਤੇ ਫੌਜਾਂ ਦੇ ਮੁਖੀਆਂ ਨੇ ਮਿਜ਼ਾਈਲ ਦੀ ਪਰਖ ਕਰਨ ਵਾਲੇ ਵਾਲੇ ਫੌਜੀ ਅਧਿਕਾਰੀਆਂ, ਵਿਗਿਆਨੀਆਂ ਅਤੇ ਇੰਜੀਨੀਅਰਾਂ ਨੂੰ ਇਸ ਲਈ ਵਧਾਈ ਦਿੱਤੀ ਹੈ।

## ਬੰਬਾਰ ਮੰਤਰੀ



**ਵਿਜੇਨਗਰ** : ਕਰਨਾਟਕ ਦੀ ਕਾਂਗਰਸ ਸਰਕਾਰ 'ਚ ਮਕਾਨ ਤੇ ਘੱਟ ਗਿਣਤੀ ਭਲਾਈ ਮੰਤਰੀ ਜ਼ਮੀਰ ਅਹਿਮਦ ਖਾਨ ਨੇ ਸ਼ੁੱਕਰਵਾਰ ਪ੍ਰੈੱਸ ਕਾਨਫਰੰਸ 'ਚ ਕਿਹਾ, 'ਜੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਗ੍ਰਿਹ ਮੰਤਰੀ ਅਮਿਤ ਸ਼ਾਹ ਮੈਨੂੰ ਆਗਿਆ ਦੇਣ ਤਾਂ ਮੈਂ ਆਤਮਘਾਤੀ ਬੰਬਾਰ ਬਣ ਕੇ ਪਾਕਿਸਤਾਨ ਜਾ ਕੇ ਹਮਲਾ ਕਰਨ ਲਈ ਤਿਆਰ ਹਾਂ। ਮੈਂ ਦੇਸ਼ ਲਈ ਜਾਨ ਦੇਣ ਲਈ ਤਿਆਰ ਹਾਂ।' ਜਦੋਂ ਇਹ ਸੁਣ ਕੇ ਨਾਲ ਮੌਜੂਦ ਲੋਕ ਹੱਸਣ ਲੱਗ ਪਏ ਤਾਂ ਮੰਤਰੀ ਨੇ ਕਿਹਾ, 'ਮੈਂ ਮਜ਼ਾਕ ਨਹੀਂ ਕਰ ਰਿਹਾ, ਵਾਕਈ ਸੀਰੀਅਸ ਹਾਂ।'

## ਪ੍ਰਵੀਨ ਸਿਨਹਾ ਨੂੰ ਚੀਫ ਡਾਇਰੈਕਟਰ ਵਿਜੀਲੈਂਸ ਬਿਊਰੋ ਦਾ ਵਾਧੂ ਚਾਰਜ

**ਚੰਡੀਗੜ੍ਹ** : ਪੰਜਾਬ ਸਰਕਾਰ ਨੇ 10 ਆਈ ਪੀ ਐੱਸ ਅਧਿਕਾਰੀਆਂ ਦੇ ਤਬਾਦਲੇ ਕਰ ਦਿੱਤੇ ਹਨ। ਪਟਿਆਲਾ ਦੇ ਐੱਸ ਐੱਸ ਪੀ ਡਾ. ਨਾਨਕ ਸਿੰਘ ਨੂੰ ਪਟਿਆਲਾ ਰੇਂਜ ਦਾ ਡੀ ਆਈ ਜੀ ਬਣਾਇਆ ਗਿਆ ਹੈ। ਉਨ੍ਹਾ ਦੀ ਥਾਂ ਵਰੁਣ ਸ਼ਰਮਾ ਨੂੰ ਪਟਿਆਲਾ ਦਾ ਐੱਸ ਐੱਸ ਪੀ ਲਾਇਆ ਗਿਆ ਹੈ। ਵਰਿੰਦਰ ਕੁਮਾਰ ਨੂੰ ਪੰਜਾਬ ਮਨੁੱਖੀ ਅਧਿਕਾਰ ਕਮਿਸ਼ਨ ਵਿੱਚ ਵਿਸ਼ੇਸ਼ ਡੀ ਜੀ ਪੀ ਲਾਇਆ ਗਿਆ ਹੈ। ਏ ਡੀ ਜੀ ਪੀ ਸ੍ਰੀ ਐੱਨ ਆਰ ਆਈ ਪ੍ਰਵੀਨ ਕੁਮਾਰ ਸਿਨਹਾ ਨੂੰ ਏ ਡੀ ਜੀ ਪੀ ਇੰਟੈਲੀਜੈਂਸ ਲਾਉਂਦਿਆਂ ਨਾਲ ਹੀ ਚੀਫ ਡਾਇਰੈਕਟਰ ਵਿਜੀਲੈਂਸ ਬਿਊਰੋ ਪੰਜਾਬ ਦਾ ਵਾਧੂ ਚਾਰਜ ਸੌਂਪਿਆ ਗਿਆ ਹੈ। ਕੁਲਦੀਪ ਸਿੰਘ ਚਾਹਲ ਨੂੰ ਡੀ ਆਈ ਜੀ ਤਕਨੀਕੀ ਸੇਵਾਵਾਂ, ਹਰਜੀਤ ਸਿੰਘ ਨੂੰ ਡੀ ਆਈ ਜੀ ਟਰੇਨਿੰਗ ਲਾਉਂਦਿਆਂ ਡੀ ਆਈ ਜੀ ਬਠਿੰਡਾ ਰੇਂਜ ਦਾ ਵਾਧੂ ਚਾਰਜ ਦਿੱਤਾ ਗਿਆ ਹੈ। ਤੁਸ਼ਾਰ ਗੁਪਤਾ ਨੂੰ ਏ ਆਈ ਜੀ ਪ੍ਰੋਵਿਜ਼ਨਿੰਗ, ਮਨਿੰਦਰ ਸਿੰਘ ਨੂੰ ਏ ਆਈ ਜੀ ਭਲਾਈ ਪੰਜਾਬ ਲਾਉਂਦਿਆਂ ਐੱਸ ਐੱਸ ਪੀ ਅੰਮ੍ਰਿਤਸਰ ਰੂਰਲ ਦਾ ਵਾਧੂ ਚਾਰਜ ਦਿੱਤਾ ਗਿਆ ਹੈ। ਇਸੇ ਤਰ੍ਹਾਂ ਹਰਕਮਲਪ੍ਰੀਤ ਸਿੰਘ ਖੱਖ ਨੂੰ ਏ ਆਈ ਜੀ ਐੱਨ ਆਰ ਆਈ ਜਲੰਧਰ ਲਾਇਆ ਗਿਆ ਹੈ।

## 14 ਵਿਦਿਆਰਥੀਆਂ ਦੇ ਐੱਮ ਬੀ ਬੀ ਐੱਸ ਦਾਖਲੇ ਰੱਦ

**ਨਵੀਂ ਦਿੱਲੀ** : ਨੈਸ਼ਨਲ ਮੈਡੀਕਲ ਕਮਿਸ਼ਨ (ਐਨ ਐੱਮ ਸੀ) ਨੇ ਨੀਟ-ਯੂ ਜੀ 2024 ਪ੍ਰੀਖਿਆ ਬੇਨੇਮੀਆਂ ਵਿੱਚ ਸ਼ਾਮਲ ਪਾਏ ਗਏ 14 ਵਿਦਿਆਰਥੀਆਂ ਦੇ ਐੱਮ ਬੀ ਬੀ ਐੱਸ ਦੇ ਦਾਖਲੇ ਰੱਦ ਕਰ ਦਿੱਤੇ ਹਨ ਤੇ 26 ਵਿਦਿਆਰਥੀਆਂ ਨੂੰ ਮੁਅੱਤਲ ਕਰ ਦਿੱਤਾ ਹੈ। ਇਹ ਕਾਰਵਾਈ ਨੀਟ-ਯੂ ਜੀ 2025 ਦੀ ਚਾਰ ਮਈ ਨੂੰ ਹੋਣ ਵਾਲੀ ਪ੍ਰੀਖਿਆ ਤੋਂ ਪਹਿਲਾਂ ਕੀਤੀ ਗਈ ਹੈ। ਇਹ ਕਾਰਵਾਈ ਸੈਸ਼ਨ 2024-25 ਦੇ ਵਿਦਿਆਰਥੀਆਂ 'ਤੇ ਕੀਤੀ ਗਈ ਹੈ। ਨੀਟ ਪੇਪਰ ਲੀਕ ਦੀ ਕਈ ਏਜੰਸੀਆਂ ਵੱਲੋਂ ਜਾਂਚ ਕੀਤੀ ਗਈ ਹੈ। ਇਸ ਤੋਂ ਪਹਿਲਾਂ ਬੋਰਡ ਨੇ 42 ਵਿਦਿਆਰਥੀਆਂ ਨੂੰ ਤਿੰਨ ਸਾਲਾਂ ਲਈ ਪ੍ਰੀਖਿਆ ਦੇਣ ਤੋਂ ਰੋਕ ਦਿੱਤਾ ਸੀ। ਕਮਿਸ਼ਨ ਨੇ ਕਿਹਾ ਕਿ ਸੀ ਬੀ ਆਈ ਦੀ ਜਾਂਚ ਦੇ ਆਧਾਰ 'ਤੇ 215 ਵਿਦਿਆਰਥੀਆਂ ਨੂੰ 2024-25 ਸੈਸ਼ਨ ਦੀ ਪ੍ਰੀਖਿਆ ਦੇਣ ਤੋਂ ਰੋਕ ਦਿੱਤਾ ਗਿਆ ਸੀ।

## ਹਰਵਿੰਦਰ ਭੰਡਾਲ ਅੱਜ 'ਨਵਾਂ ਜ਼ਮਾਨਾ' ਟੀ ਵੀ 'ਤੇ


ਕਾਰਲ ਮਾਰਕਸ ਦੇ ਜਨਮ ਦਿਨ ਮੌਕੇ ਮਾਰਕਸਵਾਦੀ ਚਿੰਤਕ ਹਰਵਿੰਦਰ ਭੰਡਾਲ ਨਾਲ ਗੱਲਬਾਤ ਅੱਜ ਸਵੇਰੇ 10 ਵਜੇ 'ਨਵਾਂ ਜ਼ਮਾਨਾ' ਟੀ ਵੀ 'ਤੇ।

## ਟਰੰਪ ਪੋਪ ਦੇ ਰੂਪ 'ਚ



**ਵਾਸ਼ਿੰਗਟਨ** : ਨਵੇਂ ਪੋਪ ਦੀ ਚੋਣ ਅਜੇ ਹੋਣੀ ਹੈ ਤੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਪਹਿਲਾਂ ਹੀ ਕਹਿ ਚੁੱਕੇ ਹਨ ਕਿ ਉਨ੍ਹਾ ਦੀ ਪਹਿਲੀ ਪਸੰਦ ਪੋਪ ਬਣਨਾ ਹੈ। ਹੁਣ ਉਨ੍ਹਾ ਦੇ ਦਫਤਰ ਨੇ ਇੱਕ ਅਜਿਹੀ ਏ ਆਈ ਇਮੇਜ ਜਾਰੀ ਕੀਤੀ ਹੈ, ਜਿਸ ਵਿੱਚ ਉਹ ਪੋਪ ਦੇ ਪਹਿਰਾਵੇ 'ਚ ਨਜ਼ਰ ਆ ਰਹੇ ਹਨ। ਗਰਦਨ ਵਿੱਚ ਕਰਾਸ ਪਾਇਆ ਹੋਇਆ ਹੈ।

## ਭਗਦੜ 'ਚ 7 ਸ਼ਰਧਾਲੂਆਂ ਦੀ ਮੌਤ

**ਪਣਜੀ** : ਉੱਤਰੀ ਗੋਆ ਦੇ ਸ਼ਿਰਗਾਂਵ ਪਿੰਡ ਵਿੱਚ ਸ੍ਰੀ ਲੈਰਾਈ ਯਾਤਰਾ ਦੌਰਾਨ ਸ਼ੁੱਕਰਵਾਰ ਰਾਤ ਭਗਦੜ ਮਚਣ ਕਾਰਨ 7 ਲੋਕਾਂ ਦੀ ਮੌਤ ਹੋ ਗਈ ਅਤੇ 50 ਤੋਂ ਵੱਧ ਜ਼ਖਮੀ ਹੋ ਗਏ। ਯਾਤਰਾ ਵਿੱਚ ਗੋਆ, ਮਹਾਰਾਸ਼ਟਰ ਅਤੇ ਕਰਨਾਟਕ ਤੋਂ ਹਜ਼ਾਰਾਂ ਸ਼ਰਧਾਲੂ ਪੁੱਜੇ ਸਨ। ਸ਼ਰਧਾਲੂ ਜਦੋਂ ਮੰਦਰ ਵੱਲ ਜਾ ਰਹੇ ਸਨ ਤਾਂ ਇੱਕ ਦੁਕਾਨ ਦੇ ਸਾਹਮਣੇ ਬਿਜਲੀ ਦੀ ਤਾਰ ਨਾਲ ਕਰੰਟ ਲੱਗਣ ਕਰਕੇ ਕੁਝ ਡਿੱਗ ਪਏ ਤੇ ਇਸ ਦੌਰਾਨ ਭਗਦੜ ਦੀ ਹਾਲਤ ਪੈਦਾ ਹੋ ਗਈ।

## 'ਪੂੰਜੀਵਾਦ ਤੇ ਫਾਸ਼ੀਵਾਦ ਦੇ ਦੌਰ 'ਚ ਮਾਰਕਸਵਾਦ ਦੀ ਪ੍ਰਸੰਗਿਕਤਾ' ਵਿਸ਼ੇ 'ਤੇ ਚਰਚਾ ਭਲਕੇ

**ਜਲੰਧਰ** : ਦੇਸ਼ ਭਗਤ ਯਾਦਗਾਰ ਕਮੇਟੀ ਉਸ ਵੇਲੇ ਇੱਕ ਵਿਸ਼ੇਸ਼ ਵਿਚਾਰ-ਚਰਚਾ ਦਾ ਆਯੋਜਨ ਕਰਨ ਜਾ ਰਹੀ ਹੈ, ਜਦੋਂ ਸਾਮਰਾਜਵਾਦ ਨੇ ਪੂਰੀ ਦੁਨੀਆ ਉਪਰ ਲੋਹੜੇ ਦਾ ਆਰਥਕ ਬੋਝ ਲੱਦਣ, ਕੁਦਰਤੀ ਮਾਲ ਖ਼ਜ਼ਾਨੇ ਹੜੱਪਣ, ਲੋਕਾਂ ਦੀ ਨਾਬਰੀ ਅਤੇ ਪ੍ਰਤੀਕਿਰਿਆ ਦੀ ਆਵਾਜ਼ ਦੇ ਗਲ 'ਗੂਠਾ ਦੇਣ ਅਤੇ ਲੋਕਾਂ ਉਪਰ ਨਿਹੱਕੀਆਂ ਜੰਗ ਮੜ੍ਹਨ ਲਈ ਨਾਮ-ਨਿਹਾਦ ਮਾਨਵੀ ਕਦਰਾਂ-ਕੀਮਤਾਂ ਅਤੇ ਜਮਹੂਰੀਅਤ ਦਾ ਵੀ ਘੁੰਢ ਚੁੱਕ ਦਿੱਤਾ ਹੈ। ਲੋਕਾਂ ਉਪਰ ਨੰਗਾ-ਚਿੱਟਾ ਫਾਸ਼ੀ ਹਮਲਾ ਤੇਜ਼ ਕਰ ਦਿੱਤਾ ਹੈ। ਕਮੇਟੀ ਨੇ ਅਜਿਹੇ ਸਮੇਂ ਪੂੰਜੀਵਾਦ ਦੇ ਸੰਕਟ 'ਚ ਮਾਰਕਸਵਾਦ ਦੀ ਪ੍ਰਸੰਗਿਕਤਾ ਅਤੇ ਫਾਸ਼ੀਵਾਦ ਦੀ ਹਨੇਰੀ ਨੂੰ ਠੱਲ੍ਹ ਪਾਉਣ ਲਈ ਕੁਛ ਕਰਨਾ ਲੋੜੀਏ ਵਿਸ਼ੇ 'ਤੇ ਗੰਭੀਰ ਵਿਚਾਰ-ਚਰਚਾ ਰੱਖੀ ਹੈ।

ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਅਤੇ ਸੱਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਦੱਸਿਆ ਕਿ ਕਾਰਲ ਮਾਰਕਸ ਦੇ 207ਵੇਂ ਜਨਮ ਦਿਹਾੜੇ ਮੌਕੇ 5 ਮਾਰਚ ਨੂੰ ਹੋ ਰਹੀ ਵਿਚਾਰ-ਚਰਚਾ ਵਿੱਚ ਸਮੂਹ ਵਿਦਵਾਨਾਂ ਅਤੇ ਲੋਕ-ਪੱਖੀ ਜਥੇਬੰਦੀਆਂ ਨੂੰ ਜਨਤਕ ਅਪੀਲ ਜਾਰੀ ਕੀਤੀ ਗਈ ਹੈ। ਉਹਨਾਂ ਦੱਸਿਆ ਕਿ ਮਾਰਕਸਵਾਦ ਦੀ ਪ੍ਰਸੰਗਿਕਤਾ, ਪੂੰਜੀਵਾਦ ਦਾ ਸੰਕਟ ਅਤੇ ਫਾਸ਼ੀਵਾਦ ਦਾ ਉਭਾਰ ਵਿਸ਼ਿਆਂ ਉਪਰ ਕ੍ਰਮਵਾਰ ਦੇਸ਼ ਭਗਤ ਯਾਦਗਾਰ ਕਮੇਟੀ ਦੇ ਮੈਂਬਰ ਜਗਰੂਪ, ਦਰਸ਼ਨ ਖਟਕੜ ਅਤੇ ਹਰਵਿੰਦਰ ਭੰਡਾਲ ਵਿਚਾਰ-ਚਰਚਾ ਕਰਨਗੇ।

## ਕੇਂਦਰ ਨੂੰ ਪਾਣੀ ਛੱਡਣ ਦੇ ਹੁਕਮ ਦੇਣ ਦਾ ਕੋਈ ਕਾਨੂੰਨੀ ਅਧਿਕਾਰ ਨਹੀਂ : ਰਾਜੇਵਾਲ

**ਚੰਡੀਗੜ੍ਹ** : ਇੱਥੋਂ ਜਾਰੀ ਕੀਤੇ ਇੱਕ ਪ੍ਰੈਸ ਬਿਆਨ ਵਿੱਚ ਭਾਰਤੀ ਕਿਸਾਨ ਯੂਨੀਅਨ (ਰਾਜੇਵਾਲ) ਦੇ ਪ੍ਰਧਾਨ ਬਲਬੀਰ ਸਿੰਘ ਰਾਜੇਵਾਲ ਨੇ ਕਿਹਾ ਕਿ ਜਿਵੇਂ ਕੱਲ੍ਹ ਭਾਰਤ ਦੇ ਗ੍ਰਿਹ ਸਕੱਤਰ ਨੇ ਭਾਖੜਾ ਬਿਆਸ ਪ੍ਰਬੰਧਕੀ ਬੋਰਡ ਨੂੰ ਹਰਿਆਣੇ ਲਈ 8500 ਕਿਊਸਿਕ ਪਾਣੀ ਜਾਰੀ ਕਰਨ ਦਾ ਹੁਕਮ ਦਿੱਤਾ ਹੈ, ਇਸ ਦਾ ਉਸ ਨੂੰ ਕੋਈ ਵੀ ਸੰਵਿਧਾਨਕ ਜਾਂ ਕਾਨੂੰਨੀ ਅਧਿਕਾਰ ਨਹੀਂ। ਕੇਂਦਰ ਪੰਜਾਬ ਦੇ ਪੁਨਰਗਠਨ ਐਕਟ-1966 ਅਨੁਸਾਰ ਅਜਿਹਾ ਝਗੜਾ ਨਿਬੇੜਨ ਲਈ ਟ੍ਰਿਬਿਊਨਲ ਦਾ ਗਠਨ ਕਰ ਸਕਦਾ ਹੈ। ਇਹ ਕੇਵਲ ਭਾਜਪਾ ਹੁਕਮਰਾਨਾ ਦੀ ਪੰਜਾਬ ਪ੍ਰਤੀ ਕੱਟੜ ਵਿਰੋਧਤਾ ਦੀ ਮਾਨਸਿਕਤਾ ਅਧੀਨ ਗੈਰਕਾਨੂੰਨੀ ਹੁਕਮ ਚਾੜ੍ਹਿਆ ਗਿਆ ਹੈ। ਰਾਜੇਵਾਲ ਨੇ ਕਿਹਾ ਕਿ ਭਾਜਪਾ ਦੀ ਪੰਜਾਬ ਪ੍ਰਤੀ ਨਫਤਰ ਇਸ ਕਦਰ ਜੱਗ ਜਾਹਰ ਉਦੋਂ ਹੋ ਗਈ ਜਦੋਂ ਉਸ ਨੇ ਰਾਤੋ ਰਾਤ ਬੀ ਬੀ ਐਮ ਬੀ ਦੇ ਉੱਚ ਅਧਿਕਾਰੀਆਂ ਦੇ ਤਬਾਦਲੇ ਕਰ ਦਿੱਤੇ। ਉਨ੍ਹਾਂ ਕਿਹਾ ਕਿ ਹੁਣ ਤਾਂ ਪੰਜਾਬ ਦੇ ਇਸ ਧੱਕੇ ਵਿਰੁੱਧ ਡਟਣ ਵਾਲੇ ਉਨ੍ਹਾਂ ਅਧਿਕਾਰੀਆਂ ਦੇ ਸਿਰ ਪਾਣੀ ਬਚਾਉਣ ਦਾ ਸਿਹਰਾ ਜਾਂਦਾ ਹੈ ਜਿਨ੍ਹਾਂ ਨੇ ਗੈਰਕਾਨੂੰਨੀ ਹੁਕਮਾਂ ਨੂੰ ਮੰਨਣ ਤੋਂ ਇਨਕਾਰ ਕਰਕੇ ਹੁਣ ਤੱਕ ਪੰਜਾਬ ਦਾ ਪਾਣੀ ਬਚਾ ਕੇ ਰੱਖਿਆ ਹੈ। ਰਾਜੇਵਾਲ ਨੇ ਕਿਹਾ ਕਿ ਅਜਿਹੀ ਸਥਿਤੀ ਪੈਦਾ ਕਰਨ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਹੀ ਜ਼ਿੰਮੇਵਾਰ ਹੈ, ਜਿਸ ਨੇ ਸਾਡੇ ਵਰਜਣ ਦੇ ਬਾਵਜੂਦ ਡੈਮ ਸੇਫਟੀ ਐਕਟ ਨੂੰ ਮੰਨ ਕੇ ਸਾਡੇ ਸਾਰੇ ਡੈਮ ਕੇਂਦਰ ਦੇ ਹਵਾਲੇ ਕਰ ਦਿੱਤੇ, ਜਦਕਿ ਸੰਵਿਧਾਨ ਵਿੱਚ ਸਪੱਸ਼ਟ ਹੈ ਕਿ ਪਾਣੀ ਰਾਜਾਂ ਦਾ ਵਿਸ਼ਾ ਹੈ, ਸਾਡੇ ਡੈਮ ਅਤੇ ਉਨ੍ਹਾਂ ਦੀਆਂ ਪਾਣੀ ਦੀ ਝੀਲਾਂ ਵੀ ਰਾਜਾਂ ਦੇ ਵਿਸ਼ੇ ਹੋਣ ਕਰਕੇ ਪੰਜਾਬ ਦੀ ਮਾਲਕੀ ਹਨ। ਉਨ੍ਹਾਂ ਪੁੱਛਿਆ ਕਿ ਬੀ. ਬੀ. ਐਮ. ਬੀ. ਦੀ ਮੀਟਿੰਗ ਵਿੱਚ ਪੰਜਾਬ ਦਾ ਪਾਣੀ ਹਰਿਆਣੇ ਨੂੰ ਦੇਣ ਲਈ ਦਿੱਲੀ ਅਤੇ ਰਾਜਸਥਾਨ ਗੈਰ ਰਾਈਪੇਰੀਅਨ ਰਾਜਾਂ ਨੂੰ ਵੋਟ ਪਾਉਣ ਦਾ ਅਧਿਕਾਰ ਕਿਸ ਨੇ ਦਿੱਤਾ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਅਤੇ ਉਨ੍ਹਾਂ ਦੀ ਪਾਰਟੀ ਦੇ ਸਾਥੀ ਇਹ ਕਿਵੇਂ ਮੁੱਕਰ ਸਕਦੇ ਹਨ, ਜਦੋਂ ਉਨ੍ਹਾਂ ਵੋਟਾਂ ਲੈਣ ਲਈ ਹਰਿਆਣੇ ਅਤੇ ਰਾਜਸਥਾਨ ਦੇ ਵੱਡੇ ਇਕੱਠਾਂ ਵਿੱਚ ਉੱਥੋਂ ਦੇ ਲੋਕਾਂ ਨੂੰ ਵਾਧੂ

• ਬਾਕੀ ਸਫਾ 2 'ਤੇ

## ਆੜ੍ਹਤੀ ਦੀ ਹੱਤਿਆ



**ਤਰਨ ਤਾਰਨ** : ਪੱਟੀ ਇਲਾਕੇ ਦੇ ਪਿੰਡ ਦੁੱਬਲੀ ਦੇ ਆੜ੍ਹਤੀ ਜਸਵੰਤ ਸਿੰਘ ਬਿੱਟੂ (45) ਦੀ ਸਨਿੱਚਰਵਾਰ ਗੈਂਗਸਟਰਾਂ ਨੇ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ। ਉਸ ਤੋਂ ਗੈਂਗਸਟਰ 50 ਲੱਖ ਰੁਪਏ ਫਿਰੌਤੀ ਦੀ ਮੰਗ ਕਰਦੇ ਆ ਰਹੇ ਸਨ। ਜਸਵੰਤ ਸਿੰਘ ਆਪਣੇ ਜੱਦੀ ਪਿੰਡ ਦੁੱਬਲੀ ਤੋਂ ਇਲਾਵਾ ਕੋਟ ਬੁੱਢਾ ਵਿਖੇ ਆੜ੍ਹਤ ਦਾ ਕਾਰੋਬਾਰ ਕਰਦਾ ਸੀ। ਉਹ ਤੜਕਸਾਰ ਆੜ੍ਹਤ ਦੀ ਦੁਕਾਨ 'ਤੇ ਸੀ, ਜਦੋਂ ਮੋਟਰ ਸਾਈਕਲ ਉੱਤੇ ਦੋ ਹਥਿਆਰਬੰਦ ਹਮਲਾਵਰ ਆ ਧਮਕੇ। ਇੱਕ ਹਮਲਾਵਰ ਦੁਕਾਨ ਦੇ ਅੰਦਰ ਵੜਿਆ ਅਤੇ ਉਸ 'ਤੇ ਗੋਲੀਆਂ ਚਲਾ ਦਿੱਤੀਆਂ। ਪਰਵਾਰ ਉਸ ਨੂੰ ਨੇੜੇ ਦੇ ਹਸਪਤਾਲ ਲੈ ਕੇ ਗਿਆ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਥਾਣਾ ਸਦਰ ਪੱਟੀ ਦੇ ਐੱਸ ਐੱਚ ਓ ਇੰਸਪੈਕਟਰ ਗੁਰਚਰਨ ਸਿੰਘ ਨੇ ਕਿਹਾ ਕਿ ਮੁਲਜ਼ਮਾਂ ਨੂੰ ਛੇਤੀ ਹੀ ਕਾਬੂ ਕਰ ਲਿਆ ਜਾਵੇਗਾ।

## ਕੰਜ਼ਰਵੇਟਿਵ ਸਾਂਸਦ ਨੇ ਆਪਣੇ ਹਾਰੇ ਆਗੂ ਲਈ ਸੀਟ ਛੱਡੀ

**ਵੈਨਕੂਵਰ** : ਕੈਨੇਡੀਅਨ ਚੋਣਾਂ ਵਿੱਚ ਅਲਬਰਟਾ ਤੋਂ ਕੰਜ਼ਰਵੇਟਿਵ ਉਮੀਦਵਾਰ ਵਜੋਂ 82 ਫੀਸਦੀ ਵੋਟਾਂ ਲੈ ਕੇ ਚੁਣੇ ਗਏ ਐੱਮ ਪੀ ਡੈਮੀਏਨ ਕੁਰਕ ਨੇ ਸਹੁੰ ਚੁੱਕਣ ਤੋਂ ਪਹਿਲਾਂ ਹੀ ਆਪਣੀ ਪਾਰਟੀ ਦੇ ਆਗੂ ਪੀਅਰ ਪੋਲੀਵਰ ਨੂੰ ਉੱਥੋਂ ਚੋਣ ਲੜਨ ਦੀ ਪੇਸ਼ਕਸ਼ ਕਰਦਿਆਂ ਅਸਤੀਫਾ ਦੇ ਦਿੱਤਾ ਹੈ ਅਤੇ ਸੀਟ ਖਾਲੀ ਕਰ ਦਿੱਤੀ ਹੈ। ਖੁਦ ਚੋਣ ਹਾਰਨ ਵਾਲੇ ਪੋਲੀਵਰ ਨੇ ਡੈਮੀਏਨ ਦੀ ਨਿਰਸਵਾਰਥ ਭਾਵਨਾ ਦੀ ਪ੍ਰਸੰਸਾ ਕਰਦਿਆਂ ਪੇਸ਼ਕਸ਼ ਨੂੰ ਪ੍ਰਵਾਨ ਕਰ ਲਿਆ ਹੈ। ਓਟਵਾ ਦੇ ਗੁਆਂਢੀ ਹਲਕੇ ਕਾਰਲਟਨ ਤੋਂ 20 ਸਾਲਾਂ ਤੋਂ ਜਿੱਤਦੇ ਆ ਰਹੇ ਕੰਜ਼ਰਵੇਟਿਵ ਪਾਰਟੀ ਆਗੂ ਨੂੰ ਇਸ ਵਾਰ ਉਥੋਂ ਦੇ ਲੋਕਾਂ ਨੇ ਬੁਰੀ ਤਰਾਂ ਹਰਾ ਦਿੱਤਾ ਸੀ। ਲਿਬਰਲ ਆਗੂ ਤੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਇਕ ਦਿਨ ਪਹਿਲਾਂ ਹੀ ਇਹ ਸੰਕੇਤ ਦੇ ਦਿਤਾ ਸੀ ਕਿ ਵਿਰੋਧੀ ਆਗੂ ਵੱਲੋਂ ਆਪਣੇ ਇਕ ਸਾਂਸਦ ਨੂੰ ਆਪਣੇ ਲਈ ਸੀਟ ਖਾਲੀ ਕਰਨ ਲਈ ਮਨਾਇਆ ਜਾ ਰਿਹਾ ਹੈ, ਜਿਸ ਦਾ ਉਹ ਸਵਾਗਤ ਕਰਨਗੇ ਅਤੇ ਉਥੇ ਜਲਦ ਚੋਣ ਕਰਵਾਉਣ ਦੇ ਯਤਨ ਕੀਤੇ ਜਾਣਗੇ।

## ਕਾਂਗਰਸ ਤੇ ਭਾਜਪਾ ਇੱਕੋ ਖੰਭ ਵਾਲੇ ਪੰਛੀ : ਮਾਇਆਵਤੀ



**ਲਖਨਊ** : ਬਸਪਾ ਮੁਖੀ ਮਾਇਆਵਤੀ ਨੇ ਸਨਿੱਚਰਵਾਰ ਕਿਹਾ, '1931 ਅਤੇ ਆਜ਼ਾਦੀ ਤੋਂ ਬਾਅਦ ਪਹਿਲੀ ਵਾਰ ਦੇਸ਼ ਵਿੱਚ ਜਾਤੀ ਜਨਗਣਨਾ ਕਰਵਾਉਣ ਦੇ ਕੇਂਦਰ ਸਰਕਾਰ ਦੇ ਫੈਸਲੇ ਦਾ ਸਿਹਰਾ ਲੈਂਦੇ ਹੋਏ ਕਾਂਗਰਸ ਇਹ ਭੁੱਲ ਗਈ ਕਿ ਇਸ ਦਾ ਇਤਿਹਾਸ ਦਲਿਤ ਅਤੇ ਓ ਬੀ ਸੀ ਭਾਈਚਾਰੇ ਦੇ ਕਰੋੜਾਂ ਲੋਕਾਂ ਨੂੰ ਰਾਖਵੇਂਕਰਨ ਸਮੇਤ ਉਨ੍ਹਾਂ ਦੇ ਸੰਵਿਧਾਨਕ ਅਧਿਕਾਰਾਂ ਤੋਂ ਵਾਂਝਾ ਕਰਨ ਦਾ ਇੱਕ ਕਾਲਾ ਅਧਿਆਇ ਹੈ ਅਤੇ ਇਸ ਕਾਰਨ ਇਸ ਨੂੰ ਸੱਤਾ ਗੁਆਉਣੀ ਪਈ। ਉਨ੍ਹਾ ਕਿਹਾ, 'ਪਰ ਸੱਤਾ ਤੋਂ ਬਾਹਰ ਹੋਣ ਤੋਂ ਬਾਅਦ ਕਾਂਗਰਸ ਲੀਡਰਸ਼ਿਪ ਦਾ ਨਵਾਂ ਉਭਰਿਆ ਪਿਆਰ ਖਾਸ ਕਰਕੇ ਦਲਿਤ ਅਤੇ ਓ ਬੀ ਸੀ ਭਾਈਚਾਰੇ ਲਈ, ਵਿਸ਼ਵਾਸ ਤੋਂ ਪਰ੍ਹੇ ਹੈ ਅਤੇ ਇਨ੍ਹਾਂ ਵਰਗਾਂ ਦੀਆਂ ਵੋਟਾਂ ਦੇ ਸੁਆਰਥ ਲਈ ਧੋਖੇ ਦੀ ਇੱਕ ਮੌਕਾਪ੍ਰਸਤ ਰਾਜਨੀਤੀ ਹੈ। ਵੈਸੇ ਵੀ, ਰਾਖਵੇਂਕਰਨ ਨੂੰ ਨਕਾਰਾ ਬਣਾਉਣ ਅਤੇ ਅੰਤ ਵਿੱਚ ਇਸ ਨੂੰ ਖਤਮ ਕਰਨ ਦੇ ਉਨ੍ਹਾਂ ਦੇ ਮਾੜੇ ਇਰਾਦੇ ਨੂੰ ਕੌਣ ਭੁੱਲ ਸਕਦਾ ਹੈ?' ਬਸਪਾ ਨੇਤਾ ਨੇ ਕਿਹਾ, "ਕਿਸੇ ਵੀ ਹਾਲਤ ਵਿੱਚ ਰਾਖਵੇਂਕਰਨ ਅਤੇ ਸੰਵਿਧਾਨ ਦੇ ਜਨਤਕ ਭਲਾਈ ਉਦੇਸ਼ਾਂ ਨੂੰ 'ਅਸਫਲ' ਕਰਨ ਵਿੱਚ ਭਾਜਪਾ ਕਾਂਗਰਸ ਤੋਂ ਘੱਟ ਨਹੀਂ, ਸਗੋਂ ਦੋਵੇਂ ਇੱਕੋ ਖੰਭ ਵਾਲੇ ਪੰਛੀ ਹਨ, ਪਰ ਹੁਣ ਵੋਟਾਂ ਦੇ ਸੁਆਰਥ ਅਤੇ ਸੱਤਾ ਦੇ ਲਾਲਚ ਕਾਰਨ ਭਾਜਪਾ ਨੂੰ ਵੀ ਜਾਤੀ ਜਨਗਣਨਾ ਲਈ ਲੋਕਾਂ ਦੀ ਇੱਛਾ ਅੱਗੇ ਝੁਕਣਾ ਪਿਆ ਹੈ। ਇਹ ਕਦਮ ਸਵਾਗਤਯੋਗ ਹੈ।' ਉਨ੍ਹਾ ਕਿਹਾ—ਇਸ ਦੇ ਨਾਲ ਹੀ ਸੰਵਿਧਾਨ ਦੇ ਨਿਰਮਾਤਾ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਨੂੰ ਭਾਰਤ ਰਤਨ ਨਾਲ ਸਨਮਾਨਤ ਕਰਨ ਤੋਂ ਲੈ ਕੇ ਧਾਰਾ 340 ਤਹਿਤ ਓ ਬੀ ਸੀ ਨੂੰ ਰਾਖਵਾਂਕਰਨ ਦੇਣ ਤੱਕ, ਕਾਂਗਰਸ ਅਤੇ ਭਾਜਪਾ ਦਾ ਰਵੱਈਆ ਕਈ ਮਾਮਲਿਆਂ ਵਿੱਚ ਜਾਤੀਵਾਦੀ ਅਤੇ ਨਫਰਤ ਭਰਿਆ ਰਿਹਾ ਹੈ, ਪਰ ਉਨ੍ਹਾਂ ਦੀ ਵੋਟ ਬੈਂਕ ਦੀ ਰਾਜਨੀਤੀ ਵਿਲੱਖਣ ਹੈ। ਲੋਕਾਂ ਨੂੰ ਖਬਰਦਾਰ ਰਹਿਣਾ ਚਾਹੀਦਾ ਹੈ।

## 31 ਤੱਕ ਪੰਜਾਬ ਨਸ਼ਾ ਮੁਕਤ ਕਰਾਂਗੇ : ਮਾਨ



**ਜਲੰਧਰ/ਚੰਡੀਗੜ੍ਹ (ਇਕਬਾਲ ਸਿੰਘ ਉੱਭੀ, ਸੁਰਿੰਦਰ ਕੁਮਾਰ/ਗੁਰਜੀਤ ਬਿੱਲਾ, ਕ੍ਰਿਸ਼ਨ ਗਰਗ)**

ਜਲੰਧਰ (ਇਕਬਾਲ ਸਿੰਘ ਉੱਭੀ/ਸੁਰਿੰਦਰ ਕੁਮਾਰ)-ਪੰਜਾਬ ਨੂੰ ਨਸ਼ਾ ਮੁਕਤ ਬਣਾਉਣ ਦੀ ਮੁਹਿੰਮ ਨੂੰ ਹੋਰ ਹੁਲਾਰਾ ਦਿੰਦੇ ਹੋਏ ਮੁੱਖ ਮੰਤਰੀ ਭਗਵੰਤ ਮਾਨ ਨੇ ਸ਼ਨੀਵਾਰ ਜਲੰਧਰ ਦੇ ਪੀ ਏ ਪੀ ਗਰਾਊਂਡ ਵਿਖੇ ਪਿੰਡ ਸੁਰੱਖਿਆ ਕਮੇਟੀਆਂ ਦੇ ਸੈਂਕੜੇ ਮੈਂਬਰਾਂ ਨੂੰ ਆਪੋ-ਆਪਣੇ ਖੇਤਰਾਂ ਵਿੱਚੋਂ ਨਸ਼ੇ ਦੀ ਲਾਹਨਤ ਨੂੰ ਜੜ੍ਹੋਂ ਪੁੱਟਣ ਦਾ ਹਲਫ਼ ਦਿਵਾਇਆ। ਮੁੱਖ ਮੰਤਰੀ ਨੇ ਐਲਾਨ ਕੀਤਾ ਕਿ 31 ਮਈ ਤੱਕ ਪੰਜਾਬ ਨਸ਼ਾ ਮੁਕਤ ਸੂਬਾ ਹੋਵੇਗਾ। ਇਸ ਮੌਕੇ ਮੁੱਖ ਮੰਤਰੀ ਦੇ ਨਾਲ ਕੈਬਨਿਟ ਮੰਤਰੀ ਤੇ ਆਮ ਆਦਮੀ ਪਾਰਟੀ ਦੇ ਪੰਜਾਬ ਪ੍ਰਧਾਨ ਅਮਨ ਅਰੋੜਾ, ਸੰਸਦ ਮੈਂਬਰ ਡਾ. ਰਾਜ ਕੁਮਾਰ ਚੱਬੇਵਾਲ ਮੌਜੂਦ ਸਨ। ਹਜ਼ਾਰਾਂ ਲੋਕਾਂ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਜਿਸ ਤਰ੍ਹਾਂ ਦੇਸ਼ ਦੀ ਫੌਜ ਪਹਿਲਾਂ ਜੰਗ ਜਿੱਤਣ ਲਈ ਨਕਸ਼ਾ ਤਿਆਰ ਕਰਦੀ ਹੈ, ਉਸੇ ਤਰ੍ਹਾਂ ਪੰਜਾਬ ਸਰਕਾਰ ਨੇ ਵੀ ਨਸ਼ਿਆਂ ਵਿਰੁੱਧ ਜੰਗ ਜਿੱਤਣ ਲਈ ਮਜ਼ਬੂਤ ਨਕਸ਼ਾ ਤਿਆਰ ਕੀਤਾ ਹੈ। ਉਨ੍ਹਾ ਕਿਹਾ ਕਿ ਵੱਡੇ ਤਸਕਰਾਂ ਦੇ ਘਰਾਂ ਉਤੇ ਕਾਰਵਾਈ ਕਰਨ ਲਈ ਲੋੜੀਂਦੀਆਂ ਪ੍ਰਵਾਨਗੀਆਂ ਹਾਸਲ ਕੀਤੀਆਂ ਜਾ ਰਹੀਆਂ ਹਨ ਅਤੇ ਇਨ੍ਹਾਂ ਤਸਕਰਾਂ ਨੂੰ ਨਸ਼ਿਆਂ ਕਾਰਨ ਵਿਧਵਾ ਹੋਈਆਂ ਔਰਤਾਂ, ਪੁੱਤਾਂ ਤੋਂ ਮਹਿਰੂਮ ਹੋਈਆਂ ਮਾਵਾਂ ਅਤੇ ਰੱਖੜੀ ਬੰਨ੍ਹਣ ਲਈ ਤਰਸਦੀਆਂ ਭੈਣਾਂ ਦੇ ਦੁੱਖਾਂ ਦਾ ਹਿਸਾਬ ਦੇਣਾ ਪਵੇਗਾ। ਮਾਨ ਨੇ ਚੰਡੀਗੜ੍ਹ 'ਚ ਨਸ਼ਿਆਂ ਵਿਰੁੱਧ ਪੈਦਲ ਯਾਤਰਾ ਵਿੱਚ ਹਿੱਸਾ ਲੈਣ ਦੌਰਾਨ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਨੇ ਦੇਸ਼ ਨੂੰ ਵਿਦੇਸ਼ੀ ਸਾਮਰਾਜਵਾਦ ਦੇ ਚੁੰਗਲ ਤੋਂ ਮੁਕਤ ਕਰਵਾਉਣ ਵਿੱਚ ਅਹਿਮ ਭੂਮਿਕਾ ਨਿਭਾਈ ਹੈ। ਉਨ੍ਹਾ ਕਿਹਾ ਕਿ ਸ਼ਹੀਦ ਭਗਤ ਸਿੰਘ, ਸ਼ਹੀਦ ਕਰਤਾਰ ਸਿੰਘ ਸਰਾਭਾ ਅਤੇ ਹੋਰ ਕੌਮੀ ਨਾਇਕਾਂ ਨੇ ਦੇਸ਼ ਨੂੰ ਆਜ਼ਾਦੀ ਦੇ ਰਾਹ 'ਤੇ ਤੋਰਿਆ ਸੀ। ਮਾਨ ਨੇ ਕਿਹਾ ਕਿ ਉਨ੍ਹਾਂ ਤੋਂ ਪ੍ਰੇਰਨਾ ਲੈ ਕੇ ਅੱਜ ਪੰਜਾਬ ਦੇਸ਼ ਨੂੰ ਨਸ਼ਿਆਂ ਦੀ ਲਾਹਨਤ ਤੋਂ ਮੁਕਤ ਕਰਨ ਲਈ ਤਿਆਰ ਹੈ। ਮੁੱਖ ਮੰਤਰੀ ਨੇ ਕਿਹਾ ਕਿ ਇਸ ਧਰਤੀ ਨੇ ਜਰਨੈਲ, ਦੇਸ਼ ਭਗਤ ਅਤੇ ਉੱਘੇ ਖਿਡਾਰੀ ਪੈਦਾ ਕੀਤੇ ਹਨ, ਜਿਨ੍ਹਾਂ ਨੌਜਵਾਨਾਂ ਨੂੰ ਦੇਸ਼ ਦੀ ਸੇਵਾ ਦੇ ਖੇਤਰ ਵਿੱਚ ਵਧ-ਚੜ੍ਹ ਕੇ ਹੰਭਲਾ ਮਾਰਨ ਲਈ ਪ੍ਰੇਰਿਤ ਕੀਤਾ। ਉਨ੍ਹਾ ਕਿਹਾ ਕਿ ਇਸ 'ਨਸ਼ਿਆਂ ਵਿਰੁੱਧ ਪਦ ਯਾਤਰਾ' ਵਿੱਚ ਹਿੱਸਾ ਲੈਣ ਵਾਲੇ ਵਿਦਿਆਰਥੀਆਂ ਨੂੰ ਸਮਾਜ ਵਿੱਚੋਂ ਨਸ਼ਿਆਂ ਦੇ ਖ਼ਤਰੇ ਨੂੰ ਖ਼ਤਮ ਕਰਨ ਦਾ ਦ੍ਰਿੜ੍ਹ ਸੰਕਲਪ ਲੈਣਾ ਚਾਹੀਦਾ ਹੈ। ਮੁੱਖ ਮੰਤਰੀ ਨੇ ਵਿਦਿਆਰਥੀਆਂ ਨੂੰ ਅਪੀਲ ਕੀਤੀ ਕਿ ਜੇ ਕੋਈ ਨਸ਼ਿਆਂ ਬਾਰੇ ਕਿਸੇ ਵੀ ਤਰ੍ਹਾਂ ਪਹੁੰਚ ਕਰਦਾ ਹੈ ਤਾਂ ਮਾਪਿਆਂ ਜਾਂ ਅਧਿਆਪਕਾਂ ਨੂੰ ਦੱਸਣ ਅਤੇ ਗਾਇਕੀ ਰਾਹੀਂ ਨਸ਼ਿਆਂ ਦੀ ਵਡਿਆਈ ਕਰਨ ਵਾਲਿਆਂ ਤੋਂ ਦੂਰ ਰਹਿਣ। ਉਨ੍ਹਾ ਨੌਜਵਾਨਾਂ ਨੂੰ ਇਹ ਵੀ ਸਲਾਹ ਦਿੱਤੀ ਕਿ ਉਹ ਗੀਤਾਂ ਰਾਹੀਂ ਨਸ਼ਿਆਂ ਦਾ ਪ੍ਰਚਾਰ ਕਰਨ ਵਾਲੇ ਗਾਇਕਾਂ ਦੀ ਥਾਂ ਮਿਲਖਾ ਸਿੰਘ, ਹਾਕੀ ਉਲੰਪੀਅਨ ਹਰਮਨਪ੍ਰੀਤ ਤੇ ਮਨਪ੍ਰੀਤ ਸਿੰਘ ਤੇ ਕ੍ਰਿਕਟਰ ਹਰਮਨਪ੍ਰੀਤ ਕੌਰ ਵਰਗੇ ਦਿੱਗਜਾਂ ਤੋਂ ਪ੍ਰੇਰਨਾ ਲੈਣ।

## ਅੱਜ-ਨਾਮਾ

ਪੁਲਸ ਪਿੰਡਾਂ 'ਚ ਲੱਭੀ ਜਾਏ ਤਸਕਰਾਂ ਨੂੰ,
ਸ਼ਹਿਰਾਂ ਵਿੱਚ ਹੈ ਉਨ੍ਹਾਂ ਦੀ ਠਾਹਰ ਬੇਲੀ।
ਲੁਕ-ਛਿਪ ਨਸ਼ੇ ਦਾ ਕਰਨ ਵਪਾਰ ਰੁੱਝੇ,
ਦਿੰਦੇ ਹੋਣ ਨਹੀਂ ਭੇਦ ਆ ਜ਼ਾਹਰ ਬੇਲੀ।
ਦਵਾਈ ਸਪਲਾਈ ਬਹਾਨਾ ਬਣਾਈ ਜਾਂਦੇ,
ਪ੍ਰਸ਼ਾਸਨ ਰੁੱਝਾ ਹੈ ਆਪਣੇ ਆਹਰ ਬੇਲੀ।
ਚਿੱਟ ਕੱਪੜੀਏ ਚੋਰ ਇਹ ਬਹੁਤ ਤਕੜੇ,
ਦੇਂਦੇ ਧੂੰਆਂ ਨਾ ਆਉਣ ਨੇ ਬਾਹਰ ਬੇਲੀ।
ਜਦ ਵੀ ਇਨ੍ਹਾਂ 'ਤੇ ਹੁੰਦੀ ਕੁਝ ਕਾਰਵਾਈ,
ਲੱਗਦੇ ਵਿੱਚ ਕੁੜਿੱਕੀ ਦੇ ਆਉਣ ਬੇਲੀ।
ਚੱਲਦੇ ਧੰਦੇ ਦਾ ਹਿੱਸਾ ਜੋ ਲੈਣ ਸੁਣਿਆ,
ਆਉਂਦੇ ਆਗੂ ਨੇ ਕਈ ਬਚਾਉਣ ਬੇਲੀ।

-ਤੀਸ ਮਾਰ ਖਾਂ

## ਅੱਖਾਂ ਮਿਲੀਆਂ, ਪਰ ਗੱਲ ਨਹੀਂ ਹੋਈ

**ਚੰਡੀਗੜ੍ਹ** : ਪੰਜਾਬ ਅਤੇ ਹਰਿਆਣਾ ਵਿਚਕਾਰ ਪਾਣੀ ਦੇ ਮਸਲੇ ਉੱਤੇ ਚੱਲ ਰਹੇ ਵਿਵਾਦ ਦਰਮਿਆਨ ਸਨਿੱਚਰਵਾਰ ਦੋਹਾਂ ਸੂਬਿਆਂ ਦੇ ਮੁੱਖ ਮੰਤਰੀ ਚੰਡੀਗੜ੍ਹ ਵਿੱਚ ਇੱਕੋ ਮੰਚ 'ਤੇ ਨਜ਼ਰ ਆਏ। ਚੰਡੀਗੜ੍ਹ ਵਿੱਚ ਨਸ਼ਿਆਂ ਦੇ ਖਿਲਾਫ ਕੱਢੀ ਗਈ ਪੈਦਲ ਯਾਤਰਾ ਦੌਰਾਨ ਦੋਹਾਂ ਮੁੱਖ ਮੰਤਰੀਆਂ ਦੇ ਨਾਲ-ਨਾਲ ਦੋਹਾਂ ਸੂਬਿਆਂ ਦੇ ਰਾਜਪਾਲ ਵੀ ਮੌਜੂਦ ਸਨ। ਸਟੇਜ 'ਤੇ ਭਗਵੰਤ ਮਾਨ ਅਤੇ ਨਾਇਬ ਸਿੰਘ ਸੈਣੀ ਦੀਆਂ ਅੱਖਾਂ ਤਾਂ ਮਿਲੀਆਂ, ਪਰ ਦੋਹਾਂ ਨੇ ਇਕ-ਦੂਜੇ ਨਾਲ ਕੋਈ ਗੱਲ ਨਹੀਂ ਕੀਤੀ। ਪੈਦਲ ਯਾਤਰਾ ਦੀ ਸ਼ੁਰੂਆਤ ਤੋਂ ਬਾਅਦ ਮੀਡੀਆ ਨਾਲ ਗੱਲ ਕਰਦੇ ਹੋਏ ਸੈਣੀ ਨੇ ਕਿਹਾ ਕਿ ਮਾਨ ਪਾਣੀ ਉੱਤੇ ਰਾਜਨੀਤੀ ਕਰ ਰਹੇ ਹਨ। ਕੁਝ ਦਿਨ ਪਹਿਲਾਂ ਸੈਣੀ ਨੇ ਭਗਵੰਤ ਮਾਨ ਨੂੰ ਰਿਸ਼ਤੇਦਾਰ ਦੱਸਿਆ ਸੀ। ਦਰਅਸਲ ਭਗਵੰਤ ਮਾਨ ਦੀ ਪਤਨੀ ਪਿਹੋਵਾ (ਕੁਰੂਕਸ਼ੇਤਰ) ਦੀ ਰਹਿਣ ਵਾਲੀ ਹੈ। ਇਸ ਦਾ ਜਵਾਬ ਦਿੰਦਿਆਂ ਮਾਨ ਕਹਿ ਚੁੱਕੇ ਹਨ, 'ਹਰਿਆਣਾ ਵਾਲੇ ਤਾਂ ਧੀ ਦੇ ਘਰ ਦਾ ਪਾਣੀ ਵੀ ਨਹੀਂ ਪੀਂਦੇ ਅਤੇ ਸੈਣੀ ਤਾਂ ਨਹਿਰ ਮੰਗ ਰਹੇ ਹਨ।' ਮੀਡੀਆ ਨੇ ਜਦੋਂ ਮਾਨ ਵੱਲੋਂ ਕਹੀ ਗਈ ਗੱਲ ਸੰਬੰਧੀ ਸੈਣੀ ਨੂੰ ਸਵਾਲ ਕੀਤਾ ਤਾਂ ਉਨ੍ਹਾ ਦੁਹਰਾਇਆ ਕਿ ਮਾਨ ਸਾਡੇ ਰਿਸ਼ਤੇਦਾਰ ਹਨ, ਪਰ ਇਹ ਨਹਿਰ ਅਸੀਂ ਸਮਾਜ ਲਈ ਮੰਗ ਰਹੇ ਹਾਂ। ਉਨ੍ਹਾ ਕਿਹਾ, 'ਪਾਣੀ ਦੀ ਲੋੜ ਸੂਬੇ ਦੇ 2 ਕਰੋੜ 80 ਲੱਖ ਲੋਕਾਂ ਨੂੰ ਹੈ ਅਤੇ ਇਹ ਮੰਗ ਉਨ੍ਹਾਂ ਲਈ ਕੀਤੀ ਜਾ ਰਹੀ ਹੈ। ਮਾਨ ਸਾਹਿਬ ਇਸ ਉੱਤੇ ਵੀ ਰਾਜਨੀਤੀ ਕਰ ਰਹੇ ਹਨ। ਰਿਸ਼ੀ-ਮੁਨੀਆਂ ਦੀ ਪਰੰਪਰਾ ਰਹੀ ਹੈ ਕਿ ਜੋ ਵੀ ਸਾਡੇ ਘਰ ਆਵੇ, ਉਸ ਨੂੰ ਸਭ ਤੋਂ ਪਹਿਲਾਂ ਪਾਣੀ ਦਾ ਗਿਲਾਸ ਦਿੱਤਾ ਜਾਂਦਾ ਹੈ। ਇਸ 'ਤੇ ਰਾਜਨੀਤੀ ਹੋਏਗੀ, ਇਹ ਮੈਂ ਕਦੇ ਵੀ ਨਹੀਂ ਸੋਚਿਆ ਸੀ।' ਹੈਰਾਨੀ ਦੀ ਗੱਲ ਹੈ ਕਿ ਪਾਣੀਆਂ ਦੇ ਮੁੱਦੇ ਉਤੇ ਪੰਜਾਬ ਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਸਿਆਸਤ ਨਾ ਕਰਨ ਦੀਆਂ ਸਲਾਹਾਂ ਦੇਣ ਵਾਲੇ ਸੈਣੀ ਜਿਥੇ ਖੁਦ ਇਸ ਨਸ਼ਾ ਵਿਰੋਧੀ ਸਮਾਗਮ ਦੌਰਾਨ ਵੀ ਸਿਆਸੀ ਬਿਆਨਬਾਜ਼ੀ ਕਰਦੇ ਦਿਖਾਈ ਦਿੱਤੇ, ਉਥੇ ਮਾਨ ਨੇ ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪਾਣੀਆਂ ਦੇ ਮੁੱਦੇ ਉਤੇ ਕੋਈ ਵੀ ਟਿੱਪਣੀ ਕਰਨ ਤੋਂ ਨਾਂਹ ਕਰ ਦਿੱਤੀ।



ਉਨ੍ਹਾ ਕਿਹਾ ਕਿ ਇਹ ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਦਾ 'ਵਡੱਪਣ' ਹੈ ਕਿ ਉਨ੍ਹਾ ਚੰਡੀਗੜ੍ਹ ਵਿੱਚ ਇਹ ਨਸ਼ਾ ਵਿਰੋਧੀ ਸਮਾਗਮ ਕਰਵਾਇਆ, ਕਿਉਂਕਿ ਉਹ ਚੰਡੀਗੜ੍ਹ ਦੇ ਪ੍ਰਸ਼ਾਸਕ ਵੀ ਹਨ ਅਤੇ ਉਨ੍ਹਾ ਨੂੰ ਇਸ ਸਮਾਗਮ ਵਿਚ ਸੱਦਿਆ। ਉਨ੍ਹਾ ਉਮੀਦ ਜ਼ਾਹਰ ਕੀਤੀ ਕਿ ਛੇਤੀ ਹੀ ਪੰਜਾਬ, ਹਰਿਆਣਾ ਤੇ ਚੰਡੀਗੜ੍ਹ ਨਸ਼ਾ-ਮੁਕਤ ਹੋ ਜਾਣਗੇ। ਉਨ੍ਹਾ ਕਿਹਾ, 'ਪੰਜਾਬ ਤੇ ਹਰਿਆਣਾ ਦੀ ਧਰਤੀ ਗੁਰੂਆਂ ਤੇ ਪੀਰਾਂ ਦੀ ਧਰਤੀ ਹੈ ਅਤੇ ਸਾਨੂੰ ਸਿੱਖਣ ਤੇ ਪ੍ਰੇਰਨਾ ਲੈਣ ਲਈ ਕਿਤੇ ਹੋਰ ਜਾਣ ਦੀ ਲੋੜ ਨਹੀਂ।' ਉਨ੍ਹਾ ਕਿਹਾ ਕਿ ਇਹ ਨਸ਼ਾ ਵਿਰੋਧੀ ਸਮਾਗਮ ਕਿਸੇ ਵਿਅਕਤੀ ਵਿਸ਼ੇਸ਼ ਦਾ ਨਹੀਂ, ਸਗੋਂ ਇਸ ਨੂੰ 'ਜਨ-ਜਨ ਦਾ ਅੰਦੋਲਨ' ਬਣਾਉਣ ਦੀ ਲੋੜ ਹੈ। ਰਾਜਪਾਲ ਕਟਾਰੀਆ ਨੇ ਵੀ ਅਜਿਹੇ ਹੀ ਵਿਚਾਰ ਪ੍ਰਗਟਾਏ।

## ਸਹਿਕਾਰੀ ਸਭਾ ਲੱਖਾ ਦੇ ਨਵੇਂ ਮੈਂਬਰਾਂ ਨੂੰ ਕੀਤਾ ਸਨਮਾਨਤ



**ਹਠੂਰ (ਨਛੱਤਰ ਸੰਧੂ)**-ਆਮ ਆਦਮੀ ਪਾਰਟੀ ਪਿੰਡ ਲੱਖਾ ਐਗਰੀਕਲਚਰ ਸਹਿਕਾਰੀ ਸਭਾ ਦੀਆਂ ਚੋਣਾਂ ਵਿੱਚ ਬੁਰੀ ਤਰ੍ਹਾਂ ਹਾਰੀ ਜਦੋਂ ਕਿ ਇਕ ਧੜੇ ਦੇ ਉਮੀਦਵਾਰ ਵੱਡੀ ਲੀਡ ਨਾਲ ਜੇਤੂ ਰਹੇ ਜਿਸ ਧੜੇ ਦੀ ਅਗਵਾਈ ਡਾਕਟਰ ਤਾਰਾ ਸਿੰਘ ਲੱਖਾ, ਜਸਵਿੰਦਰ ਸਿੰਘ ਸਿੱਧੂ, ਸਾਬਕਾ ਸਰਪੰਚ ਜਸਵੀਰ ਸਿੰਘ, ਪ੍ਰਧਾਨ ਸੁਰਜੀਤ ਸਿੰਘ ਲੱਖਾ, ਡਾਕਟਰ ਬਲਜਿੰਦਰ ਸਿੰਘ ਪੰਚ, ਬਿੱਟੂ ਗਵਾਲੀਅਰ, ਸ਼ਿੰਦਰਪਾਲ ਸਿੰਘ ਲੱਖਾ, ਡਾਕਟਰ ਬਲਵਿੰਦਰ ਸਿੰਘ ਅਤੇ ਮੌਜੂਦਾ ਪੰਚਾਇਤ ਕਰ ਰਹੀ ਹੈ। ਉਕਤ ਆਗੂਆਂ ਦੀ ਅਗਵਾਈ ਵਿੱਚ ਪਿੰਡ ਲੱਖਾ ਦੀ ਐਗਰੀਕਲਚਰ ਸਹਿਕਾਰੀ ਸਭਾ ਦੀ ਚੋਣ ਵਿੱਚ ਮੈਂਬਰ ਜਸਮੇਲ ਸਿੰਘ ਫੌਜੀ, ਦਰਸ਼ਨ ਸਿੰਘ, ਜਗਦੇਵ ਸਿੰਘ ਜੱਗਾ, ਹਰਬੰਸ ਸਿੰਘ, ਹਾਕਮ ਸਿੰਘ ਅਤੇ ਮਹਿੰਦਰ ਕੌਰ ਆਦਿ ਵੱਡੀ ਲੀਡ ਨਾਲ ਜੇਤੂ ਰਹੇ ਜਿਨ੍ਹਾਂ ਦਾ ਸਨਮਾਨ ਭਾਈ ਸ਼ਿੰਦਰਪਾਲ ਸਿੰਘ ਦੇ ਘਰ ਕੀਤਾ ਗਿਆ। ਇਸ ਮੌਕੇ ਅਕਾਲੀ ਆਗੂ ਚੰਦ ਸਿੰਘ ਡੱਲਾ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਮੌਕੇ ਸਰਪੰਚ ਹਰਜੀਤ ਸਿੰਘ, ਸਾਬਕਾ ਸਰਪੰਚ ਜਸਵੀਰ ਸਿੰਘ, ਪੰਚ ਜਸਵਿੰਦਰ ਸਿੰਘ, ਚਮਕੌਰ ਸਿੰਘ ਬਾਸੀ ਅਤੇ ਪ੍ਰਧਾਨ ਸੁਰਜੀਤ ਸਿੰਘ ਲੱਖਾ ਨੇ ਸਮੂਹ ਜੇਤੂ ਮੈਂਬਰਾਂ ਨੂੰ ਵਾਧਾਈਆਂ ਦਿੱਤੀਆਂ ਅਤੇ ਸਮੂਹ ਵੋਟਰਾਂ ਦਾ ਧੰਨਵਾਦ ਕੀਤਾ।ਇਸ ਮੌਕੇ ਪੰਚ ਜਗਦੇਵ ਸਿੰਘ, ਪ੍ਰਧਾਨ ਸਾਧੂ ਸਿੰਘ, ਚਮਕੌਰ ਸਿੰਘ ਸਾਬਕਾ ਪ੍ਰਧਾਨ, ਪਿਰਤਾਂ ਬਾਸੀ, ਹਰਦੀਪ ਸਿੰਘ ਗਿੱਲ, ਇੰਦਰਪਾਲ ਸਿੰਘ ਗਿੱਲ, ਸੂਬੇਦਾਰ ਸੁਖਦੇਵ ਸਿੰਘ, ਹਰਪਾਲ ਸਿੰਘ ਆਦਿ ਹਾਜ਼ਰ ਸਨ।

## ਸੁਸ਼ੀਲ ਕੁਮਾਰ ਜਲੋਤਰਾ ਮੰਡਲ ਮਲੋਟ ਸ਼ਹਿਰੀ ਦੇ ਮੁੜ ਪ੍ਰਧਾਨ ਬਣੇ



**ਮਲੋਟ (ਓਮ ਪ੍ਰਕਾਸ਼ ਸ਼ੇਖੂ)**-ਭਾਰਤੀ ਜਨਤਾ ਪਾਰਟੀ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੀ ਸੰਗਠਨਾਤਮਕ ਢਾਂਚੇ ਦੀ ਇਕ ਮੀਟਿੰਗ ਜ਼ਿਲ੍ਹਾ ਪ੍ਰਧਾਨ ਸਤੀਸ਼ ਅਸੀਜਾ ਅਤੇ ਜ਼ਿਲ੍ਹਾ ਚੋਣ ਅਧਿਕਾਰੀ ਸ਼ ਪੁਸ਼ਪਿੰਦਰ ਸਿੰਗਲ ਦੀ ਅਗਵਾਈ ਵਿੱਚ ਮਲੋਟ ਵਿਖੇ ਹੋਈ।ਜਿਸ ਵਿਚ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੇ ਅਧੀਨ ਆਉਂਦੇ 23 ਮੰਡਲਾਂ ਵਿੱਚੋਂ 15 ਮੰਡਲ ਪ੍ਰਧਾਨ ਨਿਯੁਕਤ ਕੀਤੇ ਗਏ।ਇਸ ਮੌਕੇ ਮੰਡਲ ਮੁਕਤਸਰ 1- ਪੂਜਾ ਕਕੜ, ਮੁਕਤਸਰ 2-ਹਰੀਸ਼ ਵਾਟਸ, ਮੁਕਤਸਰ 3- ਰਜਿੰਦਰ ਕੁਮਾਰ, ਬਰੀਵਾਲਾ- ਸੰਜੀਵ ਬਾਂਸਲ, ਬਧਈ-ਹਰਜਿੰਦਰ ਸਿੰਘ, ਮਲੋਟ-1 ਸੁਸ਼ੀਲ ਜਲਹੋਤਰਾ, ਮਲੋਟ 2-ਰਿਖੀਕੇਸ ਭੋਲੀ, ਦਾਨੇਵਾਲਾ-ਬਲਜੀਤ ਬਰਾੜ, ਔਲਖ-ਬੀਬਾ ਰਮਨਦੀਪ ਕੌਰ, ਦੋਦਾ-ਰਮੇਸ਼ ਕੁਮਾਰ, ਕੋਟਭਾਈ-ਮਿਲਵਰਤਣ ਸਿੰਘ, ਗੁਰੂਸਰ-ਬੇਅੰਤ ਸਿੰਘ, ਲੰਬੀ-ਜੀਤ ਸਿੰਘ, ਕਿੱਲਿਆਂਵਾਲੀ-ਮਨਦੀਪ ਸਿੰਘ ਨੂੰ ਮੰਡਲ ਪ੍ਰਧਾਨ ਨਿਯੁਕਤ ਕੀਤਾ ਗਿਆ।ਮੌਕੇ ਉਪਰ ਮੌਜੂਦ ਸਭ ਆਗੂਆਂ ਨੇ ਨਵ ਨਿਯੁਕਤ ਮੰਡਲ ਪ੍ਰਧਾਨਾਂ ਨੂੰ ਵਧਾਈ ਦਿੱਤੀ।ਇਸ ਮੌਕੇ ਮੁਕਤਸਰ ਤੋਂ ਸੀਨੀਅਰ ਆਗੂ ਭਾਈ ਰਾਹੁਲ ਸਿੱਧੂ, ਸੂਬਾ ਵਪਾਰ ਸੈੱਲ ਕੋ ਕਨਵੀਨਰ ਸਤੀਸ਼ ਭਟੇਜਾ, ਜ਼ਿਲ੍ਹਾ ਵਾਈਸ ਪ੍ਰਧਾਨ ਅਮਨਦੀਪ ਸੰਧੂ, ਜ਼ਿਲ੍ਹਾ ਜਨਰਲ ਸਕੱਤਰ ਚੰਦਨ ਚਾਵਲਾ, ਜ਼ਿਲ੍ਹਾ ਵਾਈਸ ਪ੍ਰਧਾਨ ਕਾਰਜ ਸਿੰਘ, ਸਾਬਕਾ ਮੰਡਲ ਪ੍ਰਧਾਨ ਰਾਜ ਕੁਮਾਰ ਮੇਲੂ ਅਤੇ ਜ਼ਿਲ੍ਹਾ ਆਈ ਟੀ ਕਨਵੀਨਰ ਅਭੀ ਜਲਹੋਤਰਾ, ਮੰਡਲ ਜਨਰਲ ਸਕੱਤਰ ਕੇਵਲ ਕ੍ਰਿਸ਼ਨ ਜੀ, ਮੰਡਲ ਜਨਰਲ ਸਕੱਤਰ ਰਣਧੀਰ ਨਾਗਪਾਲ, ਸੌਰਭ ਗੋਕਲਾਣੀ, ਸਵਰਨ ਸਿੰਘ, ਬਲਜਿੰਦਰ ਸਿੰਘ, ਬਲਜੀਤ ਸਿੰਘ, ਗੁਰਵਿੰਦਰ ਸਿੰਘ, ਆਸ਼ੂਤੋਸ਼, ਕਿਰਨਦੀਪ ਕੌਰ, ਸੁਖਮੰਦਰ ਸਿੰਘ, ਮੇਜਰ ਸਿੰਘ, ਰਣਜੀਤ ਸਿੰਘ, ਰਾਜਪਾਲ ਸਿੰਘ, ਸਰਪੰਚ ਛਿੰਦਾ ਭੱਟੀ ਤੇ ਹੋਰ ਕਈ ਆਗੂ ਮੌਜੂਦ ਰਹੇ।

## ਗਿਆਨ ਸਾਗਰ ਪੀਰ ਮੰਦਰ ਚੈਰੀਟੇਬਲ ਟਰੱਸਟ ਵੱਲੋਂ ਰਸੋਈ ਦੀ ਸ਼ੁਰੂਆਤ




**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਇਥੋਂ ਦੀ ਧਾਰਮਿਕ ਤੇ ਸਮਾਜ ਸੇਵੀ ਨਾਮਵਰ ਸੰਸਥਾ ਗਿਆਨ ਸਾਗਰ ਪੀਰ ਮੰਦਰ ਚੈਰੀਟੇਬਲ ਟਰੱਸਟ (ਰਜਿ:) ਰਾਮਪੁਰਾ ਫੂਲ ਵੱਲੋਂ ਨਵਾਂ ਉਪਰਾਲਾ ਸ਼ੁਰੂ ਕੀਤਾ ਹੈ। ਇਸ ਮੰਦਰ ਦੇ ਗੱਦੀਨਸ਼ੀਨ ਮੋਹਨ ਲਾਲ ਬਾਂਸਲ (ਭੋਲਾ ਬਾਬਾ ਜੀ) ਅਤੇ ਮੁੱਖ ਸੇਵਾਦਾਰ ਜਸਕਰਨ ਬਾਂਸਲ ਉਰਫ ਜੱਸੀ ਬਾਬਾ ਜੀ ਦੇ ਯਤਨਾਂ ਸਦਕਾ ਮਾਂ ਅੰਨਪੂਰਨਾ ਅਤੇ ਬਾਬਾ ਪੀਰ ਦੀ ਅਪਾਰ ਕਿਰਪਾ ਨਾਲ ਆਪ ਸਭ ਦੇ ਸਹਿਯੋਗ ਨਾਲ (ਆਪ ਦੀ ਆਪਣੀ ਰਸੋਈ) ਸ਼ੁਰੂ ਕੀਤੀ ਗਈ ਹੈ। ਟਰੱਸਟ ਦੇ ਮੁੱਖ ਸੇਵਾਦਾਰ ਜੱਸੀ ਬਾਬਾ ਨੇ ਦੱਸਿਆ ਕਿ ਸਮੇਂ ਦੀ ਲੋੜ ਨੂੰ ਮੁੱਖ ਰਖਦੇ ਹੋਏ ਇਹ ਰਸੋਈ ਸੂਰੂ ਕੀਤੀ ਗਈ ਹੈ। ਕੋਈ ਵੀ ਵਿਅਕਤੀ ਸਿਰਫ 10 ਰੁਪਏ ਵਿੱਚ ਭਰਪੇਟ ਖਾਣਾ ਖਾ ਸਕਦਾ ਹੈ, ਜਿਸ ਦਾ ਟਾਇਮ ਹਰ ਰੋਜ਼ ਦੁਪਹਿਰ 12 ਵਜੇ ਤੋਂ 2 ਵਜੇ ਤੱਕ ਹੈ। ਇਸ ਮੌਕੇ ਰਾਵਿੰਦਰ ਸਿੰਘ ਨਿੱਕਾ ਮੀਤ ਪ੍ਰਧਾਨ ਨਗਰ ਕੌਂਸਲ, ਸੁਨੀਲ ਕੁਮਾਰ ਬਿੱਟਾ ਐਮ ਸੀ, ਦਰਸ਼ਨਾ ਦੇਵੀ ਐਮ ਸੀ, ਨਰੇਸ਼ ਕੁਮਾਰ ਨੋਨੀ, ਤਰਸੇਮ ਸ਼ਰਮਾ ਪ੍ਰਧਾਨ, ਸੁਰਿੰਦਰ ਧੀਰ, ਸਮਾਜਸੇਵੀ ਪਿੰਕੀ ਭੂਆ, ਇੰਦਰਜੀਤ ਬਾਵਾ, ਅਸ਼ੋਕ ਮਿੱਤਲ, ਸਹਾਰਾ ਕਲੱਬ ਪ੍ਰਧਾਨ ਸੰਦੀਪ ਵਰਮਾ, ਨਿਰਮਲ ਸਿੰਘ ਜੇ ਈ, ਰਕੇਸ਼ ਕੁਮਾਰ ਐਮ ਸੀ, ਜਸਪਾਲ ਢਿੰਗਰਾ, ਬਲਦੇਵ ਜਿੰਦਲ ਆਦ ਹਾਜ਼ਰ ਸਨ।

## ਸੀਰਤ ਬਰਾੜ ਨੇ ਡਰੈਗਨ ਬੋਟ ਚੈਂਪੀਅਨਸ਼ਿਪ 'ਚ ਦੂਜਾ ਸਥਾਨ ਜਿੱਤਿਆ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਬਾਘਾ ਪੁਰਾਣਾ ਦੀ ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਪੰਜਾਬ ਕੋ-ਐਜੂਕੇਸ਼ਨ ਸੀਨੀਅਰ ਸੈਕੰਡਰੀ ਸਕੂਲ ਬਾਘਾ ਪੁਰਾਣਾ, ਜੋ ਸੰਸਥਾ ਦੇ ਸੰਸਥਾਪਕ ਪ੍ਰਿੰਸੀਪਲ ਗੁਰਦੇਵ ਸਿੰਘ, ਪ੍ਰਿੰਸੀਪਲ ਤੇ ਡਾਇਰੈਕਟਰ ਸੰਦੀਪ ਮਹਿਤਾ ਦੀ ਯੋਗ ਤੇ ਸੁਚੱਜੀ ਅਗਵਾਈ ਵਿੱਚ ਨਿੱਤ ਨਵੀਆਂ ਉਚਾਈਆਂ ਨੂੰ ਛੂਹ ਰਹੀ ਹੈ, ਦੀ ਨੌਂਵੀਂ ਸ਼੍ਰੇਣੀ ਦੀ ਵਿਦਿਆਰਥਣ ਸੀਰਤ ਬਰਾੜ ਨੇ ਭੋਪਾਲ ਵਿਖੇ ਹੋਈ 13ਵੀਂ ਨੈਸ਼ਨਲ ਡਰੇਗਿਨ ਬੋਟ ਚੈਪੀਅਨਸ਼ਿਪ ਵਿੱਚੋਂ ਦੂਸਰਾ ਸਥਾਨ ਪ੍ਰਾਪਤ ਕੀਤਾ।ਇਸ ਪ੍ਰਾਪਤੀ ਲਈ ਪੰਜਾਬ ਲੈਵਲ ਟਰਾਇਲ ਸਮੇਂ ਸੀਰਤ ਬਰਾੜ ਨੇ 50 ਖਿਡਾਰੀਆਂ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ ਤੇ ਰੋਪੜ ਵਿਖੇ ਕੇ.ਸੀ.ਆਰ. (ਕੈਕਿੰਗ ਕਨੋਇੰਗ ਰੋਪੜ) ਵਿਖੇ ਕੋਚ ਓਂਕਾਰਦੀਪ ਕੌਰ ਦੀ ਅਗਵਾਈ ਵਿੱਚ 20 ਦਿਨ ਦਾ ਕੈਂਪ ਲਗਾਇਆ। ਇਸ ਤੋਂ ਬਾਅਦ ਆਈ. ਕੇ. ਸੀ. ਏ. (ਇੰਡੀਅਨ ਕੈਕਿੰਗ ਐਂਡ ਕੈਨੋਇੰਗ ਐਸੋਸੀਏਸ਼ਨ) ਭੋਪਾਲ ਵਿਖੇ ਹੋਏ ਮੁਕਾਬਲੇ ਵਿੱਚ ਹਿੱਸਾ ਲਿਆ।ਇਹ ਮੁਕਾਬਲਾ ਲੋਅਰ ਲੇਕ ਭੋਪਾਲ ਵਿਖੇ ਹੋਇਆ, ਜਿਸ ਵਿੱਚ ਸੀਰਤ ਬਰਾੜ ਨੇ ਦੂਸਰਾ ਸਥਾਨ ਹਾਸਲ ਕਰਕੇ ਸਿਲਵਰ ਮੈਡਲ ਪ੍ਰਾਪਤ ਕੀਤਾ।ਇਸ ਮੌਕੇ ਪ੍ਰਿੰਸੀਪਲ ਤੇ ਡਾਇਰੈਕਟਰ ਸੰਦੀਪ ਮਹਿਤਾ ਨੇ ਵਿਦਿਆਰਥਣ ਨੂੰ ਵਧਾਈ ਦਿੱਤੀ ਤੇ ਸਨਮਾਨਤ ਕੀਤਾ।ਇਸ ਮੌਕੇ ਕੋਆਰਡੀਨੇਟਰ ਮੁਕੇਸ਼ ਅਰੋੜਾ ਨੇ ਵੀ ਵਿਦਿਆਰਥੀਆਂ ਨੂੰ ਖੇਡਾਂ ਵਿੱਚ ਭਾਗ ਲੈਣ ਲਈ ਪ੍ਰੇਰਿਤ ਕੀਤਾ।ਇਸ ਸਮੇਂ ਪ੍ਰਿੰਸੀਪਲ ਪ੍ਰਮਿੰਦਰ ਕੌਰ, ਕੋਆਰਡੀਨੇਟਰ ਦੀਪਿਕਾ ਮਨਚੰਦਾ, ਖੁਸ਼ਪ੍ਰੀਤ ਕੌਰ ਤੋਂ ਇਲਾਵਾ ਸਕੂਲ ਦਾ ਸਮੁੱਚਾ ਸਟਾਫ਼ ਤੇ ਵਿਦਿਆਰਥੀ ਹਾਜ਼ਰ ਸਨ।

## ਮਾਨ ਸਰਕਾਰ ਨੇ ਬੀ ਬੀ ਐੱਮ ਬੀ ਦੀ ਮੀਟਿੰਗ 'ਚ ਮਜ਼ਬੂਤੀ ਨਾਲ ਨਹੀਂ ਰੱਖਿਆ ਆਪਣਾ ਪੱਖ : ਮੋੜ



**ਸ਼ੇਰਪੁਰ (ਰਵੀ ਟਿੱਬਾ)**-ਇਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਾਂਗਰਸ ਦੇ ਸੀਨੀਅਰ ਆਗੂ ਗੁਰਮੇਲ ਸਿੰਘ ਮੋੜ ਵੱਲੋਂ ਪੰਜਾਬ ਸਰਕਾਰ ਖਿਲਾਫ ਸੂਬੇ ਦੇ ਪਾਣੀ ਨੂੰ ਲੈ ਕੇ ਅਪਣਾਏ ਰਵੱਈਏ ਖਿਲਾਫ ਰੋਸ ਜਤਾਇਆ ਗਿਆ ਤੇ ਪੰਜਾਬ ਸਰਕਾਰ ਤੋਂ ਇਸ ਗੰਭੀਰ ਮਸਲੇ 'ਤੇ ਮਜ਼ਬੂਤੀ ਨਾਲ ਪੰਜਾਬ ਪੱਖ ਰੱਖਣ ਦੀ ਮੰਗ ਕੀਤੀ।ਮੋੜ ਨੇ ਕਿਹਾ ਕਿ ਮੌਜੂਦਾ ਮਾਨ ਸਰਕਾਰ ਪੰਜਾਬ ਦੇ ਪਾਣੀਆਂ ਦੇ ਮਸਲੇ ਉੱਤੇ ਰਾਜਨੀਤੀ ਤੱਕ ਹੀ ਸੀਮਤ ਹੈ, ਜਦਕਿ ਪੰਜਾਬ ਦੇ ਪੱਖ ਨੂੰ ਬੀਬੀਐਮਬੀ ਦੀ ਮੀਟਿੰਗ ਵਿੱਚ ਮਜ਼ਬੂਤੀ ਨਾਲ ਰੱਖਿਆ ਜਾਣਾ ਚਾਹੀਦਾ ਸੀ।ਉਨ੍ਹਾਂ ਕਿਹਾ ਕਿ ਪੰਜਾਬ ਕਾਂਗਰਸ ਪੰਜਾਬ ਦੇ ਪਾਣੀ ਨੂੰ ਲੈ ਕੇ ਪੂਰੀ ਮਜ਼ਬੂਤੀ ਨਾਲ ਸੂਬੇ ਦੇ ਲੋਕਾਂ ਨਾਲ ਖੜੀ ਹੈ ਤੇ ਕਿਸੇ ਵੀ ਸੰਘਰਸ਼ ਤੋਂ ਪਿੱਛੇ ਹਟਣ ਵਾਲੀ ਨਹੀਂ, ਪ੍ਰੰਤੂ ਮਾਨ ਸਰਕਾਰ ਨੂੰ ਆਪਣੀ ਜ਼ਿੰਮੇਵਾਰੀ ਪੂਰੀ ਤਨਦੇਹੀ ਤੇ ਗੰਭੀਰਤਾ ਨਾਲ ਨਿਭਾਉਣੀ ਪਵੇਗੀ ਤਦ ਜਾ ਕੇ ਪੰਜਾਬ ਦਾ ਪੱਖ ਮਜ਼ਬੂਤ ਹੋਵੇਗਾ।ਉਨ੍ਹਾ ਕਿਹਾ ਕਿ ਪੰਜਾਬ ਦੇ ਕਿਸਾਨਾਂ ਦੇ ਹਿੱਤ ਨੂੰ ਦੇਖਦੇ ਹੋਏ ਮਾਨ ਸਰਕਾਰ ਹੁਣ ਵੀ ਨੀਂਦ ਵਿੱਚੋਂ ਜਾਗ ਕੇ ਤੇ ਪੂਰੀ ਮਜ਼ਬੂਤੀ ਨਾਲ ਆਪਣਾ ਪੱਖ ਰੱਖੇ, ਕਿਉਂਕਿ ਪੰਜਾਬ ਕੋਲ ਕਿਸੇ ਵੀ ਸੂਬੇ ਨੂੰ ਦੇਣ ਲਈ ਵਾਧੂ ਪਾਣੀ ਨਹੀਂ।ਉਨ੍ਹਾਂ ਕਿਹਾ ਕਿ ਇਹ ਮਸਲਾ ਪੰਜਾਬ ਲਈ ਬਹੁਤ ਹੀ ਗੰਭੀਰ ਤੇ ਵੱਡਾ ਹੈ, ਇਸ ਲਈ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਰਾਜਨੀਤੀ ਤੋਂ ਉੱਪਰ ਉੱਠ ਕੇ ਪੰਜਾਬ ਦੇ ਹਿੱਤ ਨੂੰ ਧਿਆਨ ਵਿੱਚ ਰੱਖਦਿਆਂ ਕਦਮ ਚੁੱਕਣੇ ਚਾਹੀਦੇ ਹਨ।ਮੋੜ ਨੇ ਕਿਹਾ ਕਿ ਕਾਂਗਰਸ ਪੰਜਾਬ ਦੇ ਪਾਣੀ ਦੀ ਬੂੰਦ ਬੂੰਦ ਦੀ ਰਾਖੀ ਕਰਨ ਲਈ ਵਚਨਬੱਧ ਹੈ ਅਤੇ ਪੰਜਾਬ ਦੇ ਹਿੱਤ ਲਈ ਹਰ ਸੰਘਰਸ਼ ਵਿੱਚ ਡੱਟ ਕੇ ਖੜ੍ਹੇਗੀ।ਇਸ ਮੌਕੇ ਹੋਰ ਵੀ ਕਾਂਗਰਸੀ ਆਗੂ ਮੌਜੂਦ ਸਨ।

## ਰਾਮ ਸ਼ਰਨਮ ਮੰਦਰ ਵਿਖੇ ਹਫਤਾਵਾਰੀ ਅੰਮ੍ਰਿਤਵਾਣੀ ਸਤਿਸੰਗ ਲਈ ਮੈਟਰੋ ਸੇਵਾ ਅੱਜ ਤੋਂ

**ਜਲਾਲਾਬਾਦ (ਜੀਤ ਕੁਮਾਰ)**-ਰਾਮ ਸ਼ਰਨਮ ਮੰਦਰ ਜਲਾਲਾਬਾਦ ਵਿਖੇ ਹਫਤਾਵਾਰੀ ਅੰਮ੍ਰਿਤਵਾਣੀ ਸਤਿਸੰਗ ਅੱਜ 4 ਮਈ ਐਤਵਾਰ ਨੂੰ ਸਵੇਰੇ 9 ਵਜੇ ਤੋਂ 10.30 ਵਜੇ ਤੱਕ ਆਯੋਜਿਤ ਕੀਤਾ ਜਾਵੇਗਾ। ਇਸ ਬਾਰੇ ਜਾਣਕਾਰੀ ਦਿੰਦੇ ਹੋਏ ਆਸ਼ਰਮ ਦੇ ਸਥਾਨਕ ਇੰਚਾਰਜ ਅਸ਼ੋਕ ਅਨੇਜਾ ਨੇ ਦੱਸਿਆ ਕਿ ਇਸ ਪ੍ਰੋਗਰਾਮ ਵਿੱਚ ਅੰਮ੍ਰਿਤਾਨੰਦ ਦੇ ਪਾਠ ਤੋਂ ਬਾਅਦ ਮਾਤਾ ਰੇਖਾ ਵਿਜ ਦੁਆਰਾ ਭਗਤੀ ਪ੍ਰਕਾਸ਼ ਦਾ ਪਾਠ ਕੀਤਾ ਜਾਵੇਗਾ, ਜਿਸ ਤੋਂ ਬਾਅਦ ਕ੍ਰਿਸ਼ਨ ਜੀ ਮਹਾਰਾਜ ਦੁਆਰਾ ਪ੍ਰਵਚਨ ਕੀਤਾ ਜਾਵੇਗਾ। ਅਨੇਜਾ ਨੇ ਅੱਗੇ ਕਿਹਾ ਕਿ ਇਸ ਹਫ਼ਤੇ ਤੋਂ ਆਸ਼ਰਮ ਜਾਣ ਵਾਲੀ ਸੰਗਤ ਨੂੰ ਸਹੂਲਤ ਪ੍ਰਦਾਨ ਕਰਨ ਦੇ ਉਦੇਸ਼ ਨਾਲ ਵਿਸ਼ੇਸ਼ ਮੈਟਰੋ ਵਾਹਨ ਸੇਵਾ ਸ਼ੁਰੂ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਜਲਾਲਾਬਾਦ ਸ਼ਹਿਰ ਵਿੱਚ ਸੰਗਤ ਮੈਟਰੋ ਦੇ ਨਿਰਧਾਰਤ ਰੂਟਾਂ 'ਤੇ ਆਪਣੇ ਵਾਹਨ ਪਾਰਕ ਕਰ ਸਕਦੀ ਹੈ ਅਤੇ ਸਿੱਧੇ ਮੈਟਰੋ ਵਾਹਨ ਰਾਹੀਂ ਆਸ਼ਰਮ ਪਹੁੰਚ ਸਕੇਗੀ। ਸਤਿਸੰਗ ਵਿੱਚ ਸ਼ਾਮਲ ਹੋਣ ਦੇ ਸੰਦਰਭ ਵਿੱਚ ਸ੍ਰੀ ਅਨੇਜਾ ਨੇ ਕਿਹਾ ਕਿ ਸਿਰਫ਼ ਉਹੀ ਲੋਕ ਆਸ਼ਰਮ ਵਿੱਚ ਆ ਸਕਦੇ ਹਨ, ਜਿਨ੍ਹਾਂ 'ਤੇ ਗੁਰੂ ਜੀ ਦਾ ਵਿਸ਼ੇਸ਼ ਆਸ਼ੀਰਵਾਦ ਹੈ। ਉਨ੍ਹਾਂ ਕਿਹਾ ਕਿ ਇਸ ਤੋਂ ਇਲਾਵਾ ਮੰਗਲਵਾਰ ਸ਼ਾਮ 6 ਵਜੇ ਹੋਣ ਵਾਲੀ ਪ੍ਰਾਰਥਨਾ ਸਭਾ ਲਈ ਮੈਟਰੋ ਸੇਵਾ ਵੀ ਉਪਲਬਧ ਹੋਵੇਗੀ। ਸ੍ਰੀ ਅਨੇਜਾ ਨੇ ਦੱਸਿਆ ਕਿ ਭਰਾਵਾਂ ਅਤੇ ਭੈਣਾਂ ਨੂੰ ਨਿਰਧਾਰਤ ਥਾਵਾਂ ਤੋਂ ਮੈਟਰੋ ਰਾਹੀਂ ਆਸ਼ਰਮ ਵਿੱਚ ਲਿਆਂਦਾ ਜਾਵੇਗਾ।

## ਪਾਣੀ ਵਾਲੀਆਂ ਮੋਟਰਾਂ ਦਾ ਮਾਮਲਾ ਹੱਲ ਕੀਤਾ ਜਾਵੇ : ਪੱਤੀ ਜੈਦ ਵਾਸੀ

**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)**-ਕਸਬਾ ਲੌਂਗੋਵਾਲ ਦੀ ਪੱਤੀ ਜੈਦ ਵਾਸੀਆਂ ਵਿੱਚ ਆਮ ਚਰਚਾ ਚੱਲ ਰਹੀ ਹੈ ਕਿ ਕੁਝ ਮਹੀਨੇ ਪਹਿਲਾਂ ਇਸ ਪੱਤੀ ਦੀ ਵਾਟਰ ਸਪਲਾਈ ਐਂਡ ਸੀਵਰੇਜ ਬੋਰਡ ਦੀ ਟੈਂਕੀ ਨੰ. 2 ਦੀਆਂ ਪਾਣੀ ਵਾਲੀਆਂ ਦੋ ਮੋਟਰਾਂ ਚੋਰੀ ਹੋ ਗਈਆਂ ਸਨ, ਪਰ ਇਸ ਚੋਰੀ ਹੋਈਆਂ ਮੋਟਰਾਂ ਦਾ ਕੇਸ ਵਿਚਾਲੇ ਹੀ ਮੁਲਾਜ਼ਮਾਂ ਨੇ ਦੱਬ ਦਿੱਤਾ ਸੀ ਅਤੇ ਲੋਕਾਂ ਨੇ ਇਹ ਵੀ ਦੱਸਿਆ ਕਿ ਚੋਰੀ ਹੋਈਆਂ ਮੋਟਰਾਂ ਦੀ ਰਿਪੋਰਟ ਥਾਣੇ ਵਿੱਚ ਦਰਜ ਨਹੀਂ ਕਰਵਾਈ ਗਈ। ਲੋਕਾਂ ਦਾ ਕਹਿਣਾ ਹੈ ਕਿ ਇਹ ਮੋਟਰਾਂ ਚੋਰੀ ਨਹੀਂ ਹੋਈਆਂ ਬਲਕਿ ਇਹ ਪਾਣੀ ਵਾਲੀਆਂ ਮੋਟਰਾਂ ਵੇਚ ਕੇ ਹੜੱਪ ਕਰ ਗਏ ਹਨ।

ਲੋਕਾਂ ਇਸ ਵਿਭਾਗ ਦੇ ਐਕਸੀਅਨ, ਐਸ.ਡੀ.ਓ. ਪਾਸੋਂ ਜ਼ੋਰਦਾਰ ਮੰਗ ਕੀਤੀ ਹੈ ਕਿ ਚੋਰੀ ਹੋਈਆਂ ਮੋਟਰਾਂ ਦਾ ਪਰਦਾਫਾਸ਼ ਕੀਤਾ ਜਾਵੇ ਅਤੇ ਹੋਰ ਵਾਟਰ ਸਪਲਾਈ ਐਂਡ ਸੀਵਰੇਜ ਬੋਰਡ ਦਾ ਸਮਾਨ ਵੀ ਮਿਲ ਸਕੇ। ਉਹਨਾਂ ਕਿਹਾ ਕਿ ਜੇਕਰ ਸਰਕਾਰ ਨੇ ਇਸ ਵੱਲ ਧਿਆਨ ਨਾ ਦਿੱਤਾ ਤਾਂ ਲੋਕਾਂ ਨੂੰ ਸੰਘਰਸ਼ ਸ਼ੁਰੂ ਕਰਨਾ ਪਵੇਗਾ। ਲੋਕ ਪੰਪ ਆਪ੍ਰੇਟਰ ਨੂੰ ਬਦਲਣ ਦੀ ਮੰਗ ਵੀ ਕਰ ਰਹੇ ਹਨ।

# ਐਡਵੋਕੇਟ ਮਜੀਠੀਆ ਨੂੰ ਖੱਤਰੀ ਗੌਰਵ ਐਵਾਰਡ ਨਾਲ ਕੀਤਾ ਸਨਮਾਨਤ



**ਮੋਗਾ (ਇਕਬਾਲ ਸਿੰਘ ਖਹਿਰਾ)**-ਖਤਰੀ ਭਵਨ ਵਿੱਚ ਖੱਤਰੀ ਸਭਾ ਪ੍ਰਧਾਨ ਡਾਕਟਰ ਐੱਮ ਐੱਲ ਜੈਦਕਾ ਦੀ ਪ੍ਰਧਾਨਗੀ ਵਿੱਚ ਇਕ ਵਿਸ਼ੇਸ਼ ਸਨਮਾਨ ਸਮਾਰੋਹ ਵਿੱਚ ਖੱਤਰੀ ਸਭਾ ਮੋਗਾ ਤੇ ਖੱਤਰੀ ਮਹਾਂ ਸਭਾ ਪੰਜਾਬ ਦੇ ਚੀਫ ਪੈਟਰਨ ਬੋਧਰਾਜ ਮਜੀਠੀਆ ਐਡਵੋਕੇਟ ਦੇ ਹੋਣਹਾਰ ਸਪੁੱਤਰ ਅਸ਼ਵਨੀ ਮਜੀਠੀਆ ਐਡਵੋਕੇਟ ਨੂੰ ਖੱਤਰੀ ਸਭਾ, ਮਹਿਲਾ ਖੱਤਰੀ ਸਭਾ ਤੇ ਯੁਵਾ ਖੱਤਰੀ ਸਭਾ ਨੇ ਮੋਗਾ ਦੀਆਂ ਉਘੀਆਂ ਸਿੱਖਿਆ ਸੰਸਥਾਵਾਂ ਦੀ ਡੀ ਐੱਮ ਕਾਲਜ ਪ੍ਰਬੰਧਕ ਕਮੇਟੀ ਦਾ ਮੈਂਬਰ ਬਣਨ ਦੇ ਇਵਜ ਵਿੱਚ ਖੱਤਰੀ ਗੌਰਵ ਐਵਾਰਡ ਨਾਲ ਸਨਮਾਨਤ ਕੀਤਾ। ਇਸ ਮੌਕੇ ਅਸ਼ਵਨੀ ਮਜੀਠੀਆ ਐਡਵੋਕੇਟ ਦੀ ਜੀਵਨ ਸਾਥੀ ਸ਼੍ਰੀਮਤੀ ਗੀਤੂ ਮਜੀਠੀਆ ਨੂੰ ਵੀ ਸਨਮਾਨਤ ਕੀਤਾ ਗਿਆ। ਇਸ ਮੌਕੇ ਸਾਬਕਾ ਮੰਤਰੀ ਡਾਕਟਰ ਮਾਲਤੀ ਥਾਪਰ, ਡਾਕਟਰ ਪਵਨ ਥਾਪਰ, ਖੱਤਰੀ ਮਹਾਂ ਸਭਾ ਪੰਜਾਬ ਦੇ ਸੀਨੀਅਰ ਮੀਤ ਪ੍ਰਧਾਨ ਦੀਪਕ ਬੇਦੀ, ਸੂਬਾ ਮੀਤ ਪ੍ਰਧਾਨ ਸਾਬਕਾ ਤਹਿਸੀਲਦਾਰ ਜਸਵੰਤ ਦਾਨੀ, ਪ੍ਰਦੇਸ਼ ਆਫਿਸ ਸਕੱਤਰ ਬਲਜਿੰਦਰ ਸਿੰਘ ਸਹਿਗਲ, ਜ਼ਿਲ੍ਹਾ ਪ੍ਰਧਾਨ ਨਰੇਸ਼ ਪੁਰੀ, ਮਹਿਲਾ ਖੱਤਰੀ ਦੇ ਕਾਰਜਕਾਰੀ ਪ੍ਰਧਾਨ ਸਾਬਕਾ ਪ੍ਰਿੰਸੀਪਲ ਸੁਮਨ ਮਲਹੋਤਰਾ, ਜਨਰਲ ਸਕੱਤਰ ਸੋਨੀਆ ਢੰਡ, ਯੁਵਾ ਖੱਤਰੀ ਸਭਾ ਦੇ ਚੇਅਰਮੈਨ ਜਗਜੀਵ ਧੀਰ, ਪ੍ਰਧਾਨ ਹਰਪ੍ਰੀਤ ਸਿੰਘ ਸਹਿਗਲ, ਡੀ ਐਨ ਮਾਡਲ ਸਕੂਲ ਦੇ ਪ੍ਰਿੰਸੀਪਲ ਸੋਨੀਆ ਕਲਸੀ, ਸਾਬਕਾ ਐਸ ਐਮ ਓ ਰਜੇਸ਼ ਪੁਰੀ, ਭਾਰਤ ਵਿਕਾਸ ਪ੍ਰੀਸ਼ਦ ਦੇ ਪ੍ਰਧਾਨ ਸੁਧੀਰ ਕੋਹਲੀ, ਸੀਨੀਅਰ ਕਾਂਗਰਸੀ ਆਗੂ ਰਕੇਸ਼ ਵਰਮਾ, ਬ੍ਰਾਂਡ ਐਂਬੈਸਡਰ ਰਕੇਸ਼ ਸਿਤਾਰਾ, ਸੀਨੀਅਰ ਮੀਤ ਪ੍ਰਧਾਨ ਨਿਸ਼ੀ ਕਰੋਸ਼ ਵਿਜ, ਸਹਾਇਕ ਜ਼ਿਲ੍ਹਾ ਅਟਾਰਨੀ ਕੁਲਦੀਪ ਸਾਹਨੀ ਤੋਂ ਇਲਾਵਾ ਮੁੱਖ ਮਹਿਮਾਨ ਅਸ਼ਵਨੀ ਮਜੀਠੀਆ ਦੇ ਪਰਿਵਾਰਕ ਮੈਂਬਰ ਬੋਧਰਾਜ ਮਜੀਠੀਆ ਐਡਵੋਕੇਟ, ਸਿਧਾਰਥ ਮਜੀਠੀਆ ਐਡਵੋਕੇਟ, ਅਲੀਸ਼ਾ ਮਜੀਠੀਆ ਐਡਵੋਕੇਟ, ਵਿਨੋਦ ਬਾਲਾ ਧੀਰ, ਅਨੀਤਾ ਕੌੜਾ, ਸੰਜੀਵ ਕੌੜਾ ਰਿਮੀ ਅਤੇ ਸਾਕਸ਼ੀ ਮਜੀਠੀਆ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਖੱਤਰੀ ਭਵਨ ਪਹੁੰਚਣ 'ਤੇ ਅਸ਼ਵਨੀ ਮਜੀਠੀਆ ਤੇ ਰੀਤੂ ਮਜੀਠੀਆ ਅਤੇ ਸਾਕਸ਼ੀ ਮਜੀਠੀਆ ਪਰਿਵਾਰਕ ਮੈਂਬਰਾਂ ਨੂੰ ਫੁੱਲ ਮਾਲਾਵਾਂ ਪਹਿਨਾ ਕੇ ਨਿੱਘਾ ਸਵਾਗਤ ਕੀਤਾ ਗਿਆ। ਇਸ ਸਮਾਗਮ ਵਿੱਚ ਹੋਰਨਾਂ ਤੋਂ ਇਲਾਵਾ ਸੰਜੀਵ ਕੌੜਾ ਰਿਮੀ, ਰਜੇਸ਼ ਖੰਨਾ, ਦਿਨੇਸ਼ ਰਿਹਾਨ, ਸ਼੍ਰੀਮਤੀ ਪ੍ਰਵੀਨ ਕਪੂਰ, ਡਾਕਟਰ ਜਸਵੀਰ ਸਿੰਘ ਸਹਿਗਲ, ਆਦਰਸ਼ ਪੱਬੀ, ਡਾਕਟਰ ਜਤਿੰਦਰ ਖੁੱਲਰ, ਸ਼੍ਰੀਮਤੀ ਕ੍ਰਿਸ਼ਨਾ ਕੋਹਲੀ, ਵਿਸ਼ਾਲ ਉਪਲ, ਸੰਜੀਵ ਕੌੜਾ ਜੀ ਐੱਸ ਟੀ, ਕ੍ਰਿਸ਼ਨ ਪੁਰੀ ਆਦਿ ਹਾਜ਼ਰ ਸਨ।

## ਇੰਸਪੈਕਟਰ ਜਸਵਿੰਦਰ ਕੌਰ ਨੇ ਸੰਭਾਲਿਆ ਥਾਣਾ ਦਿਆਲਪੁਰਾ ਦਾ ਚਾਰਜ



**ਬਠਿੰਡਾ (ਰਾਜੀਵ ਗੋਇਲ)**-ਇੰਸਪੈਕਟਰ ਜਸਵਿੰਦਰ ਕੌਰ ਨੇ ਥਾਣਾ ਦਿਆਲਪੁਰਾ ਦਾ ਚਾਰਜ ਸੰਭਾਲ ਲਿਆ ਹੈ। ਚਾਰਜ ਸੰਭਾਲਦੇ ਹੀ ਉਨ੍ਹਾਂ ਸ਼ਰਾਰਤੀ ਅਨਸਰਾਂ ਸਮੇਤ ਨਸ਼ਾ ਤਸਕਰਾਂ ਨੂੰ ਤਾੜਨਾ ਕੀਤੀ ਹੈ ਕਿ ਉਹ ਆਪਣੇ ਗੈਰ ਕਾਨੂੰਨੀ ਧੰਦੇ ਬੰਦ ਕਰ ਦੇਣ ਨਹੀਂ ਤਾਂ ਕਿਸੇ ਨੂੰ ਵੀ ਬਖਸ਼ਿਆ ਨਹੀਂ ਜਾਵੇਗਾ। ਇਸ ਮੌਕੇ ਏ.ਐਸ.ਆਈ ਕੁਲਦੀਪ ਸਿੰਘ, ਚੇਤ ਸਿੰਘ, ਪਵਿੱਤਰ ਸਿੰਘ ਤੇ ਯਾਦਵਿੰਦਰ ਸਿੰਘ ਮੌਜੂਦ ਸਨ।

## ਮਾਸਟਰ ਕੇਡਰ ਯੂਨੀਅਨ ਬਲਾਕ ਪੱਧਰੀ ਕਮੇਟੀ ਦਾ ਗਠਨ



**ਦੋਰਾਹਾ (ਹਰਮਿੰਦਰ ਸੇਠ)**-ਮਾਸਟਰ ਕੇਡਰ ਯੂਨੀਅਨ ਪੰਜਾਬ ਦੇ ਸੂਬਾ ਉਪ ਪ੍ਰਧਾਨ ਜਗਜੀਤ ਸਿੰਘ ਸਾਹਨੇਵਾਲ ਦੀ ਅਗਵਾਈ ਵਿੱਚ ਜ਼ਿਲ੍ਹਾ ਲੁਧਿਆਣਾ ਦੇ ਬਲਾਕ ਦੋਰਾਹਾ ਦੀ ਬਲਾਕ ਪੱਧਰੀ ਕਮੇਟੀ ਦਾ ਗਠਨ ਕੀਤਾ ਗਿਆ। ਇਸ ਬਾਰੇ ਜ਼ਿਲ੍ਹਾ ਪ੍ਰੈਸ ਸਕੱਤਰ ਗੁਰਪ੍ਰੀਤ ਸਿੰਘ ਦੋਰਾਹਾ ਨੇ ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਮੀਟਿੰਗ ਦੌਰਾਨ ਨਵੀਨ ਕਪਿਲਾ ਨੂੰ ਸਰਬਸੰਮਤੀ ਨਾਲ ਬਲਾਕ ਦੋਰਾਹਾ ਦਾ ਬਲਾਕ ਪ੍ਰਧਾਨ ਨਿਯੁਕਤ ਕੀਤਾ ਗਿਆ, ਜ਼ਿਲ੍ਹਾ ਕਮੇਟੀ ਦੇ ਹਾਜ਼ਰ ਆਗੂਆਂ ਵੱਲੋਂ ਬਲਾਕ ਦੋਰਾਹਾ ਦੀ ਕਮੇਟੀ ਵਿੱਚ ਨਵੇਂ ਮੈਂਬਰਾਂ ਨੂੰ ਸ਼ਾਮਲ ਕੀਤਾ ਗਿਆ, ਜਿਸ ਵਿੱਚ ਅਸੀਸ ਕੁਮਾਰ, ਮਨਦੀਪ ਸਿੰਘ, ਦਮਨਪ੍ਰੀਤ ਸਿੰਘ, ਉਮਾ ਦੇਵ, ਕੁਲਵੀਰ ਸਿੰਘ, ਸਰਬਜੀਤ ਸਿੰਘ ਅਤੇ ਹੋਰ ਮੈਂਬਰ ਤੇ ਕਈ ਨਵੇਂ ਮੈਂਬਰਾਂ ਨੂੰ ਸ਼ਾਮਲ ਕੀਤਾ ਗਿਆ। ਇਸ ਮੌਕੇ ਜਗਜੀਤ ਸਿੰਘ ਸਾਹਨੇਵਾਲ, ਸੁਖਵੰਤ ਸਿੰਘ ਜ਼ਿਲ੍ਹਾ ਸਰਪ੍ਰਸਤ, ਹਰਜਿੰਦਰ ਸਿੰਘ ਖੰਨਾ ਬਲਾਕ ਪ੍ਰਧਾਨ ਤੇ ਨਵੀਨ ਕਪਿਲਾ ਬਲਾਕ ਪ੍ਰਧਾਨ ਵੱਲੋਂ ਜੱਥੇਬੰਦੀ ਦੀਆਂ ਪ੍ਰਾਪਤੀਆਂ ਬਾਰੇ, ਮਾਸਟਰ ਕੇਡਰ ਦੀਆਂ ਵਿਭਾਗੀ ਅਤੇ ਵਿੱਤੀ ਮੰਗਾਂ ਦੀ ਪ੍ਰਾਪਤੀ ਲਈ ਸੰਘਰਸ ਕਰਨ 'ਤੇ ਵਿਚਾਰ ਸਾਂਝੇ ਕੀਤੇ ਗਏ, ਜਿਸ ਵਿੱਚ ਮੁੱਖ ਤੌਰ 'ਤੇ ਪੇਂਡੂ ਭੱਤਾ ਬਹਾਲ ਕਰਾਉਣਾ, ਏ ਸੀ ਪੀ ਲਾਗੂ ਕਰਨ, ਪੇਂਡਿੰਗ ਡੀ ਏ ਜਾਰੀ ਕਰਨ, ਪੁਰਾਣੀ ਪੈਨਸਨ ਬਹਾਲ ਕਰਾਉਣ ਸਮੇਤ ਹੋਰ ਕਈ ਮੰਗਾਂ 'ਤੇ ਆਪਣੇ ਵਿਚਾਰ ਸਾਂਝੇ ਕੀਤੇ ਗਏ। ਮੀਟਿੰਗ ਦੌਰਾਨ ਗੁਰਪ੍ਰੀਤ ਸਿੰਘ ਦੋਰਾਹਾ ਨੇ ਜ਼ਿਲ੍ਹਾ ਦੇ ਸਾਰੇ ਬਲਾਕਾਂ ਦਾ ਜਲਦ ਗਠਨ ਕਰਨ ਸਬੰਧੀ ਤਿਆਰ ਰੂਪ-ਰੇਖਾ ਬਾਰੇ ਹਾਜ਼ਰ ਮੈਂਬਰਾਂ ਨੂੰ ਜਾਣੂ ਕਰਵਾਇਆ। ਇਸ ਮੌਕੇ ਬਲਾਕ ਪ੍ਰਧਾਨ ਮਾਂਗਟ ਹਰਜਿੰਦਰ ਸਿੰਘ ਖੰਨਾ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ ਅਤੇ ਵਿਸਵਿੰਦਰ ਰਾਮਪੁਰ ਨੂੰ ਜ਼ਿਲ੍ਹਾ ਕਮੇਟੀ ਮੈਂਬਰ ਨਿਯੁਕਤ ਕੀਤਾ ਗਿਆ। ਮੀਟਿੰਗ 'ਚ ਹੋਰਨਾਂ ਤੋਂ ਇਲਾਵਾ ਜ਼ਿਲ੍ਹਾ ਸਰਪ੍ਰਸਤ ਸੁਖਵੰਤ ਸਿੰਘ, ਜ਼ਿਲ੍ਹਾ ਵਿੱਤ ਸਕੱਤਰ ਸਵਰਨ ਸਿੰਘ, ਜ਼ਿਲ੍ਹਾ ਕਮੇਟੀ ਮੈਂਬਰ ਰਾਜ ਕੁਮਾਰ, ਨਵਦੀਪ ਪਾਠਕ, ਸੁਖਵਿੰਦਰ ਸਿੰਘ, ਸਤਬੀਰ ਸਿੰਘ ਆਦਿ ਮੈਂਬਰ ਹਾਜ਼ਰ ਸਨ।

## 'ਯੁੱਧ ਨਸ਼ਿਆਂ ਵਿਰੁੱਧ ਮੁਹਿੰਮ' ਦੀ ਕਾਮਯਾਬੀ ਲਈ ਮੋਰਚਾ ਦੇਵੇਗਾ ਸਾਥ : ਚਹਿਲ



**ਮਲੋਟ (ਓਮ ਪ੍ਰਕਾਸ਼ ਸ਼ੇਖੂ)**-ਮਾਲਵਾ ਜ਼ੋਨ ਦੇ ਨਸ਼ਾ ਮੁਕਤੀ ਮੋਰਚਾ ਦੇ ਕੋਆਰਡੀਨੇਟਰ ਚੁਸ਼ਪਿੰਦਰਵੀਰ ਸਿੰਘ ਚਹਿਲ ਨੇ ਬੀਤੇ ਦਿਨੀਂ ਆਪਣੀ ਨਿਗਰਾਨੀ ਅਧੀਨ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੇ ਵਿਧਾਨ ਸਭਾ ਹਲਕਿਆਂ ਦੇ ਕੋਆਰਡੀਨੇਟਰਾਂ ਦੀ ਨਿਯੁਕਤੀ ਕੀਤੀ।ਉਨ੍ਹਾਂ ਕਿਹਾ ਕਿ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੇ ਬਹੁਤੇ ਪਿੰਡਾਂ ਨੂੰ ਓਪਨ ਜਿਮ ਅਤੇ ਖੇਡ ਕਿੱਟਾਂ ਵੰਡੀਆਂ ਜਾ ਚੁੱਕੀਆਂ ਹਨ ਅਤੇ ਆਉਂਦੇ ਸਮੇਂ ਵਿੱਚ ਪਿੰਡਾਂ ਅੰਦਰ ਜਿਮ ਖੋਲ੍ਹੇ ਜਾਣਗੇ।ਉਹਨਾਂ ਨਿਯੁਕਤ ਕੀਤੇ ਗਏ ਕੋਆਰਡੀਨੇਟਰਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਉਹ ਪੰਜਾਬ ਸਰਕਾਰ ਦੀ ਨਸ਼ੇ ਵਿਰੁੱਧ ਮੁਹਿੰਮ ਯੁੱਧ ਨਸ਼ਿਆਂ ਵਿਰੁੱਧ ਵਿੱਚ ਪੂਰਨ ਸਹਿਯੋਗ ਦੇਣਗੇ।ਇਸ ਮੌਕੇ ਮਾਲਵਾ ਜ਼ਿਲ੍ਹਾ ਸਕੱਤਰ ਮਨਵੀਰ ਸਿੰਘ ਖੁੱਡੀਆ ਨੇ ਦੱਸਿਆ ਕਿ ਵਿਧਾਨ ਸਭਾ ਹਲਕਾ ਸ੍ਰੀ ਮੁਕਤਸਰ ਸਾਹਿਬ ਤੋਂ ਜਗਸੀਰ ਸਿੰਘ, ਹਲਕਾ ਲੰਬੀ ਤੋਂ ਪਰਮਪਾਲ ਸਿੰਘ, ਹਲਕਾ ਗਿੱਦੜਬਾਹਾ ਤੋਂ ਮਾਧੋਦਾਸ ਸਿੰਘ ਅਤੇ ਹਲਕਾ ਮਲੋਟ ਤੋਂ ਬਲਰਾਜ ਸਿੰਘ ਨੂੰ ਨਸ਼ਾ ਮੁਕਤੀ ਮੋਰਚੇ ਦੇ ਹਲਕਾ ਕੋਆਰਡੀਨੇਟਰ ਨਿਯੁਕਤ ਕੀਤਾ ਗਿਆ ਹੈ।ਖੁੱਡੀਆ ਨੇ ਅੱਗੇ ਦੱਸਿਆ ਕਿ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਪ੍ਰਤੀ ਜਾਗਰੂਕ ਕਰਨ ਲਈ ਜ਼ਿਲ੍ਹਾ ਪੱਧਰ ਦਾ ਸਮਾਗਮ 3 ਮਈ ਨੂੰ ਗਰੀਨ ਰਿਜ਼ੋਰਟ ਬਠਿੰਡਾ ਰੋਡ ਸ੍ਰੀ ਮੁਕਤਸਰ ਸਾਹਿਬ ਵਿਖੇ ਆਯੋਜਿਤ ਕੀਤਾ ਜਾ ਰਿਹਾ ਹੈ।ਉਹਨਾਂ ਨੌਜਵਾਨ ਪੀੜ੍ਹੀ ਨੂੰ ਅਪੀਲ ਕੀਤੀ ਕਿ ਇਸ ਜਾਗਰੂਕਤਾ ਸਮਾਗਮ ਵਿੱਚ ਜਰੂਰ ਸ਼ਾਮਿਲ ਹੋ ਕੇ ਸਰਕਾਰ ਵੱਲੋਂ ਚਲਾਈ ਜਾ ਰਹੀ ਮੁਹਿੰਮ ਯੁੱਧ ਨਸ਼ਿਆਂ ਵਿਰੁੱਧ ਦਾ ਜ਼ਰੂਰ ਹਿੱਸਾ ਬਣਨਾ ਚਾਹੀਦਾ ਹੈ।

# ਚੇਅਰਮੈਨ ਹਡਾਣਾ ਵੱਲੋਂ ਪੀ ਆਰ ਟੀ ਸੀ ਦੇ ਡਰਾਈਵਰ ਕੰਡਕਟਰ ਸਨਮਾਨਤ



**ਪਟਿਆਲਾ (ਰਜਿੰਦਰ ਸਿੰਘ ਥਿੰਦ)**-ਪੀ ਆਰ ਟੀ ਸੀ ਚੇਅਰਮੈਨ ਰਣਜੋਧ ਸਿੰਘ ਹਡਾਣਾ ਨੇ ਡਿਊਟੀ ਦੌਰਾਨ ਇਮਾਨਦਾਰੀ ਅਤੇ ਚੰਗੀ ਕਾਰਗੁਜ਼ਾਰੀ ਦੇ ਨਾਲ-ਨਾਲ ਮਨੁੱਖਤਾ ਦੀ ਸੇਵਾ ਕਰਨ ਵਾਲੇ ਡਰਾਇਵਰ ਕੰਡਕਟਰਾਂ ਦਾ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਅਤੇ ਕਿਹਾ ਕਿ ਇਨ੍ਹਾਂ ਵੱਲੋਂ ਕੀਤੇ ਕਾਰਜਾਂ ਨਾਲ ਪੀ ਆਰ ਟੀ ਸੀ ਪ੍ਰਤੀ ਲੋਕਾਂ ਦਾ ਵਿਸ਼ਵਾਸ਼ ਦੁੱਗਣਾ ਹੋਣ ਦੇ ਨਾਲ ਅਕਸ ਹੋਰ ਚੰਗਾ ਹੋਣ 'ਚ ਵਾਧਾ ਹੋਇਆ ਹੈ।ਉਨ੍ਹਾਂ ਕਿਹਾ ਕਿ ਸਾਰੇ ਡਰਾਇਵਰ ਕੰਡਕਟਰ ਪੀ ਆਰ ਟੀ ਸੀ ਦਾ ਮਾਲੀਆ ਵਧਾਉਣ 'ਚ ਅਹਿਮ ਰੋਲ ਅਦਾ ਕਰ ਰਹੇ ਹਨ।ਚੇਅਰਮੈਨ ਹਡਾਣਾ ਨੇ ਜਾਣਕਾਰੀ ਸਾਝੀਂ ਕਰਦਿਆ ਕਿਹਾ ਕਿ ਬੀਤੇ ਦਿਨੀਂ 29 ਅਪ੍ਰੈਲ ਨੂੰ ਬੱਸ ਨੰਬਰ 2767 ਵਿੱਚ ਤਇਨਾਤ ਡਰਾਇਵਰ ਬੇਅੰਤ ਸਿੰਘ ਅਤੇ ਕੰਡਕਟਰ ਗੁਰਪ੍ਰੀਤ ਸਿੰਘ ਵੱਲੋਂ ਮਨੁੱਖਤਾ ਦੀ ਸੇਵਾ ਲਈ ਪਹਿਲਕਦਮੀ ਕਰਦਿਆਂ ਅਚਨਚੇਤ ਇੱਕ ਮਹਿਲਾ ਸਵਾਰੀ ਵੱਲੋਂ ਬੱਸ 'ਚ ਬੱਚੇ ਨੂੰ ਜਨਮ ਦੇਣ ਦੀ ਪ੍ਰਕਿਰੀਆ ਹੋਣ ਮੌਕੇ ਮਦਦ ਕੀਤੀ ਗਈ।ਇਸ ਮੌਕੇ ਡਰਾਇਵਰ ਕੰਡਕਟਰ ਨੇ ਸੂਝ-ਬੂਝ ਨਾਲ ਬੱਸ 'ਚ ਬੈਠੇ ਮਰਦ ਸਵਾਰੀਆਂ ਨੂੰ ਥੱਲੇ ਉਤਾਰ ਕੇ ਬੱਸ ਵਿੱਚ ਮੌਜੂਦ ਔਰਤਾਂ ਨੂੰ ਹੌਂਸਲਾ ਦੇ ਕੇ ਸਾਥ ਦੇਣ ਦੀ ਅਪੀਲ ਕੀਤੀ।ਜਿਸ ਉਪਰੰਤ ਬੱਸ ਵਿੱਚ ਮੌਜੂਦ ਘਰੇਲੂ ਮਹਿਲਾਵਾਂ ਵੱਲੋਂ ਬੱਸ ਵਿੱਚ ਹੀ ਗਰਭਵਤੀ ਔਰਤ ਦੀ ਡਿਲੀਵਰੀ ਕਰਵਾਈ ਗਈ ਅਤੇ ਤੁਰੰਤ ਐਂਬੂਲੈਂਸ ਬੁਲਾ ਕੇ ਬੱਚੇ ਨੂੰ ਹਸਪਤਾਲ ਦਾਖਲ ਕਰਵਾਇਆ।ਜਿਸ ਲਈ ਲੋਕਾਂ ਵੱਲੋਂ ਬੇਹੱਦ ਤਾਰੀਫ ਵੀ ਕੀਤੀ ਜਾ ਰਹੀ ਹੈ।ਹੋਰ ਬੋਲਦਿਆ ਚੇਅਰਮੈਨ ਹਡਾਣਾ ਨੇ ਕਿਹਾ ਕਿ ਇਸ ਤਰ੍ਹਾਂ ਹੀ ਹੋਰ ਡਰਾਇਵਰ ਕਡੰਕਟਰਾਂ ਵੱਲੋਂ ਬੱਸ ਸਟੈਂਡ ਇੰਚਾਰਜ ਦੀ ਹਾਜ਼ਰੀ ਵਿੱਚ ਸਵਾਰੀ ਨੂੰ ਉਸਦਾ ਪਾਸਪੋਰਟ, ਪਰਸ, ਸੋਨੇ ਦੇ ਜੇਵਰ ਤੇ ਨਗਦੀ ਵਾਪਸ ਕਰਕੇ ਅਜੋਕੇ ਦੌਰ ਵਿੱਚ ਵੀ ਇਮਾਨਦਾਰੀ ਦੀ ਮਿਸਾਲ ਨੂੰ ਕਾਇਮ ਰੱਖਿਆ ਹੈ।ਉਕਤ ਕਾਰਜ ਕਰਨ ਵਾਲੇ ਬੱਸ ਨੰ. 2767 ਦੇ ਡਰਾਇਵਰ ਨੰ. ਸੀ ਬੀ ਕੇ ਐੱਮ 445 ਬੇਅੰਤ ਸਿੰਘ, ਕਡੰਕਟਰ ਨੰਬਰ ਪੀ ਸੀ ਬੀ 227, ਬੱਸ ਨੰਬਰ 2146 ਦੇ ਡਰਾਇਵਰ ਨੰਬਰ ਪੀ ਸੀ ਬੀ 364 ਭੁਪਿੰਦਰ ਸਿੰਘ, ਕਡੰਕਟਰ ਨੰਬਰ ਪੀ ਸੀ 19 ਬਲਵਿੰਦਰ ਸਿੰਘ ਦਾ ਚੇਅਰਮੈਨ ਹਡਾਣਾ, ਵੱਲੋਂ ਐੱਮ ਡੀ ਪੀ ਆਰ ਟੀ ਸੀ ਤੇ ਜੀ ਐਮਜ਼ ਦੀ ਮੌਜੂਦਗੀ ਵਿੱਚ ਸ਼ਲਾਘਾ ਪੱਤਰ ਅਤੇ ਨਕਦ ਰਾਸ਼ੀ ਪ੍ਰਦਾਨ ਕਰਕੇ ਇਹ ਸਨਮਾਨ ਕੀਤਾ ਗਿਆ।ਇਸ ਮੌਕੇ ਐੱਮ ਡੀ ਬਿਕਰਮਜੀਤ ਸਿੰਘ ਸ਼ੇਰਗਿੱਲ, ਜਤਿੰਦਰ ਪਾਲ ਸਿੰਘ ਗਰੇਵਾਲ ਐਕਸੀਅਨ ਅਤੇ ਜੀ ਐੱਮ ਪਟਿਆਲਾ, ਡਾ. ਹਰਨੇਕ ਸਿੰਘ, ਬਿਕਰਮਜੀਤ ਸਿੰਘ ਪੀ ਏ ਚੇਅਰਮੈਨ, ਲਾਲੀ ਰਹਿਲ ਪੀ ਏ ਟੂ ਚੇਅਰਮੈਨ, ਰਮਨਜੋਤ ਸਿੰਘ ਪੀ ਏ, ਅਮਨਦੀਪ ਸਿੰਘ ਸਬ ਇੰਸਪੈਕਟਰ, ਗੁਰਿੰਦਰਪਾਲ ਸਿੰਘ ਅਦਾਲਤੀਵਾਲਾ, ਰਾਜਾ ਧੰਜੂ ਸਰਪੰਚ, ਹਰਪਿੰਦਰ ਚੀਮਾ, ਅਰਵਿੰਦਰ ਸਿੰਘ ਤੋਂ ਇਲਾਵਾ ਦਫਤਰੀ ਸਟਾਫ ਮੌਜੂਦ ਰਹੇ।

## ਮਾਊਂਟ ਲਿਟਰਾ ਜ਼ੀ ਸਕੂਲ ਵਿਖੇ ਮਜ਼ਦੂਰ ਦਿਵਸ ਮਨਾਇਆ ਗਿਆ

**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਸੀ ਬੀ ਐੱਸ ਈ ਦਿੱਲੀ ਨਾਲ ਸੰਬੰਧਿਤ ਮਾਊਂਟ ਲਿਟਰਾ ਜ਼ੀ ਸਕੂਲ, ਰਾਮਪੁਰਾ, ਬੱਚਿਆਂ ਦੇ ਸਰਵਪੱਖੀ ਵਿਕਾਸ ਲਈ ਕਈ ਤਰ੍ਹਾਂ ਦੀਆਂ ਗਤੀਵਿਧੀਆਂ ਕਰਵਾਉਂਦਾ ਹੈ।ਇਸੇ ਦੌਰਾਨ ਬੱਚਿਆਂ ਨੂੰ ਪੜ੍ਹਾਈ ਤੋਂ ਇਲਾਵਾ ਕਈ ਤਰ੍ਹਾਂ ਦੀਆਂ ਗਤੀਵਿਧੀਆਂ ਵੀ ਕਰਵਾਈਆਂ ਜਾਂਦੀਆਂ ਹਨ, ਜਿਸ ਦੌਰਾਨ ਪੜ੍ਹਾਈ ਦੇ ਨਾਲ-ਨਾਲ ਬੱਚਿਆਂ ਨੂੰ ਜ਼ਿੰਦਗੀ ਦੇ ਹੋਰ ਮਹੱਤਵਪੂਰਨ ਪਹਿਲੂਆਂ ਬਾਰੇ ਵੀ ਜਾਣਕਾਰੀ ਦਿੱਤੀ ਜਾਂਦੀ ਹੈ।ਇਸ ਲੜੀ ਦੀ ਨਿਰੰਤਰਤਾ ਵਿੱਚ ਕਲਾਸ ਪੰਜਵੀਂ ਇਨੋਵੇਟਰ ਦੁਆਰਾ ਮਜ਼ਦੂਰ ਦਿਵਸ ਬਹੁਤ ਉਤਸ਼ਾਹ ਅਤੇ ਸਤਿਕਾਰ ਨਾਲ ਮਨਾਇਆ ਗਿਆ।ਸਭਾ ਦੀ ਸ਼ੁਰੂਆਤ ਪ੍ਰਾਰਥਨਾ ਸਭਾ ਨਾਲ ਹੋਈ, ਜਿਸ ਤੋਂ ਬਾਅਦ ਵਿਦਿਆਰਥੀਆਂ ਨੇ ਅਦਾਕਾਰੀ, ਕਵਿਤਾ ਅਤੇ ਭਾਸ਼ਣ ਰਾਹੀਂ ਵਰਕਰਾਂ ਪ੍ਰਤੀ ਆਪਣਾ ਧੰਨਵਾਦ ਪ੍ਰਗਟ ਕੀਤਾ ਤੇ ਆਪਣਾ ਸਤਿਕਾਰ ਪ੍ਰਗਟ ਕੀਤਾ।ਇਸ ਮੌਕੇ ਸਕੂਲ ਦੇ ਪ੍ਰਧਾਨ ਗਗਨ ਬਾਂਸਲ, ਜਨਰਲ ਸਕੱਤਰ ਨਮਿਤਾ ਬਾਂਸਲ ਅਤੇ ਪ੍ਰਿੰਸੀਪਲ ਗੀਤਾ ਪਿੱਲੇ ਨੇ ਆਪਣੇ ਭਾਸ਼ਣਾਂ ਵਿੱਚ ਮਜ਼ਦੂਰਾਂ ਦੇ ਯੋਗਦਾਨ ਦੀ ਪ੍ਰਸ਼ੰਸਾ ਕੀਤੀ ਅਤੇ ਕਿਹਾ ਕਿ ਕਿਰਤੀਆਂ ਤੋਂ ਬਿਨਾਂ ਸਮਾਜ ਦੀ ਕਲਪਨਾ ਅਧੂਰੀ ਹੈ।ਹਰੇਕ ਨੂੰ ਹਮੇਸ਼ਾ ਉਨ੍ਹਾਂ ਦਾ ਸਤਿਕਾਰ ਕਰਨਾ ਚਾਹੀਦਾ ਹੈ।

# ਜ਼ੂਗ ਇੰਟਰਨੈਸ਼ਨਲ ਬਿਊਟੀ ਐਂਡ ਵੈੱਲਨੈੱਸ ਵੱਲੋਂ ਹੈੱਲਥ ਤੇ ਹੈਪੀਨੈੱਸ ਵਰਕਸ਼ਾਪ



**ਫਰੀਦਕੋਟ (ਐਲਿਗਜੈਂਡਰ ਡਿਸੂਜਾ)**-ਜ਼ੂਗ ਇੰਟਰਨੈਸ਼ਨਲ ਬਿਊਟੀ ਐਂਡ ਵੈਲਨੈੱਸ ਵੱਲੋਂ ਸੈਂਟਰ ਹੈੱਡ ਨਵਦੀਪ ਕੌਰ ਮਾਹਲਾ ਦੀ ਯੋਗ ਅਗਵਾਈ 'ਚ ਅੰਤਰਰਾਸ਼ਟਰੀ ਆਰਟ ਆਫ ਲਿਵਿੰਗ ਫੈਕਲਟੀ ਦੇ ਨਾਲ ਹੈਲਥ ਤੇ ਹੈਪੀਨੈੱਸ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਸ੍ਰੀਮਤੀ ਕਿਰਨ ਲੂੰਬਾ ਨੇ ਆਰਟ ਆਫ ਲਿਵਿੰਗ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਆਰਟ ਆਫ ਲਿਵਿੰਗ ਇੱਕ ਹੈਪੀਨੈੱਸ ਪ੍ਰੋਗਰਾਮ ਪੇਸ਼ ਕਰਦਾ ਹੈ, ਜਿਸ ਵਿੱਚ ਗਾਈਡਡ ਯੋਗਾ, ਧਿਆਨ, ਸਾਹ ਲੈਣ ਦੀਆਂ ਤਕਨੀਕਾਂ (ਸੁਦਰਸ਼ਨ ਕਿਰਿਆ ਸਮੇਤ) ਤੇ ਰੋਜ਼ਾਨਾ ਜੀਵਨ ਲਈ ਵਿਹਾਰਕ ਬੁੱਧੀ ਸ਼ਾਮਲ ਹੈ। ਇਸ ਪ੍ਰੋਗਰਾਮ ਦਾ ਉਦੇਸ਼ ਤਣਾਅ ਘਟਾਉਣਾ, ਊਰਜਾ ਵਧਾਉਣਾ ਤੇ ਤੰਦਰੁਸਤੀ ਦੀ ਭਾਵਨਾ ਪੈਦਾ ਕਰਨਾ ਹੈ। ਸੁਦਰਸ਼ਨ ਕਿਰਿਆ, ਪ੍ਰੋਗਰਾਮ ਦਾ ਇੱਕ ਮੁੱਖ ਹਿੱਸਾ ਤੇ ਸਾਹ ਲੈਣ ਦੀ ਤਕਨੀਕ ਹੈ, ਜੋ ਵਿਅਕਤੀਆਂ ਨੂੰ ਡੂੰਘੇ ਧਿਆਨ ਦੀ ਸਥਿਤੀ ਵਿੱਚ ਦਾਖਲ ਹੋਣ ਤੇ ਤਣਾਅ ਘਟਾਉਣ ਵਿੱਚ ਮਦਦ ਕਰਦੀ ਹੈ। ਉਨ੍ਹਾਂ ਕਿਹਾ ਕਿ ਆਰਟ ਆਫ ਲਿਵਿੰਗ ਕੋਲ ਆਨਲਾਈਨ ਪ੍ਰੋਗਰਾਮ ਵੀ ਉਪਲਬਧ ਹਨ। ਇਸ ਤੋਂ ਇਲਾਵਾ ਆਰਟ ਆਫ ਲਿਵਿੰਗ ਵੈੱਬਸਾਈਟ ਅਨੁਸਾਰ ਇਹ ਪ੍ਰੋਗਰਾਮ ਵੱਖ-ਵੱਖ ਥਾਵਾਂ 'ਤੇ ਪੇਸ਼ ਕੀਤਾ ਜਾਂਦਾ ਹੈ ਅਤੇ ਕੁਝ ਇੰਸਟ੍ਰਕਟਰ ਵਲੰਟੀਅਰ ਦੀ ਰਹਿਨੁਮਾਈ 'ਚ ਆਰਟ ਆਫ ਲਿਵਿੰਗ ਰੋਜ਼ਾਨਾ ਜੀਵਨ ਵਿੱਚ ਪ੍ਰੋਗਰਾਮ ਦੇ ਵਿਹਾਰਕ ਉਪਯੋਗਾਂ 'ਤੇ ਵੀ ਜ਼ੋਰ ਦਿੰਦਾ ਹੈ। ਇਸ ਮੌਕੇ ਅੰਤਰਰਾਸ਼ਟਰੀ ਆਰਟ ਆਫ ਲਿਵਿੰਗ ਫੈਕਲਟੀ ਦੇ ਮੈਂਬਰਾਂ 'ਚੋਂ ਸ੍ਰੀਮਤੀ ਕਿਰਨ ਲੂੰਬਾ, ਸ੍ਰੀਮਤੀ ਸੋਨਲ, ਸ੍ਰੀਮਤੀ ਮਧੂ ਗਾਂਧੀ, ਮਿਸ ਜੋਤੀ ਤੇ ਜ਼ੂਗ ਇੰਟਰਨੈਸ਼ਨਲ ਬਿਊਟੀ ਐਂਡ ਵੈੱਲਨੈੱਸ ਦੀ ਸੈਂਟਰ ਹੈੱਡ ਨਵਦੀਪ ਮਾਹਲਾ ਤੇ ਸਟਾਫ ਹਾਜ਼ਰ ਸੀ।

## ਸੋਚਣ ਦਾ ਢੰਗ ਵਿਗਿਆਨਕ ਬਣਾਓ : ਤਰਕਸ਼ੀਲ

**ਸੰਗਰੂਰ (ਪ੍ਰਵੀਨ ਸਿੰਘ)**-ਲੋਕਾਂ ਦਾ ਸੋਚਣ ਢੰਗ ਵਿਗਿਆਨਕ ਬਣਾਉਣ ਲਈ ਯਤਨਸ਼ੀਲ ਤਰਕਸ਼ੀਲ ਸੁਸਾਇਟੀ ਪੰਜਾਬ ਇਕਾਈ ਸੰਗਰੂਰ ਦੇ ਆਗੂਆਂ ਸੁਰਿੰਦਰ ਪਾਲ, ਗੁਰਦੀਪ ਸਿੰਘ ਲਹਿਰਾ, ਲੈਕਚਰਾਰ ਕ੍ਰਿਸ਼ਨ ਸਿੰਘ ਤੇ ਸੀਤਾ ਰਾਮ ਬਾਲਦ ਕਲਾਂ ਨੇ ਇਕ ਪ੍ਰੈੱਸ ਬਿਆਨ ਰਾਹੀਂ ਦੱਸਿਆ ਕਿ ਵਿਦਿਆਰਥੀਆਂ ਨੂੰ ਵਿਗਿਆਨਕ ਸੋਚ ਦੇ ਧਾਰਨੀ ਬਣਾਉਣ ਦੇ ਮਕਸਦ ਨਾਲ ਤਰਕਸ਼ੀਲ ਸੁਸਾਇਟੀ ਪੰਜਾਬ ਦੁਆਰਾ ਪਿਛਲੇ ਸੱਤ ਸਾਲਾਂ ਤੋਂ ਆਏ ਸਾਲ ਕਰਵਾਈ ਜਾਂਦੀ ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ ਇਸ ਸਾਲ ਸੱਤਵੀਂ ਚੇਤਨਾ ਪ੍ਰੀਖਿਆ 29 ਤੇ 31 ਅਗਸਤ ਨੂੰ ਹੋਵੇਗੀ ਤੇ ਇਸ ਪ੍ਰੀਖਿਆ ਵਿੱਚ ਛੇਵੀਂ ਤੋਂ ਬਾਰ੍ਹਵੀਂ ਤੱਕ ਦੇ ਵਿਦਿਆਰਥੀ ਸ਼ਾਮਿਲ ਹੋਣਗੇ। ਸੂਬਾ, ਜ਼ੋਨ ਤੇ ਇਕਾਈ ਪੱਧਰੀ ਕਲਾਸ ਵਾਇਜ਼ ਮੈਰਿਟ ਬਣੇਗੀ।ਹਰ ਕਲਾਸ ਵਿੱਚ ਪਹਿਲੇ ਤਿੰਨ ਸਥਾਨਾਂ 'ਤੇ ਆਉਣ ਵਾਲੇ ਵਿਦਿਆਰਥੀ ਸੂਬਾ ਪੱਧਰੀ ਮੈਰਿਟ ਵਿੱਚ ਹੋਣਗੇ ਤੇ ਉਨ੍ਹਾਂ ਨੂੰ 1500 ਰੁਪਏ ਨਕਦ ਇਨਾਮ, ਵਿਗਿਆਨਕ ਵਿਚਾਰਾਂ ਦੀਆਂ ਪੁਸਤਕਾਂ, ਪੜ੍ਹਨ ਸਮੱਗਰੀ ਤੇ ਮੈਰਿਟ ਸਰਟੀਫਿਕੇਟ ਨਾਲ ਪ੍ਰਭਾਵਸ਼ਾਲੀ ਸਨਮਾਨ ਸਮਾਰੋਹ ਕਰਕੇ ਸਨਮਾਨਤ ਕੀਤਾ ਜਾਵੇਗਾ।ਇਸੇ ਤਰ੍ਹਾਂ ਜ਼ੋਨ ਤੇ ਇਕਾਈ ਪੱਧਰੀ ਮੈਰਿਟ ਵਿੱਚ ਆਉਣ ਵਾਲੇ ਵਿਦਿਆਰਥੀਆਂ ਨੂੰ ਮੁੱਲਵਾਨ ਪੜ੍ਹਨ ਸਮੱਗਰੀ ਤੇ ਮੈਰਿਟ ਸਰਟੀਫਿਕੇਟ ਦੇ ਕੇ ਸਨਮਾਨਤ ਕੀਤਾ ਜਾਵੇਗਾ।ਜ਼ੋਨ ਜਥੇਬੰਦਕ ਮੁਖੀ ਮਾਸਟਰ ਪਰਮਵੇਦ ਨੇ ਦੱਸਿਆ ਕਿ ਇਸ ਸਾਲ ਪ੍ਰਸ਼ਨ ਪੱਤਰ 60 ਅੰਕਾਂ 'ਤੇ ਆਧਾਰਤ ਹੋਵੇਗਾ ਜਿਸ ਨੂੰ ਓ ਐਮ ਆਰ ਸ਼ੀਟ 'ਤੇ ਹੱਲ ਕਰਨ ਲਈ 40 ਮਿੰਟ ਦਾ ਸਮਾਂ ਮਿਲੇਗਾ। ਪ੍ਰਸ਼ਨ ਪੱਤਰ ਬਹੁ ਚੁਣਾਵੀ ਪ੍ਰਸ਼ਨਾਂ ਵਾਲਾ ਹੋਵੇਗਾ।ਉਨ੍ਹਾਂ ਸਕੂਲ ਮੁਖੀਆਂ ਤੇ ਅਧਿਆਪਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਵਿਦਿਆਰਥੀਆਂ ਨੂੰ ਸਿਲੇਬਸ ਪੁਸਤਕ ਲੈ ਕੇ ਵੱਧ ਤੋਂ ਵੱਧ ਗਿਣਤੀ ਵਿੱਚ ਚੇਤਨਾ ਪਰਖ਼ ਪ੍ਰੀਖਿਆ ਵਿੱਚ ਸ਼ਮੂਲੀਅਤ ਕਰਵਾਉਣ।ਸਿਲੇਬਸ ਪੁਸਤਕਾਂ ਦੀ ਛੇਤੀ ਮੰਗ ਭੇਜਣ ਲਈ ਵੀ ਕਿਹਾ।

## ਸੈਕਰਡ ਹਾਰਟ ਸਕੂਲ ਦੀ ਮਿਤਾਲੀ ਸੂਦ ਜ਼ਿਲ੍ਹੇ 'ਚੋਂ ਮੋਹਰੀ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਸਥਾਨਕ ਸੈਕਰਡ ਹਾਰਟ ਕਾਨਵੈਂਟ ਸਕੂਲ ਦਾ ਸੀ.ਆਈ.ਐੱਸ.ਸੀ.ਈ. ਬੋਰਡ ਵੱਲੋਂ ਐਲਾਨਿਆ ਦਸਵੀਂ ਜਮਾਤ ਦਾ ਨਤੀਜਾ ਵਧੀਆ ਰਿਹਾ ਰਿਹਾ। ਸਕੂਲ ਵਿਦਿਆਰਥਣ ਮਿਤਾਲੀ ਸੂਦ ਨੇ 99 ਫੀਸਦੀ ਅੰਕ ਪ੍ਰਾਪਤ ਕਰਕੇ ਲੁਧਿਆਣਾ ਜ਼ਿਲ੍ਹੇ 'ਚੋਂ ਮੋਹਰੀ ਰਹਿ ਕੇ ਮਾਛੀਵਾੜਾ ਸਾਹਿਬ ਦਾ ਨਾਮ ਚਮਕਾਇਆ। ਸਕੂਲ ਵਿਖੇ ਕਰਵਾਏ ਗਏ ਸਾਦਾ ਸਮਾਰੋਹ ਦੌਰਾਨ ਮਿਤਾਲੀ ਸੂਦ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ ਤੇ ਖ਼ੁਸ਼ੀ ਸਾਂਝੀ ਕਰਦਿਆਂ ਕੇਕ ਕੱਟਿਆ ਗਿਆ। ਇਸ ਤੋਂ ਇਲਾਵਾ ਜੈਸਮੀਨ ਕੌਰ ਨੇ 98 ਪ੍ਰਤੀਸ਼ਤ ਅੰਕ ਪ੍ਰਾਪਤ ਕਰਕੇ ਸਕੂਲ 'ਚੋਂ ਦੂਜਾ ਤੇ ਹਰਤੇਜਸ ਭੰਗੂ ਨੇ 97.6 ਪ੍ਰਤੀਸ਼ਤ ਅੰਕ ਪ੍ਰਾਪਤ ਕਰ ਤੀਜਾ ਸਥਾਨ ਪ੍ਰਾਪਤ ਕੀਤਾ। ਇਸ ਤੋਂ ਇਲਾਵਾ ਆਈ.ਐੱਸ.ਸੀ. ਦੀ ਬਾਰ੍ਹਵੀਂ ਪ੍ਰੀਖਿਆ ਦੇ ਨਤੀਜੇ ਵਿੱਚ ਸਕੂਲ ਦਾ ਨਤੀਜਾ 100 ਫੀਸਦੀ ਰਿਹਾ। ਸਕੂਲ ਵਿਦਿਆਰਥਣ ਹਰਕੀਰਤ ਕੌਰ ਨੇ 93.5 ਪ੍ਰਤੀਸ਼ਤ ਅੰਕ ਪ੍ਰਾਪਤ ਕਰਕੇ ਪਹਿਲਾ, ਸਿਮਰਨਦੀਪ ਕੌਰ ਨੇ 91.5 ਪ੍ਰਤੀਸ਼ਤ ਅੰਕ ਪ੍ਰਾਪਤ ਕਰਕੇ ਦੂਜਾ ਤੇ ਸੀਤ ਕੌਰ ਬਾਜਵਾ ਨੇ 91 ਪ੍ਰਤੀਸ਼ਤ ਅੰਕ ਪ੍ਰਾਪਤ ਕਰ ਤੀਜਾ ਸਥਾਨ ਪ੍ਰਾਪਤ ਕੀਤਾ।

## ਕੇਂਦਰ ਪੰਜਾਬ ਦੇ ਪਾਣੀ ਨੂੰ ਲੁੱਟਣ ਦੀ ਕਰ ਰਹੀ ਹੈ ਸਾਜ਼ਿਸ਼ : ਬਰਸਟ

**ਸਮਾਣਾ (ਗੁਰਪਿਆਰ ਸਿੰਘ ਬੱਲ)**-ਆਮ ਆਦਮੀ ਪਾਰਟੀ ਪੰਜਾਬ ਦੇ ਸੂਬਾ ਜਨਰਲ ਸਕੱਤਰ ਤੇ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਸ੍ਰ. ਹਰਚੰਦ ਸਿੰਘ ਬਰਸਟ ਨੇ ਕਿਹਾ ਕਿ ਆਮ ਆਦਮੀ ਪਾਰਟੀ ਵੱਲੋਂ ਪੰਜਾਬ ਦੀ ਜਵਾਨੀ ਨੂੰ ਬਚਾਉਣ ਲਈ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਜ਼ੋਰਾਂ ਨਾਲ ਚਲਾਈ ਜਾ ਰਹੀ ਹੈ। ਪੁਲਸ ਪ੍ਰਸ਼ਾਸਨ ਨੇ ਬਹੁਤ ਵੱਡੇ ਪੱਧਰ 'ਤੇ ਕੰਮ ਕੀਤਾ ਹੈ।ਇਸ ਮੁਹਿੰਮ ਨੂੰ ਕਾਮਯਾਬ ਕਰਨ ਲਈ ਲੋਕ ਲਹਿਰ ਬਣਾਉਣ ਦੀ ਲੋੜ ਹੈ, ਜਿਸ ਲਈ ਪੰਜਾਬ ਵਾਸੀਆਂ ਵੱਲੋਂ ਸਾਥ ਦਿੱਤਾ ਜਾ ਰਿਹਾ ਹੈ, ਉੱਥੇ ਹੀ ਇਸ ਸਮੇਂ ਕੇਂਦਰ ਦੀ ਸਰਕਾਰ ਪੰਜਾਬ ਦਾ ਪਾਣੀ ਲੁੱਟਣ ਲਈ ਕਈ ਚਾਲਾਂ ਚੱਲ ਰਹੀ ਹੈ।ਦੇਸ਼ ਦੀ ਸਾਬਕਾ ਮਰਹੂਮ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਧੱਕੇ ਨਾਲ ਐਵਾਰਡ ਦੇ ਕੇ ਗੈਰ-ਸਿਧਾਂਤਕ ਤਰੀਕੇ ਵਰਤ ਕੇ ਪੰਜਾਬ ਦਾ ਪਾਣੀ ਖੋਹਿਆ।ਹੁਣ ਕੇਂਦਰ ਦੀ ਮੋਦੀ ਸਰਕਾਰ ਇਸ ਤੋਂ ਅੱਗੇ ਜਾ ਕੇ ਪੰਜਾਬ ਨਾਲ ਬੇਇਨਸਾਫੀ ਕਰ ਰਹੀ ਹੈ ਤੇ ਪੰਜਾਬ ਦੇ ਪਾਣੀ 'ਤੇ ਡਾਕਾ ਮਾਰਨ ਜਾ ਰਹੀ ਹੈ, ਜਿਸ ਦਾ ਪੰਜਾਬ ਦੇ ਮਾਨਯੋਗ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਡੱਟ ਕੇ ਵਿਰੋਧ ਕੀਤਾ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਇਹ ਕੋਈ ਪਹਿਲੀ ਬੇਇਨਸਾਫੀ ਨਹੀਂ ਹੈ।ਪੰਜਾਬ ਵਿੱਚ ਹੜ੍ਹ ਆਉਣ ਦੇ ਬਾਵਜੂਦ ਕੋਈ ਪੈਕਜ ਨਹੀਂ ਦਿੱਤਾ ਗਿਆ।ਕਰੀਬ 7000 ਕਰੋੜ ਰੂਰਲ ਡਿਵੈਲਪਮੈਂਟ ਫੰਡ ਰੋਕ ਰੱਖਿਆ ਹੈ।ਉਨ੍ਹਾਂ ਕਿਹਾ ਕਿ ਮੋਦੀ ਦੀ ਅਗਵਾਈ ਵਿੱਚ ਕੇਂਦਰ ਨੇ ਪਿਛਲੇ 11 ਸਾਲਾਂ ਵਿੱਚ ਵੱਡੇ ਅਦਾਰਿਆਂ ਦੇ 16.50 ਲੱਖ ਕਰੋੜ ਦੇ ਕਰਜ਼ੇ ਮੁਆਫ ਕੀਤੇ, ਪ੍ਰੰਤੂ ਪੰਜਾਬ ਦੇ ਕਿਸਾਨਾਂ, ਮਜ਼ਦੂਰਾਂ ਦਾ 94000 ਕਰੋੜ ਮੁਆਫ ਨਹੀਂ ਕੀਤਾ।ਮੋਦੀ ਦੀ ਛਵੀ ਚਮਕਾਉਣ ਲਈ 11 ਸਾਲਾਂ ਵਿੱਚ 15000 ਕਰੋੜ ਤੋਂ ਵੱਧ ਪ੍ਰਚਾਰ ਲਈ ਖਰਚ ਕੀਤਾ ਗਿਆ।ਉਨ੍ਹਾਂ ਕਿਹਾ ਕਿ ਅੱਜ ਕੇਂਦਰ ਦੀ ਸਰਕਾਰ ਪੰਜਾਬ ਦੀ ਅਣਖ ਨੂੰ ਨਾ ਵੰਗਾਰੇ। ਸੰਵਿਧਾਨ ਮੁਤਾਬਿਕ ਸਾਡਾ ਹੱਕ ਸਾਨੂੰ ਦੇਵੇ, ਨਹੀਂ ਤਾਂ ਪੰਜਾਬ ਵਾਲੇ ਹੱਕ ਲੈਣਾ ਜਾਣਦੇ ਹਨ।ਉਨ੍ਹਾਂ ਕਿਹਾ ਕਿ ਸਾਨੂੰ ਇਕਮੁੱਠ ਹੋ ਕੇ ਸਾਂਝੀ ਲੜਾਈ ਲਈ ਕੰਮ ਕਰਨਾ ਚਾਹੀਦਾ ਹੈ।

## 568 ਗ੍ਰਾਮ ਹੈਰੋਇਨ ਬਰਾਮਦ

**ਜਲਾਲਾਬਾਦ (ਜੀਤ ਕੁਮਾਰ)**-ਥਾਣਾ ਸਦਰ ਜਲਾਲਾਬਾਦ ਦੀ ਪੁਲਸ ਵੱਲੋਂ ਢਾਣੀ ਨੱਥਾ ਸਿੰਘ ਵਾਲਾ ਨੇੜੇ ਖੇਤ 'ਚੋਂ 568 ਗ੍ਰਾਮ ਹੈਰੋਇਨ ਬਰਾਮਦ ਹੋਣ 'ਤੇ ਅਣਪਛਾਤੇ ਵਿਅਕਤੀਆਂ ਵਿਰੁੱਧ ਪਰਚਾ ਦਰਜ ਕੀਤਾ ਗਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਜਾਂਚ ਅਧਿਕਾਰੀ ਐੱਸ ਆਈ ਅਮਰਜੀਤ ਕੌਰ ਨੇ ਦੱਸਿਆ ਕਿ ਉਹ ਕਰਮਚਾਰੀਆਂ ਨਾਲ ਗਸ਼ਤ ਦੌਰਾਨ ਸ਼ੱਕੀ ਪੁਰਸ਼ਾਂ ਦੀ ਚੈਕਿੰਗ ਕਰਨ ਸਬੰਧੀ ਥਾਣਾ ਸਦਰ ਜਲਾਲਾਬਾਦ ਦੇ ਇਲਾਕੇ ਵਿੱਚ ਮੌਜੂਦ ਸੀ ਅਤੇ ਜਦੋਂ ਪੁਲਸ ਪਾਰਟੀ ਗਸ਼ਤ ਕਰਦੀ ਹੋਈ ਟੀ-ਪੁਆਇੰਟ ਢੰਡੀ ਕਦੀਮ ਦੇ ਕੋਲ ਪੁੱਜੀ ਤਾਂ ਕਾਊਂਟਰ ਇੰਟੈਲੀਜੈਂਸ ਦੇ ਐੱਚ ਸੀ ਅਸ਼ੋਕ ਕੁਮਾਰ ਸਮੇਤ ਸਾਥੀ ਕਰਮਚਾਰੀਆਂ ਸਮੇਤ ਮੌਜੂਦ ਸੀ, ਜਿਨ੍ਹਾਂ ਨੇ ਇਤਲਾਹ ਦਿੱਤੀ ਕਿ ਢਾਣੀ ਨੱਥਾ ਸਿੰਘ ਦੇ ਏਰੀਏ ਵਿੱਚ ਦਰਿਆ ਦੀ ਫਾਟ ਦੇ ਖੇਤ 'ਚ ਕਿਸੇ ਅਣਪਛਾਤੇ ਵਿਅਕਤੀਆਂ ਵੱਲੋਂ ਭਾਰਤ-ਪਾਕਿਸਤਾਨ ਸਰਹੱਦ ਦੇ ਪਾਰ ਤੋਂ ਹੈਰੋਇਨ ਮੰਗਵਾਈ ਗਈ ਹੈ। ਜੇਕਰ ਢਾਣੀ ਨੱਥਾ ਸਿੰਘ ਦੇ ਏਰੀਏ ਦੇ ਖੇਤਾਂ 'ਚ ਸਰਚ ਕੀਤੀ ਜਾਵੇ ਤਾਂ ਹੈਰੋਇਨ ਬਰਾਮਦ ਹੋ ਸਕਦੀ ਹੈ। ਇਹ ਇਤਲਾਹ ਮੋਹਤਬਰ ਤੋਂ ਭਰੋਸੇਯੋਗ ਹੋਣ 'ਤੇ ਪੁਲਸ ਵੱਲੋਂ ਸਰਚ ਅਭਿਆਨ ਚਲਾਇਆ ਗਿਆ, ਜਿਸ ਦੌਰਾਨ 568 ਗ੍ਰਾਮ ਹੈਰੋਇਨ ਸਮੇਤ ਲਿਫ਼ਾਫ਼ਾ ਬਰਾਮਦ ਕੀਤਾ ਗਿਆ ਹੈ। ਥਾਣਾ ਸਦਰ ਜਲਾਲਾਬਾਦ ਵਿਖੇ ਮੁਕੱਦਮਾ ਨੰਬਰ 44 ਮਿਤੀ 02-05-2025 ਨੂੰ ਧਾਰਾ 21(ਸੀ) ਐੱਨ ਡੀ ਪੀ ਐੱਸ ਐਕਟ ਤਹਿਤ ਦਰਜ ਕਰਕੇ ਪੁਲਸ ਵੱਲੋਂ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ।

# ਮੁੱਖ ਮੰਤਰੀ ਮਾਨ ਦੀ ਅਗਵਾਈ 'ਚ ਸਰਕਾਰੀ ਸਕੂਲਾਂ ਦੀ ਕਾਇਆ ਕਲਪ ਹੋਈ : ਦਹੀਆ

## ਵਿਧਾਇਕ ਰਜਨੀਸ਼ ਦਹੀਆ ਨੇ ਹਲਕਾ ਫ਼ਿਰੋਜ਼ਪੁਰ ਦਿਹਾਤੀ ਦੇ ਵੱਖ-ਵੱਖ ਸਕੂਲਾਂ 'ਚ ਕੀਤੇ ਉਦਘਾਟਨ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**

'ਪੰਜਾਬ ਸਿੱਖਿਆ ਕ੍ਰਾਂਤੀ' ਤਹਿਤ ਵਿਧਾਇਕ ਫ਼ਿਰੋਜ਼ਪੁਰ ਦਿਹਾਤੀ ਐਡਵੋਕੇਟ ਰਜਨੀਸ਼ ਦਹੀਆ ਨੇ ਹਲਕੇ ਦੇ ਸਰਕਾਰੀ ਪ੍ਰਾਇਮਰੀ ਸਕੂਲ ਬਸਤੀ ਪਿਆਰੇਆਣਾ, ਸਰਕਾਰੀ ਪ੍ਰਾਇਮਰੀ/ਹਾਈ ਸਕੂਲ ਪਿਆਰੇਆਣਾ, ਸਰਕਾਰੀ ਪ੍ਰਾਇਮਰੀ ਸਕੂਲ ਮਾਛੀਵਾੜਾ ਕਮੱਗਰ, ਸਰਕਾਰੀ ਪ੍ਰਾਇਮਰੀ ਸਕੂਲ ਬਸਤੀ ਅਜੀਜ ਵਾਲੀ, ਸਰਕਾਰੀ ਪ੍ਰਾਇਮਰੀ ਸਕੂਲ ਕਾਕੂ ਵਾਲਾ ਦੇ ਵਿਕਾਸ ਕਾਰਜਾਂ ਦਾ ਉਦਘਾਟਨ ਕਰਦਿਆਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਪੰਜਾਬ ਵਿਚ ਸਿੱਖਿਆ ਦੇ ਖੇਤਰ ਵਿਚ ਸੁਧਾਰਾਂ ਲਈ ਇਤਿਹਾਸਕ ਕਦਮ ਚੁੱਕੇ ਹਨ। ਇਸ ਮੌਕੇ ਉਨ੍ਹਾਂ ਨਾਲ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਸਤੀਏਵਾਲਾ ਮੈਡਮ ਦਲਜੀਤ ਕੌਰ ਹਾਜ਼ਰ ਸਨ।

ਵਿਧਾਇਕ ਫ਼ਿਰੋਜ਼ਪੁਰ ਦਿਹਾਤੀ ਰਜਨੀਸ਼ ਦਹੀਆ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਪੰਜਾਬ ਭਰ ਦੇ ਸਕੂਲਾਂ ਦੀ ਕਾਇਆਕਲਪ ਹੋਈ ਹੈ, ਜਿਸ ਨਾਲ ਸਕੂਲਾਂ ਦਾ ਬੁਨਿਆਦੀ ਢਾਂਚਾ ਪਹਿਲਾਂ ਨਾਲੋਂ ਕਿਤੇ ਬਿਹਤਰ ਤੇ ਸ਼ਾਨਦਾਰ ਹੋਇਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਵੱਡੇ ਪੱਧਰ 'ਤੇ ਅਧਿਆਪਕਾਂ, ਲੈਕਚਰਾਰਾਂ ਤੇ ਪ੍ਰਿੰਸੀਪਲਾਂ ਨੂੰ ਵਿਦੇਸ਼ਾਂ ਵਿੱਚ ਟ੍ਰੇਨਿੰਗ ਦੁਆ ਕੇ ਅਧਿਆਪਨ ਦੇ ਖੇਤਰ ਵਿੱਚ ਨਵੇਂ ਯੁੱਗ ਦੀ ਸ਼ੁਰੂਆਤ ਕੀਤੀ ਹੈ, ਜੋ ਕਿ ਮੌਜੂਦਾ ਮੁਕਾਬਲੇਬਾਜ਼ੀ ਦੇ ਦੌਰ 'ਚ ਵਿਦਿਆਰਥੀਆਂ ਲਈ ਕਾਫ਼ੀ ਲਾਹੇਵੰਦ ਰਹੇਗੀ। ਪੰਜਾਬ ਸਰਕਾਰ ਵੱਲੋਂ ਸਰਕਾਰੀ ਸਕੂਲਾਂ ਵਿੱਚ ਵਿਦਿਆਰਥੀਆਂ ਨੂੰ ਦਿੱਤੀਆਂ ਜਾਂਦੀਆਂ ਮੁਫ਼ਤ ਸਹੂਲਤਾਂ ਦਾ ਜ਼ਿਕਰ ਕਰਦਿਆਂ ਵਿਧਾਇਕ ਦਹੀਯਾ ਨੇ ਕਿਹਾ ਕਿ ਸਰਕਾਰੀ ਸਕੂਲਾਂ ਦਾ ਬੁਨਿਆਦੀ ਢਾਂਚਾ ਪ੍ਰਾਈਵੇਟ ਸਕੂਲਾਂ ਦੇ ਮੁਕਾਬਲੇ ਦਾ ਹੀ ਨਹੀਂ ਸਗੋਂ ਹਰ ਸਹੂਲਤ ਮੁਫ਼ਤ ਵਿੱਚ ਪ੍ਰਦਾਨ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਫਿਰੋਜ਼ਪੁਰ ਦੇ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਨੂੰ ਪੰਜਾਬ ਸਰਕਾਰ ਵੱਲੋਂ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚ ਮੁਫ਼ਤ ਵਿੱਦਿਅਕ ਟੂਰ ਕਰਵਾਇਆ ਗਿਆ ਜੋ ਕਿ ਉਨ੍ਹਾਂ ਦੇ ਸਰਬਪੱਖੀ ਵਿਕਾਸ ਵਿੱਚ ਮਦਦਗਾਰ ਸਾਬਿਤ ਹੋਵੇਗਾ।

ਉਨ੍ਹਾਂ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਕੀਤੀਆਂ ਜਾ ਰਹੀਆਂ ਭਰਤੀਆਂ ਨਾਲ ਹਲਕੇ ਅੰਦਰ ਕੋਈ ਵੀ ਸਕੂਲ ਅਧਿਆਪਕਾਂ ਤੋਂ ਸੱਖਣਾ ਨਹੀਂ ਰਹੇਗਾ। ਉਨ੍ਹਾਂ ਕਿਹਾ ਕਿ ਸਕੂਲਾਂ ਦੇ ਵਿਕਾਸ ਤੇ ਬੁਨਿਆਦੀ ਢਾਂਚੇ ਦੀ ਹੋਰ ਮਜ਼ਬੂਤੀ ਲਈ ਫੰਡਾਂ ਦੀ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ। ਇਸ ਮੌਕੇ ਰੌਬੀ ਸੰਧੂ, ਪਲਵਿੰਦਰ ਸਿੰਘ ਵਲੂਰ ਹਲਕਾ ਕੋਆਰਡੀਨੇਟਰ ਸਿੱਖਿਆ ਫ਼ਿਰੋਜ਼ਪੁਰ ਦਿਹਾਤੀ, ਤਲਵਿੰਦਰ ਸਿੰਘ ਖਾਲਸਾ ਕੋਆਰਡੀਨੇਟਰ ਫ਼ਿਰੋਜ਼ਪੁਰ ਦਿਹਾਤੀ ਵਿਭਾਗ, ਹਰੀਸ਼ ਕੁਮਾਰ, ਸੈਂਟਰ ਹੈੱਡ ਟੀਚਰ ਕੁਲਵੰਤ ਸਿੰਘ, ਸਰਬਜੀਤ ਸਿੰਘ ਧਾਲੀਵਾਲ, ਮਾਸਟਰ ਜੋਰਾ ਸਿੰਘ, ਗੁਰਦੇਵ ਸਿੰਘ ਸਰਪੰਚ, ਪਰਮਜੀਤ ਕੌਰ ਕਮੱਗਰ ਆਦਿ ਵੀ ਮੌਜੂਦ ਸਨ।

## ...ਸਫ਼ਾ 1 ਦੇ ਬਾਕੀ

### ਕੇਂਦਰ ਨੂੰ ਪਾਣੀ ਛੱਡਣ...

ਪਾਣੀ ਦੇਣ ਦੇ ਵਾਅਦੇ ਕੀਤੇ। ਉਨ੍ਹਾਂ ਕਿਹਾ ਕਿ ਹਮਾਮ ਵਿੱਚ ਪੰਜਾਬ ਦੀਆਂ ਸਾਰੀਆਂ ਪਾਰਟੀਆਂ ਦੇ ਨੇਤਾ ਨੰਗੇ ਹਨ। ਸਭ ਨੇ ਪੰਜਾਬ ਦੇ ਪਾਣੀਆਂ ਉੱਤੇ ਹਮੇਸ਼ਾ ਰਾਜਨੀਤੀ ਕੀਤੀ ਹੈ ਅਤੇ ਹੁਣ ਤੱਕ ਹੋਏ ਸਾਰੇ ਗੈਰ ਸੰਵਿਧਾਨਕ ਸਮਝੌਤਿਆਂ ਉੱਤੇ ਦਸਤਖਤ ਕਰਕੇ ਆਪੋ ਆਪਣੀ ਕੁਰਸੀ ਬਚਾਈ ਜਿਸਦੀ ਸਜਾ ਪੰਜਾਬ ਭੁਗਤ ਰਿਹਾ ਹੈ। ਰਾਜੇਵਾਲ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਹੀ ਜਿੰਮੇਵਾਰ ਹੈ, ਜਿਸ ਨੇ ਸਾਡੇ ਵਰਜਣ ਦੇ ਬਾਵਜੂਦ ਡੈਮ ਸੇਫਟੀ ਐਕਟ ਨੂੰ ਮੰਨ ਕੇ ਸਾਡੇ ਸਾਰੇ ਡੈਮ ਕੇਂਦਰ ਦੇ ਹਵਾਲੇ ਕਰ ਦਿੱਤੇ, ਜਦਕਿ ਸੰਵਿਧਾਨ ਵਿੱਚ ਸਪੱਸ਼ਟ ਹੈ ਕਿ ਪਾਣੀ ਰਾਜਾਂ ਦਾ ਵਿਸ਼ਾ ਹੈ, ਸਾਡੇ ਡੈਮ ਅਤੇ ਉਨ੍ਹਾਂ ਦੀਆਂ ਪਾਣੀ ਦੀਆਂ ਝੀਲਾਂ ਵੀ ਰਾਜਾਂ ਦੇ ਵਿਸ਼ੇ ਹੋਣ ਕਰਕੇ ਪੰਜਾਬ ਦੀ ਮਾਲਕੀ ਹਨ। ਕੱਲ੍ਹ ਮੁਜ਼ੱਫਰਨਗਰ ਯੂ. ਪੀ. ਵਿਖੇ ਕਿਸਾਨ ਨੇਤਾ ਰਾਕੇਸ਼ ਟਿਕੈਤ ਉੱਤੇ ਕੀਤੇ ਭਾਜਪਾ ਦੇ ਅੰਧ ਭਗਤਾਂ ਵੱਲੋਂ ਹਮਲੇ ਦੀ ਰਾਜੇਵਾਲ ਵੱਲੋਂ ਸਖਤ ਨਿੰਦਾ ਕੀਤੀ ਗਈ, ਉਨ੍ਹਾਂ ਕਿਹਾ ਕਿ ਇਸ ਹਮਲੇ ਨਾਲ ਭਾਜਪਾ ਦਾ ਕਿਸਾਨ ਵਿਰੋਧੀ ਚਿਹਰਾ ਨੰਗਾ ਹੋਇਆ ਹੈ। ਉਨ੍ਹਾਂ ਕਿਹਾ ਕਿ ਟਿਕੈਤ ਦੇ ਸਿਰ ਉੱਤੇ ਬੰਨ੍ਹਿਆ ਸਿਰੋਪਾਓ ਗੁਰੂ ਘਰ ਦੀ ਬਖਸ਼ਿਸ਼ ਹੁੰਦੀ ਹੈ, ਭਾਜਪਾਈ ਹੁੱਲੜਬਾਜਾਂ ਨੇ ਉਨ੍ਹਾਂ ਦੇ ਸਿਰ ਉੱਤੋਂ ਸਿਰੋਪਾਓ ਲਾਹ ਕੇ ਗੁਰੂ ਦੀ ਬਖਸ਼ਿਸ਼ ਦਾ ਘੋਰ ਅਪਮਾਨ ਕੀਤਾ ਹੈ, ਜਿਸ ਨਾਲ ਸਿੱਖਾਂ ਦੇ ਹਿਰਦੇ ਵਲੂੰਧਰੇ ਗਏ ਹਨ। ਉਨ੍ਹਾਂ ਮੰਗ ਕੀਤੀ ਕਿ ਯੂ. ਪੀ. ਸਰਕਾਰ ਅਜਿਹੀ ਅਵੱਗਿਆ ਕਰਨ ਵਾਲੇ ਹੁੱਲੜਬਾਜਾਂ ਵਿਰੁੱਧ ਕਾਨੂੰਨੀ ਕਾਰਵਾਈ ਕਰੇ।

## ਅਮਨ ਅਰੋੜਾ ਅੱਜ ਰੱਖਣਗੇ ਸਿਵਲ ਹਸਪਤਾਲ ਦੀ ਇਮਾਰਤ ਦਾ ਨੀਂਹ ਪੱਥਰ

**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)**-ਹਲਕਾ ਸੁਨਾਮ ਦੇ ਵਿਕਾਸ ਕਾਰਜਾਂ ਨੂੰ ਹੋਰ ਤੇਜ਼ ਕਰਦੇ ਹੋਏ ਅਮਨ ਅਰੋੜਾ ਸੂਬਾ ਪ੍ਰਧਾਨ ਆਪ ਤੇ ਕੈਬਨਿਟ ਮੰਤਰੀ ਪੰਜਾਬ ਸਰਕਾਰ ਨੇ ਲੌਂਗੋਵਾਲ ਲਈ ਇੱਕ ਹੋਰ ਵੱਡੀ ਸੁਗਾਤ ਲਿਆ ਕੇ ਦਿੱਤੀ ਹੈ, ਜਿਸ ਦਾ ਨੀਂਹ ਪੱਥਰ 4 ਮਈ 2025 ਨੂੰ ਸ਼ਾਮ 4 ਵਜੇ ਰੱਖਿਆ ਜਾਵੇਗਾ।ਲੌਂਗੋਵਾਲ ਦੀ ਲੰਬੇ ਸਮੇਂ ਤੋਂ ਲਮਕਦੀ ਆ ਰਹੀ ਮੰਗ ਸਿਵਲ ਹਸਪਤਾਲ ਲੌਂਗੋਵਾਲ, ਜੋਕਿ ਕਾਫੀ ਸਮੇਂ ਤੋਂ ਖੰਡਰ ਹੋਇਆ ਪਿਆ ਹੈ, ਦੀ ਨਵੀਂ ਬਿਲਡਿੰਗ ਲਈ ਲਗਭਗ 11 ਕਰੋੜ ਰੁਪਏ ਫੰਡ ਮਨਜ਼ੂਰ ਕਰਵਾ ਕੇ ਲੌਂਗੋਵਾਲ ਨੂੰ ਇੱਕ ਬਹੁਤ ਵੱਡੀ ਸੁਗਾਤ ਦਿੱਤੀ।ਜਾਣਕਾਰੀ ਦਿੰਦਿਆਂ ਅੰਮ੍ਰਿਤਪਾਲ ਸਿੰਘ ਸਿੱਧੂ ਲੌਂਗੋਵਾਲ ਨੇ ਕਿਹਾ ਕਿ ਅਸੀਂ ਸਮੁੱਚੀ ਆਪ ਟੀਮ ਲੌਂਗੋਵਾਲ ਤੇ ਇਲਾਕਾ ਨਿਵਾਸੀਆਂ ਵੱਲੋਂ ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਤੇ ਅਮਨ ਅਰੋੜਾ ਸੂਬਾ ਪ੍ਰਧਾਨ ਆਪ ਤੇ ਕੈਬਨਿਟ ਮੰਤਰੀ ਪੰਜਾਬ ਸਰਕਾਰ ਦਾ ਤਹਿ ਦਿਲੋਂ ਧੰਨਵਾਦ ਕਰਦੇ ਹਾਂ ਅਤੇ ਨਾਲ ਹੀ ਇਲਾਕਾ ਨਿਵਾਸੀਆਂ ਨੂੰ ਪੁਰਜ਼ੋਰ ਅਪੀਲ ਕਰਦੇ ਹਾਂ ਕਿ ਐਤਵਾਰ ਸ਼ਾਮ 4 ਵਜੇ ਸਰਕਾਰੀ ਹਸਪਤਾਲ ਲੌਂਗੋਵਾਲ ਵਿਖੇ ਜ਼ਰੂਰ ਪਹੁੰਚਣ।

## ਬਿਲਡਿੰਗ ਠੇਕੇਦਾਰ ਐਸੋਸੀਏਸ਼ਨ ਵੱਲੋਂ ਪਹਿਲਗਾਮ ਹਮਲੇ ਦੀ ਨਿੰਦਾ

**ਜਗਰਾਉਂ (ਸੰਜੀਵ ਅਰੋੜਾ, ਅਮਿਤ ਖੰਨਾ)**-ਬਿਲਡਿੰਗ ਠੇਕੇਦਾਰ ਐਸੋਸੀਏਸ਼ਨ (ਰਜਿ: 133) ਦੀ ਮਹੀਨਾਵਾਰ ਮੀਟਿੰਗ ਪ੍ਰਧਾਨ ਰਜਿੰਦਰ ਸਿੰਘ ਰਿੰਕੂ ਦੀ ਅਗਵਾਈ ਹੇਠ ਹੋਈ। ਮੀਟਿੰਗ ਦੌਰਾਨ ਜੰਮੂ ਕਸ਼ਮੀਰ ਦੇ ਪਹਿਲਗਾਮ 'ਚ ਹੋਏ ਅੱਤਵਾਦੀ ਹਮਲੇ ਦੀ ਸਖ਼ਤ ਸ਼ਬਦਾਂ 'ਚ ਨਿੰਦਾ ਕੀਤੀ ਅਤੇ ਦੋ ਮਿੰਟ ਦਾ ਮੋਨ ਧਾਰ ਕੇ ਸ਼ਰਧਾਂਜਲੀ ਦਿੱਤੀ। ਬਿਲਡਿੰਗ ਠੇਕੇਦਾਰ ਐਸੋਸੀਏਸ਼ਨ ਦੇ ਅਹੁਦੇਦਾਰਾਂ ਨੇ ਕਿਹਾ ਕਿ ਇਸ ਹਮਲੇ ਨੇ ਪੂਰੇ ਦੇਸ਼ ਨੂੰ ਹਿਲਾ ਕੇ ਰੱਖ ਦਿੱਤਾ। ਕੇਂਦਰ ਸਰਕਾਰ ਨੂੰ ਅਜਿਹੇ ਅੱਤਵਾਦੀਆਂ ਖਿਲਾਫ਼ ਸਖ਼ਤ ਕਾਰਵਾਈ ਕਰਨੀ ਚਾਹੀਦੀ ਹੈ। ਉਨ੍ਹਾਂ ਪੰਜਾਬ ਅੰਦਰ ਚੱਲ ਰਹੇ ਪਾਣੀਆਂ ਦੇ ਮੁੱਦੇ 'ਤੇ ਬੋਲਦਿਆਂ ਕਿਹਾ ਕਿ ਪੰਜਾਬ 'ਚ ਤਾਂ ਪਹਿਲਾਂ ਹੀ ਪਾਣੀ ਨਹੀਂ ਹੈ। ਪੰਜਾਬ ਦਾ ਪਾਣੀ ਹਰਿਆਣਾ ਦੇਣ ਦਾ ਅਸੀਂ ਸਖ਼ਤ ਵਿਰੋਧ ਕਰਦੇ ਹਾਂ। ਇਸ ਮੌਕੇ ਠੇਕੇਦਾਰ ਸਰਪ੍ਰਸਤ ਜਗੇਦਵ ਸਿੰਘ ਮਠਾੜੂ, ਠੇਕੇਦਾਰ ਪ੍ਰਧਾਨ ਰਜਿੰਦਰ ਸਿੰਘ ਰਿੰਕੂ, ਠੇਕੇਦਾਰ ਬਲਵੀਰ ਸਿੰਘ ਸਿਵੀਆ ਠੇਕੇਦਾਰ ਗੁਰਦੇਵ ਸਿੰਘ ਮੱਲ੍ਹਾ, ਠੇਕੇਦਾਰ ਗੁਰਚਰਨ ਸਿੰਘ ਘਟੌੜੇ, ਠੇਕੇਦਾਰ ਦਵਿੰਦਰ ਸਿੰਘ ਗੋਰਸੀਆਂ, ਠੇਕੇਦਾਰ ਬਸੰਤ ਸਿੰਘ ਸੀਹਰਾ, ਠੇਕੇਦਾਰ ਭਵਨਜੀਤ ਸਿੰਘ ਉੱਭੀ, ਠੇਕੇਦਾਰ ਕੁਲਦੀਪ ਸਿੰਘ ਸੀਹਰਾ, ਠੇਕੇਦਾਰ ਰਾਜਵੰਤ ਸਿੰਘ ਸੱਗੂ, ਠੇਕੇਦਾਰ ਸੁਖਵਿੰਦਰ ਸਿੰਘ ਕਾਉਂਕੇ, ਠੇਕੇਦਾਰ ਅਮਰਦੀਪ ਸਿੰਘ ਰੀਹਲ, ਠੇਕੇਦਾਰ ਪਰਮਜੀਤ ਸਿੰਘ ਮਠਾੜੂ, ਠੇਕੇਦਾਰ ਤਰਲੋਚਨ ਸਿੰਘ ਪਨੇਸਰ, ਠੇਕੇਦਾਰ ਬਲਵਿੰਦਰ ਸਿੰਘ ਪੱਪਾ, ਠੇਕੇਦਾਰ ਹਰਜਿੰਦਰ ਸਿੰਘ ਉੱਭੀ ਤੇ ਠੇਕੇਦਾਰ ਗੁਰਮੇਲ ਸਿੰਘ ਮਠਾੜੂ ਆਦਿ ਹਾਜ਼ਰ ਸਨ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Gurmit Singh Shugli for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: Chand Singh @ Chand Fatehpuri
ਸੰਪਾਦਕ : ਚੰਦ ਸਿੰਘ ਉਰਫ਼ ਚੰਦ ਫਤਿਹਪੁਰੀ * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ ਗੁਰਮੀਤ ਸਿੰਘ ਸ਼ੁਗਲੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

# ਦਾਣਾ ਮੰਡੀ ਧਾਰੀਵਾਲ 'ਚੋਂ ਕਣਕ ਦੀ ਲਿਫਟਿੰਗ ਨਾ-ਮਾਤਰ ਹੋਣ ਕਰਕੇ ਆੜ੍ਹਤੀਆਂ ਦੇ ਸਾਹ ਸੁੱਕੇ



**ਧਾਰੀਵਾਲ (ਮਨਦੀਪ ਸਿੰਘ ਵਿੱਕੀ)**- ਦਾਣਾ ਮੰਡੀ ਧਾਰੀਵਾਲ ਵਿੱਚੋਂ ਕਣਕ ਦੀ ਲਿਫਟਿੰਗ ਦੀ ਢਿੱਲੀ ਰਫ਼ਤਾਰ ਕਰਕੇ ਆੜ੍ਹਤੀ ਐਸੋਸੀਏਸ਼ਨ ਧਾਰੀਵਾਲ ਵੱਲੋਂ ਕਣਕ ਦੀ ਚੁਕਾਈ ਤੇਜ਼ ਕਰਨ ਸਬੰਧੀ ਡਿਪਟੀ ਕਮਿਸ਼ਨਰ ਗੁਰਦਾਸਪੁਰ ਨੂੰ ਮੰਗ ਪੱਤਰ ਸੌਂਪਿਆ। ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਪ੍ਰਧਾਨ ਮੰਗਲ ਸਿੰਘ ਜਫਰਵਾਲ ਅਤੇ ਆੜ੍ਹਤੀ ਜਸਪਾਲ ਸਿੰਘ ਨੇ ਦੱਸਿਆ ਕਿ ਧਾਰੀਵਾਲ ਦਾਣਾ ਮੰਡੀ ਵਿੱਚ ਖਰੀਦ ਏਜੰਸੀਆਂ ਵੱਲੋਂ ਕਣਕ ਦੀ ਖਰੀਦ ਤਾਂ ਕੀਤੀ ਗਈ ਪਰ ਲਿਫਟਿੰਗ ਨਾ-ਮਾਤਰ ਹੋ ਰਹੀ ਹੈ ਅਤੇ ਬੀਤੀ ਕੱਲ੍ਹ ਰਾਤ ਬੇਮੌਸਮੀ ਬਰਸਾਤ ਨੇ ਆੜ੍ਹਤੀਆਂ ਦੇ ਸਾਹ ਸੁਕਾ ਦਿੱਤੇ ਹਨ ਅਤੇ ਕੀਤੇ ਪ੍ਰਬੰਧਾਂ ਵੀ ਨਾ-ਮਾਤਰ ਦਿਖਾਈ ਦਿੱਤੇ। ਇਸ ਸਬੰਧੀ ਜਦੋਂ ਮਾਰਕੀਟ ਕਮੇਟੀ ਧਾਰੀਵਾਲ ਦੇ ਸਕੱਤਰ ਜਸਗੁਰ ਸਿੰਘ ਨਾਲ ਸੰਪਰਕ ਕਰਨ 'ਤੇ ਉਨ੍ਹਾਂ ਕਿਹਾ ਕਿ ਲਿਫਟਿੰਗ ਤਾਂ ਹੋ ਰਹੀ ਹੈ ਅਤੇ ਫਿਰ ਵੀ ਉਹ ਖਰੀਦ ਏਜੰਸੀਆਂ ਦੇ ਸਬੰਧਿਤ ਅਧਿਕਾਰੀਆਂ ਅਤੇ ਢੋਆ ਢੁਆਈ ਦੇ ਠੇਕੇਦਾਰ ਨੂੰ ਚਿੱਠੀ ਲਿਖ ਕੇ ਕਣਕ ਦੀ ਲਿਫਟਿੰਗ ਵਿੱਚ ਤੇਜ਼ੀ ਲਿਆਉਣ ਬਾਰੇ ਸੁਚੇਤ ਕਰਨਗੇ। ਇਸ ਸਬੰਧੀ ਜਦੋਂ ਵੱਖ-ਵੱਖ ਖਰੀਦ ਏਜੰਸੀਆਂ ਦੇ ਅਧਿਕਾਰੀਆਂ ਨਾਲ ਸੰਪਰਕ ਕੀਤਾ ਤਾਂ ਉਨ੍ਹਾਂ ਨੇ ਕਿਹਾ ਕਿ ਗੋਦਾਮਾਂ ਵਿੱਚ ਕਣਕ ਦੀ ਅਣ-ਲੋਡਿੰਗ ਕਰਨ ਸਬੰਧੀ ਲੇਬਰ ਦੀ ਘਾਟ ਹੋਣ ਕਰਕੇ ਇਹ ਸਮੱਸਿਆ ਪੇਸ਼ ਆ ਰਹੀ ਹੈ, ਜਦਕਿ ਅਗਲੇ ਕੁਝ ਦਿਨਾਂ ਦੌਰਾਨ ਮੰਡੀਆਂ ਵਿੱਚੋਂ ਕਣਕ ਦੀ ਮੁਕੰਮਲ ਚੁਕਾਈ ਹੋ ਜਾਵੇਗੀ। ਉਨ੍ਹਾਂ ਨੇ ਕਿਹਾ ਕਿ ਲਿਫਟਿੰਗ ਨਾ ਹੋਣ ਤੱਕ ਆੜ੍ਹਤੀਆਂ ਵੱਲੋਂ ਹੀ ਕਣਕ ਦੀ ਸਾਂਭ ਸੰਭਾਲ ਸਬੰਧੀ ਪ੍ਰਬੰਧ ਕਰਨੇ ਹੁੰਦੇ ਹਨ। ਇਸ ਸਬੰਧੀ ਜਦੋਂ ਟਰਾਂਸਪੋਰਟ ਠੇਕੇਦਾਰ ਸੁਖਪ੍ਰੀਤ ਸਿੰਘ ਨਾਲ ਫੋਨ 'ਤੇ ਗੱਲ ਕੀਤੀ ਤਾਂ ਉਨ੍ਹਾਂ ਨੇ ਦੱਸਿਆ ਕਿ ਕਣਕ ਦੀ ਲਿਫਟਿੰਗ ਸਬੰਧੀ ਟ੍ਰਾਂਸਪੋਰਟ ਦੀ ਕੋਈ ਕਮੀ ਨਹੀਂ ਜਦਕਿ ਲੋਡਿਡ ਗੱਡੀਆਂ ਤਿੰਨ-ਚਾਰ ਦਿਨ ਬਾਅਦ ਅਨਲੋਡ ਹੁੰਦੀਆਂ ਹਨ, ਜਿਸ ਕਰਕੇ ਕਣਕ ਦੀ ਚੁਕਾਈ ਵਿੱਚ ਦੇਰੀ ਹੋ ਰਹੀ ਹੈ। ਇਸ ਮੌਕੇ ਆੜ੍ਹਤੀ ਐਸੋਸੀਏਸ਼ਨ ਧਾਰੀਵਾਲ ਦੇ ਪ੍ਰਧਾਨ ਮੰਗਲ ਸਿੰਘ ਜਫਰਵਾਲ, ਸਕੱਤਰ ਰੂਪ ਸਿੰਘ, ਜਸਪਾਲ ਸਿੰਘ, ਰੌਬਿਨ ਵੋਹਰਾ, ਕਰਤਾਰ ਸਿੰਘ ਭੰਗੂ, ਤਰਲੋਕ ਸਿੰਘ, ਲੇ.ਜੀ. ਲਵਲੀ, ਰਾਮ ਪ੍ਰਕਾਸ਼ ਸ਼ਾਸਤਰੀ, ਸੁਭਾਸ਼ ਜੰਬਾ, ਰਵੀ ਮਹਾਜਨ, ਗੁਰਵਿੰਦਰ ਸਿੰਘ ਖਹਿਰਾ ਆਦਿ ਹਾਜ਼ਰ ਸਨ।

# ਪ੍ਰੀਖਿਆ ਕੇਂਦਰਾਂ ਦੇ 100 ਮੀਟਰ ਦੇ ਘੇਰੇ 'ਚ ਲੋਕਾਂ ਦੇ ਇਕੱਠੇ ਹੋਣ 'ਤੇ ਪਾਬੰਦੀ

**ਗੁਰਦਾਸਪੁਰ (ਜਨਕ ਮਹਾਜਨ)**- ਦਿ ਨੈਸ਼ਨਲ ਟੈਸਟ ਏਜੰਸੀ ਵੱਲੋਂ ਦੇਸ਼ ਭਰ ਵਿੱਚ ਨੈਸ਼ਨਲ ਅਲਿਜੀਬਿਲਟੀ ਕਮ ਐਂਟਰਸ ਟੈਸਟ (ਯੂਜੀ) 2025 ਦੀ ਪ੍ਰੀਖਿਆ 4 ਮਈ 2025 (ਦਿਨ ਐਤਵਾਰ) ਨੂੰ ਨੈਸ਼ਨਲ ਟੈਸਟ ਏਜੰਸੀ ਵੱਲੋਂ ਸਥਾਪਿਤ ਕੀਤੇ ਪ੍ਰੀਖਿਆ ਕੇਂਦਰਾਂ ਵਿੱਚ ਕਰਵਾਈ ਜਾ ਰਹੀ ਹੈ। ਇਸ ਪ੍ਰੀਖਿਆ ਦੌਰਾਨ ਪ੍ਰੀਖਿਆ ਕੇਂਦਰਾਂ ਦੇ ਬਾਹਰ ਕੋਈ ਗੜਬੜੀ ਨਾ ਹੋਵੇ, ਇਸ ਨੂੰ ਧਿਆਨ ਵਿੱਚ ਰੱਖਦੇ ਹੋਏ ਦਲਵਿੰਦਰਜੀਤ ਸਿੰਘ ਆਈਏਐੱਸ ਜ਼ਿਲ੍ਹਾ ਮੈਜਿਸਟਰੇਟ ਗੁਰਦਾਸਪੁਰ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ 2023 ਦੀ ਧਾਰਾ 163 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਜ਼ਿਲ੍ਹਾ ਗੁਰਦਾਸਪੁਰ ਵਿੱਚ ਸਥਾਪਤ ਪ੍ਰੀਖਿਆ ਕੇਂਦਰਾਂ ਦੇ ਆਲੇ-ਦੁਆਲੇ 100 ਮੀਟਰ ਦੇ ਘੇਰੇ ਵਿੱਚ ਲੋਕਾਂ ਦੇ ਇਕੱਠੇ ਹੋਣ 'ਤੇ 4 ਮਈ 2025 ਨੂੰ ਪਾਬੰਦੀ ਲਗਾ ਦਿੱਤੀ ਹੈ ਪਰ ਇਹ ਹੁਕਮ ਉਨ੍ਹਾਂ ਵਿਅਕਤੀਆਂ ਉਪਰ ਲਾਗੂ ਨਹੀਂ ਹੋਣਗੇ ਜੋ ਇਨ੍ਹਾਂ ਪ੍ਰੀਖਿਆਵਾਂ ਵਿੱਚ ਡਿਊਟੀ 'ਤੇ ਹੋਣਗੇ। ਇਹ ਹੁਕਮ ਇੱਕਤਰਫ਼ਾ ਪਾਸ ਕਰਕੇ ਸਮੂਹ ਸਧਾਰਨ ਜਨਤਾ ਨੂੰ ਸੰਬੋਧਨ ਕੀਤਾ ਗਿਆ ਹੈ।

# ਸ਼੍ਰੋਮਣੀ ਕਮੇਟੀ ਮੈਂਬਰ ਬੀਬੀ ਜਫਰਵਾਲ ਨੇ ਗਰੀਬ ਵਿਦਿਆਰਥੀ ਭਲਾਈ ਫੰਡ ਦਾ ਚੈੱਕ ਸੌਂਪਿਆ



**ਧਾਰੀਵਾਲ (ਮਨਦੀਪ ਸਿੰਘ ਵਿੱਕੀ)**- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਅਤੇ ਪ੍ਰਿੰਸੀਪਲ ਡਾ. ਗੁਰਜੀਤ ਸਿੰਘ ਦੀ ਦੇਖ-ਰੇਖ ਹੇਠ ਚੱਲ ਰਹੇ ਬਾਬਾ ਅਜੈ ਸਿੰਘ ਖਾਲਸਾ ਕਾਲਜ ਗੁਰਦਾਸਪੁਰ ਦੇ ਗਰੀਬ ਅਤੇ ਲੋੜਵੰਦ ਵਿਦਿਆਰਥੀਆਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਹਾਇਤਾ ਫੰਡਾਂ ਵਿੱਚੋਂ ਵਿਸ਼ੇਸ਼ ਸਹਾਇਤਾ ਦਿੱਤੀ ਗਈ। ਇਸ ਮੌਕੇ ਬੀਬੀ ਗੁਰਿੰਦਰਪਾਲ ਕੌਰ ਜਫਰਵਾਲ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਹਾਇਤਾ ਰਾਸ਼ੀ ਦਾ ਚੈੱਕ ਕਾਲਜ ਪ੍ਰਿੰਸੀਪਲ ਡਾ. ਗੁਰਜੀਤ ਸਿੰਘ ਨੂੰ ਭੇਟ ਕੀਤਾ। ਕਾਲਜ ਪ੍ਰਿੰਸੀਪਲ ਡਾ. ਗੁਰਜੀਤ ਸਿੰਘ ਨੇ ਦੱਸਿਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਹਮੇਸ਼ਾ ਗਰੀਬ ਅਤੇ ਲੋੜਵੰਦ ਵਿਦਿਆਰਥੀਆਂ ਦੀ ਵੱਧ ਚੜ੍ਹ ਕੇ ਸਹਾਇਤਾ ਕੀਤੀ ਜਾਂਦੀ ਹੈ ਕਿ ਉਹ ਨਿਰਵਿਘਨ ਉੱਚ ਵਿੱਦਿਆ ਪ੍ਰਾਪਤ ਕਰਕੇ ਵਿਸ਼ੇਸ਼ ਤੌਰ 'ਤੇ ਸਮਰੱਥ ਵਿਦਿਆਰਥੀਆਂ ਵਾਂਗ ਜ਼ਿੰਦਗੀ ਵਿੱਚ ਉੱਚੇ ਮੁਕਾਮ ਹਾਸਲ ਕਰ ਸਕਣ। ਇਸ ਮੁਹਿੰਮ ਤਹਿਤ ਕਾਲਜ ਵਿਦਿਆਰਥਣਾਂ ਸੁਮਨਪ੍ਰੀਤ ਕੌਰ ਬੀਏ ਭਾਗ ਦੂਜਾ ਅਤੇ ਤਮੰਨਾ ਬੀਸੀਏ ਭਾਗ ਦੂਜਾ ਨੂੰ ਸਹਾਇਤਾ ਫੰਡਾਂ ਵਿੱਚੋਂ ਸਹਾਇਤਾ ਰਾਸ਼ੀ ਪ੍ਰਦਾਨ ਕੀਤੀ ਗਈ। ਇਸ ਮੌਕੇ ਪ੍ਰਧਾਨ ਬੀਬੀ ਰਾਜਬੀਰ ਕੌਰ ਵੀ ਉਚੇਚੇ ਤੌਰ 'ਤੇ ਹਾਜ਼ਰ ਸਨ। ਪ੍ਰਿੰਸੀਪਲ ਡਾ. ਗੁਰਜੀਤ ਸਿੰਘ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਆਪਣੇ ਅਧੀਨ ਚੱਲ ਰਹੇ ਵਿੱਦਿਅਕ ਅਦਾਰਿਆਂ ਦੇ ਵਿਦਿਆਰਥੀਆਂ ਦੀ ਹਮੇਸ਼ਾ ਹਰ ਸੰਭਵ ਸਹਾਇਤਾ ਕੀਤੀ ਹੈ। ਉਨ੍ਹਾਂ ਨੇ ਬੀਬੀ ਜਫਰਵਾਲ ਦਾ ਕਾਲਜ ਪਹੁੰਚਣ ਤੇ ਸਹਾਇਤਾ ਰਾਸ਼ੀ ਪ੍ਰਦਾਨ ਕਰਨ ਤੇ ਉਚੇਚੇ ਤੌਰ 'ਤੇ ਧੰਨਵਾਦ ਕੀਤਾ।

# ਸੰਵਿਧਾਨ ਬਚਾਓ ਮੁਹਿੰਮ ਨੂੰ ਹਰ ਘਰ ਤੱਕ ਪਹੁੰਚਾਵਾਂਗੇ : ਸੱਚਰ

**ਤਰਸਿੱਕਾ (ਤਰਸੇਮ ਸਿੰਘ ਸਾਧਪੁਰ)**- ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦੀ ਅਗਵਾਈ ਵਿੱਚ ਆਲ ਇੰਡੀਆ ਕਾਂਗਰਸ ਕਮੇਟੀ ਦੇ ਦਿਸ਼ਾ ਨਿਰਦੇਸ਼ਾਂ



ਅਨੁਸਾਰ ਜ਼ਿਲ੍ਹਾ ਵਾਰ ਸੰਵਿਧਾਨ ਬਚਾਓ ਮੁਹਿੰਮ ਦੀ ਰੈਲੀ ਵਿਧਾਨ ਸਭਾ ਹਲਕਾ ਮਜੀਠਾ ਵਿੱਚ ਪੈਂਦੇ ਕੱਥੂਨੰਗਲ ਵਿੱਚ 15 ਮਈ ਨੂੰ ਕਰਾਂਗੇ ਜਿਸ ਵਿੱਚ ਕਾਂਗਰਸ ਪਾਰਟੀ ਦੀ ਸਮੁੱਚੀ ਲੀਡਰਸ਼ਿਪ ਸ਼ਿਰਕਤ ਕਰੇਗੀ ਤੇ ਆਪਣੇ ਵਿਚਾਰਾਂ ਤੋਂ ਜਾਣੂ ਕਰਵਾਵੇਗੀ। ਇਸ ਸਬੰਧੀ ਮਜੀਠਾ ਹਲਕੇ ਦੇ ਕਾਂਗਰਸ ਦੇ ਇੰਚਾਰਜ ਤੇ ਸੀਨੀਅਰ ਕਾਂਗਰਸੀ ਆਗੂ ਭਗਵੰਤ ਪਾਲ ਸਿੰਘ ਸੱਚਰ ਨੇ ਹਲਕੇ ਦੇ ਵੱਖ ਵੱਖ-ਵੱਖ ਪਿੰਡਾਂ ਵਿੱਚ ਮੀਟਿੰਗਾਂ ਕਰਕੇ ਇਸ ਸਬੰਧੀ ਜਾਣਕਾਰੀ ਦਿੱਤੀ ਤੇ ਵੱਡੀ ਗਿਣਤੀ ਵਿੱਚ ਰੈਲੀ ਵਿੱਚ ਪਹੁੰਚਣ ਦੀ ਅਪੀਲ ਕੀਤੀ, ਪਿੰਡ ਧੰਧੋਏ ਵਿੱਚ ਮੀਟਿੰਗ ਨੂੰ ਸੰਬੋਧਨ ਕਰਨ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਇਸ ਕੇਂਦਰ ਦੀ ਮੋਦੀ ਸਰਕਾਰ ਦੇ ਮਨਸੂਬਿਆਂ ਨੂੰ ਕਦੇ ਵੀ ਕਾਮਯਾਬ ਨਹੀਂ ਹੋਣ ਦੇਵਾਂਗੇ ਇਹ ਸੰਵਿਧਾਨ ਡਾ. ਭੀਮ ਰਾਓ ਅੰਬੇਡਕਰ ਦੀ ਲੰਮੀ ਮਿਹਨਤ ਤੇ ਜੱਦੋ-ਜਹਿਦ ਉਪਰੰਤ ਬਣਕੇ ਤਿਆਰ ਹੋਇਆ ਸੀ ਜਿਸ ਨੂੰ ਕੇਂਦਰ ਦੀ ਮੋਦੀ ਸਰਕਾਰ ਨੂੰ ਇਹ ਹਜ਼ਮ ਨਹੀਂ ਹੋ ਰਿਹਾ। ਸੱਚਰ ਨੇ ਕਿਹਾ ਕਿ ਇਸ ਪਿੱਛੇ ਬਹੁਤ ਵੱਡਾ ਰਾਜ਼ ਛੁਪਿਆ ਹੋ ਕਿ ਇਸ ਕੇਂਦਰ ਦੀ ਸਰਕਾਰ ਇਸ ਨੂੰ ਕਿਉਂ ਬਦਲਣਾ ਚਾਹੁੰਦੀ ਹੈ। ਇਸ ਮੌਕੇ ਬਲਾਕ ਕਾਂਗਰਸ ਦੇ ਪ੍ਰਧਾਨ ਨਵਤੇਜਪਾਲ ਸਿੰਘ, ਨਵਦੀਪ ਸਿੰਘ ਸੋਨਾ ਮਜੀਠਾ, ਸਾਬਕਾ ਕੌਂਸਲਰ ਪੱਪੀ ਭੱਲਾ, ਸਾਬਕਾ ਕੌਂਸਲਰ ਬਲਵਿੰਦਰ ਸਿੰਘ ਰੋੜੀ, ਸੁਲੱਖਣ ਸਿੰਘ ਕੱਥੂਨੰਗਲ, ਪਲਵਿੰਦਰ ਸਿੰਘ ਫੌਜੀ, ਸਰਪੰਚ ਸੁਖਦੇਵ ਸਿੰਘ, ਪ੍ਰਗਟ ਸਿੰਘ , ਸੁਰਜੀਤ ਸਿੰਘ, ਕੁਲਵੰਤ ਸਿੰਘ, ਦਲਬੀਰ ਸਿੰਘ, ਭਗਵਾਨ ਸਿੰਘ, ਮਲਕੀਤ ਸਿੰਘ ਸੋਨੀ, ਪਿਆਰਾ ਮਸੀਹ, ਅਰਸ਼ਦੀਪ ਸਿੰਘ ਤੇ ਹੋਰ ਵੀ ਹਾਜ਼ਰ ਸਨ ।

# ਚੇਅਰਮੈਨ ਸੇਖਵਾਂ ਵੱਲੋਂ ਕਾਦੀਆਂ ਹਲਕੇ ਦੇ ਸਰਕਾਰੀ ਸਕੂਲਾਂ 'ਚ ਵਿਕਾਸ ਕਾਰਜਾਂ ਦੇ ਉਦਘਾਟਨ

**ਗੁਰਦਾਸਪੁਰ (ਜਨਕ ਮਹਾਜਨ)**- ਜ਼ਿਲ੍ਹਾ ਯੋਜਨਾ ਕਮੇਟੀ ਗੁਰਦਾਸਪੁਰ ਦੇ ਚੇਅਰਮੈਨ ਐਡਵੋਕੇਟ ਜਗਰੂਪ ਸਿੰਘ ਸੇਖਵਾਂ ਨੇ ਵਿਧਾਨ ਸਭਾ ਹਲਕਾ ਕਾਦੀਆਂ ਵਿੱਚ ਪੈਂਦੇ ਸਰਕਾਰੀ ਪ੍ਰਾਇਮਰੀ ਸਕੂਲ ਭਿੱਟੇਵੱਡ ਅਤੇ ਸਰਕਾਰੀ ਮਿਡਲ ਸਕੂਲ ਰੂੜਾ ਬੁੱਟਰ ਵਿਖੇ ਪੰਜਾਬ ਸਿੱਖਿਆ ਕ੍ਰਾਂਤੀ ਤਹਿਤ ਹੋਏ ਵੱਖ-ਵੱਖ ਵਿਕਾਸ ਕਾਰਜਾਂ ਦਾ ਉਦਘਾਟਨ ਕੀਤਾ। ਸੂਬਾ ਸਰਕਾਰ ਵੱਲੋਂ ਸਿੱਖਿਆ ਕ੍ਰਾਂਤੀ ਤਹਿਤ ਇਨ੍ਹਾਂ ਸਕੂਲਾਂ ਵਿੱਚ ਸਮਾਰਟ ਕਲਾਸ ਰੂਮ, ਸਕੂਲਾਂ ਦੀ ਚਾਰ ਦੀਵਾਰੀ ਅਤੇ ਬੁਨਿਆਦੀ ਢਾਂਚੇ ਦੇ ਹੋਰ ਵਿਕਾਸ ਕਾਰਜ ਕੀਤੇ ਗਏ ਹਨ। ਵਿਕਾਸ ਪ੍ਰੋਜੈਕਟਾਂ ਦੇ ਉਦਘਾਟਨ ਮੌਕੇ ਚੇਅਰਮੈਨ ਜਗਰੂਪ ਸਿੰਘ ਸੇਖਵਾਂ ਨੇ ਕਿਹਾ ਕਿ ਪਿਛਲੇ ਤਿੰਨ ਸਾਲਾਂ ਵਿੱਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਸੂਬੇ ਦੇ ਸਰਕਾਰੀ ਸਕੂਲਾਂ ਦੀ ਨੁਹਾਰ ਬਦਲ ਕੇ ਰੱਖ ਦਿੱਤੀ ਹੈ। ਉਨ੍ਹਾਂ ਕਿਹਾ ਕਿ ਪਹਿਲਾਂ ਸਿਰਫ਼ ਨਿੱਜੀ ਸਕੂਲਾਂ ਵਿੱਚ ਹੀ ਟਰਾਂਸਪੋਰਟ ਦੀ ਸੁਵਿਧਾ ਸੀ ਪਰ ਹੁਣ ਸਰਕਾਰੀ ਸਕੂਲ ਦੇ ਬੱਚੇ ਵੀ ਇਹ ਲਾਭ ਉਠਾ ਰਹੇ ਹਨ। ਉਨ੍ਹਾਂ ਕਿਹਾ ਕਿ ਪਹਿਲਾਂ ਦੀ ਕਿਸੇ ਸਰਕਾਰ ਨੇ ਸਿੱਖਿਆ ਦੇ ਮਿਆਰ ਨੂੰ ਉੱਚਾ ਚੁੱਕਣ ਲਈ ਕਦੇ ਕੋਈ ਪਹਿਲਕਦਮੀ ਨਹੀਂ ਕੀਤੀ ਪਰ ਅਸੀਂ ਲੋਕਾਂ ਦੇ ਸਹਿਯੋਗ ਨਾਲ ਸਿੱਖਿਆ ਖੇਤਰ ਵਿੱਚ ਕ੍ਰਾਂਤੀਕਾਰੀ ਬਦਲਾਅ ਕਰ ਰਹੇ ਹਾਂ।

# ਬਾਰ ਐਸੋਸੀਏਸ਼ਨ ਦੇ ਪ੍ਰਧਾਨ ਐਡਵੋਕੇਟ ਪਨੇਸਰ ਨੂੰ ਮਿਲਿਆ ਸਨਮਾਨ



**ਅੰਮ੍ਰਿਤਸਰ (ਅਰੋੜਾ)**- ਰੋਟਰੀ ਮੈਂਬਰਾਂ ਦੀ ਦੇਖ ਰੇਖ ਵਿੱਚ ਚੱਲ ਰਹੀ ਐਜੂਕੇਸ਼ਨ ਸੋਸਾਇਟੀ ਵੱਲੋਂ ਇੱਕ ਸਾਦਾ ਸਨਮਾਨ ਸਮਾਗਮ ਵਿੱਚ ਅੰਮ੍ਰਿਤਸਰ ਬਾਰ ਐਸੋਸੀਏਸ਼ਨ ਦੇ ਪ੍ਰਧਾਨ ਐਡਵੋਕੇਟ ਪਨੇਸਰ ਨੂੰ ਉਨ੍ਹਾਂ ਦੀ ਸ਼ਲਾਘਾਯੋਗ ਸੇਵਾਵਾਂ ਨੂੰ ਦੇਖਦੇ ਹੋਏ ਵਿਸ਼ੇਸ਼ ਰੂਪ ਨਾਲ ਸਨਮਾਨਿਤ ਕੀਤਾ ਗਿਆ।ਸਨਮਾਨ ਸਮਾਗਮ ਵਿੱਚ ਅੰਮ੍ਰਿਤਸਰ ਦੇ ਸਾਬਕਾ ਐਮਐਲਏ ਅਤੇ ਉੱਤਰੀ ਖੇਤਰ ਦੇ ਸਾਬਕਾ ਵਿਧਾਇਕ ਚੌਧਰੀ ਸੁਨੀਲ ਦੱਤੀ ਖਾਸ ਤੌਰ ਤੇ ਪਹੁੰਚੇ।ਉਨ੍ਹਾਂ ਨੇ ਐਡਵੋਕੇਟ ਪਨੇਸਰ ਦੀ ਕਾਰਜਸ਼ੈਲੀ ਅਤੇ ਸੇਵਾਵਾਂ ਦੀ ਭਰਪੂਰ ਸ਼ਲਾਘਾ ਕੀਤੀ।ਇਸ ਮੌਕੇ ਚੌਧਰੀ ਸੁਨੀਲ ਦੱਤੀ ਦੇ ਨਾਲ ਐਡਵੋਕੇਟ ਦੀਪਕ ਮਹਾਜਨ, ਐਡਵੋਕੇਟ ਕਪਿਲ ਸ਼ਰਮਾ, ਐਡਵੋਕੇਟ ਪ੍ਰਦੀਪ ਸ਼ਰਮਾ ਅਤੇ ਬਾਰ ਐਸੋਸੀਏਸ਼ਨ ਦੇ ਹੋਰ ਕਈ ਮੈਂਬਰ ਵੀ ਮੌਜੂਦ ਸਨ।

# ਵਿਦਿਆਰਥੀਆਂ ਤੋਂ ਵੇਟਰਾਂ ਦਾ ਕੰਮ ਲੈਣਾ ਦੱਸੋ ਕਿੱਥੋਂ ਦੀ ਪੜ੍ਹਾਈ ?

**ਸ੍ਰੀ ਗੋਇੰਦਵਾਲ ਸਾਹਿਬ (ਕਾਬਲ ਸਿੰਘ ਮੱਲ੍ਹੀ)**- ਕਸਬਾ ਸ੍ਰੀ ਗੋਇੰਦਵਾਲ ਸਾਹਿਬ ਵਿਖੇ ਸਥਿਤ ਸਕੂਲ ਆਫ਼ ਐਮੀਨੈਂਸ ਦੀ ਚਾਰਦੀਵਾਰੀ ਅਤੇ ਗੇਟ ਦੇ ਉਦਘਾਟਨ ਸਮਾਗਮ ਦੌਰਾਨ ਸਕੂਲੀ ਵਿਦਿਆਰਥੀਆਂ ਨੂੰ ਮਹਿਮਾਨਾਂ ਦੀ ਆਓ ਭਗਤ ਵਿੱਚ ਲਗਾ ਕੇ ਸਕੂਲ ਸਟਾਫ ਖੁਦ ਸਿਆਸੀ ਆਗੂਆਂ ਦੀ ਹਾਜ਼ਰੀ ਭਰਦਾ ਨਜ਼ਰ ਆਇਆ।ਜ਼ਿਕਰਯੋਗ ਹੈ ਕਿ ਕਸਬੇ ਵਿੱਚ ਬਣੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਨੂੰ ਬੀਤੇ ਸਮੇਂ ਦੌਰਾਨ ਆਪ ਸਰਕਾਰ ਵੱਲੋਂ ਸਕੂਲ ਆਫ ਐਮੀਨੈਂਸ ਵਿੱਚ ਤਬਦੀਲ ਕਰ ਦਿੱਤਾ ਗਿਆ ਸੀ ਉਥੇ ਹੀ ਸਕੂਲ ਦੀ ਪੁਰਾਣੀ ਬਾਹਰੀ ਦੀਵਾਰ ਨੂੰ ਰੰਗ ਰੋਗਨ ਕਰਵਾ ਕੇ ਉਸਦਾ ਉਦਘਾਟਨ ਸਮਾਗਮ ਕਰਵਾਇਆ ਜਾ ਰਿਹਾ ਸੀ।ਇਸ ਦੌਰਾਨ ਵਿਦਿਆਰਥੀਆਂ ਕੋਲੋਂ ਸਮਾਗਮ ਵਿੱਚ ਆਏ ਸਿਆਸੀ ਮਹਿਮਾਨਾਂ ਦੀ ਸੇਵਾ ਕਰਵਾਈ ਜਾ ਰਹੀ ਸੀ।ਕਿਸਾਨ ਆਗੂ ਯਾਦਵਿੰਦਰ ਸਿੰਘ ਯਾਦੀ ਨੇ ਆਖਿਆ ਕਿ ਪਹਿਲਾਂ ਤੋਂ ਬਣੀ ਇਮਾਰਤ ਨੂੰ ਰੰਗ ਕਰਕੇ ਉਸਦਾ ਉਦਘਾਟਨ ਕਰਨਾ ਲੋਕਾਂ ਤੇ ਸਰਕਾਰ ਦਾ ਸਮਾਂ ਅਤੇ ਪੈਸਾ ਖਰਾਬ ਕਰਨ ਤੋਂ ਵੱਧ ਕੁਝ ਨਹੀਂ ਹੈ।ਜੇਕਰ ਸਿਆਸੀ ਆਗੂਆਂ ਦੇ ਸਵਾਗਤ ਵਾਲੇ ਪੋਸਟਰ ਲਾਉਣ



ਲਈ ਸਕੂਲ ਪ੍ਰਬੰਧਕਾਂ ਕੋਲ ਪੈਸੇ ਹਨ ਤਾਂ ਵੇਟਰਾਂ ਨੂੰ ਦੇਣ ਲਈ ਫੰਡ ਦੀ ਕਮੀ ਕਿਓਂ ਹੋ ਗਈ। ਉਨ੍ਹਾਂ ਸਿੱਖਿਆ ਵਿਭਾਗ ਕੋਲੋਂ ਉਕਤ ਮਾਮਲੇ ਵਿੱਚ ਸਖ਼ਤ ਕਾਰਵਾਈ ਦੀ ਮੰਗ ਕੀਤੀ ਹੈ।ਜ਼ਿਲ੍ਹਾ ਸਿੱਖਿਆ ਅਫ਼ਸਰ ਸਤਨਾਮ ਸਿੰਘ ਬਾਠ ਨੇ ਕਿਹਾ ਕਿ ਸਕੂਲ ਸਟਾਫ਼ ਵੱਲੋਂ ਵਿਦਿਆਰਥੀਆਂ ਤੋਂ ਵੇਟਰ ਦਾ ਕੰਮ ਲੈਣਾ ਸਰਾਸਰ ਗਲਤ ਹੈ।ਉਕਤ ਮਾਮਲੇ ਵਿੱਚ ਸਕੂਲ ਪ੍ਰਬੰਧਕਾਂ ਖਿਲਾਫ ਸਖਤ ਕਾਰਵਾਈ ਕੀਤੀ ਜਾਵੇਗੀ। ਭਰੋਸੇਯੋਗ ਸੂਤਰਾਂ ਤੋਂ ਪਤਾ ਲੱਗਿਆ ਹੈ ਕਿ ਪ੍ਰਿੰਸੀਪਲ ਗੁਰਪ੍ਰਤਾਪ ਸਿੰਘ ਨੂੰ ਕਾਰਨ ਦੱਸੋ ਨੋਟਿਸ ਜਾਰੀ ਕਰ ਦਿੱਤਾ ਗਿਆ ਹੈ।ਪ੍ਰਿੰਸੀਪਲ ਗੁਰਪ੍ਰਤਾਪ ਸਿੰਘ ਨੇ ਸਾਰੇ ਦੋਸ਼ਾਂ ਨੂੰ ਬੇਬੁਨਿਆਦ ਦੱਸਦੇ ਹੋਏ ਕਿਹਾ ਕਿ ਬੱਚਿਆਂ ਵੱਲੋਂ ਖਾਣਾ ਬਣਾਉਣਾ ਅਤੇ ਪਰੋਸਣਾ ਬਿਜ਼ਨੈੱਸ ਮਾਡਲ ਦਾ ਹਿੱਸਾ ਹੈ।

# ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਵੱਲੋਂ ਡੀਸੀ ਦਫਤਰ ਅੱਗੇ ਰੋਸ ਮੁਜ਼ਾਹਰਾ

**ਚੇਤਨਪੁਰਾ (ਸੁਖਵੰਤ ਚੇਤਨਪੁਰੀ)**- ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਅੰਮ੍ਰਿਤਸਰ ਵੱਲੋਂ ਮਜ਼ਦੂਰਾਂ ਦੇ ਕੀਤੇ ਗਏ ਕੰਮ ਦੇ ਪੈਸੇ ਪ੍ਰਾਪਤ ਕਰਨ ਬਾਰੇ ਡੀਸੀ ਦਫਤਰ ਅੰਮ੍ਰਿਤਸਰ ਸਾਹਮਣੇ ਜ਼ੋਰਦਾਰ ਰੋਸ ਪ੍ਰਦਰਸ਼ਨ ਕੀਤਾ ਗਿਆ। ਇਸ ਮੌਕੇ ਯੂਨੀਅਨ ਦੇ ਜ਼ਿਲ੍ਹਾ ਆਗੂ ਬਲਕਾਰ ਸਿੰਘ ਦੁਧਾਲਾ ਨੇ ਕਿਹਾ ਨਰੇਗਾ ਮਜ਼ਦੂਰਾਂ ਨੇ ਜੇ ਆਪਣੇ ਹੱਕਾਂ ਨੂੰ ਪ੍ਰਾਪਤ ਕਰਨਾ ਹੈ ਤਾ ਕੰਮ ਦੀ ਅਰਜ਼ੀ ਦੇ ਕੇ ਰਸੀਦ



ਲੈਣਾ ਅਤੇ ਕੰਮ ਪ੍ਰਾਪਤ ਕਰਨਾ ਹੋਵੇਗਾ।ਉਨ੍ਹਾਂ ਕਿਹਾ ਕਿ ਨਰੇਗਾ ਕੰਮ ਵਿੱਚ ਪਾਰਦਰਸ਼ਤਾ ਲਿਆਉਣ ਵਾਸਤੇ ਜ਼ਰੂਰੀ ਹੈ ਕਿ ਨਰੇਗਾ ਜਾਬ ਕਾਰਡ ਉਪਰ ਕੰਮ ਦੀ ਹਾਜ਼ਰੀ ਲਾਉਣਾ ਯਕੀਨੀ ਬਣਾਇਆ ਜਾਵੇ।ਜੋ ਪੇਂਡੂ ਮਜ਼ਦੂਰ ਕੰਮ ਕਰਨਾ ਚਾਹੁੰਦਾ ਹੈ ਉਸ ਵਿਅਕਤੀ ਦਾ ਜਾਬ ਕਾਰਡ ਬਣਾਇਆ ਜਾਵੇ।ਨਰੇਗਾ ਮਜ਼ਦੂਰਾਂ ਦੀ ਹਾਜਰੀ ਕੰਮ ਵਾਲੀ ਜਗਾ ਤੇ ਹੀ ਲਗਾਈ ਜਾਵੇ। ਮੇਟ ਬਨਾਉਣ ਦਾ ਅਧਿਕਾਰ ਨਰੇਗਾ ਮਜ਼ਦੂਰਾਂ ਰਾਹੀਂ ਚੋਣ ਕਰਕੇ ਹੀ ਬਣਾਇਆ ਜਾਵੇ।ਅੱਜ ਦੇ ਰੋਸ ਮੁਜ਼ਾਹਰੇ ਵਿੱਚ ਕਾਫਲਿਆਂ ਦੇ ਰੂਪ ਵਿੱਚ ਆਈਆਂ ਬੀਬੀਆਂ ਨੇ ਪੰਜਾਬ ਸਰਕਾਰ ਅਤੇ ਕੇਂਦਰ ਸਰਕਾਰ ਦੇ ਵੈਣ ਪਾ ਕੇ ਪਿੱਟ ਸਿਆਪਾ ਕਰਕੇ ਆਪਣੇ ਕੰਮ ਦੇ ਪੈਸਿਆਂ ਦੀ ਮੰਗ ਕੀਤੀ।ਮੁਜ਼ਾਹਰੇ ਨੂੰ ਰਣਜੀਤ ਜੇਠੂਵਾਲ, ਸੁਖਵਿੰਦਰ ਸਿੰਘ ਚਵਿੰਡਾ ਦੇਵੀ, ਦਵਿੰਦਰ ਸਿੰਘ ਬੱਠੂ ਚੱਕ, ਸੁਰਜੀਤ ਸਿੰਘ ਸੋਹੀਆਂ ਖੁਰਦ, ਕੁਲਵਿੰਦਰ ਕੌਰ ਕੋਟਲਾ ਖੁਰਦ, ਮੱਖਣ ਸਿੰਘ ਲੈਹਰਕਾ, ਦਰਸ਼ਨ ਸਿੰਘ ਸਿੱਧਵਾਂ, ਦਵਿੰਦਰ ਸਿੰਘ, ਕੁਲਦੀਪ ਸਿੰਘ ਦੁਧਾਲਾ, ਭਜਨ ਲਾਲ ਅਤੇ ਅਮਰੀਕ ਸਿੰਘ ਤਲਵੰਡੀ ਦਸੌਂਧਾ ਸਿੰਘ ਨੇ ਵੀ ਸੰਬੋਧਨ ਕੀਤਾ।ਅਖੀਰ ਵਿੱਚ ਐੱਸ. ਪੀ. ਹਰਪਾਲ ਸਿੰਘ ਨੇ ਜਥੇਬੰਦੀ ਦੇ ਲੀਡਰਾਂ ਨਾਲ ਡੀ. ਸੀ ਸਾਹਿਬ ਅੰਮ੍ਰਿਤਸਰ ਨਾਲ ਇੱਕ ਮੀਟਿੰਗ ਕਰਕੇ ਉਕਤ ਮਸਲਿਆਂ ਦਾ ਹੱਲ ਕੱਢੇ ਜਾਣ ਦਾ ਵਿਸ਼ਵਾਸ ਦਿਵਾਇਆ ਜਿਸ ਤੋਂ ਬਾਅਦ ਧਰਨੇ ਦੀ ਸਮਾਪਤੀ ਕੀਤੀ ਗਈ।

# ਸੇਂਟ ਜੋਸਫ ਕੌਨਵੈਂਟ ਸਕੂਲ ਦਾ ਦਸਵੀਂ ਜਮਾਤ ਦਾ ਨਤੀਜਾ ਰਿਹਾ ਸੌ ਫੀਸਦੀ

**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**- ਆਈ ਸੀ ਐੱਸ ਸੀ ਬੋਰਡ ਦਾ ਦਸਵੀਂ ਜਮਾਤ ਦਾ ਨਤੀਜਾ ਐਲਾਨਿਆ ਗਿਆ ਜਿਸ ਵਿੱਚ ਸੇਂਟ ਜੋਸਫ ਕੌਨਵੈਂਟ ਸਕੂਲ ਕਾਦੀਆਂ ਦੇ ਵਿਦਿਆਰਥੀਆਂ ਨੇ ਸ਼ਾਨਦਾਰ ਮੱਲਾਂ



ਮਾਰੀਆਂ। ਨਿਧਾ ਮੁਬਾਸਰ 95.8% ਨੰਬਰ ਲੈ ਕੇ ਪਹਿਲੇ ਸਥਾਨ 'ਤੇ , ਕੰਵਲਜੀਤ ਸਿੰਘ ਰਿਆੜ 92.5% ਨੰਬਰ ਲੈ ਕੇ ਦੂਸਰੇ ਸਥਾਨ ਤੇ ਅਤੇ ਅਰਸ਼ਪ੍ਰੀਤ ਕੌਰ 91.2% ਲੈ ਕੇ ਤੀਸਰੇ ਸਥਾਨ 'ਤੇ ਰਹੀ। ਇਸ ਤੋਂ ਇਲਾਵਾ ਦੋ ਹੋਰ ਬੱਚਿਆਂ ਨੇ 90% ਤੋਂ ਉੱਪਰ ਨੰਬਰ ਲੈ ਕੇ ਚੰਗੇ ਰਿਜ਼ਲਟ ਦੇ ਹੱਕਦਾਰ ਬਣੇ। 23 ਵਿਦਿਆਰਥੀਆਂ ਨੇ 80% ਤੋਂ ਉੱਪਰ ਨੰਬਰ ਲੈ ਕੇ ਸਕੂਲ ਦਾ ਨਾਂ ਰੌਸ਼ਨ ਕੀਤਾ। ਬਾਕੀ ਵਿਦਿਆਰਥੀਆਂ ਦਾ ਵੀ 60% ਤੋਂ ਉੱਪਰ ਰਿਜ਼ਲਟ ਰਿਹਾ। ਪਹਿਲੇ ਤਿੰਨ ਸਥਾਨ ਪ੍ਰਾਪਤ ਕਰਨ ਵਾਲੇ ਬੱਚਿਆਂ ਦੇ ਮਾਤਾ-ਪਿਤਾ ਨੂੰ ਸਕੂਲ ਬੁਲਾ ਕੇ ਡਾਇਰੈਕਟਰ ਫਾਦਰ ਵਿਲੀਅਮ ਸਹੋਤਾ, ਪ੍ਰਿੰਸੀਪਲ ਸਿਸਟਰ ਜੋਸੀਆ, ਵਾਈਸ ਪ੍ਰਿੰਸੀਪਲ ਸਿਸਟਰ ਲਿਟੀ ਅਤੇ ਸਿਸਟਰ ਗਰੀਸਮਾ ਨੇ ਉਨ੍ਹਾਂ ਨੂੰ ਵਧਾਈ ਦਿੱਤੀ ਅਤੇ ਉਨਾਂ ਦਾ ਮੂੰਹ ਮਿੱਠਾ ਕਰਵਾਇਆ। ਸਕੂਲ ਦਾ ਨਤੀਜਾ 100 ਫੀਸਦੀ ਆਉਣ 'ਤੇ ਫਾਦਰ ਨੇ ਸਮੂਹ ਸਟਾਫ ਨੂੰ ਵਧਾਈ ਦਿੱਤੀ। ਇਸ ਮੌਕੇ ਸਕੂਲ ਦੇ ਪ੍ਰਬੰਧਕਾਂ ਦੇ ਵੱਲੋਂ ਹੋਰਨਾਂ ਬੱਚਿਆਂ ਨੂੰ ਵੀ ਭਵਿੱਖ ਵਿੱਚ ਇਸੇ ਤਰ੍ਹਾਂ ਹੀ ਕਾਮਯਾਬ ਹੋਣ ਲਈ ਪ੍ਰੇਰਿਤ ਕੀਤਾ।

# ਅਸੀਂ ਪੰਜਾਬ ਦੇ ਪਾਣੀਆਂ 'ਤੇ ਡਾਕਾ ਨਹੀਂ ਵੱਜਣ ਦੇਣਾ : ਰਮਨਜੀਤ ਸਿੱਕੀ, ਰਾਜਬੀਰ ਪੱਖੋਕੇ

**ਝਬਾਲ (ਹਰਜਿੰਦਰ ਸਿੰਘ ਸੋਨੀ)**- ਕੇਂਦਰ ਦੀ ਭਾਜਪਾ ਸਰਕਾਰ ਵੱਲੋਂ ਭਾਖੜਾ ਡੈਮ ਤੋਂ ਹਰਿਆਣਾ ਨੂੰ ਵਾਧੂ ਪਾਣੀ ਛੱਡ ਕੇ ਪੰਜਾਬ ਨਾਲ ਬਹੁਤ ਵੱਡਾ ਧੱਕਾ ਕੀਤਾ ਹੈ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਹਲਕਾ ਖਡੂਰ ਸਾਹਿਬ ਤੋਂ ਕਾਂਗਰਸ ਦੇ ਸਾਬਕਾ ਵਿਧਾਇਕ ਰਮਨਜੀਤ ਸਿੰਘ ਸਿੱਕੀ ਅਤੇ ਮੀਤ ਪ੍ਰਧਾਨ ਕਾਂਗਰਸ ਪਾਰਟੀ ਰਾਜਬੀਰ ਸਿੰਘ ਪੱਖੋਕੇ ਨੇ ਇੱਕ ਸਾਂਝੇ ਬਿਆਨ ਵਿੱਚ ਕੀਤਾ।ਉਨ੍ਹਾਂ ਕਿਹਾ ਕਿ ਭਾਜਪਾ ਦੀ ਸਰਕਾਰ ਹਮੇਸ਼ਾ ਹੀ ਪੰਜਾਬ ਨਾਲ ਮਤਰੇਈ ਮਾਂ ਵਾਲਾ ਸਲੂਕ ਕਰਦੀ



ਰਹੀ ਹੈ।ਉਨ੍ਹਾਂ ਕਿਹਾ ਕਿ ਸਾਨੂੰ ਤਾਂ ਇਹ ਆਸ ਸੀ ਸਾਡਾ ਪੰਜਾਬ ਦਾ ਬਣਦਾ ਹੱਕ ਸਾਨੂੰ ਦਿੱਤਾ ਜਾਵੇਗਾ ਪਰ ਇਹ ਤਾਂ ਉਲਟਾ 8500 ਕਿਊਸਕ ਪਾਣੀ ਹਰਿਆਣਾ ਨੂੰ ਛੱਡ ਕੇ ਪੰਜਾਬ ਨਾਲ ਹੋਰ ਧੱਕਾ ਕੀਤਾ ਹੈ ਜੋ ਅਸੀਂ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕਰਾਂਗੇ।ਉਨ੍ਹਾਂ ਕਿਹਾ ਕਿ ਪੰਜਾਬ ਸੂਬਾ ਇੱਕ ਖੇਤੀ ਪ੍ਰਧਾਨ ਸੂਬਾ ਹੈ ਇਸ ਲਈ ਸਾਨੂੰ ਪਾਣੀ ਦੀ ਜ਼ਿਆਦਾ ਜ਼ਰੂਰਤ ਹੈ ਅਤੇ ਜੇਕਰ ਧਰਤੀ ਹੇਠਲੇ ਪਾਣੀ ਦੇ ਪੱਧਰ ਦੀ ਗੱਲ ਕੀਤੀ ਜਾਵੇ, ਤਾਂ ਉਹ ਦਿਨੋਂ ਦਿਨ ਹੇਠਾਂ ਜਾਂ ਰਿਹਾ ਹੈ ਜਿਸ ਨਾਲ ਪੰਜਾਬ ਵਾਸੀ ਪਹਿਲਾਂ ਹੀ ਸੰਕਟ ਵਿੱਚੋਂ ਗੁਜ਼ਰ ਰਹੇ ਹਨ।ਉਨ੍ਹਾਂ ਕਿਹਾ ਕਿ ਅਸੀਂ ਪੰਜਾਬ ਦੇ ਪਾਣੀਆਂ 'ਤੇ ਡਾਕਾ ਨਹੀਂ ਵੱਜਣ ਦਿਆਂਗੇ ਚਾਹੇ ਇਸ ਲਈ ਸਾਨੂੰ ਕੋਈ ਵੀ ਕੁਰਬਾਨੀ ਕਿਉਂ ਨਾ ਕਰਨੀ ਪਵੇ। ਇਸ ਮੌਕੇ ਕੇਵਲ ਸਿੰਘ ਬਾਠ, ਚੇਅਰਮੈਨ ਮਨਜੀਤ ਸਿੰਘ ਝੰਨੇ, ਸਰਪੰਚ ਅਮਰੀਕ ਸਿੰਘ ਖੱਬੇ ਡੋਗਰਾ, ਸਰਪੰਚ ਹਰਦੇਵ ਸਿੰਘ ਰਾਜੇਵਾਲਾ ਖੂਹ, ਸਰਪੰਚ ਅੰਗਰੇਜ਼ ਸਿੰਘ ਕੱਦ ਗਿੱਲ, ਸਰਪੰਚ ਜੋਤੀ ਬਾਗੜੀਆਂ, ਵਿੱਕੀ ਕੱਦ ਗਿੱਲ, ਅਮਰਜੀਤ ਸਿੰਘ ਕੱਦ ਗਿੱਲ, ਸਰਪੰਚ ਸੋਨੀ ਸ਼ੇਖ ਫੱਤਾ, ਸੰਦੀਪ ਸਿੰਘ ਭੈਣੀ ਸਿੱਧਵਾਂ, ਕਰਤਾਰ ਸਿੰਘ ਕੱਲਾ, ਪ੍ਰਭਜੀਤ ਸਿੰਘ ਦੁੱਗਲ ਵਾਲ਼ਾ, ਲਖਵਿੰਦਰ ਸਿੰਘ ਜਹਾਂਗੀਰ, ਪ੍ਰਗਟ ਸਿੰਘ ਗ਼ੋਰੀ ਪੱਖੋਕੇ, ਸੰਮਤੀ ਮੈਂਬਰ ਕੰਵਰਪਾਲ ਸਿੰਘ ਪੱਖੋਕੇ, ਬੁੱਧ ਸਿੰਘ ਪੱਖੋਕੇ, ਗੁਰਭੇਜ ਸਿੰਘ ਪੱਖੋਕੇ, ਕਿਸ਼ਨ ਸਿੰਘ ਪੱਖੋਕੇ, ਮਲਕੀਤ ਸਿੰਘ ਪੱਖੋਕੇ, ਦਲਜੀਤ ਸਿੰਘ ਪੱਖੋਕੇ ਪੈਟਰੋਲ ਪੰਪ ਵਾਲੇ, ਕੰਵਲਜੀਤ ਸਿੰਘ ਮਾਣਾ ਪੱਖੋਕੇ, ਦਿਲਬਾਗ ਸਿੰਘ ਦੋਧੀ ਪੱਖੋਕੇ, ਸੁਖਚੈਨ ਸਿੰਘ ਪੱਖੋਕੇ, ਸਰਬਜੀਤ ਸਿੰਘ ਪੱਖੋਕੇ ਆਦਿ ਹਾਜ਼ਰ ਸਨ।

# ਹਰਿਆਣਾ ਨੂੰ ਵਾਧੂ ਪਾਣੀ ਛੱਡਣ ਦਾ ਫੈਸਲਾ ਪੰਜਾਬ ਨਾਲ ਧੱਕੇਸ਼ਾਹੀ



**ਝਬਾਲ (ਹਰਜਿੰਦਰ ਸਿੰਘ ਸੋਨੀ)**- ਕੁੱਲ ਹਿੰਦ ਕਿਸਾਨ ਸਭਾ ਨੇ ਬੀਬੀਐੱਮਬੀ ਵੱਲੋਂ ਹਰਿਆਣਾ ਨੂੰ ਫੌਰੀ ਵਾਧੂ ਪਾਣੀ ਛੱਡਣ ਦੇ ਫੈਸਲੇ ਨੂੰ ਪੰਜਾਬ ਨਾਲ ਧੱਕੇਸ਼ਾਹੀ ਕਰਾਰ ਦਿੰਦਿਆਂ ਕੇਂਦਰ ਦੀ ਭਾਜਪਾ ਸਰਕਾਰ ਤੇ ਕਿਸਾਨ ਅੰਦੋਲਨ ਕਾਰਨ ਪੰਜਾਬ ਨਾਲ ਕਿੜ ਕੱਢਣ ਦਾ ਦੋਸ਼ ਲਾਇਆ ਹੈ।ਜੱਥੇਬੰਦੀ ਨੇ ਦਰਿਆਈ ਪਾਣੀਆਂ ਦੇ ਮਸਲੇ ਨੂੰ ਰਿਪੇਰੀਅਨ ਸਿਧਾਂਤ ਅਨੁਸਾਰ ਹੱਲ ਕਰਨ ਦੀ ਲੋੜ ਉੱਪਰ ਜ਼ੋਰ ਦਿੰਦਿਆਂ ਮੰਗ ਕੀਤੀ ਕਿ ਹਰਿਆਣਾ, ਰਾਜਸਥਾਨ ਅਤੇ ਦਿੱਲੀ ਦੀਆਂ ਪਾਣੀ ਦੀਆਂ ਲੋੜਾਂ ਨੂੰ ਪੂਰਾ ਕਰਨ ਦਾ ਸਥਾਈ ਹੱਲ ਕੱਢਣ ਲਈ ਕੇਂਦਰ ਸਰਕਾਰ ਨੂੰ ਸ਼ਾਰਧਾ ਯਮੁਨਾ ਲਿੰਕ ਨਹਿਰ ਦੀ ਉਸਾਰੀ ਕਰਨ ਲਈ ਸਬੰਧਤ ਸੂਬਿਆਂ ਨਾਲ ਗੱਲਬਾਤ ਕਰਨ ਦੀ ਪਹਿਲਕਦਮੀ ਹੱਥ ਲੈਣ ਦਾ ਰਾਹ ਅਖਤਿਆਰ ਕਰਨਾ ਚਾਹੀਦਾ ਹੈ।ਪ੍ਰੈੱਸ ਨੂੰ ਬਿਆਨ ਜਾਰੀ ਕਰਦਿਆਂ ਕੁੱਲ ਹਿੰਦ ਕਿਸਾਨ ਸਭਾ ਦੇ ਸੂਬਾਈ ਵਰਕਿੰਗ ਪ੍ਰਧਾਨ ਮਹਾਂਬੀਰ ਸਿੰਘ ਗਿੱਲ, ਜ਼ਿਲਾ ਤਰਨ ਤਾਰਨ ਪ੍ਰਧਾਨ ਪੂਰਨ ਸਿੰਘ ਮਾੜੀਮੇਘਾ ਜ਼ਿਲਾ ਜਨਰਲ ਸਕੱਤਰ ਬਲਕਾਰ ਸਿੰਘ ਵਲਟੋਹਾ ਨੇ ਕਿਹਾ ਕਿ ਕੇਂਦਰ ਸਰਕਾਰ ਦੇ ਇਸ਼ਾਰੇ ਤੇ ਭਾਜਪਾ ਦੀਆਂ ਸਰਕਾਰਾਂ ਪੰਜਾਬ ਨਾਲ ਧੱਕੇਸ਼ਾਹੀ ਕਰ ਰਹੀਆਂ ਹਨ।ਉਨ੍ਹਾਂ ਕਿਹਾ ਕਿ ਤੱਥ ਸਪੱਸ਼ਟ ਕਰ ਰਹੇ ਹਨ ਕਿ ਹਰਿਆਣਾ ਆਪਣੇ ਹਿੱਸੇ ਦਾ ਪਾਣੀ ਵਰਤ ਚੁੱਕਾ ਹੈ।ਮਾਨਵੀ ਆਧਾਰ 'ਤੇ ਵੀ 4000 ਕਿਊਸਕ ਪਾਣੀ ਦਿੱਤਾ ਜਾ ਰਿਹਾ ਹੈ ਪਰ ਹੁਣ ਹੋਰ ਵਾਧੂ ਪਾਣੀ ਦੀ ਮੰਗ ਕਰਨਾ ਅਤੇ ਬੀਬੀਐੱਮਬੀ ਵੱਲੋਂ ਵਾਧੂ ਪਾਣੀ ਛੱਡਣ ਦਾ ਫੈਸਲਾ ਪੰਜਾਬ ਦੀਆਂ ਪਾਣੀ ਦੀਆਂ ਲੋੜਾਂ ਨੂੰ ਅਣਡਿੱਠ ਕਰਨ ਦੇ ਬਰਾਬਰ ਹੈ।ਕਿਸਾਨ ਆਗੂਆਂ ਨੇ ਕਿਹਾ ਕਿ ਕਿਸਾਨ ਅੰਦੋਲਨ ਕਾਰਨ ਕੇਂਦਰ ਦੀ ਭਾਜਪਾ ਸਰਕਾਰ ਪੰਜਾਬ ਨਾਲ ਲਗਾਤਾਰ ਮਤਰੇਈ ਮਾਂ ਵਾਲਾ ਸਲੂਕ ਕਰ ਰਹੀ ਹੈ ਜਿਸ ਕਾਰਨ ਇਹ ਧੱਕੇਸ਼ਾਹੀ ਕੀਤੀ ਜਾ ਰਹੀ ਹੈ।

# ਸਪੀਕਰ ਨੇ ਸ੍ਰੀ ਦਰਬਾਰ ਸਾਹਿਬ ਨੇੜੇ ਉੱਚੀਆਂ ਇਮਾਰਤਾਂ ਦੀ ਉਸਾਰੀ ਸਬੰਧੀ ਡੀਸੀ ਤੋਂ ਰਿਪੋਰਟ ਮੰਗੀ

**ਅੰਮ੍ਰਿਤਸਰ (ਨਰਿੰਦਰ ਜੀਤ ਸਿੰਘ)**- ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਅਖ਼ਬਾਰ ਵਿੱਚ ਪ੍ਰਕਾਸ਼ਿਤ ਇੱਕ ਖ਼ਬਰ 'ਤੇ ਤੁਰੰਤ ਕਾਰਵਾਈ ਕਰਦਿਆਂ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਤੋਂ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਦੇ ਨੇੜੇ ਬਣੀਆਂ/ਨਿਰਮਾਣ ਕੀਤੀਆਂ ਜਾ ਰਹੀਆਂ ਉੱਚੀਆਂ ਇਮਾਰਤਾਂ ਸਬੰਧੀ ਵਿਸਥਾਰਤ ਰਿਪੋਰਟ ਮੰਗੀ ਹੈ।ਇਸ ਸਬੰਧ ਵਿੱਚ ਉਨ੍ਹਾਂ ਨੇ ਡੀ. ਸੀ. ਅੰਮ੍ਰਿਤਸਰ ਨੂੰ ਤੱਥਾਂ ਦੀ ਚੰਗੀ ਤਰ੍ਹਾਂ ਜਾਂਚ ਕਰਨ ਅਤੇ ਮੌਜੂਦਾ ਸਥਿਤੀ ਬਾਰੇ ਦੱਸਣ ਲਈ ਕਿਹਾ।ਉਨ੍ਹਾਂ ਡੀ. ਸੀ. ਅੰਮ੍ਰਿਤਸਰ ਨੂੰ ਇਹ ਵੀ ਦੱਸਣ ਲਈ ਕਿਹਾ ਕਿ ਇਹ ਉਸਾਰੀਆਂ ਕਿਹੜੇ ਨਿਯਮਾਂ ਅਧੀਨ ਕੀਤੀਆਂ ਜਾ ਰਹੀਆਂ ਹਨ ਅਤੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਨੇੜੇ ਅਜਿਹੀਆਂ ਉੱਚੀਆਂ ਇਮਾਰਤਾਂ ਦੀ ਉਸਾਰੀ ਲਈ ਕਿਸ ਅਥਾਰਟੀ ਨੇ ਇਜਾਜ਼ਤ ਦਿੱਤੀ ਹੈ।

# ਦੋ ਜ਼ਿਲ੍ਹਿਆਂ ਦੀ ਟੌਪਰ ਜਪਜੀਤ ਕੌਰ ਬਣਨਾ ਚਾਹੁੰਦੀ ਏ ਜੱਜ

**ਤਰਨ ਤਾਰਨ (ਪ੍ਰਿਤਪਾਲ ਸਿੰਘ)**- ਪੰਜਾਬ ਚਿਲਡਰਨ ਅਕੈਡਮੀ ਤਰਨ ਤਾਰਨ ਦੀ 10ਵੀਂ ਕਲਾਸ ਦੀ ਵਿਦਿਆਰਥਣ ਜਪਜੀਤ ਕੌਰ ਜਿਸ ਨੇ 2025 ਵਿੱਚ ਹੋਈ ਇੰਡੀਅਨ ਸਰਟੀਫਿਕੇਟ ਫਾਰ ਸੈਕੰਡਰੀ



ਐਜੂਕੇਸ਼ਨ (ਆਈਸੀਐੱਸਈ) ਦੀ ਪ੍ਰੀਖਿਆ ਵਿਚੋਂ 98.6% ਫੀਸਦੀ ਨੰਬਰ ਪ੍ਰਾਪਤ ਕਰਕੇ ਪੰਜਾਬ ਦੇ ਦੋ ਜ਼ਿਲ੍ਹਿਆਂ ਤਰਨ ਤਾਰਨ ਤੇ ਅੰਮ੍ਰਿਤਸਰ ਤੋਂ ਟੌਪਰ ਹੋਣ ਦਾ ਮਾਣ ਪ੍ਰਾਪਤ ਕੀਤਾ ਜਿਸ ਨੇ ਸਕੂਲ਼ ਤੇ ਮਾਪਿਆਂ ਦਾ ਨਾਂਅ ਰੌਸ਼ਨ ਕੀਤਾ। ਅਕੈਡਮੀ ਦੇ ਐੱਮ ਡੀ ਹਰਮਨਪ੍ਰੀਤ ਸਿੰਘ ਤੇ ਪ੍ਰਿੰਸੀਪਲ ਮੈਡਮ ਸੰਧਿਆ ਖੰਨਾ ਵੱਲੋਂ ਵਿਦਿਆਰਥਣ ਜਪਜੀਤ ਕੌਰ ਨੂੰ ਸਨਮਾਨਿਤ ਕੀਤਾ। ਜਪਜੀਤ ਕੌਰ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਉਹ ਅੱਗੇ ਹੋਰ ਪੜ੍ਹਾਈ ਕਰਕੇ ਜੱਜ ਬਣਨਾ ਚਾਹੁੰਦੀ ਹੈ ਤੇ ਲੋਕਾਂ ਸੇਵਾ ਕਰਨਾ ਚਾਹੁੰਦੀ ਹੈ। ਇਸ ਮੌਕੇ ਐੱਮ ਡੀ ਹਰਮਨਪ੍ਰੀਤ ਸਿੰਘ ਤੇ ਪ੍ਰਿੰਸੀਪਲ ਮੈਡਮ ਸੰਧਿਆ ਨੇ ਵਿਦਿਆਰਥੀਆਂ ਨੂੰ ਹੋਰ ਸਖ਼ਤ ਮਿਹਨਤ ਕਰਨ ਲਈ ਪ੍ਰੇਰਿਆ। ਬਾਕੀ ਆਏ ਸਾਰੇ ਬੱਚਿਆਂ ਨੂੰ ਵਧਾਈ ਦਿੱਤੀ। ਇਸ ਮੌਕੇ ਸੁਪਰਵਾਈਜ਼ਰ ਮੈਡਮ ਪ੍ਰੇਰਨਾ ਤੇ ਦਸਵੀਂ ਕਲਾਸਾਂ ਦੇ ਟੀਚਰਜ਼ ਹਾਜ਼ਰ ਸਨ।

# ਏਜੀਸੀ ਵੱਲੋਂ ਪਿੰਡ ਕਿਸ਼ਨਪੁਰਾ (ਰਾਜੇਵਾਲ) 'ਚ ਦਵਾਈ ਵੰਡ ਕੈਂਪ ਆਯੋਜਿਤ

**ਜੰਡਿਆਲਾ ਗੁਰੂ (ਹਰਿੰਦਰਪਾਲ ਸਿੰਘ)**- ਅੰਮ੍ਰਿਤਸਰ ਗਰੁੱਪ ਆਫ ਕਾਲਜਿਜ਼ (ਏਜੀਸੀ) ਦੇ ਐੱਨਐੱਸਐੱਸ ਵਿੰਗ ਨੇ ਕੇਵੀਆਈ ਐਜੂਕੇਸ਼ਨ ਐਂਡ ਵੈੱਲਫੇਅਰ ਸੋਸਾਇਟੀ ਅਤੇ ਬਿਲੀਅਨ ਹਾਰਟਸ ਬੀਟਿੰਗ ਫਾਊਂਡੇਸ਼ਨ



ਦੇ ਸਹਿਯੋਗ ਨਾਲ ਬੀਤੇ ਦਿਨੀਂ ਕਿਸ਼ਨਪੁਰਾ (ਰਾਜੇਵਾਲ) 'ਚ ਦਵਾਈ ਵੰਡ ਕੈਂਪ ਦਾ ਆਯੋਜਨ ਕੀਤਾ।ਇਹ ਕੈਂਪ ਏਜੀਸੀ ਦੇ ਲਗਾਤਾਰ ਚੱਲ ਰਹੇ ਸਮਾਜਿਕ ਭਲਾਈ ਕੰਮਾਂ ਦਾ ਹਿੱਸਾ ਸੀ, ਜਿਸ ਦਾ ਉਦੇਸ਼ ਪੇਂਡੂ ਖੇਤਰਾਂ ਵਿੱਚ ਸਿਹਤ ਸਹੂਲਤਾਂ ਨੂੰ ਮਜ਼ਬੂਤ ਕਰਨਾ ਅਤੇ ਪੱਛੜੇ ਵਰਗਾਂ ਨੂੰ ਸਹਿਯੋਗ ਪ੍ਰਦਾਨ ਕਰਨਾ ਸੀ।ਕੈਂਪ ਦੌਰਾਨ ਪਿੰਡ ਵਾਸੀਆਂ ਦੀ ਸਿਹਤ ਦੀ ਜਾਂਚ ਕੀਤੀ ਗਈ ਅਤੇ ਉਨ੍ਹਾਂ ਨੂੰ ਲੋੜੀਂਦੀਆਂ ਮੁਫ਼ਤ ਦਵਾਈਆਂ ਪ੍ਰਦਾਨ ਕੀਤੀਆਂ ਗਈਆਂ।ਏਜੀਸੀ ਦੇ ਪ੍ਰਿੰਸੀਪਲ ਡਾ. ਗੌਰਵ ਤੇਜਪਾਲ ਨੇ ਕਿਹਾ ਕਿ ਇਸ ਤਰ੍ਹਾਂ ਦੇ ਉਪਰਾਲੇ ਪੇਂਡੂ ਖੇਤਰਾਂ ਵਿੱਚ ਸਿਹਤ ਸੇਵਾਵਾਂ ਵਿੱਚ ਸੁਧਾਰ ਲਿਆਉਣ ਅਤੇ ਵਿਦਿਆਰਥੀਆਂ ਵਿੱਚ ਸਮਾਜਿਕ ਜ਼ਿੰਮੇਵਾਰੀ ਦੀ ਭਾਵਨਾ ਵਿਕਸਿਤ ਕਰਨ ਲਈ ਅਤਿ ਜ਼ਰੂਰੀ ਹਨ।ਉਨ੍ਹਾਂ ਨੇ ਐੱਨਐੱਸਐੱਸ ਵਲੰਟੀਅਰਾਂ ਅਤੇ ਫੈਕਲਟੀ ਕੋਆਰਡੀਨੇਟਰਾਂ ਦੇ ਯੋਗਦਾਨ ਦੀ ਵੀ ਖੁੱਲ੍ਹ ਕੇ ਪ੍ਰਸ਼ੰਸਾ ਕੀਤੀ।

# ਵਿਦਿਆਰਥੀਆਂ ਨੂੰ ਟਰੇਡ ਸੰਬੰਧੀ ਜਾਣਕਾਰੀ ਦੇਣ ਲਈ ਸੱਤ ਰੋਜ਼ਾ ਟ੍ਰੇਨਿੰਗ ਲਗਾਈ

**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**- ਪੀ. ਐੱਮ. ਸ਼੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕਾਦੀਆਂ ਵਿੱਚ ਚੱਲ ਰਹੀ ਐੱਨ. ਐੱਸ. ਕਿਊ. ਐੱਫ ਟ੍ਰੇਡ (ਟੈਲੀਕਾਮ) ਤਹਿਤ ਬਾਰ੍ਹਵੀਂ ਜਮਾਤ ਦੇ



ਵਿਦਿਆਰਥੀਆਂ ਦੀ ਆਨ ਜਾਬ ਸੱਤ ਦਿਨਾ ਟ੍ਰੇਨਿੰਗ ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾ ਕਾਦੀਆਂ ਵਿਖੇ ਲਗਵਾਈ ਗਈ ਜਿਸ ਵਿੱਚ ਸਰਕਾਰੀ ਉਦਯੋਗਿਕ ਸੰਸਥਾ ਕਾਦੀਆਂ ਦੇ ਪ੍ਰਿੰਸੀਪਲ ਅਤੇ ਸਮੂਹ ਸਟਾਫ ਵੱਲੋਂ ਵਿਦਿਆਰਥੀਆਂ ਨੂੰ ਟਰੇਡ ਨਾਲ ਸਬੰਧਤ ਮਹੱਤਵਪੂਰਨ ਜਾਣਕਾਰੀ ਦਿੱਤੀ ਗਈ ਅਤੇ ਵਿਦਿਆਰਥੀਆਂ ਵੱਲੋਂ ਵੀ ਇਸ ਟ੍ਰੇਨਿੰਗ ਨੂੰ ਭਰਵਾਂ ਹੁੰਗਾਰਾ ਦਿੱਤਾ ਗਿਆ ਅਤੇ ਟਰੇਡ ਨਾਲ ਸਬੰਧਤ ਜਾਣਕਾਰੀ ਨੂੰ ਸੁਚਾਰੂ ਢੰਗ ਤਰੀਕੇ ਨਾਲ ਪ੍ਰਾਪਤ ਕੀਤਾ ਗਿਆ।ਇਸ ਆਪ ਜਾਬ ਟ੍ਰੇਨਿੰਗ ਨਾਲ ਸਬੰਧਤ ਲੋੜੀਂਦੇ ਪ੍ਰਬੰਧ ਸਕੂਲ ਮੁਖੀ ਪ੍ਰਿੰਸੀਪਲ ਡਾ. ਸੁਨੀਤਾ ਕੌਸ਼ਲ ਅਤੇ ਵੋਕੇਸ਼ਨਲ ਟ੍ਰੇਨਰ ਮਲਕੀਤ ਸਿੰਘ ਵੱਲੋਂ ਕੀਤੇ ਗਏ ਅਤੇ ਵਿਦਿਆਰਥੀਆਂ ਨੂੰ ਕਿੱਤਾ ਮੁਖੀ ਕੋਰਸ ਅਪਨਾਉਣ ਲਈ ਉਤਸ਼ਾਹਿਤ ਕੀਤਾ ਗਿਆ।

# ਰਜਿੰਦਰ ਸਿੰਘ ਰੂਬੀ ਨੂੰ ਸ੍ਰੀ ਹਰਿਮੰਦਰ ਸਾਹਿਬ ਵਿਖੇ ਮੈਨੇਜਰ ਬਣਨ 'ਤੇ ਵਧਾਈਆਂ

**ਸਰਾਏ ਅਮਾਨਤ ਖਾਂ (ਮੱਖਣ ਮਨੋਜ)**- ਪਿਛਲੇ ਕਾਫੀ ਸਮੇਂ ਤੋਂ ਸ਼੍ਰੋਮਣੀ ਕਮੇਟੀ ਵਿਚ ਵੱਖ-ਵੱਖ ਸ਼੍ਰੋਮਣੀ ਕਮੇਟੀ ਦੇ ਅਦਾਰਿਆਂ ਵਿਚ ਇਮਾਨਦਾਰੀ ਤੇ ਮਿਹਨਤ ਨਾਲ ਸੇਵਾ ਨਿਭਾ ਰਹੇ ਮੀਤ ਮੈਨੇਜਰ ਰਜਿੰਦਰ ਸਿੰਘ ਰੂਬੀ ਨੂੰ ਉਨ੍ਹਾਂ ਦੀਆਂ ਸੇਵਾਵਾਂ ਨੂੰ ਵੇਖਦਿਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਵੱਲੋਂ ਤਰੱਕੀ ਦਿੰਦਿਆਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਮੈਨੇਜਰ ਲਾਉਣ 'ਤੇ ਸਾਬਕਾ ਸਰਪੰਚ ਵਰਿੰਦਰਜੀਤ ਸਿੰਘ ਹੀਰਾਪੁਰ, ਸਾਬਕਾ ਸਰਪੰਚ ਪ੍ਰੀਤ ਇੰਦਰ ਸਿੰਘ



ਚੀਨੀਆਂ, ਸਾਬਕਾ ਸਰਪੰਚ ਹਰਦਿਆਲ ਸਿੰਘ ਝਬਾਲ, ਚੇਅਰਮੈਨ ਹਰਵੰਤ ਸਿੰਘ ਝਬਾਲ, ਸਾਬਕਾ ਸਰਪੰਚ ਗੁਰਵਿੰਦਰ ਸਿੰਘ ਬਾਬਾ ਲੰਗਾਹ, ਸੁਖਜਿੰਦਰ ਸਿੰਘ ਕਸੇਲ, ਚੇਅਰਮੈਨ ਗੁਰਬੀਰ ਸਿੰਘ ਝਬਾਲ, ਸਾਬਕਾ ਸਰਪੰਚ ਜਸਬੀਰ ਸਿੰਘ ਸਵਰਗਾਪੁਰੀ, ਗੁਰਦੁਆਰਾ ਇੰਸਪੈਕਟਰ ਦਿਲਬਾਗ ਸਿੰਘ, ਸਾਬਕਾ ਮੈਨੇਜਰ ਸਤਨਾਮ ਸਿੰਘ ਝਬਾਲ ਨੇ ਉਨ੍ਹਾਂ ਨੂੰ ਵਧਾਈ ਦਿੱਤੀ। ਸਾਬਕਾ ਸਰਪੰਚ ਵਰਿੰਦਰਜੀਤ ਸਿੰਘ ਹੀਰਾਪੁਰ ਨੇ ਕਿਹਾ ਕਿ ਉਨ੍ਹਾਂ ਦਾ ਝਬਾਲ ਪੁਹੰਚਣ ਤੇ ਇਲਾਕੇ ਦੇ ਪੰਚਾ ਸਰਪੰਚਾਂ ਵਲੋਂ ਉਨ੍ਹਾਂ ਨੂੰ ਸਨਮਾਨਿਤ ਕੀਤਾ ਜਾਵੇਗਾ।

# ਖਾਲਸਾ ਕਾਲਜ ਆਫ ਲਾਅ ਦੇ ਵਿਦਿਆਰਥੀਆਂ ਵੱਲੋਂ ਸ਼ਾਨਦਾਰ ਨਤੀਜੇ ਹਾਸਲ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**- ਖ਼ਾਲਸਾ ਕਾਲਜ ਆਫ਼ ਲਾਅ ਦੇ ਵਿਦਿਆਰਥੀਆਂ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵੱਲੋਂ ਲਏ ਗਏ ਵੱਖ-ਵੱਖ ਇਮਤਿਹਾਨਾਂ 'ਚ ਸ਼ਾਨਦਾਰ ਨਤੀਜੇ ਪ੍ਰਾਪਤ ਕਰਕੇ ਕਾਲਜ ਅਤੇ ਮਾਪਿਆਂ ਦਾ ਨਾਮ ਰੌਸ਼ਨ ਕੀਤਾ ਹੈ।ਡਾਇਰੈਕਟਰ-ਕਮ-ਪ੍ਰਿੰਸੀਪਲ ਡਾ. ਜਸਪਾਲ ਸਿੰਘ ਨੇ ਵਿਦਿਆਰਥੀਆਂ ਨੂੰ ਵਧੀਆ ਨਤੀਜੇ ਹਾਸਲ ਕਰਨ 'ਤੇ ਵਧਾਈ ਦਿੰਦਿਆਂ ਆਪਣੇ ਦਫ਼ਤਰ ਵਿਖੇ ਸਟਾਫ਼ ਦੀ ਹਾਜ਼ਰੀ 'ਚ ਮੂੰਹ ਮਿੱਠਾ



ਕਰਵਾਇਆ।ਡਾ. ਜਸਪਾਲ ਸਿੰਘ ਨੇ ਦੱਸਿਆ ਕਿ ਉਕਤ ਯੂਨੀਵਰਸਿਟੀ ਵੱਲੋਂ ਲਈ ਗਈ ਬੀ. ਏ. ਐੱਲ. ਐੱਲ. ਬੀ. (5 ਸਾਲਾ ਕੋਰਸ) ਸਮੈਸਟਰ 7ਵਾਂ ਦੇ ਹੋਏ ਇਮਤਿਹਾਨਾਂ 'ਚੋਂ ਦਿਸ਼ਾ ਅਤੇ ਪ੍ਰੀਯਾ ਵਸ਼ਿਸ਼ਟ ਨੇ ਕੁਲ 500 ਅੰਕਾਂ 'ਚੋਂ 366 ਅੰਕ ਅਤੇ 361 ਅੰਕਾਂ ਨਾਲ ਯੂਨੀਵਰਸਿਟੀ 'ਚੋਂ ਦੂਜਾ ਅਤੇ ਚੌਥਾ ਸਥਾਨ ਹਾਸਲ ਕੀਤਾ।ਉਨ੍ਹਾਂ ਕਿਹਾ ਕਿ ਬੀ. ਕਾਮ. ਐੱਲ. ਐੱਲ. ਬੀ. (5 ਸਾਲਾ ਕੋਰਸ) ਸਮੈਸਟਰ 9ਵਾਂ ਦੀਆਂ ਵਿਦਿਆਰਥਣਾਂ ਪ੍ਰਨੀਤ ਕੌਰ ਅਤੇ ਸੰਜਨਾ ਨੇ ਕੁਲ 500 ਅੰਕਾਂ 'ਚੋਂ 365 ਅੰਕਾਂ ਨਾਲ 'ਵਰਸਿਟੀ 'ਚੋਂ ਦੂਜਾ ਸਥਾਨ, ਸੁਭਾਂਕਸ਼ੀ ਠਾਕੁਰ ਨੇ 362 ਅੰਕਾਂ ਨਾਲ ਤੀਜਾ ਸਥਾਨ ਅਤੇ ਸਚਿਆਰ ਸਿੰਘ ਨੇ 361 ਅੰਕਾਂ ਨਾਲ ਚੌਥਾ ਸਥਾਨ, ਬੀ. ਕਾਮ. ਐੱਲ. ਐੱਲ. ਬੀ. (5 ਸਾਲਾ ਕੋਰਸ) ਸਮੈਸਟਰ 5ਵਾਂ ਦੇ ਹੋਏ ਇਮਤਿਹਾਨਾਂ 'ਚੋਂ ਕਾਲਜ ਵਿਦਿਆਰਥਣਾਂ ਮਾਨਯਾ ਸੈਣੀ ਨੇ ਕੁਲ 600 ਅੰਕਾਂ 'ਚੋਂ 441 ਅੰਕਾਂ ਨਾਲ ਯੂਨੀਵਰਸਿਟੀ 'ਚੋਂ ਪਹਿਲਾ ਸਥਾਨ, ਕਮਲਪ੍ਰੀਤ ਕੌਰ ਨੇ 435 ਅੰਕਾਂ ਨਾਲ ਚੌਥਾ ਸਥਾਨ ਹਾਸਲ ਕੀਤਾ।ਉਨ੍ਹਾਂ ਕਿਹਾ ਕਿ ਕਾਲਜ ਦੇ ਹੋਰਨਾਂ ਵਿਦਿਆਰਥੀਆਂ 'ਚ ਐੱਲ. ਐੱਲ. ਬੀ. (3 ਸਾਲਾ ਕੋਰਸ) ਸਮੈਸਟਰ ਤੀਜਾ ਦੀ ਵਿਦਿਆਰਥਣ ਨੈਨਸੀ ਨੇ 500 ਅੰਕਾਂ 'ਚੋਂ 365 ਅੰਕ ਪ੍ਰਾਪਤ ਕਰਕੇ ਯੂਨੀਵਰਸਿਟੀ 'ਚੋਂ ਦੂਜਾ ਸਥਾਨ, ਐੱਲ. ਐੱਲ. ਬੀ. (3 ਸਾਲਾ ਕੋਰਸ) ਸਮੈਸਟਰ 5ਵਾਂ ਦੇ ਹੋਏ ਇਮਤਿਹਾਨਾਂ 'ਚੋਂ ਕਾਲਜ ਵਿਦਿਆਰਥੀਆਂ ਰਾਘਵ ਮਹਾਜਨ, ਸ਼ੁਭਮ ਮਿੱਤਲ ਅਤੇ ਚਿਰਾਗ ਪੁਰੀ ਨੇ ਕੁਲ 500 ਅੰਕਾਂ 'ਚੋਂ ਕ੍ਰਮਵਾਰ 357 ਅੰਕਾਂ ਨਾਲ ਤੀਜਾ ਸਥਾਨ, 357 ਅੰਕਾਂ ਨਾਲ ਤੀਜਾ ਸਥਾਨ ਅਤੇ 354 ਅੰਕਾਂ ਨਾਲ ਯੂਨੀਵਰਸਿਟੀ 'ਚੋਂ ਚੌਥਾ ਸਥਾਨ ਹਾਸਲ ਕਰਕੇ ਕਾਲਜ ਦਾ ਮਾਣ ਵਧਾਇਆ ਹੈ।ਇਸ ਮੌਕੇ ਡਾ. ਗੁਨੀਸ਼ਾ ਸਲੂਜਾ, ਡਾ. ਸੀਮਾ ਰਾਣੀ, ਡਾ. ਰਾਸ਼ੀਮਾ, ਡਾ. ਰੇਨੂ ਸੈਣੀ, ਡਾ. ਦਿਵਿਆ ਸ਼ਰਮਾ, ਡਾ. ਪਵਨਦੀਪ ਕੌਰ, ਡਾ. ਅਨੀਤਾ, ਡਾ. ਗੁਰਜਿੰਦਰ ਕੌਰ, ਡਾ. ਮੋਹਿਤ ਸੈਣੀ, ਡਾ. ਸ਼ਿਵਨ ਸਰਪਾਲ, ਪ੍ਰੋ. ਸੁਗਮ, ਡਾ. ਹਰਜੋਤ ਕੌਰ, ਪ੍ਰੋ. ਹੇਮਾ, ਉਤਕਰਸ਼ ਸੇਠ, ਡਾ. ਪੁਰਨਿਮਾ ਖੰਨਾ, ਡਾ. ਅਨੀਤਾ, ਪ੍ਰੋ. ਜਸਦੀਪ ਸਿੰਘ ਆਦਿ ਹਾਜ਼ਰ ਸਨ।

# ਹੈੱਡ ਟੀਚਰ ਰਜਵਿੰਦਰਪਾਲ ਕੌਰ ਬਿਹਤਰ ਸਿੱਖਿਆ ਸੇਵਾਵਾਂ ਲਈ ਸਨਮਾਨਿਤ

**ਬਟਾਲਾ (ਡਾ. ਮਲਵਿੰਦਰ ਸਿੰਘ)**- ਹੈੱਡ ਟੀਚਰ ਰਜਵਿੰਦਰਪਾਲ ਕੌਰ ਸਟੇਟ ਐਵਾਰਡੀ ਨੂੰ ਮਾਣਯੋਗ ਰਾਜਪਾਲ ਪੰਜਾਬ ਗੁਲਾਬ ਚੰਦ ਕਟਾਰੀਆ ਅਤੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਵੱਲੋਂ ਸਨਮਾਨਿਤ ਕੀਤਾ ਗਿਆ। ਇਸ ਮੌਕੇ ਜਾਣਕਾਰੀ ਦਿੰਦੇ ਹੋਏ ਹੈੱਡ ਟੀਚਰ ਰਜਿੰਦਰਪਾਲ ਕੌਰ ਨੇ ਦੱਸਿਆ ਕਿ ਬੀਤੇ ਦਿਨੀਂ ਇੱਕ ਨਿੱਜੀ ਚੈਨਲ ਵੱਲੋਂ ਚੰਡੀਗੜ੍ਹ 'ਸਿੱਖਿਆ ਸੰਮੇਲਨ 2025 ਤਾਲੀਮ' ਕਰਵਾਇਆ ਗਿਆ, ਜਿਸ ਵਿੱਚ ਮਾਣਯੋਗ ਰਾਜਪਾਲ ਗੁਲਾਬ ਚੰਦ ਕਟਾਰੀਆਂ ਵੱਲੋਂ ਮੁੱਖ ਮਹਿਮਾਨ ਅਤੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਵੱਲੋਂ ਵਿਸ਼ੇਸ਼ ਮਹਿਮਾਨ ਦੇ ਤੌਰ 'ਤੇ ਸ਼ਿਰਕਤ ਕੀਤੀ ਗਈ। ਇਸ ਮੌਕੇ ਚੱਲੇ ਲਾਈਵ ਪ੍ਰੋਗਰਾਮ ਵਿੱਚ ਗੱਲਬਾਤ ਕਰਦਿਆਂ ਹੈੱਡ ਟੀਚਰ ਰਾਜਵਿੰਦਰਪਾਲ ਕੌਰ ਨੇ ਸਰਕਾਰੀ ਸਕੂਲ ਨੂੰ ਸਮਾਰਟ ਬਣਾਉਣ ਦੇ ਤਜਰਬੇ ਸਾਂਝੇ ਕੀਤੇ। ਜ਼ਿਕਰਯੋਗ ਹੈ ਕਿ ਮੈਡਮ ਰਾਜਵਿੰਦਰ ਪਾਲ ਕੌਰ ਵੱਲੋਂ ਨਿੱਜੀ ਤੌਰ 'ਤੇ ਆਪਣੇ ਰਿਸ਼ਤੇਦਾਰਾਂ ਤੋਂ ਲੱਖਾਂ ਰੁਪਏ ਦਾਨ ਕਰਵਾ ਕੇ ਅਤੇ ਪਿੰਡ ਵਾਸੀਆਂ ਤੋਂ ਉਗਰਾਹੀ ਕਰਕੇ ਸਰਕਾਰੀ ਸਕੂਲ ਨੂੰ ਸਮਾਰਟ ਸਕੂਲ



ਬਣਾਇਆ ਹੈ। ਇਸ ਦੌਰਾਨ ਉਨ੍ਹਾਂ ਆਪਣੇ ਸਮੁੱਚੇ ਸਟਾਫ਼ ਅਤੇ ਪਿੰਡ ਵਾਸੀਆਂ ਦਾ ਸਹਿਯੋਗ ਦੇਣ ਲਈ ਧੰਨਵਾਦ ਕੀਤਾ। ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਰਾਜੇਸ਼ ਕੁਮਾਰ ਸ਼ਰਮਾਂ ਸਟੇਟ ਐਵਾਰਡੀ, ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਪਰਮਜੀਤ, ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਡਾ. ਅਨਿਲ ਸ਼ਰਮਾ ਤੇ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਗੁਰਇਕਬਾਲ ਸਿੰਘ ਗੋਰਾਇਆ ਨੇ ਸ਼ੁੱਭਕਾਮਨਾਵਾਂ ਦਿੱਤੀਆਂ। ਇਸ ਮੌਕੇ ਸਕੂਲ ਸਟਾਫ਼ ਸਰੋਜ ਬਾਲਾ, ਰੇਨੂੰ ਬਾਲਾ, ਮਨਪ੍ਰੀਤ ਕੌਰ, ਸੁਰਿੰਦਰ ਕੌਰ ਤੇ ਆਂਗਣਵਾੜੀ ਵਰਕਰ ਕੁਲਵਿੰਦਰ ਕੌਰ ਹਾਜ਼ਰ ਸਨ।

# ਪੰਪ ਉਪਰੇਟਰਾਂ ਦੀਆਂ ਦੋ ਮਹੀਨੇ ਦੀਆਂ ਰੁਕੀਆਂ ਤਨਖਾਹਾਂ ਤੁਰੰਤ ਪਾਉਣ ਦੀ ਮੰਗ


**ਬਟਾਲਾ (ਤਰਲੋਕ ਬੱਗਾ)**- ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਬਟਾਲਾ ਦੇ ਆਗੂਆਂ ਰਮੇਸ਼ ਤਾਲੋਤਰਾ, ਨਿਸ਼ਾਨ ਸਿੰਘ ਜੌੜਾਸੰਘਾ, ਹਰਜੀਤ ਸਿੰਘ, ਸੁਖਵਿੰਦਰ ਸਿੰਘ ਅਤੇ ਗੁਰਪ੍ਰੀਤ ਸਿੰਘ



ਰੰਗੀਲਪੁਰ ਨੇ ਪੰਜਾਬ ਸਰਕਾਰ ਤੋਂ ਜਲ ਸਪਲਾਈ ਵਿਭਾਗ ਦੇ ਇਨਲਿਸਟਮੈਂਟ ਕਾਮਿਆਂ (ਪੰਪ ਉਪਰੇਟਰਾਂ) ਦੀਆਂ ਪਿਛਲੇ ਦੋ ਮਹੀਨੇ ਤੋਂ ਬਿਨਾਂ ਕਾਰਨ ਰੁਕੀਆਂ ਤਨਖਾਹਾਂ ਪਾਉਣ ਦੀ ਮੰਗ ਕੀਤੀ। ਆਗੂਆਂ ਕਿਹਾ ਕਿ ਤਨਖਾਹਾਂ ਨਾ ਪੈਣ ਕਰਕੇ ਇਨਲਿਸਟਮੈਂਟ ਕਾਮੇ (ਪੰਪ ਉਪਰੇਟਰ) ਆਰਥਿਕ ਤੰਗੀ ਦੇ ਨਾਲ ਨਾਲ ਮਾਨਸਿਕ ਤੰਗੀ ਵੀ ਝੱਲ ਰਹੇ ਹਨ। ਉਨ੍ਹਾਂ ਪੰਜਾਬ ਸਰਕਾਰ ਤੋਂ ਮੰਗ ਕਰਕੇ ਬਿਨਾਂ ਕਾਰਨ ਦੋ ਮਹੀਨੇ ਦੀਆਂ ਰੁਕੀਆਂ ਤਨਖਾਹਾਂ ਜਾਰੀ ਕਰਨ ਅਤੇ ਇਨਲਿਸਟਮੈਂਟ ਪੰਪ ਉਪਰੇਟਰਾਂ ਦੀ ਆਰਥਿਕ ਅਤੇ ਮਾਨਸਿਕ ਤੰਗੀ ਦੂਰ ਕਰਨ ਦੀ ਮੰਗ ਕੀਤੀ। ਆਗੂਆਂ ਪੰਜਾਬ ਸਰਕਾਰ ਤੋਂ ਇਨਵਾਂ ਕੱਚੇ ਕਾਮਿਆਂ ਨੂੰ ਪੂਰੇ ਲਾਭਾਂ ਸਮੇਤ ਰੈਗੂਲਰ ਕਰਨ ਦੀ ਵੀ ਮੰਗ ਕੀਤੀ। ਇਸ ਮੌਕੇ ਜਤਿੰਦਰ ਸਿੰਘ, ਅਵਤਾਰ ਸਿੰਘ, ਬਲਜੀਤ ਸਿੰਘ ਆਦਿ ਹਾਜ਼ਰ ਸਨ।

# ਟੈਗੋਰ ਕਾਲਜ ਆਫ ਐਜੂਕੇਸ਼ਨ ਫਾਰ ਵੂਮੈਨ ਦਾ ਬੀ.ਐੱਡ. ਦਾ ਨਤੀਜਾ ਸ਼ਾਨਦਾਰ

**ਗੁਰਦਾਸਪੁਰ (ਦਿਨੇਸ਼ ਕੁਮਾਰ)**- ਟੈਗੋਰ ਕਾਲਜ ਆਫ ਐਜੂਕੇਸ਼ਨ ਫਾਰ ਵੂਮੈਨ ਦਾ ਬੀ.ਐੱਡ. ਸਮੈਸਟਰ ਪਹਿਲਾ ਦਾ ਨਤੀਜਾ ਸ਼ਾਨਦਾਰ ਰਿਹਾ। ਕਾਲਜ ਦੇ ਚੇਅਰਮੈਨ ਰਵਿੰਦਰ ਸ਼ਰਮਾ ਨੇ ਦੱਸਿਆ



ਕਿ ਕਾਲਜ ਦੀ ਵਿਦਿਆਰਥੀ ਸਿਮਰਨਜੀਤ ਕੌਰ ਨੇ 83 ਪ੍ਰਤੀਸ਼ਤ ਅੰਕ ਲੈ ਕੇ ਪਹਿਲਾ, ਤਨੀਸ਼ਾ ਨੇ 81 ਪ੍ਰਤੀਸ਼ਤ ਅੰਕ ਲੈ ਕੇ ਦੂਸਰਾ, ਸੋਨਾਲੀ ਨੇ 79 ਪ੍ਰਤੀਸ਼ਤ ਅੰਕ ਲੈ ਕੇ ਤੀਸਰਾ, ਰਾਧਿਕਾ ਨੇ 78 ਪ੍ਰਤੀਸ਼ਤ ਅੰਕ ਲੈ ਕੇ ਚੌਥਾ ਅਤੇ ਅਲੀਸ਼ਾ ਤੁਲੀ ਨੇ 70 ਪ੍ਰਤੀਸ਼ਤ ਅੰਕ ਲੈ ਕੇ ਪੰਜਵਾਂ ਸਥਾਨ ਪ੍ਰਾਪਤ ਕੀਤਾ।ਇਸ ਤੋਂ ਇਲਾਵਾ ਸਾਰੇ ਵਿਦਿਆਰਥੀਆਂ ਨੇ 70 ਪ੍ਰਤੀਸ਼ਤ ਤੋਂ ਵੱਧ ਅੰਕ ਲੈ ਕੇ ਕਾਲਜ ਦਾ ਨਾਮ ਰੌਸ਼ਨ ਕੀਤਾ। ਕਾਲਜ ਦੇ ਚੇਅਰਮੈਨ ਰਵਿੰਦਰ ਸ਼ਰਮਾ ਨੇ ਵਿਦਿਆਰਥੀਆਂ ਅਤੇ ਮਾਪਿਆਂ ਨੂੰ ਵਧਾਈ ਦਿੱਤੀ ਅਤੇ ਵਿਦਿਆਰਥੀਆਂ ਨੂੰ ਅੱਗੇ ਹੋਰ ਮਿਹਨਤ ਕਰਨ ਲਈ ਨਿਰਦੇਸ਼ ਦਿੱਤਾ।

# ਪੰਜਾਬ ਸਰਕਾਰ ਨੇ ਉਸਾਰੀ ਅਤੇ ਇਮਾਰਤੀ ਕਿਰਤੀਆਂ ਦੀ ਭਲਾਈ ਲਈ ਕਈ ਉਪਰਾਲੇ ਕੀਤੇ : ਸ਼ੈਰੀ ਕਲਸੀ

**ਗੁਰਦਾਸਪੁਰ (ਜਨਕ ਮਹਾਜਨ)**- ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਨੇ ਕਿਰਤੀਆਂ ਦੀ ਭਲਾਈ ਲਈ ਅਤੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਲਈ ਕਈ ਪਹਿਲ ਕਦਮੀਆਂ ਕੀਤੀਆਂ ਹਨ ਅਤੇ ਕਈ ਭਲਾਈ ਸਕੀਮਾਂ ਚਲਾਈਆਂ ਜਾ ਰਹੀਆਂ ਹਨ। ਇਹ ਪ੍ਰਗਟਾਵਾ ਕਰਦਿਆਂ ਬਟਾਲਾ ਦੇ ਵਿਧਾਇਕ ਅਤੇ ਆਮ ਆਦਮੀ ਪਾਰਟੀ ਦੇ ਸੂਬਾ ਕਾਰਜਕਾਰੀ ਪ੍ਰਧਾਨ ਅਮਨ ਸ਼ੇਰ ਸਿੰਘ ਸ਼ੈਰੀ ਕਲਸੀ ਨੇ ਦੱਸਿਆ ਕਿ ਬਿਲਡਿੰਗ ਐਂਡ ਅਦਰ ਕੰਸਟਰੱਕਸ਼ਨ ਵਰਕਰਜ਼ ਵੈੱਲਫੇਅਰ ਬੋਰਡ ਵਲੋਂ 41



ਹਜ਼ਾਰ ਤੋਂ ਜ਼ਿਆਦਾ ਰਜਿਸਟਰਡ ਕਿਰਤੀਆਂ ਨੂੰ ਵੱਖ-ਵੱਖ ਸਕੀਮਾਂ ਤਹਿਤ ਪਿਛਲੇ ਵਿੱਤੀ ਸਾਲ ਵਿੱਚ ਕਰੀਬ 90 ਕਰੋੜ ਰੁਪਏ ਵੰਡੇ ਜਾ ਚੁੱਕੇ ਹਨ। ਇਸ ਵਿੱਚ ਸਭ ਤੋਂ ਵੱਧ 45 ਕਰੋੜ ਰੁਪਏ ਉਸਾਰੀ ਕਾਮਿਆਂ ਦੇ ਬੱਚਿਆਂ ਲਈ ਸਿੱਖਿਆ ਵਜ਼ੀਫ਼ਾ, ਐਕਸ-ਗ੍ਰੇਸ਼ੀਆ ਤਹਿਤ 28 ਕਰੋੜ ਰੁਪਏ, ਸਿਹਤ ਬੀਮਾ ਤੇ ਸਰਜਰੀ ਲਈ 11 ਕਰੋੜ ਰੁਪਏ ਅਤੇ ਬਾਲੜੀ ਤੋਹਫ਼ਾ ਸਕੀਮ ਤਹਿਤ 85 ਲੱਖ ਰੁਪਏ ਤੋਂ ਵੱਧ ਦੀ ਰਾਸ਼ੀ ਵੰਡੀ ਗਈ ਹੈ। ਇਸੇ ਤਰ੍ਹਾਂ ਲੇਬਰ ਵੈੱਲਫੇਅਰ ਬੋਰਡ ਵੱਲੋਂ ਵੀ ਇਸ ਸਮੇਂ ਦੌਰਾਨ 6,737 ਲਾਭ ਪਾਤਰੀਆਂ ਨੂੰ 17.15 ਕਰੋੜ ਰੁਪਏ ਜਾਰੀ ਕੀਤੇ ਗਏ ਹਨ। ਸ਼ੈਰੀ ਕਲਸੀ ਨੇ ਦੱਸਿਆ ਕਿ ਲੇਬਰ ਕਾਰਡ ਤੇ ਸਕੀਮਾਂ ਨਾਲ ਸਬੰਧਿਤ ਕਿਰਤੀਆਂ ਦੀਆਂ ਪੈਂਡਿੰਗ ਪਈਆਂ 80 ਹਜ਼ਾਰ ਅਰਜ਼ੀਆਂ ਦਾ ਜਨਵਰੀ ਤੋਂ ਅਪ੍ਰੈਲ ਤੱਕ ਦੇ 4 ਮਹੀਨਿਆਂ ਦੇ ਅੰਦਰ ਨਿਪਟਾਰਾ ਕਰ ਦਿੱਤਾ ਗਿਆ ਹੈ। ਪਹਿਲਾਂ ਇਹ ਗਿਣਤੀ 1 ਲੱਖ 10 ਹਜ਼ਾਰ ਸੀ ਜੋ ਕਿ ਹੁਣ ਸਿਰਫ਼ 30 ਹਜ਼ਾਰ ਰਹਿ ਗਈ ਹੈ। ਇਸ ਤੋਂ ਇਲਾਵਾ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਦੇ ਤਹਿਤ 1 ਲੱਖ 30 ਹਜ਼ਾਰ ਉਸਾਰੀ ਕਾਮਿਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਕਵਰ ਕੀਤਾ ਗਿਆ ਹੈ। ਇਸ ਯੋਜਨਾ ਤਹਿਤ ਪ੍ਰਤੀ ਪਰਿਵਾਰ ਗੰਭੀਰ ਬਿਮਾਰੀਆਂ ਦੇ ਇਲਾਜ ਲਈ 5 ਲੱਖ ਰੁਪਏ ਤੱਕ ਦਾ ਸਿਹਤ ਬੀਮਾ ਮਿਲਦਾ ਹੈ। ਜਿਸ ਵਿੱਚ ਦਿਲ ਦੀ ਦੇਖਭਾਲ, ਕੈਂਸਰ ਦਾ ਇਲਾਜ, ਨਿਊਰੋ ਸਰਜਰੀ, ਆਰਥੋਪੀਡਿਕ (ਹੱਡੀਆਂ) ਸਰਜਰੀਆਂ ਅਤੇ ਡਾਇਲੈਸਿਸ ਅਤੇ ਗੁਰਦੇ ਦੀ ਦੇਖਭਾਲ ਸ਼ਾਮਲ ਹੈ। ਉਨ੍ਹਾਂ ਨੇ ਪੰਜਾਬ ਦੇ ਉਨ੍ਹਾਂ ਸਾਰੇ ਕਿਰਤੀਆਂ ਨੂੰ, ਜਿਹੜੇ ਮਜ਼ਦੂਰੀ ਜਾਂ ਹੋਰ ਉਸਾਰੀ ਦਾ ਕੰਮ ਕਰਦੇ ਹਨ ਅਤੇ ਜਿਨ੍ਹਾਂ ਨੇ ਇੱਕ ਸਾਲ ਵਿੱਚ 90 ਦਿਨ ਤੋਂ ਵੱਧ ਕੰਮ ਕੀਤਾ ਹੈ, ਨੂੰ ਅਪੀਲ ਕੀਤੀ ਹੈ ਕਿ ਉਹ ਖ਼ੁਦ ਨੂੰ ਬਿਲਡਿੰਗ ਐਂਡ ਅਦਰ ਕੰਸਟਰੱਕਸ਼ਨ ਬੋਰਡ ਨਾਲ ਰਜਿਸਟਰ ਕਰਵਾਉਣ ਤਾਂ ਜੋ ਇਸ ਅਧੀਨ ਮਿਲਣ ਵਾਲੇ ਲਾਭਾਂ ਨੂੰ ਉਹ ਪ੍ਰਾਪਤ ਕਰ ਸਕਣ। ਇਹ ਰਜਿਸਟਰੇਸ਼ਨ ਸੇਵਾ ਕੇਂਦਰ ਵਿੱਚ ਜਾ ਕੇ ਜਾਂ ਗੂਗਲ ਪਲੇਅ ਸਟੋਰ ਤੇ 'ਕਿਰਤੀ ਸਹਾਇਕ ਐਪ' 'ਤੇ ਜਾ ਕੇ ਕਰਵਾਈ ਜਾ ਸਕਦੀ ਹੈ।

# ਲਖਬੀਰ ਸਿੰਘ ਸਮਰਾ ਪ੍ਰਧਾਨ ਤੇ ਬਲਵਿੰਦਰ ਸਿੰਘ ਗੁਰਾਇਆ ਸਰਪ੍ਰਸਤ ਬਣੇ

**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**- ਮਾਰਕੀਟ ਕਮੇਟੀ ਦਫ਼ਤਰ ਡੇਰਾ ਬਾਬਾ ਨਾਨਕ ਵਿਖੇ ਆੜ੍ਹਤੀ ਭਾਈਚਾਰੇ ਦੀ ਇੱਕ ਅਹਿਮ ਮੀਟਿੰਗ ਆੜ੍ਹਤੀ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਪਰਵਿੰਦਰ ਸਿੰਘ ਘਣੀਆਂ ਦੀ ਅਗਵਾਈ ਹੇਠ ਹੋਈ ਜਿਸ ਵਿੱਚ ਹਲਕਾ ਵਿਧਾਇਕ ਗੁਰਦੀਪ ਸਿੰਘ ਰੰਧਾਵਾ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਪਰਵਿੰਦਰ ਸਿੰਘ ਘਣੀਆਂ ਵੱਲੋਂ ਆੜ੍ਹਤੀ



ਯੂਨੀਅਨ ਡੇਰਾ ਬਾਬਾ ਨਾਨਕ ਦਾ ਪ੍ਰਧਾਨ ਬਣਾਉਣ ਲਈ ਲਖਬੀਰ ਸਿੰਘ ਸਮਰਾ ਅਤੇ ਯੂਨੀਅਨ ਦੇ ਸਰਪ੍ਰਸਤ ਵਜੋਂ ਬਲਵਿੰਦਰ ਸਿੰਘ ਗੁਰਾਇਆ ਦਾ ਨਾਮ ਪੇਸ਼ ਕੀਤਾ ਗਿਆ ਜਿਸ 'ਤੇ ਸਮੂਹ ਹਾਜ਼ਰ ਆੜ੍ਹਤੀਆਂ ਵੱਲੋਂ ਹੱਥ ਖੜ੍ਹੇ ਕਰਕੇ ਸਹਿਮਤੀ ਦਿੱਤੀ ਗਈ।ਇਸ ਮੌਕੇ ਨਵ ਨਿਯੁਕਤ ਪ੍ਰਧਾਨ ਲਖਬੀਰ ਸਿੰਘ ਸਮਰਾ ਅਤੇ ਸਰਪ੍ਰਸਤ ਬਲਵਿੰਦਰ ਸਿੰਘ ਗੁਰਾਇਆ ਦਾ ਹਲਕਾ ਵਿਧਾਇਕ ਗੁਰਦੀਪ ਸਿੰਘ ਰੰਧਾਵਾ ਤੇ ਸਮੂਹ ਆੜ੍ਹਤੀ ਭਾਈਚਾਰੇ ਵੱਲੋਂ ਮੂੰਹ ਮਿੱਠਾ ਕਰਵਾਇਆ ਤੇ ਹਾਰ ਪਾ ਕੇ ਸਵਾਗਤ ਕੀਤਾ ਗਿਆ।ਇਸ ਮੌਕੇ ਹਲਕਾ ਵਿਧਾਇਕ ਰੰਧਾਵਾ ਨੇ ਨਵੇਂ ਚੁਣੇ ਗਏ ਪ੍ਰਧਾਨ ਲਖਬੀਰ ਸਿੰਘ ਸਮਰਾ ਅਤੇ ਸਰਪ੍ਰਸਤ ਬਲਵਿੰਦਰ ਸਿੰਘ ਗੁਰਾਇਆ ਨੂੰ ਵਧਾਈ ਦਿੰਦਿਆਂ ਹੋਇਆਂ ਕਿਹਾ ਕਿ ਅੱਜ ਖ਼ੁਸ਼ੀ ਦੀ ਗੱਲ ਇਹ ਹੈ ਕਿ ਆੜ੍ਹਤੀ ਭਾਈਚਾਰੇ ਦੀ ਚੋਣ ਸਰਬਸੰਮਤੀ ਨਾਲ ਹੋਈ ਹੈ।ਉਨ੍ਹਾਂ ਕਿਹਾ ਕਿ ਆੜ੍ਹਤੀ ਭਾਈਚਾਰੇ ਤੇ ਕਿਸਾਨਾਂ ਨੂੰ ਮੰਡੀਆਂ ਵਿੱਚ ਕਿਸੇ ਵੀ ਤਰ੍ਹਾਂ ਦੀ ਕੋਈ ਮੁਸ਼ਕਿਲ ਪੇਸ਼ ਨਹੀਂ ਆਉਣ ਦਿੱਤੀ ਜਾਵੇਗੀ।ਉਨ੍ਹਾਂ ਕਿਹਾ ਕਿ ਆੜ੍ਹਤੀ ਭਾਈਚਾਰਾ ਆਪਣੇ ਕਾਰੋਬਾਰ ਵਿੱਚ ਪ੍ਰਫੁੱਲਤ ਹੋਵੇ ਤੇ ਸਮਾਜ ਦੀ ਸੇਵਾ ਇਸੇ ਤਰ੍ਹਾਂ ਕਰਦਾ ਰਹੇ।ਇਸ ਮੌਕੇ ਸਾਬਕਾ ਚੇਅਰਮੈਨ ਬਲਵਿੰਦਰ ਸਿੰਘ ਹਰੁਵਾਲ, ਆਪ ਆਗੂ ਹਰਜੀਤ ਸਿੰਘ ਠੇਠਰਕੇ, ਰਾਜੇਸ਼ ਕੁਮਾਰ ਬਿੱਟਾ, ਆੜ੍ਹਤੀ ਜਰਨੈਲ ਸਿੰਘ, ਅਮਨਬੀਰ ਸਿੰਘ ਹਰੁਵਾਲ, ਧਨਰਾਜ ਸਿੰਘ ਬਾਜਵਾ, ਕੁਲਦੀਪ ਸਿੰਘ ਭਿੰਡਾ, ਸੁਖਦੇਵ ਸਿੰਘ ਭੋਲਾ, ਅਮਰੀਕ ਸਿੰਘ ਕਾਹਲੋਂ, ਰਜਿੰਦਰ ਨਈਅਰ, ਬਲਕਾਰ ਸਿੰਘ ਫੌਜੀ, ਗੁਰਪਰਮਪਾਲ ਸਿੰਘ, ਤਰਲੋਚਨ ਸਿੰਘ ਸ਼ਾਹਪੁਰ ਗੁਰਾਇਆ, ਐਰੀ ਸ਼ਰਮਾ, ਅਮਰੀਕ ਸਿੰਘ ਬਾਜੇ ਚੱਕ, ਅਮਰਜੀਤ ਸਿੰਘ ਮੇਤਲਾ, ਰਣਦੀਪ ਸਿੰਘ ਸਮਰਾ, ਸੁਸ਼ਾਂਤ ਮਹਾਜਨ, ਕੁਲਵਿੰਦਰ ਸਿੰਘ ਕਾਦੀਆਂ, ਸਿਕੰਦਰ ਸਿੰਘ ਸਾਹਪੁਰ ਗੁਰਾਇਆ, ਰੇਸ਼ਮ ਸਿੰਘ ਪੱਡਾ, ਜੰਗ ਬਹਾਦਰ ਸਿੰਘ ਜੌੜੀਆਂ ਕਲਾਂ, ਗੁਰਪਾਲ ਸਿੰਘ ਸ਼ਾਹਪੁਰ ਜਾਜਨ, ਚੇਅਰਮੈਨ ਜਗਜੀਤ ਸਿੰਘ ਕਾਹਲੋਂ, ਸੁਰਿੰਦਰ ਸਿੰਘ ਸੈਕਟਰੀ ਮਾਰਕੀਟ ਕਮੇਟੀ, ਮੇਜਰ ਸਿੰਘ ਠੇਠਰਕੇ, ਹੈਪੀ ਸਰਪੰਚ ਬਹਿਲੋਲਪੁਰ, ਰਣਜੀਤ ਸਿੰਘ, ਨੀਰਜ ਕੁਮਾਰ, ਰਾਣਾ, ਰਜਿੰਦਰ ਸਿੰਘ ਬਾਜਵਾ, ਅਮਰਜੀਤ ਸ਼ਰਮਾ ਸਾਧਾਂਵਾਲੀ, ਗੁਲਜ਼ਾਰ ਮਸੀਹ ਪ੍ਰਧਾਨ ਲੇਬਰ ਯੂਨੀਅਨ ਸਮੇਤ ਸਮੁੱਚੇ ਆੜ੍ਹਤੀ ਭਾਈਚਾਰੇ ਦੇ ਲੋਕ ਹਾਜ਼ਰ ਸਨ।

4-MAY-PAGE-4.qxd 5/3/2025 11:09 PM Page 1



## ਟੀ ਐੱਸ ਯੂ ਵੱਲੋਂ ਸ਼ਿਕਾਗੋ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ



**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਟੈਕਨੀਕਲ ਸਰਵਿਸਿਜ਼ ਯੂਨੀਅਨ ਵੱਲੋਂ ਸਮੁੱਚੇ ਸਰਕਲ ਬਰਨਾਲਾ ਦੇ ਬਿਜਲੀ ਘਰਾਂ ਅੱਗੇ ਲਾਲ ਸੁਰਖ਼ ਫਰੇਰੇ ਲਹਿਰਾ ਕੇ ਮਈ ਦਿਵਸ ਦੇ ਸ਼ਹੀਦਾਂ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ ਗਈਆਂ।ਵੱਖ ਵੱਖ ਥਾਵਾਂ 'ਤੇ ਝੰਡੇ ਲਹਿਰਾਉਣ ਦੀ ਰਸਮ ਤੋਂ ਬਾਅਦ ਸੰਬੋਧਨ ਕਰਦਿਆਂ ਸਰਕਲ ਪ੍ਰਧਾਨ ਦਰਸ਼ਨ ਸਿੰਘ ਦਸੌਂਦਾ ਸਿੰਘ ਵਾਲਾ, ਸਰਕਲ ਸਕੱਤਰ ਕੁਲਵੀਰ ਸਿੰਘ ਠੀਕਰੀਵਾਲਾ, ਪ੍ਰਗਟ ਸਿੰਘ ਕੋਟਦੁੱਨਾ, ਹਰਬੰਸ ਸਿੰਘ ਮਾਨਕੀ ਤੇ ਬਲਵੰਤ ਸਿੰਘ ਬਰਨਾਲਾ ਨੇ ਮਈ ਦਿਵਸ ਦੀ ਵਿਰਾਸਤ ਤੋਂ ਜਾਣੂ ਕਰਵਾਇਆ।ਆਗੂਆਂ ਕਿਹਾ ਕਿ ਪਹਿਲੀ ਮਈ ਦਾ ਦਿਨ ਸਾਨੂੰ ਉਨ੍ਹਾਂ ਸਮਿਆਂ ਦੀ ਯਾਦ ਦਿਵਾਉਂਦਾ ਹੈ, ਜਦੋਂ ਮਜ਼ਦੂਰਾਂ ਕੋਲੋਂ 16-16 ਘੰਟੇ ਕੰਮ ਲਿਆ ਜਾਂਦਾ ਸੀ।ਵੱਖ ਵੱਖ ਦੇਸ਼ਾਂ ਦੇ ਮਜ਼ਦੂਰਾਂ ਨੇ ਅੱਠ ਘੰਟੇ ਕੰਮ ਦਿਹਾੜੀ ਦੀ ਮੰਗ ਉਠਾਉਣੀ ਸ਼ੁਰੂ ਕੀਤੀ ਤਾਂ ਕਿ ਉਹ ਅੱਠ ਘੰਟੇ ਆਰਾਮ ਕਰ ਸਕਣ ਤੇ ਬਾਕੀ ਅੱਠ ਘੰਟੇ ਪਰਿਵਾਰ ਲਈ ਜਾਂ ਮਨੋਰੰਜਨ ਦੇ ਤੌਰ 'ਤੇ ਹੋਰ ਸੋਚ ਵਿਚਾਰ ਲਈ ਸਮਾਂ ਬਿਤਾਅ ਸਕਣ।ਬੁਲਾਰਿਆਂ ਰੁਲਦੂ ਸਿੰਘ ਗੁੰਮਟੀ, ਭੋਲਾ ਸਿੰਘ ਗੁੰਮਟੀ, ਮੁਖਤਿਆਰ ਸਿੰਘ, ਰਜਿੰਦਰ ਸਿੰਘ, ਮਨਦੀਪ ਸਿੰਘ, ਜਸਕਰਨ ਸਿੰਘ, ਮਲਕੀਤ ਸਿੰਘ, ਜਗਸੀਰ ਸਿੰਘ, ਹਾਕਮ ਸਿੰਘ, ਕੁਲਵਿੰਦਰ ਸਿੰਘ, ਬੂਟਾ ਸਿੰਘ, ਗੁਰਮੇਲ ਸਿੰਘ, ਜਸਬੀਰ ਸਿੰਘ, ਜਰਨੈਲ ਸਿੰਘ ਨੇ 1 ਮਈ ਦੇ ਸ਼ਹੀਦਾਂ ਤੋਂ ਪ੍ਰੇਰਨਾ ਹਾਸਲ ਕਰਕੇ ਸੰਘਰਸ਼ਾਂ ਦਾ ਘੇਰਾ ਵਿਸ਼ਾਲ ਕਰਦਿਆਂ ਤਿੱਖੇ ਸੰਘਰਸ਼ਾਂ ਦੇ ਰਾਹ ਪੈਣ ਦੀ ਲੋੜ 'ਤੇ ਜ਼ੋਰ ਦਿੱਤਾ।

## ਪੈਨਸ਼ਨਰਜ਼ ਐਸੋਸੀਏਸ਼ਨ ਜਲਾਲਾਬਾਦ ਦੀ ਮਹੀਨਾਵਾਰ ਮੀਟਿੰਗ ਸੰਪੰਨ



**ਜਲਾਲਾਬਾਦ (ਜੀਤ ਕੁਮਾਰ)**-ਪੈਨਸ਼ਨਰਜ਼ ਐਸੋਸੀਏਸ਼ਨ ਜਲਾਲਾਬਾਦ ਦੀ ਮਹੀਨਾਵਾਰ ਮੀਟਿੰਗ ਪ੍ਰਧਾਨ ਬਲਬੀਰ ਸਿੰਘ ਪੁਆਰ ਦੀ ਪ੍ਰਧਾਨਗੀ ਹੇਠ ਪੈਨਸ਼ਨਰਜ਼ ਭਵਨ ਜਲਾਲਾਬਾਦ ਵਿਖੇ ਹੋਈ। ਇਸ ਮੀਟਿੰਗ ਦੀ ਕਾਰਵਾਈ ਗੁਰਦੀਪ ਸਿੰਘ ਛਾਬੜਾ ਨੇ ਬਾਖ਼ੂਬੀ ਨਿਭਾਈ। ਮੀਟਿੰਗ ਦੀ ਸ਼ੁਰੂਆਤ ਨਿਰਮਲਜੀਤ ਸਿੰਘ ਬਰਾੜ ਵੱਲੋਂ ਸ਼ੁਰੂ ਕਰਦਿਆ ਆਪਣੇ ਵਿਚਾਰ ਮੌਜੂਦਾ ਆਮ ਆਦਮੀ ਪਾਰਟੀ ਦੀ ਸਰਕਾਰ ਦੀ ਮੁਲਾਜ਼ਮ ਤੇ ਪੈਨਸ਼ਨਰਜ਼ ਵਿਰੋਧੀ ਅੜੀਅਲ ਵਿਹਾਰ ਦੀ ਪੁਰਜ਼ੋਰ ਸ਼ਬਦਾਂ ਵਿੱਚ ਨਿਖੇਧੀ ਕੀਤੀ। ਪੰਜਾਬ ਸਰਕਾਰ ਨੂੰ ਇਹ ਚੇਤਾਵਨੀ ਦਿੰਦੇ ਹੋਏ ਕਿਹਾ ਕਿ ਜੇਕਰ ਪੈਨਸ਼ਨਰਜ਼ ਤੇ ਮੁਲਾਜ਼ਮਾਂ ਦੀਆਂ ਹੱਕੀ ਤੇ ਜਾਇਜ਼ ਮੰਗਾਂ ਨੂੰ ਲਾਗੂ ਨਾ ਕੀਤਾ ਗਿਆ ਤਾਂ ਆਉਣ ਵਾਲੇ ਸਮੇਂ ਵਿੱਚ ਪੈਨਸ਼ਨਰਜ਼ ਸਾਥੀਆਂ ਵੱਲੋਂ ਪੰਜਾਬ ਪੱਧਰ ਤੇ ਵਿਸ਼ਾਲ ਤੇ ਪ੍ਰਭਾਵਸ਼ਾਲੀ ਰੈਲੀ ਕੀਤੀ ਜਾਵੇਗੀ, ਜਿਸ ਦੀ ਸਾਰੀ ਜ਼ੁੰਮੇਵਾਰੀ ਪੰਜਾਬ ਸਰਕਾਰ ਦੀ ਹੋਵੇਗੀ। ਇਸ ਮੌਕੇ ਰਾਜ ਕੁਮਾਰ ਲੱਧੂ ਵਾਲਾ ਨੇ ਆਪਣੇ ਵਿਚਾਰ ਮਜ਼ਦੂਰ ਦਿਹਾੜੇ ਦੀ ਮਹੱਤਤਾ ਬਾਰੇ ਪੇਸ਼ ਕੀਤੇ। ਸਰਪ੍ਰਸਤ ਦੇਸ ਰਾਜ ਗਾਂਧੀ ਤੇ ਦੇਸ ਰਾਜ ਕੰਬੋਜ ਨੇ ਪੇ ਕਮਿਸ਼ਨ ਦੀ ਮਹੱਤਤਾ ਬਾਰੇ ਆਪਣੇ ਵਿਚਾਰ ਪੇਸ਼ ਕਰਦਿਆਂ ਸਪੱਸ਼ਟ ਸ਼ਬਦਾਂ ਵਿੱਚ ਕਿਹਾ ਕਿ ਜੇਕਰ ਸਰਕਾਰ ਨੇ ਪੇ ਕਮਿਸ਼ਨ ਦੀ ਰਿਪੋਰਟ ਨੂੰ ਸਮੇਂ ਸਿਰ ਲਾਗੂ ਨਹੀਂ ਕਰਨਾ ਤਾਂ ਉਸ ਪੇ ਕਮਿਸ਼ਨ ਦੀ ਬਿਠਾਉਣ ਦੀ ਕੋਈ ਲੋੜ ਨਹੀਂ ਹੈ। ਪ੍ਰਧਾਨ ਬਲਬੀਰ ਸਿੰਘ ਪੁਆਰ ਨੇ ਸਰਕਾਰ ਦੀ ਪੈਨਸ਼ਨਰਜ਼ ਵਿਰੋਧੀ ਨੀਤੀਆਂ ਦੀ ਆਲੋਚਨਾ ਕਰਦਿਆਂ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਪੈਨਸ਼ਨਰਜ਼ ਆਪਣੇ ਹੱਕਾਂ ਲਈ ਸੰਘਰਸ਼ ਕਰਨ ਲਈ ਮਜਬੂਰ ਹੋਣਗੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਨਿਰਭੈ ਸਿੰਘ, ਅਸ਼ੋਕ ਮੌਜੀ, ਪ੍ਰਕਾਸ਼ ਦੋਸ਼ੀ, ਸਤੀਸ਼ ਚੁਰਾਇਆ ਨੇ ਵੀ ਸੰਬੋਧਨ ਕੀਤਾ।

## ਲਾਰੈਂਸ ਕਾਨਵੈਂਟ ਸਕੂਲ 'ਚ ਮਜ਼ਦੂਰ ਦਿਵਸ ਮਨਾਇਆ




**ਬਾਘਾ ਪੁਰਾਣਾ (ਮਨੀ ਸਿੰਗਲਾ)**-ਲਾਰੈਂਸ ਇੰਟਰਨੈਸ਼ਨਲ ਕਾਨਵੈਂਟ ਸਕੂਲ ਵਿੱਚ ਮਜ਼ਦੂਰ ਦਿਵਸ ਮਨਾਇਆ ਗਿਆ।ਸਵੇਰ ਦੀ ਸਭਾ ਵਿੱਚ ਵੱਖ-ਵੱਖ ਜਮਾਤਾਂ ਦੇ ਬੱਚਿਆਂ ਵੱਲੋਂ ਕਿਸਾਨਾਂ ਤੇ ਮਜ਼ਦੂਰਾਂ ਨੂੰ ਸਮਰਪਿਤ ਕਵਿਤਾਵਾਂ ਬੋਲੀਆਂ ਗਈਆਂ।ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਜੀਨਮ ਗਰਗ ਤੇ ਮਨੋਜ ਕੁਮਾਰ ਨੇ ਕਿਹਾ ਕਿ ਮਜ਼ਦੂਰ ਦਿਵਸ ਦੇ ਇਤਿਹਾਸ ਤੇ ਦੇਸ਼ ਵਿੱਚ ਮਜ਼ਦੂਰਾਂ ਦੀਆਂ ਪਰਿਸਥਿਤੀਆਂ ਦੇ ਬਾਰੇ ਵਿਦਿਆਰਥੀਆਂ ਨੂੰ ਜਾਣੂ ਕਰਵਾਇਆ ਗਿਆ।ਉਨ੍ਹਾਂ ਨੇ ਦੱਸਿਆ ਕਿ ਹਰ ਸਾਲ 1 ਮਈ ਨੂੰ ਪੂਰੀ ਦੁਨੀਆ ਵਿੱਚ ਅੰਤਰਰਾਸ਼ਟਰੀ ਮਜ਼ਦੂਰ ਦਿਵਸ ਮਨਾਇਆ ਜਾਂਦਾ ਹੈ।ਇਸ ਮੌਕੇ ਪ੍ਰਿੰਸੀਪਲ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਦੱਸਿਆ ਕਿ ਸ਼ਿਕਾਗੋ ਦੇ ਮਜ਼ਦੂਰ ਯੂਨੀਅਨ ਨੇ ਕੰਮ ਦਾ ਸਮਾਂ 8 ਘੰਟੇ ਤੋਂ ਜ਼ਿਆਦਾ ਨਾ ਰੱਖਣ ਲਈ ਹੜਤਾਲ ਕੀਤੀ ਸੀ, ਜਿਸ ਨੂੰ ਪ੍ਰਸ਼ਾਸਨ ਵੱਲੋਂ ਹਿੰਸਾਤਮਕ ਢੰਗ ਨਾਲ ਦਬਾ ਦਿੱਤਾ ਗਿਆ ਤੇ ਇਸ ਹਿੰਸਾ ਵਿੱਚ ਕਈ ਮਜ਼ਦੂਰ ਸ਼ਹੀਦ ਹੋ ਗਏ।ਇਸ ਤੋਂ ਬਾਅਦ ਪੈਰਿਸ ਵਿੱਚ 1889 ਵਿੱਚ ਅੰਤਰਰਾਸ਼ਟਰੀ ਸਮਾਜਵਾਦੀ ਸੰਮੇਲਨ ਵਿੱਚ ਐਲਾਨ ਕੀਤਾ ਗਿਆ ਕਿ ਹੇਮਾਰਕਿਟ ਕਤਲੇਆਮ ਵਿੱਚ ਮਾਰੇ ਗਏ ਨਿਰਦੋਸ਼ ਲੋਕਾਂ ਦੀ ਯਾਦ ਵਿੱਚ 1 ਮਈ ਨੂੰ ਅੰਤਰਰਾਸ਼ਟਰੀ ਮਜ਼ਦੂਰ ਦਿਵਸ ਦੇ ਰੂਪ ਵਿੱਚ ਮਨਾਇਆ ਜਾਵੇਗਾ।ਇਸ ਦਿਨ ਸਾਰੇ ਮਜ਼ਦੂਰਾਂ ਤੇ ਕਰਮਚਾਰੀਆਂ ਨੂੰ ਛੁੱਟੀ ਰਹੇਗੀ।ਇਸ ਦਿਨ ਨੂੰ ਮਨਾਉਣ ਦੀ ਮਹੱਤਤਾ ਮਜ਼ਦੂਰਾਂ ਦਾ ਸਨਮਾਨ ਕਰਨ ਤੇ ਉਨ੍ਹਾਂ ਦੇ ਅਧਿਕਾਰਾਂ ਪ੍ਰਤੀ ਉਨ੍ਹਾਂ ਨੂੰ ਜਾਗਰੂਕ ਕਰਨਾ ਹੈ।ਇਹ ਉਨ੍ਹਾਂ ਮਿਹਨਤੀ ਲੋਕਾਂ ਨੂੰ ਸ਼ਰਧਾਂਜਲੀ ਦੇਣ ਦਾ ਮੌਕਾ ਹੈ, ਜਿਨ੍ਹਾਂ ਨੇ ਸਮਾਜ ਦੇ ਵਿਕਾਸ 'ਚ ਅਹਿਮ ਭੂਮਿਕਾ ਨਿਭਾਈ ਹੈ।ਪ੍ਰਿੰਸੀਪਲ ਨੇ ਵਿਦਿਆਰਥੀਆਂ ਨੂੰ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਇਹ ਗਤੀਵਿਧੀਆਂ ਨਾ ਸਿਰਫ਼ ਨੌਜਵਾਨਾਂ ਵਿੱਚ ਉਤਸੁਕਤਾ ਪੈਦਾ ਕਰਦੀਆਂ ਹਨ, ਸਗੋਂ ਉਨ੍ਹਾਂ ਲੋਕਾਂ ਦੇ ਹੌਸਲੇ ਵੀ ਵਧਾਉਂਦੀਆਂ ਹਨ, ਜੋ ਪਰਦੇ ਪਿੱਛੇ ਨਿਰਸਵਾਰਥ ਹੋ ਕੇ ਕੰਮ ਕਰਦੇ ਹਨ।ਇਸ ਮੌਕੇ ਸਕੂਲ ਦਾ ਸਮੂਹ ਸਟਾਫ ਹਾਜ਼ਰ ਰਿਹਾ।

## ਬਾਬਾ ਫਰੀਦ ਲਾਅ ਕਾਲਜ ਦੇ ਵਿਦਿਆਰਥੀ ਟ੍ਰੇਜ਼ਰ ਹੰਟ ਮੁਕਾਬਲੇ 'ਚ ਅੱਵਲ



**ਫਰੀਦਕੋਟ (ਐਲਿਗਜੈਂਡਰ ਡਿਸੂਜ਼ਾ)**- ਬਾਬਾ ਫਰੀਦ ਲਾਅ ਕਾਲਜ ਫਰੀਦਕੋਟ ਵਿੱਚ ਮਾਨਯੋਗ ਚੇਅਰਮੈਨ ਸਵ. ਸ. ਇੰਦਰਜੀਤ ਸਿੰਘ ਖਾਲਸਾ ਦੀ ਅਗਾਂਹਵਧੂ ਸੋਚ ਨੂੰ ਅੱਗੇ ਵਧਾਉਂਦੇ ਹੋਏ ਸ. ਸਿਮਰਜੀਤ ਸਿੰਘ ਸੇਖੋਂ ਦੀ ਰਹਿਨੁਮਾਈ ਤੇ ਪ੍ਰਿੰਸੀਪਲ ਡਾ. ਪੰਕਜ ਕੁਮਾਰ ਗਰਗ ਦੀ ਅਗਵਾਈ ਹੇਠ ਕਾਲਜ ਦੇ ਅਸਿਸਟੈਂਟ ਪ੍ਰੋਫੈਸਰ ਮਿਸ ਹਰਕਿਰਨ ਕੌਰ ਜੱਸੀ ਬੀ.ਏ.ਐੱਲ.ਐੱਲ.ਬੀ ਭਾਗ-ਤੀਜਾ ਦੇ ਵਿਦਿਆਰਥੀਆਂ ਦੀ ਟੀਮ ਗੁਰੂ ਕਾਂਸ਼ੀ ਯੂਨੀਵਰਸਿਟੀ ਬਠਿੰਡਾ ਵਿਖੇ ਕਰਵਾਏ ਯੂਥ ਫੈਸਟ 2025 ਵਿੱਚ ਲੈ ਕੇ ਗਏ। ਇਸ ਦੌਰਾਨ ਕਾਲਜ ਦੇ ਵਿਦਿਆਰਥੀ ਸਹਿਜਪਾਲ ਕੌਰ, ਚਾਹਤ ਸੂਦ ਤੇ ਆਂਚਲਦੀਪ ਕੌਰ ਦੀ ਟੀਮ ਜੇਤੂ ਰਹੀ ਅਤੇ ਗਗਨਦੀਪ ਕੌਰ, ਜਤਿੰਦਰ ਕੌਰ ਤੇ ਸੰਦੀਪ ਕੌਰ ਦੀ ਟੀਮ ਰਨਰਅੱਪ ਰਹੀ। ਮੁਕਾਬਲੇ ਦੇ ਅੰਤ ਵਿੱਚ ਕਾਲਜ ਦੇ ਜੇਤੂ ਵਿਦਿਆਰਥੀਆਂ ਨੂੰ ਨਕਦ ਇਨਾਮ ਤੇ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ। ਵਿਦਿਆਰਥੀਆਂ ਦੇ ਕਾਲਜ ਪਹੁੰਚਣ 'ਤੇ ਕਾਲਜ ਦੇ ਪ੍ਰਿੰਸੀਪਲ ਡਾ. ਪੰਕਜ ਕੁਮਾਰ ਗਰਗ ਨੇ ਖੁਸ਼ੀ ਪ੍ਰਗਟ ਕਰਦੇ ਹੋਏ ਕਿਹਾ ਕਿ ਬਾਬਾ ਫਰੀਦ ਲਾਅ ਕਾਲਜ ਦੇ ਵਿਦਿਆਰਥੀਆਂ ਨੇ ਹਰ ਖੇਤਰ ਵਿੱਚ ਆਪਣੀ ਕਲਾ ਦੇ ਜੌਹਰ ਦਿਖਾਏ ਹਨ। ਉਨ੍ਹਾਂ ਜੇਤੂ ਵਿਦਿਆਰਥੀਆਂ ਨੂੰ ਵਧਾਈਆਂ ਦਿੱਤੀਆਂ। ਉਨ੍ਹਾਂ ਮਾਨਯੋਗ ਚੇਅਰਮੈਨ ਸਾਹਿਬ, ਮੈਨੇਜਿੰਗ ਕਮੇਟੀ ਮੈਂਬਰ ਸਾਹਿਬਾਨ, ਸਮੂਹ ਸਟਾਫ ਤੇ ਵਿਦਿਆਰਥੀਆਂ ਦਾ ਸਹਿਯੋਗ ਦੇਣ ਲਈ ਧੰਨਵਾਦ ਕੀਤਾ। ਇਸ ਮੌਕੇ ਇੰਚਾਰਜ ਅਕੈਡਮਿਕ ਡਾ. ਨਵਜੋਤ ਕੌਰ ਵੀ ਮੌਜੂਦ ਰਹੇ।

## ਐੱਸ ਡੀ ਐੱਮ ਗਗਨਦੀਪ ਸਿੰਘ ਦਾ ਸਨਮਾਨ



**ਬਠਿੰਡਾ (ਰਾਜੀਵ ਗੋਇਲ)**- ਦਿਆਲਪੁਰਾ ਮਿਰਜ਼ਾ ਵਿਖੇ ਨਵੀਂ ਚੁਣੀ ਗਈ ਸਮੂਹ ਪੰਚਾਇਤ ਤੇ ਪਿੰਡ ਵਾਸੀਆਂ ਵੱਲੋਂ ਵਾਹੀਯੋਗ ਜ਼ਮੀਨ ਦੀ ਮਿਣਤੀ ਕਰਕੇ ਮੁਰੱਬਾਬੰਦੀ ਵਾਲੇ ਨਵੇਂ ਪੱਥਰ ਲਗਾਉਣ ਦੀ ਸ਼ੁਰੂਆਤ ਕੀਤੀ ਗਈ ਹੈ।ਇਸ ਕੰਮ ਦੀ ਅਗਵਾਈ ਐਸ.ਡੀ.ਐਮ ਫੂਲ ਗਗਨਦੀਪ ਸਿੰਘ ਵੱਲੋਂ ਕੀਤੀ ਗਈ, ਜਿਨ੍ਹਾਂ ਦਾ ਦਿਆਲਪੁਰਾ ਮਿਰਜ਼ਾ ਪਹੁੰਚਣ 'ਤੇ ਸਮੂਹ ਪੰਚਾਇਤ ਵੱਲੋਂ ਨਿੱਘਾ ਸਵਾਗਤ ਕਰਦੇ ਹੋਏ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਗੁਰਸੇਵਕ ਸਿੰਘ ਸੋਨੀ, ਗੁਰਪਾਲ ਸਿੰਘ ਫੌਜੀ, ਹਰਜੀਤ ਸਿੰਘ ਸਿੱਧੂ, ਜਸਪਾਲ ਸਿੰਘ, ਤੀਰਥ ਸਿੰਘ ਸਿੱਧੂ, ਅਮਨਦੀਪ ਸਿੰਘ, ਗੁਰਦਰਸ਼ਨ ਸਿੰਘ ਪਟਵਾਰੀ, ਹਰਪ੍ਰੀਤ ਸਿੰਘ ਕਾਨੂੰਗੋ, ਜਰਨੈਲ ਸਿੰਘ ਹਾਜ਼ਰ ਸਨ।

## ਨਗਰ ਪਾਲਿਕਾ ਵਿਖੇ ਸ਼ਿਕਾਗੋ ਦੇ ਸ਼ਹੀਦਾਂ ਨੂੰ ਦਿੱਤੀਆਂ ਸ਼ਰਧਾਂਜਲੀਆਂ



**ਦੋਰਾਹਾ (ਹਰਮਿੰਦਰ ਸੇਠ)**- ਨਗਰ ਪਾਲਿਕਾ ਵਿਚ ਸ਼ਿਕਾਗੋ ਦੇ ਸ਼ਹੀਦਾਂ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ ਗਈਆਂ। ਇਸ ਮੌਕੇ ਸਫਾਈ ਸੇਵਕਾਂ ਤੇ ਹੋਰ ਟ੍ਰੇਡ ਯੂਨੀਅਨ ਆਗੂਆਂ ਨੂੰ ਸੰਬੋਧਨ ਕਰਦਿਆਂ ਟਰੇਡ ਯੂਨੀਅਨ ਆਗੂ ਸਾਥੀ ਕਰਮ ਸਿੰਘ ਜਟਾਣਾ ਨੇ ਕਿਹਾ ਕਿ ਅੱਜ ਜੋ ਦੇਸ਼ ਦੀ ਹਾਲਾਤ ਹੈ, ਇਸ ਲਈ ਜ਼ਿੰਮੇਵਾਰ ਕੇਂਦਰ ਦੀ ਭਾਜਪਾ ਸਰਕਾਰ ਹੈ, ਜੋ ਕਿ ਦੇਸ਼ ਦੇ ਲੋਕਾਂ ਨੂੰ ਧਰਮ ਦੇ ਨਾਂ 'ਤੇ ਵੰਡਿਆ ਤੇ ਧਰਮ ਦਾ ਓਟ ਆਸਰਾ ਲੈ ਕੇ ਆਪਣੇ ਕਾਰਪੋਰੇਟ ਮਿੱਤਰਾਂ ਨੂੰ ਫਾਇਦਾ ਪਹੁੰਚਾਇਆ ਜਾ ਰਿਹਾ ਹੈ ਤੇ ਨਾਲ ਹੀ ਕਾਰਪੋਰੇਟ ਘਰਾਣਿਆਂ ਦੇ ਹੱਥਾਂ ਵਿੱਚ ਦੇ ਦਿੱਤਾ। ਇਸ ਮੌਕੇ ਸਫਾਈ ਸੇਵਕਾਂ ਨੂੰ ਸੰਬੋਧਨ ਕਰਦਿਆਂ ਸਾਥੀ ਨੇ ਕਿਹਾ ਕਿ ਸਾਨੂੰ ਇੱਕਜੁੱਟ ਹੋ ਕੇ ਸਰਕਾਰ ਦੀਆਂ ਹਿਟਲਰਸ਼ਾਹੀ ਨੀਤੀਆਂ ਖਿਲਾਫ਼ ਸੰਘਰਸ਼ ਨੂੰ ਹੋਰ ਤਿੱਖਾ ਕਰਨ ਦੀ ਲੋੜ ਹੈ ਤਾਂ ਜੋ ਦੇਸ਼ ਨੂੰ ਬਚਾਇਆ ਜਾ ਸਕੇ। ਇਸ ਮੌਕੇ ਸਫਾਈ ਸੇਵਕਾਂ ਦੇ ਪ੍ਰਧਾਨ ਰਸ਼ਪਾਲ ਅਨਿਲ ਕੁਮਾਰ ਕੇਵੀ ਸਹੋਤਾ ਨੇ ਇਸ ਲਾਲ ਸੂਹੇ ਝੰਡੇ ਨੂੰ ਸਲਾਮੀ ਦਿੱਤੀ ਤੇ ਝੰਡਾ ਲਹਿਰਾਇਆ ਤੇ ਸ਼ਿਕਾਗੋ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਸਾਥੀ ਨਿਰੰਜਣ ਸਿੰਘ ਧੀਰ ਸਕੱਤਰ ਸੀ ਪੀ ਆਈ ਬਲਾਕ ਦੋਰਾਹਾ ਨੇ ਇਸ ਮੌਕੇ ਆਏ ਹੋਏ ਸਾਥੀਆਂ ਦਾ ਤੇ ਸਫਾਈ ਸੇਵਕਾਂ ਦਾ ਧੰਨਵਾਦ ਪ੍ਰਗਟ ਕਰਦੇ ਕਿਹਾ ਕਿ ਅੱਜ ਸਾਨੂੰ ਸਾਰਿਆਂ ਨੂੰ ਇੱਕਜੁੱਟ ਹੋ ਕੇ ਦੇਸ਼ ਲਈ ਲੜਾਈ ਲੜਨ ਲਈ ਤਿਆਰ ਰਹਿਣਾ ਚਾਹੀਦਾ ਹੈ। ਇਸ ਮੌਕੇ ਹਰਮਿੰਦਰ ਸਿੰਘ ਸੇਠ, ਪ੍ਰੈਸ ਸਕੱਤਰ ਸਵਰਨ ਸਿੰਘ ਮਟਕੂ, ਜਸਬੀਰ ਸਿੰਘ, ਰਕੇਸ਼ ਕੁਮਾਰ ਆਦਿ ਸਮੇਤ ਭਾਰੀ ਗਿਣਤੀ ਵਿੱਚ ਸਫਾਈ ਸੇਵਕਾਂ ਨੇ ਭਾਗ ਲਿਆ।

# ਕਿਸਾਨ ਜਥੇਬੰਦੀਆਂ ਵੱਲੋਂ ਡੀ ਸੀ ਦਫਤਰ ਅੱਗੇ ਰੋਸ ਪ੍ਰਦਰਸ਼ਨ



**ਮੋਗਾ (ਇਕਬਾਲ ਸਿੰਘ ਖਹਿਰਾ)**-ਮਜ਼ਦੂਰ ਕਿਸਾਨ ਮੋਰਚਾ ਤੇ ਸੰਯੁਕਤ ਕਿਸਾਨ ਮੋਰਚਾ (ਗੈਰ-ਰਾਜਨੀਤਕ) ਨਾਲ ਸੰਬੰਧਤ ਕਿਸਾਨ ਜਥੇਬੰਦੀਆਂ ਵੱਲੋਂ ਗੜ੍ਹੇਮਾਰੀ ਦੇ ਨਾਲ ਕਣਕ, ਸਬਜ਼ੀਆਂ ਅਤੇ ਚਾਰੇ ਤੇ ਅੱਗ ਲੱਗਣ ਕਰਕੇ ਖੜੀਆਂ ਕਣਕਾਂ ਦੇ ਹੋਏ ਨੁਕਸਾਨ ਸਬੰਧੀ ਡੀ ਸੀ ਮੋਗਾ ਨੂੰ ਮਿਲ ਕੇ ਪੰਜਾਬ ਸਰਕਾਰ ਦੇ ਨਾਮ 'ਤੇ ਮੰਗ ਪੱਤਰ ਸੌਂਪਿਆ ਗਿਆ। ਇਸ ਡੈਪੂਟੇਸ਼ਨ ਦੀ ਅਗਵਾਈ ਬੀ.ਕੇ.ਯੂ. (ਏਕਤਾ) ਆਜ਼ਾਦ ਦੇ ਆਗੂ ਲਖਬੀਰ ਸਿੰਘ, ਮਜ਼ਦੂਰ ਕਿਸਾਨ ਸੰਘਰਸ਼ ਕਮੇਟੀ ਦੇ ਆਗੂ ਗੁਰਦੇਵ ਸਿੰਘ ਸ਼ਾਹਵਾਲਾ ਤੇ ਰਾਣਾ ਰਣਬੀਰ ਸਿੰਘ ਸੂਬਾ ਜਰਨਲ ਸਕੱਤਰ, ਬੀ.ਕੇ.ਯੂ. ਕ੍ਰਾਂਤੀਕਾਰੀ ਦੇ ਸੂਬਾ ਮੀਤ ਪ੍ਰਧਾਨ ਗੁਰਦੀਪ ਸਿੰਘ ਵੈਰੋਕੇ ਤੇ ਆਤਮਾ ਸਿੰਘ ਜ਼ਿਲ੍ਹਾ ਪ੍ਰਧਾਨ ਸ਼ੇਰੇ ਪੰਜਾਬ ਨੇ ਕੀਤੀ। ਡੈਪੂਟੇਸ਼ਨ 'ਚ ਸ਼ਾਮਲ ਆਗੂਆਂ ਨੇ ਕਿਹਾ ਕਿ ਪਿਛਲੇ ਦਿਨੀਂ ਮੀਂਹ ਤੇ ਗੜ੍ਹੇਮਾਰੀ ਨਾਲ ਕਣਕ, ਸਬਜ਼ੀਆਂ ਤੇ ਚਾਰੇ ਦਾ ਕਾਫੀ ਨੁਕਸਾਨ ਹੋਇਆ ਹੈ। ਕਈ ਥਾਵਾਂ 'ਤੇ ਅੱਗ ਲੱਗਣ ਕਰਕੇ ਖੜੀਆਂ ਕਣਕਾਂ ਤੇ ਤੂੜੀ ਬਣਾਉਣ ਲਈ ਬਚੀ ਰਹਿੰਦ-ਖੂੰਹਦ ਸੜ ਕੇ ਸੁਆਹ ਹੋ ਗਈਆਂ ਸਨ। ਪੰਜਾਬ ਦਾ ਕਿਸਾਨ ਪਹਿਲਾਂ ਹੀ ਕਰਜ਼ੇ ਦੇ ਬੋਝ ਥੱਲੇ ਦੱਬਿਆ ਹੋਇਆ ਹੈ। ਸਰਕਾਰ ਇਸ ਹੋਏ ਨੁਕਸਾਨ ਦੀ ਭਰਪਾਈ ਕਰੇ। 19-20 ਮਾਰਚ ਨੂੰ ਪੰਜਾਬ ਸਰਕਾਰ ਨੇ ਕੇਂਦਰ ਸਰਕਾਰ ਦੀ ਮਿਲੀਭੁਗਤ ਨਾਲ ਵਿਸ਼ਵਾਸਘਾਤ ਕਰਕੇ ਸ਼ੰਭੂ, ਖਨੌਰੀ ਤੇ ਹੋਰਨਾਂ ਥਾਵਾਂ 'ਤੇ ਚੱਲ ਰਹੇ ਕਿਸਾਨ ਮੋਰਚਿਆਂ ਨੂੰ ਉਖੇੜਿਆ ਹੈ। ਕਰੋੜਾਂ ਰੁਪਈਆਂ ਦਾ ਧਰਨਾਕਾਰੀਆਂ ਦਾ ਸਾਮਾਨ ਟਰਾਲੀਆਂ, ਗੈਸ ਸਿਲੰਡਰ, ਟੈਂਟ, ਗੱਦੇ ਤੇ ਹੋਰ ਜ਼ਰੂਰੀ ਸਾਮਾਨ ਪੁਲਸ ਪ੍ਰਸ਼ਾਸਨ ਨੇ ਲੁੱਟਿਆ ਤੇ ਲੋਕਾਂ ਨੂੰ ਲੁਟਾਇਆ ਹੈ। ਪੰਜਾਬ ਸਰਕਾਰ ਉਸ ਪੂਰੇ ਨੁਕਸਾਨ ਦੀ ਭਰਪਾਈ ਕਰੇ। ਅੰਦੋਲਨਕਾਰੀ ਕਿਸਾਨਾਂ ਦੀ ਕੁੱਟਮਾਰ ਕਰਨ ਵਾਲੇ ਤੇ ਭੱਦੀ ਸ਼ਬਦਾਵਲੀ ਬਰਤਨ ਵਾਲੇ, ਪੁਲਸ ਅਧਿਕਾਰੀਆਂ ਖਾਸ ਕਰਕੇ ਸ਼ੰਭੂ ਥਾਣੇ ਦੇ ਐੱਸ ਐੱਚ ਓ ਵਿਰੁੱਧ ਸਖਤ ਕਾਨੂੰਨੀ ਕਾਰਵਾਈ ਕੀਤੀ ਜਾਵੇ।

ਡਿਪਟੀ ਕਮਿਸ਼ਨਰ ਮੋਗਾ ਨੇ ਵਫ਼ਦ ਨੂੰ ਵਿਸ਼ਵਾਸ ਦਵਾਇਆ ਕਿ ਉਹ ਉਨ੍ਹਾਂ ਦਾ ਮੰਗ ਪੱਤਰ ਸਰਕਾਰ ਨੂੰ ਭੇਜ ਦੇਣਗੇ। ਬਾਹਰ ਆ ਕੇ ਆਗੂਆਂ ਨੇ ਕਿਸਾਨਾਂ ਨੂੰ ਕਿਹਾ ਕਿ ਜੇਕਰ ਸਾਡੀਆਂ ਇਨ੍ਹਾਂ ਮੰਗਾਂ 'ਤੇ ਕੋਈ ਸਰਕਾਰ ਗੌਰ ਨਾ ਕੀਤਾ ਗਿਆ ਤਾਂ ਆਉਣ ਵਾਲੇ ਦਿਨ੍ਹਾਂ ਵਿੱਚ ਤਿੱਖਾ ਸੰਘਰਸ਼ ਵਿੱਢਣ ਲਈ ਤਿਆਰ ਰਹਿਣਾ ਚਾਹੀਦਾ ਹੈ।

## ਜਾਤੀ ਅਧਾਰਤ ਮਰਦਮਸ਼ੁਮਾਰੀ ਕਰਾਉਣਾ ਸ਼ਲਾਘਾਯੋਗ ਕਦਮ : ਕਾਲੀ ਪਾਇਲ



**ਦੋਰਾਹਾ (ਹਰਮਿੰਦਰ ਸੇਠ)**-ਫੂਲੇ ਸਾਹੂ ਅੰਬੇਡਕਰ ਲੋਕ ਜਗਾਓ ਮੰਚ ਦੇ ਪ੍ਰਧਾਨ ਗੁਰਦੀਪ ਸਿੰਘ ਕਾਲੀ ਨੇ ਜਾਤੀ ਅਧਾਰਤ ਜਨਗਣਨਾ ਕਰਵਾਉਣ ਲਈ ਕੇਂਦਰ ਸਰਕਾਰ ਵੱਲੋਂ ਜੋ ਐਲਾਨ ਕੀਤਾ ਹੈ, ਦਾ ਸਵਾਗਤ ਕੀਤਾ ਹੈ। ਉਹਨਾਂ ਅੱਗੇ ਕਿਹਾ ਕਿ ਭਾਰਤੀ ਸੰਵਿਧਾਨ ਇਹ ਗੱਲ ਕਹਿੰਦਾ ਹੈ ਕਿ ਭਾਰਤ ਦੇ ਹਰ ਇੱਕ ਨਾਗਰਿਕ ਨੂੰ ਭਾਰਤ ਦੇ ਕੁਦਰਤੀ ਅਤੇ ਗੈਰ ਕੁਦਰਤੀ ਸਾਧਨਾਂ ਵਿੱਚ ਬਰਾਬਰਤਾ ਦਾ ਹਿੱਸਾ ਮਿਲਣਾ ਚਾਹੀਦਾ ਹੈ ਉਹ ਤਦ ਹੀ ਹੋ ਸਕਦਾ ਹੈ ਕਿ ਦੇਸ਼ ਅੰਦਰ ਜਿੰਨੀਆਂ ਵੀ ਜਾਤੀਆਂ ਹਨ ਉਨ੍ਹਾਂ ਦੀ ਗਿਣਤੀ ਹੋਵੇ ਪਰੰਤੂ 75 ਸਾਲ ਤੋਂ ਬਣ ਰਹੀਆਂ ਸਰਕਾਰਾਂ ਜਾਤੀ ਅਧਾਰਤ ਜਨਗਣਨਾ ਦਾ ਰੌਲਾ ਪਾ ਕੇ ਸਿਰਫ ਵੋਟ ਬੈਂਕ ਦੀ ਰਾਜਨੀਤੀ ਕੀਤੀ ਹੈ ਪਰੰਤੂ ਇਸ ਦੀ ਜਾਤੀ ਅਧਾਰਤ ਗਿਣਤੀ ਨਹੀ ਕਰਵਾਈ ਕਿਉਂਕਿ ਉਹਨਾਂ ਨੂੰ ਪਤਾ ਹੈ ਕਿ ਅਗਰ ਜਾਤੀ ਅਧਾਰਤ ਜਨਗਣਨਾ ਹੁੰਦੀ ਹੈ ਤਾਂ ਇਥੇ ਦੇ 85% ਮੂਲਨਿਵਾਸੀ ਲੋਕਾਂ ਨੂੰ ਇਸ ਦਾ ਵੱਡਾ ਫਾਇਦਾ ਮਿਲੇਗਾ। ਲੰਮਾ ਸਮਾਂ ਕੇਂਦਰ ਵਿੱਚ ਕਾਂਗਰਸ ਸਰਕਾਰ ਰਹਿਣ ਦੇ ਬਾਵਜੂਦ ਉਹਨਾਂ ਨੇ ਇਹ ਜਾਤੀ ਅਧਾਰਤ ਜਨਗਣਨਾ ਨਹੀਂ ਕਰਵਾਈ ਜਦ ਤੋਂ ਬਾਮਸੇਫ ਨੇ ਭਾਰਤ ਪੱਧਰ 'ਤੇ ਜਾਤੀ ਅਧਾਰਤ ਜਨ ਗਣਨਾ ਦਾ ਅੰਦੋਲਨ ਚਲਾਇਆ ਹੈ, ਉਸ ਦਾ ਨਤੀਜਾ ਹੈ ਕਿ ਅੱਜ ਕੇਂਦਰ ਸਰਕਾਰ ਨੂੰ ਇਸ ਗੱਲ ਦਾ ਫੈਸਲਾ ਲੈਣਾ ਪਿਆ।

## ਪੈਨਸ਼ਨਰਾਂ ਵੱਲੋਂ ਕਸ਼ਮੀਰ ਘਾਟੀ ਦੇ ਮ੍ਰਿਤਕਾਂ ਨੂੰ ਸ਼ਰਧਾਂਜਲੀ



**ਲਹਿਰਾਗਾਗਾ (ਪਵਨ ਸ਼ਰਮਾ)**- ਪੈਨਸ਼ਨਰਜ਼ ਐਸੋਸੀਏਸ਼ਨ ਲਹਿਰਾਗਾਗਾ ਦੀ ਮਹੀਨੇਵਾਰ ਮੀਟਿੰਗ ਇੱਥੇ ਪੈਨਸ਼ਨਰਜ਼ ਹੋਮ ਵਿੱਚ ਜਰਨੈਲ ਸਿੰਘ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਭਾਰੀ ਸੰਖਿਆ ਵਿੱਚ ਪੈਨਸ਼ਨਰਾਂ ਨੇ ਹਿੱਸਾ ਲਿਆ।ਮੀਟਿੰਗ ਦੀ ਕਾਰਵਾਈ ਪ੍ਰੈੱਸ ਨੂੰ ਜਾਰੀ ਕਰਦਿਆਂ ਮਾਸਟਰ ਭਗਵਾਨ ਦਾਸ ਨੇ ਦੱਸਿਆ ਕਿ ਮੀਟਿੰਗ ਵਿੱਚ ਸ਼ਾਮਲ ਸਮੂਹ ਪੈਨਸ਼ਨਰਾਂ ਨੇ ਬੀਤੇ 22 ਅਪ੍ਰੈਲ ਨੂੰ ਕਸ਼ਮੀਰ ਘਾਟੀ ਵਿੱਚ ਅਣਪਛਾਤੇ ਦਹਿਸ਼ਤਗਰਦਾਂ ਵੱਲੋਂ ਅੰਨ੍ਹੇਵਾਹ ਗੋਲੀਆਂ ਚਲਾ ਕੇ 26 ਵਿਅਕਤੀਆਂ ਨੂੰ ਮਾਰ ਮੁਕਾਇਆ, ਜਿਨ੍ਹਾਂ ਨੂੰ ਦੋ ਮਿੰਟ ਦਾ ਮੋਨ ਧਾਰ ਕੇ ਸ਼ਰਧਾਂਜਲੀ ਭੇਟ ਕੀਤੀ ਗਈ।ਇਸ ਮੌਕੇ ਡਾਕਟਰ ਬਿਹਾਰੀ ਮੰਡੇਰ ਨੇ ਕਿਹਾ ਕਿ ਇਸ ਮੰਦਭਾਗੀ ਘਟਨਾ ਦੇ ਬਹਾਨੇ ਫਿਰਕੂ-ਫਾਸ਼ੀ ਤਾਕਤਾਂ ਵੱਲੋਂ ਮੁਸਲਿਮ ਭਾਈਚਾਰੇ ਤੇ ਕਸ਼ਮੀਰੀਆਂ ਖਿਲਾਫ਼ ਨਫਰਤੀ ਮੁਹਿੰਮ ਚਲਾ ਕੇ ਉਨ੍ਹਾਂ ਬੇਗੁਨਾਹਾਂ ਨੂੰ ਗੁਨਾਹਗਾਰ ਬਣਾ ਕੇ ਮਾਹੌਲ ਖਰਾਬ ਕੀਤਾ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਜੰਗ ਕਿਸੇ ਮਸਲੇ ਦਾ ਹੱਲ ਨਹੀਂ, ਸਗੋਂ ਜੰਗ ਤਾਂ ਖੁਦ ਇੱਕ ਖ਼ਤਰਨਾਕ ਮਸਲਾ ਹੈ।ਘਟਨਾ ਦੀ ਨਿਰਪੱਖ ਜਾਂਚ ਕਰਵਾ ਕੇ ਜ਼ੁੰਮੇਵਾਰਾਂ ਨੂੰ ਸਜ਼ਾ ਦਿੱਤੀ ਜਾਵੇ ਤੇ ਸੁਰੱਖਿਆ ਵਿੱਚ ਕੁਤਾਹੀ ਦੀ ਜ਼ੁੰਮੇਵਾਰੀ ਤੈਅ ਕੀਤੀ ਜਾਵੇ।ਮੀਟਿੰਗ ਵਿੱਚ ਰਤਨਪਾਲ ਡੂਡੀਆਂ, ਮਦਨ ਲਾਲ ਈਓ, ਰਣਜੀਤ ਲਹਿਰਾ, ਮਾਸਟਰ ਜਗਨ ਨਾਥ, ਗੱਜਣ ਸਿੰਘ ਆਦਿ ਆਗੂਆਂ ਨੇ ਪੈਨਸ਼ਨਰਾਂ ਨੂੰ ਦਰਪੇਸ਼ ਮਸਲਿਆਂ ਬਾਰੇ ਵਿਚਾਰ ਸਾਂਝੇ ਕੀਤੇ।

## ਮੈਡੀਕਲ ਪ੍ਰੈਕਟੀਸ਼ਨਰਾਂ ਦੇ ਨਸ਼ਿਆਂ ਤੇ ਭਰੂਣ ਹੱਤਿਆ ਵਿਰੁੱਧ ਕਾਰਜ ਸਲਾਹੁਣਯੋਗ : ਐੱਸ ਐੱਸ ਪੀ



**ਮੋਗਾ (ਇਕਬਾਲ ਸਿੰਘ ਖਹਿਰਾ)**-ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਪੰਜਾਬ ਜ਼ਿਲ੍ਹਾ ਮੋਗਾ ਦੀ ਜ਼ਰੂਰੀ ਮੀਟਿੰਗ ਜ਼ਿਲ੍ਹਾ ਚੇਅਰਮੈਨ ਬਲਦੇਵ ਸਿੰਘ ਧੂੜਕੋਟ, ਜ਼ਿਲ੍ਹਾ ਪ੍ਰਧਾਨ ਜਸਵੀਰ ਸਿੰਘ ਸਹਿਗਲ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਸੂਬਾ ਸਕੱਤਰ ਗੁਰਮੇਲ ਸਿੰਘ ਮਾਛੀਕੇ, ਜਨਰਲ ਸਕੱਤਰ ਰਾਜਿੰਦਰ ਸਿੰਘ ਲੋਪੋ, ਸਰਪ੍ਰਸਤ ਭਗਵੰਤ ਸਿੰਘ ਦੁਨੇਕੇ, ਸੂਬਾ ਕਮੇਟੀ ਮੈਂਬਰ ਸਵਰਨ ਸਿੰਘ ਮੋਗਾ, ਸੂਬਾ ਕਮੇਟੀ ਮੈਂਬਰ ਸੁਖਪਾਲ ਸਿੰਘ ਢਿੱਲਵਾਂ, ਸੀਨੀਅਰ ਮੀਤ ਪ੍ਰਧਾਨ ਅਜੀਤ ਸਿੰਘ ਜਨੇਰ, ਸੀਨੀਅਰ ਮੀਤ ਪ੍ਰਧਾਨ ਜਸਵੀਰ ਸਿੰਘ ਮਾਣੂਕੇ, ਮੀਤ ਪ੍ਰਧਾਨ ਨਿਰਮਲ ਸਿੰਘ ਜਲਾਲਾਬਾਦ, ਕੈਸ਼ੀਅਰ ਬਲਜਿੰਦਰ ਸਿੰਘ ਰੋਲੀ, ਸਹਾਇਕ ਕੈਸ਼ੀਅਰ ਕ੍ਰਿਸ਼ਨ ਮੋਗਾ, ਪ੍ਰੈੱਸ ਸਕੱਤਰ ਰਾਕੇਸ਼ ਕੁਮਾਰ, ਮੁੱਖ ਸਲਾਹਕਾਰ ਅਵਤਾਰ ਸਿੰਘ ਗੁਲਸ਼ਨ, ਗੁਰਪਿਆਰ ਸਿੰਘ ਮੱਲਕੇ, ਔਰਤ ਵਿੰਗ ਦੀ ਕੋ-ਕਨਵੀਨਰ ਡਾਕਟਰ ਕੁਸਮ, ਡਾਕਟਰ ਕੁਲਵਿੰਦਰ ਕੌਰ ਮੋਗਾ ਤੋਂ ਵੱਖ ਜ਼ਿਲ੍ਹਾ ਕਮੇਟੀ ਮੈਂਬਰਾਂ ਤੇ ਬਲਾਕ ਆਗੂਆਂ ਨੇ ਸ਼ਮੂਲੀਅਤ ਕੀਤੀ। ਮੀਟਿੰਗ ਵਿੱਚ ਸ਼ੁਰੂਆਤ ਸਮੇਂ ਸੂਬਾ ਕਮੇਟੀ ਮੈਂਬਰ ਸੁਖਪਾਲ ਸਿੰਘ ਨੂੰ ਸਨਮਾਨਤ ਕੀਤਾ ਗਿਆ। ਸੂਬਾ ਆਗੂ ਗੁਰਮੇਲ ਸਿੰਘ ਮਾਛੀਕੇ ਨੇ ਪਿਛਲੇ ਸਮੇਂ ਵਿੱਚ ਮੰਗਾ ਸਬੰਧੀ ਪੰਜਾਬ ਸਰਕਾਰ ਨਾਲ ਗੱਲ ਸਬੰਧੀ ਵਿਸਥਾਰ ਪੂਰਵਕ ਦੱਸਿਆ ਗਿਆ। ਜ਼ਿਲ੍ਹਾ ਕੈਸ਼ੀਅਰ ਬਲਜਿੰਦਰ ਸਿੰਘ ਨੇ ਅਜਲਾਸ ਖਰਚਿਆਂ ਦੀ ਰੀਵਿਊ ਰਿਪੋਰਟ ਪੇਸ਼ ਕੀਤੀ ਤੇ ਵੱਖ ਵੱਖ ਬਲਾਕਾਂ ਦੇ ਮਸਲਿਆਂ ਨੂੰ ਵਿਚਾਰਿਆ ਗਿਆ। ਇਸ ਉਪਰੰਤ ਜਥੇਬੰਦੀ ਵੱਲੋਂ ਸਾਲਾਨਾ ਕੈਲੰਡਰ ਰਿਲੀਜ਼ ਕਰਾਉਣ ਸਬੰਧੀ ਐੱਸ ਐੱਸ ਪੀ ਮੋਗਾ ਅਜੇ ਗਾਂਧੀ ਨਾਲ ਮੀਟਿੰਗ ਕੀਤੀ ਗਈ। ਐੱਸ ਐੱਸ ਪੀ ਮੋਗਾ ਨੇ ਕਿਹਾ ਕਿ ਮੈਡੀਕਲ ਪ੍ਰੈਕਟੀਸ਼ਨਰਾਂ ਵੱਲੋਂ ਸਮਾਜ ਸੇਵੀ ਕਾਰਜ ਬਹੁਤ ਹੀ ਸਲਾਹੁਣਯੋਗ ਹਨ ਅਤੇ ਪ੍ਰਸ਼ਾਸਨ ਜਦੋਂ ਵੀ ਲੋੜ ਪੈਣ 'ਤੇ ਸਹਿਯੋਗ ਲਵੇਗਾ। ਇਸ ਸਮੇਂ ਬਲਾਕ ਧਰਮਕੋਟ ਦੇ ਪ੍ਰਧਾਨ ਹਰਮੀਤ ਸਿੰਘ, ਕੁਲਵੰਤ ਸਿੰਘ ਲੁਹਾਰਾ, ਡਾਕਟਰ ਗੁਰਵਿੰਦਰ ਸਿੰਘ ਪੰਡੋਰੀ, ਹਰਜੀਤ ਸਲੀਣਾ, ਡਾਕਟਰ ਹਰਦੀਪ ਸਿੰਘ ਸ਼ੇਖਾਂ ਆਦਿ ਹਾਜ਼ਰ ਸਨ।

## ਟਰਾਲੇ ਦੀ ਫੇਟ ਵੱਜਣ ਨਾਲ ਮੋਟਰਸਾਈਕਲ ਸਵਾਰ ਦੀ ਮੌਤ

**ਸਮਾਣਾ(ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਸਮਾਣਾ ਤੋਂ ਭਵਾਨੀਗੜ੍ਹ ਸੜਕ 'ਤੇ ਪਿੰਡ ਬੰਮਣਾ ਨੇੜੇ ਇੱਕ ਅਣਪਛਾਤੇ ਟਰਾਲੇ ਨੇ ਮੋਟਰਸਾਈਕਲ ਸਵਾਰ ਨੂੰ ਫੇਟ ਮਾਰੀ, ਜਿਸ ਕਾਰਨ ਮੋਟਰਸਾਈਕਲ ਸਵਾਰ ਵਿਅਕਤੀ ਦੀ ਮੌਤ ਹੋ ਗਈ। ਇਸ ਬਾਰੇ ਜਾਣਕਾਰੀ ਦਿੰਦਿਆਂ ਮ੍ਰਿਤਕ ਦੇ ਭਰਾ ਸੁਨੀਲ ਕੁਮਾਰ ਪੁੱਤਰ ਬੀਗਮ ਸਿੰਘ ਵਾਸੀ ਭਾਉਪੁਰ ਥਾਣਾ ਸ਼ੇਰੋਂ ਜ਼ਿਲ੍ਹਾ ਕਾਸਗੰਜ ਯੂ ਪੀ ਹਾਲ ਨੇੜੇ ਬਾਬਾ ਬੰਦਾ ਸਿੰਘ ਬਹਾਦਰ ਚੌਂਕ ਸਮਾਣਾ ਨੇ ਪੁਲਸ ਨੂੰ ਲਿਖਾਈ ਸ਼ਿਕਾਇਤ ਵਿੱਚ ਦੱਸਿਆ ਕਿ ਉਸ ਦਾ ਭਰਾ ਰਾਮ ਬਾਬੂ ਮੋਟਰਸਾਈਕਲ ਨੰਬਰ ਪੀ ਬੀ 11 ਏ ਐਚ 1559 'ਤੇ ਵਾਰ ਹੋ ਕੇ ਕਿੰਗ ਹੋਟਲ ਨੇੜੇ ਪਿੰਡ ਬੰਮਣਾ ਕੋਲ ਜਾ ਰਿਹਾ ਸੀ, ਕਿਸੇ ਨਾਮ ਮਾਲੂਮ ਡਰਾਈਵਰ ਨੇ ਆਪਣਾ ਟਰਾਲਾ ਦੀ ਉਸ ਦੇ ਭਰਾ ਦੇ ਮੋਟਰਸਾਈਕਲ ਵਿੱਚ ਫੇਟ ਮਾਰੀ, ਜਿਸ ਕਾਰਨ ਉਸ ਦੀ ਮੌਤ ਹੋ ਗਈ ਹੈ।ਥਾਣਾ ਸਦਰ ਸਮਾਣਾ ਪੁਲਸ ਨੇ ਸੁਨੀਲ ਕੁਮਾਰ ਦੇ ਬਿਆਨਾਂ 'ਤੇ ਥਾਣਾ ਸਦਰ ਸਮਾਣਾ ਵਿਖੇ ਮੁਕਦਮਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਹੈ।

# ਸੀਵਰੇਜ ਬਲਾਕਿਜ ਨੂੰ ਲੈ ਕੇ ਭਾਰਤੀਯ ਅੰਬੇਡਕਰ ਮਿਸ਼ਨ ਵੱਲੋਂ ਡੀ ਸੀ ਨੂੰ ਪੱਤਰ

### ਮਸਲੇ ਦਾ ਹੱਲ ਨਾ ਹੋਇਆ ਤਾਂ ਲਾਵਾਂਗੇ ਪੱਕਾ ਮੋਰਚਾ : ਕਾਂਗੜਾ



**ਸੰਗਰੂਰ (ਪ੍ਰਵੀਨ ਸਿੰਘ)**-ਸ਼ਹਿਰ ਦੀ ਸੁੰਦਰ ਬਸਤੀ ਵਿਖੇ ਸੀਵਰੇਜ ਸਿਸਟਮ ਤੇ ਟੂਟੀਆਂ ਵਿੱਚ ਆ ਰਹੇ ਗੰਧਲੇ ਪਾਣੀ ਦੇ ਚਲਦਿਆਂ ਬਸਤੀ ਦੇ ਵਸਨੀਕ ਗੰਭੀਰ ਬਿਮਾਰੀਆਂ ਦਾ ਸ਼ਿਕਾਰ ਹੋ ਰਹੇ ਹਨ, ਜਿਸ ਨੂੰ ਲੈ ਕੇ ਭਾਰਤੀਯ ਅੰਬੇਡਕਰ ਮਿਸ਼ਨ ਭਾਰਤ ਦੇ ਕੌਮੀ ਪ੍ਰਧਾਨ ਦਰਸ਼ਨ ਸਿੰਘ ਕਾਂਗੜਾ ਵੱਲੋਂ ਡਿਪਟੀ ਕਮਿਸ਼ਨਰ ਸੰਗਰੂਰ ਨਾਲ ਮੁਲਾਕਾਤ ਕਰਕੇ ਉਕਤ ਸਮੱਸਿਆ ਸਬੰਧੀ ਇੱਕ ਮੰਗ ਪੱਤਰ ਸੌਂਪਿਆ ਗਿਆ। ਇਸ ਮੌਕੇ ਦਰਸ਼ਨ ਕਾਂਗੜਾ ਨੇ ਡਿਪਟੀ ਕਮਿਸ਼ਨਰ ਨੂੰ ਦੱਸਿਆ ਕਿ ਸੀਵਰੇਜ ਸਿਸਟਮ ਦੇ ਚਲਦਿਆਂ ਸੁੰਦਰ ਬਸਤੀ ਦੇ ਲੋਕ ਨਰਕ ਭਰੀ ਜ਼ਿੰਦਗੀ ਜਿਉਣ ਲਈ ਮਜਬੂਰ ਹੋ ਰਹੇ ਹਨ। ਮੁਹੱਲੇ ਵਿੱਚ ਫੈਲੀ ਇਸ ਗੰਦਗੀ ਕਾਰਨ ਏਥੇ ਰਹਿਣ ਵਾਲੇ ਲੋਕ ਵੱਖ ਵੱਖ ਬਿਮਾਰੀਆਂ ਤੋਂ ਪੀੜਤ ਹਨ, ਜਿਸ ਵੱਲ ਪ੍ਰਸ਼ਾਸਨ ਕੋਈ ਵਿਸ਼ੇਸ਼ ਧਿਆਨ ਨਹੀਂ ਦੇ ਰਿਹਾ।

ਸ੍ਰੀ ਦਰਸ਼ਨ ਕਾਂਗੜਾ ਨੇ ਡਿਪਟੀ ਕਮਿਸ਼ਨਰ ਨੂੰ ਇਹ ਵੀ ਦੱਸਿਆ ਕਿ ਇਸੇ ਗੰਦਗੀ ਕਾਰਨ 2023 ਵਿੱਚ ਵੀ ਦਰਜਨਾਂ ਵਿਅਕਤੀ ਗੰਭੀਰ ਬਿਮਾਰੀਆਂ ਦਾ ਸ਼ਿਕਾਰ ਹੋ ਚੁੱਕੇ ਹਨ, ਜਿਨ੍ਹਾਂ ਵਿੱਚੋਂ 2 ਵਿਅਕਤੀਆਂ ਦੀਆਂ ਕੀਮਤੀ ਜਾਨਾਂ ਵੀ ਚਲੀਆਂ ਗਈਆਂ ਸਨ। ਸ੍ਰੀ ਕਾਂਗੜਾ ਨੂੰ ਡਿਪਟੀ ਕਮਿਸ਼ਨਰ ਨੇ ਭਰੋਸਾ ਦਿਵਾਇਆ ਕਿ ਉਹ ਸਬੰਧਤ ਵਿਭਾਗਾਂ ਨੂੰ ਹਦਾਇਤ ਕਰਕੇ ਇਨ੍ਹਾਂ ਸਮੱਸਿਆਵਾਂ ਨੂੰ ਜਲਦ ਹੱਲ ਕਰਵਾਉਣਗੇ। ਇਸ ਉਪਰੰਤ ਸ੍ਰੀ ਕਾਂਗੜਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸਮੇਂ ਦੀਆਂ ਸਰਕਾਰਾਂ ਦਲਿਤਾਂ ਖਾਸ ਕਰਕੇ ਗਰੀਬਾਂ ਨੂੰ ਕੀੜੇ ਮਕੌੜੇ ਹੀ ਸਮਝਦੀਆਂ ਹਨ, ਜਿਨ੍ਹਾਂ ਵੱਲੋਂ ਉਨ੍ਹਾਂ ਵੱਲ ਕੋਈ ਧਿਆਨ ਨਹੀਂ ਦਿੱਤਾ ਜਾਂਦਾ। ਸੁੰਦਰ ਬਸਤੀ ਵੀ ਸਲੱਮ ਏਰੀਆ ਹੋਣ ਕਰਕੇ ਸਰਕਾਰ ਵੱਲੋਂ ਇਸ ਨੂੰ ਅਣਗੌਲਿਆ ਜਾ ਰਿਹਾ ਹੈ। ਕੌਮੀ ਪ੍ਰਧਾਨ ਨੇ ਚਿਤਾਵਨੀ ਭਰੇ ਲਹਿਜੇ ਵਿੱਚ ਕਿਹਾ ਕਿ ਜੇਕਰ ਪ੍ਰਸ਼ਾਸਨ ਵੱਲੋਂ ਸੁੰਦਰ ਬਸਤੀ ਦੀਆਂ ਇਨ੍ਹਾਂ ਸਮੱਸਿਆਵਾਂ ਦਾ ਜਲਦ ਹੱਲ ਨਾ ਕੀਤਾ ਗਿਆ ਤਾਂ ਉਹ ਸਬੰਧਤ ਵਿਭਾਗ ਖਿਲਾਫ ਪੱਕਾ ਮੋਰਚਾ ਲਗਾਉਣਗੇ। ਇਸ ਮੌਕੇ ਉਨ੍ਹਾਂ ਨਾਲ ਲਖਮੀਰ ਸਿੰਘ ਸੇਖੋਂ, ਜਗਸੀਰ ਸਿੰਘ, ਮਨੋਜ ਕੁਮਾਰ, ਸਾਜਨ ਕਾਂਗੜਾ ਆਦਿ ਹਾਜ਼ਰ ਸਨ।

## ਬਲੌਜ਼ਮਜ਼ ਕਾਨਵੈਂਟ ਸਕੂਲ ਵਿਖੇ ਮਜ਼ਦੂਰ ਦਿਵਸ ਮਨਾਇਆ



**ਜਗਰਾਉਂ (ਸੰਜੀਵ ਅਰੋੜਾ, ਅਮਿਤ ਖੰਨਾ)**-ਬਲੌਜ਼ਮਜ਼ ਕਾਨਵੈਂਟ ਸਕੂਲ ਵਿਖੇ ਮਜ਼ਦੂਰ ਦਿਵਸ ਮਨਾਇਆ ਗਿਆ। ਇਸ ਮੌਕੇ ਸਫਾਈ ਕਰਮਚਾਰੀਆਂ ਨੂੰ ਮਜ਼ਦੂਰ ਦਿਵਸ ਦੀ ਵਧਾਈ ਦਿੱਤੀ ਤੇ ਉਨ੍ਹਾਂ ਲਈ ਇਕ ਵਿਸ਼ੇਸ਼ ਪਾਰਟੀ ਦਾ ਪ੍ਰਬੰਧ ਕੀਤਾ ਗਿਆ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਡਾ. ਨਵਨੀਤ ਕੌਰ ਨੇ ਸਾਰੇ ਕਰਮਚਾਰੀਆਂ ਨੂੰ ਇਸ ਦਿਵਸ ਦੀ ਵਧਾਈ ਦਿੰਦੇ ਹੋਏ ਕਿਹਾ ਕਿ ਇਹ ਵਰਗ ਸਮਾਜ ਵਿੱਚ ਵਿਸ਼ੇਸ਼ ਸਥਾਨ ਰੱਖਦਾ ਹੈ, ਕਿਉਂਕਿ ਕਿਸੇ ਵੀ ਵਰਗ ਦੀ ਇਸ ਤੋਂ ਬਿਨਾਂ ਹੋਂਦ ਨਹੀਂ ਹੈ। ਸਰਕਾਰ ਵੱਲੋਂ ਇਸ ਦਿਵਸ ਨੂੰ ਮਨਾਉਣ ਲਈ ਸਰਕਾਰੀ ਛੁੱਟੀ ਦਾ ਐਲਾਨ ਇਨ੍ਹਾਂ ਲਈ ਮਾਣ ਵਾਲੀ ਗੱਲ ਹੈ। ਵਿਦਿਆਰਥੀ ਵਰਗ ਨੂੰ ਇਸ ਪ੍ਰਤੀ ਜਾਗਰੂਕ ਕਰਨਾ ਸਾਰੀਆਂ ਵਿੱਦਿਅਕ ਸੰਸਥਾਵਾਂ ਦਾ ਮੁੱਢਲਾ ਫ਼ਰਜ਼ ਹੈ ਤਾਂ ਜੋ ਸਮਾਜ ਵਿੱਚ ਵੱਧ ਰਹੀਆਂ ਕੁਰੀਤੀਆਂ ਵਿੱਚ ਕਿਤੇ ਨਾ ਕਿਤੇ ਇਹ ਵਰਗ ਆਪਣੇ ਆਪ ਨੂੰ ਦਬਿਆ ਮਹਿਸੂਸ ਨਾ ਕਰੇ। ਅਸੀਂ ਆਪਣੇ ਸਕੂਲ ਦੇ ਵਿਦਿਆਰਥੀਆਂ ਨੂੰ ਇਨ੍ਹਾਂ ਦਾ ਹਰ ਪੱਖੋਂ ਸਨਮਾਨ ਕਰਨਾ ਸਿਖਾ ਰਹੇ ਹਾਂ ਤਾਂ ਜੋ ਇਸ ਨਾਲ ਉਨ੍ਹਾਂ ਦੀਆਂ ਨੈਤਿਕ ਕਦਰਾਂ ਕੀਮਤਾਂ ਵਿੱਚ ਵਾਧਾ ਹੋ ਸਕੇ। ਇਸ ਮੌਕੇ ਸਕੂਲ ਦੇ ਪ੍ਰਧਾਨ ਮਨਪ੍ਰੀਤ ਸਿੰਘ ਬਰਾੜ ਨੇ ਮਜ਼ਦੂਰ ਵਰਗ ਨੂੰ ਸਮਾਜ ਦੀ ਨੀਂਹ ਵਜੋਂ ਸਨਮਾਨਿਆ।

# ਸਰਕਾਰੀ ਕਾਲਜ ਆਫ਼ ਐਜੂਕੇਸ਼ਨ ਵਿਖੇ ਸਾਲਾਨਾ ਇਨਾਮ ਵੰਡ ਸਮਾਰੋਹ



**ਫਰੀਦਕੋਟ (ਐਲਿਗਜੈਂਡਰ ਡਿਸੂਜ਼ਾ)**-ਪ੍ਰਿੰਸੀਪਲ ਡਾ. ਰਾਜੇਸ਼ ਮੋਹਨ ਦੀ ਯੋਗ ਰਹਿਨੁਮਾਈ ਹੇਠ ਦੇਸ਼ ਭਗਤ ਪੰਡਿਤ ਚੇਤਨ ਦੇਵ ਸਰਕਾਰੀ ਕਾਲਜ ਆਫ਼ ਐਜੂਕੇਸ਼ਨ, ਫ਼ਰੀਦਕੋਟ ਦਾ ਸਾਲਾਨਾ ਇਨਾਮ ਵੰਡ ਸਮਾਰੋਹ 2024-25 ਕਰਵਾਇਆ ਗਿਆ।ਇਸ ਸਮਾਰੋਹ ਵਿੱਚ ਗੁਰਦਿੱਤ ਸਿੰਘ ਸੇਖੋਂ, ਹਲਕਾ ਵਿਧਾਇਕ ਫ਼ਰੀਦਕੋਟ ਨੇ ਮੁੱਖ ਮਹਿਮਾਨ ਤੇ ਉਪਿੰਦਰ ਸ਼ਰਮਾ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ। ਇਸ ਸਮਾਰੋਹ ਦੀ ਪ੍ਰਧਾਨਗੀ ਕਾਲਜ ਦੇ ਪ੍ਰਿੰਸੀਪਲ ਡਾ. ਰਾਜੇਸ਼ ਮੋਹਨ, ਸੀਨੀਅਰ ਪ੍ਰੋਫ਼ੈਸਰ ਮੰਜੂ ਕਪੂਰ ਤੇ ਰਜਿਸਟਰਾਰ ਪ੍ਰੋ. ਰਣਜੀਤ ਸਿੰਘ ਬਾਜਵਾ ਨੇ ਕੀਤੀ। ਸਮਾਰੋਹ ਦਾ ਆਗ਼ਾਜ਼ ਕਾਲਜ ਵਿਦਿਆਰਥੀਆਂ ਨੇ ਸ਼ਬਦ ਗਾਇਨ ਦੁਆਰਾ ਕੀਤਾ ਗਿਆ। ਕਾਲਜ ਦੇ ਪ੍ਰਿੰਸੀਪਲ ਡਾ. ਰਾਜੇਸ਼ ਮੋਹਨ ਨੇ ਮੁੱਖ-ਮਹਿਮਾਨ, ਵਿਸ਼ੇਸ਼ ਮਹਿਮਾਨ, ਸਾਰੇ ਮਹਿਮਾਨਾਂ ਤੇ ਵਿਦਿਆਰਥੀਆਂ ਦੇ ਮਾਪਿਆਂ ਨੂੰ ਜੀ ਆਇਆਂ ਆਖਿਆ। ਇਸ ਮੌਕੇ ਮੁੱਖ-ਮਹਿਮਾਨ ਗੁਰਦਿੱਤ ਸਿੰਘ ਸੇਖੋਂ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਸਾਨੂੰ ਆਪਣੀਆਂ ਸ਼ਕਤੀਆਂ ਨੂੰ ਪਛਾਣਦੇ ਹੋਏ ਆਪਣੇ ਮਾਪਿਆਂ ਦੇ ਸੁਪਨੇ ਪੂਰੇ ਕਰਨੇ ਚਾਹੀਦੇ ਹਨ। ਵਿਸ਼ੇਸ਼ ਮਹਿਮਾਨ ਉਪਿੰਦਰ ਸ਼ਰਮਾ ਨੇ ਵੀ ਵਿਦਿਆਰਥੀਆਂ ਨਾਲ ਆਪਣੇ ਵਿਚਾਰ ਸਾਂਝੇ ਕੀਤੇ। ਕਾਲਜ ਦੇ ਪ੍ਰੈੱਸ ਸਕੱਤਰ ਪ੍ਰੋ. ਬੀਰਇੰਦਰਜੀਤ ਸਿੰਘ ਨੇ ਦੱਸਿਆ ਕਿ ਇਸ ਸਮਾਰੋਹ ਦੌਰਾਨ ਵੱਖ-ਵੱਖ ਗਤੀਵਿਧੀਆਂ ਵਿੱਚ ਉਪਲੱਬਧੀਆਂ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਰੋਲ ਆਫ਼ ਆਨਰ ਨਾਲ ਸਨਮਾਨਤ ਕੀਤਾ ਗਿਆ।ਘਰੇਲੂ ਪ੍ਰੀਖਿਆਵਾਂ ਨਵੰਬਰ 2024 ਅਤੇ ਅਪ੍ਰੈਲ 2025 ਦੌਰਾਨ ਬੀ.ਐੱਡ. ਤੇ ਐਮ.ਐੱਡ. ਕਲਾਸਾਂ ਵਿੱਚੋਂ ਪਹਿਲੀ, ਦੂਜੀ ਤੇ ਤੀਜੀ ਪੁਜ਼ੀਸ਼ਨ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਸਨਮਾਨਤ ਕੀਤਾ ਗਿਆ।ਇਸ ਤੋਂ ਇਲਾਵਾ ਸੱਭਿਆਚਾਰਕ ਗਤੀਵਿਧੀਆਂ, ਖੇਡਾਂ, ਸਮਾਜ ਸੇਵਾ, ਖ਼ੂਨਦਾਨ ਕੈਂਪ, ਅੰਤਰ-ਕਾਲਜ ਯੁਵਕ ਮੇਲੇ ਦੇ ਜੇਤੂਆਂ, ਨੈਤਿਕ ਸਿੱਖਿਆ ਇਮਤਿਹਾਨ ਦੀ ਮੈਰਿਟ ਵਿੱਚ ਆਉਣ ਵਾਲੇ ਵਿਦਿਆਰਥੀਆਂ ਤੇ ਕਾਲਜ ਦੇ ਹੋਰ ਕੰਮਾਂ ਵਿੱਚ ਵਧੀਆ ਭੂਮਿਕਾ ਨਿਭਾਉਣ ਵਾਲੇ ਵਿਦਿਆਰਥੀਆਂ ਨੂੰ ਸਨਮਾਨਤ ਕੀਤਾ ਗਿਆ।ਅੰਤ ਵਿੱਚ ਮੁੱਖ ਮਹਿਮਾਨ ਤੇ ਵਿਸ਼ੇਸ਼ ਮਹਿਮਾਨ ਨੇ ਪ੍ਰਿੰਸੀਪਲ, ਰਜਿਸਟਰਾਰ ਤੇ ਸਮੂਹ ਕਾਲਜ ਸਟਾਫ਼ ਨੂੰ ਸਮਾਰੋਹ ਦੀ ਸਫ਼ਲਤਾ ਲਈ ਤੇ ਵਿਦਿਆਰਥੀਆਂ ਨੂੰ ਇਨਾਮ ਪ੍ਰਾਪਤ ਕਰਨ ਲਈ ਮੁਬਾਰਕਬਾਦ ਦਿੱਤੀ।ਇਸ ਮੌਕੇ ਸਰਕਾਰੀ ਬ੍ਰਿਜਿੰਦਰਾ ਕਾਲਜ ਫ਼ਰੀਦਕੋਟ ਤੋਂ ਡਾ. ਪੂਜਾ ਭੱਲਾ, ਡਾ. ਸ਼ਾਲਿਨੀ ਗਰਗ, ਕਾਲਜ ਦੀ ਓਲਡ ਸਟੂਡੈਂਟਸ ਐਸੋਸੀਏਸ਼ਨ, ਮਾਪੇ ਅਧਿਆਪਕ ਸੰਸਥਾ, ਵਿਦਿਆਰਥੀਆਂ ਦੇ ਮਾਪੇ, ਪ੍ਰੈੱਸ ਅਤੇ ਮੀਡੀਆ ਦੇ ਨੁਮਾਇੰਦੇ, ਅਤੇ ਸ਼ਹਿਰ ਦੀਆਂ ਉੱਘੀਆਂ ਸਖ਼ਸ਼ੀਅਤਾਂ ਸ਼ਾਮਲ ਸਨ। ਫੋਟੋ:

## ਯੂਨੀਵਰਸਿਟੀ ਕੈਂਪਸ ਵਿਖੇ 'ਕਹਾਣੀਆਂ ਦਾ ਪਾਠ ਤੇ ਸਮੀਖਿਆ' ਵਿਸ਼ੇ 'ਤੇ ਪ੍ਰੋਗਰਾਮ



**ਤਲਵੰਡੀ ਸਾਬੋ (ਜਗਦੀਪ ਗਿੱਲ)**-ਪੰਜਾਬੀ ਯੂਨੀਵਰਸਿਟੀ ਕੈਂਪਸ ਤਲਵੰਡੀ ਸਾਬੋ ਦੇ ਗੁਰੂ ਕਾਸ਼ੀ ਭਾਸ਼ਾਵਾਂ ਵਿਭਾਗ ਤੇ ਸੋਸ਼ਲ ਸਾਇੰਸਿਜ਼ ਵਿਭਾਗ ਨੇ ਪੰਜਾਬੀ ਕਹਾਣੀ ਮੰਚ ਦੇ ਸਹਿਯੋਗ ਨਾਲ 'ਪੰਜਾਬੀ ਕਹਾਣੀ ਪਾਠ ਤੇ ਸਮੀਖਿਆ' ਵਿਸ਼ੇ 'ਤੇ ਪ੍ਰੋਗਰਾਮ ਕਰਵਾਇਆ, ਜਿਸ ਵਿੱਚ ਕਮਲ ਸੇਖੋਂ ਤੇ ਪ੍ਰੀਤ ਜਟਾਣਾ ਲੇਖਕਾਂ ਨੇ ਕਹਾਣੀ ਪਾਠ ਕੀਤਾ।ਇਸ ਪ੍ਰੋਗਰਾਮ ਦੀ ਪ੍ਰਧਾਨਗੀ ਮੰਡਲ ਵਿੱਚ ਜਸਪਾਲ ਮਾਨਖੇੜਾ, ਪ੍ਰੋ. ਸੁਸ਼ੀਲ ਕੁਮਾਰ ਤੇ ਡਾ. ਬਲਦੇਵ ਸਿੰਘ ਰਹੇ।ਪ੍ਰੋਗਰਾਮ ਕੋਆਰਡੀਨੇਟਰ ਡਾ. ਸੰਦੀਪ ਰਾਣਾ, ਮੁਖੀ ਭਾਸ਼ਾਵਾਂ ਵਿਭਾਗ ਨੇ ਆਏ ਹੋਏ ਮਹਿਮਾਨਾਂ ਨੂੰ ਜੀ ਆਇਆਂ ਕਿਹਾ ਤੇ ਕਹਾਣੀਆਂ ਨਾਲ ਸੰਬੰਧਤ ਆਪਣੀ ਗੱਲ ਰੱਖੀ।ਇਸ ਸਮੇਂ ਹਾਜ਼ਰ ਸਮੀਖਿਆਕਾਰ ਨਿਰੰਜਣ ਬੋਹਾ, ਭੁਪਿੰਦਰ ਮਾਨ, ਭੁਪਿੰਦਰ ਫੌਜੀ, ਸਵਾਮੀ ਸਰਬਜੀਤ ਤੇ ਜਸਵਿੰਦਰ ਜੱਸ ਨੇ ਆਪੋ-ਆਪਣੇ ਪੱਖ ਤੋਂ ਕਹਾਣੀਆਂ ਦੀ ਸਮੀਖਿਆ ਕੀਤੀ।ਇਸ ਦੌਰਾਨ ਹਰਵਿੰਦਰ ਸਿੰਘ ਨੇ ਮੰਚ ਸੰਚਾਲਨ ਦੀ ਭੂਮਿਕਾ ਬਾਖ਼ੂਬੀ ਨਿਭਾਈ।ਕੈਂਪਸ ਡਾਇਰੈਕਟਰ ਪ੍ਰੋਫੈਸਰ ਕਮਲਜੀਤ ਸਿੰਘ ਨੇ ਇਸ ਪ੍ਰੋਗਰਾਮ ਦੀ ਭਰਪੂਰ ਸ਼ਲਾਘਾ ਕਰਦਿਆਂ ਵਿਭਾਗਾਂ ਨੂੰ ਅਜਿਹੇ ਕਾਰਜ ਕਰਵਾਉਂਦੇ ਰਹਿਣ ਲਈ ਉਤਸ਼ਾਹਤ ਕੀਤਾ।ਡਾ. ਬਲਦੇਵ ਸਿੰਘ ਨੇ ਆਖਰ ਵਿੱਚ ਧੰਨਵਾਦੀ ਮਤਾ ਪੇਸ਼ ਕੀਤਾ।ਇਸ ਮੌਕੇ ਦੋਵਾਂ ਵਿਭਾਗਾਂ ਦੇ ਅਧਿਆਪਕ ਸਾਹਿਬਾਨ ਤੇ ਵੱਡੀ ਗਿਣਤੀ ਵਿੱਚ ਵਿਦਿਆਰਥੀ ਹਾਜ਼ਰ ਰਹੇ।

## ਲਾਪਤਾ ਹੋਈਆਂ ਮਾਮੇ-ਭੂਆ ਦੀਆਂ ਲੜਕੀਆਂ ਦੇ ਮਾਮਲੇ 'ਚ ਕੇਸ ਦਰਜ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਬਡਾਲੀ ਆਲਾ ਸਿੰਘ ਤੋਂ ਕਥਿਤ ਤੌਰ 'ਤੇ ਲਾਪਤਾ ਹੋਈਆਂ ਮਾਮੇ-ਭੂਆ ਦੀਆਂ ਦੋ ਲੜਕੀਆਂ ਦੇ ਮਾਮਲੇ 'ਚ ਪੁਲਸ ਵੱਲੋਂ ਨਾਮਾਲੂਮ ਵਿਅਕਤੀਆਂ ਵਿਰੁੱਧ ਕੇਸ ਹੋਇਆ ਦਰਜ ।ਪ੍ਰਾਪਤ ਜਾਣਕਾਰੀ ਅਨੁਸਾਰ ਇੱਥੋਂ ਦੇ 1 ਰਾਈਸ ਸ਼ੈਲਰ 'ਚ ਰਹਿ ਰਹੇ ਪਰਿਵਾਰ ਦੀ ਔਰਤ ਨੇ ਪੁਲਸ ਨੂੰ ਦੱਸਿਆ ਕਿ ਉਸ ਦਾ ਸਕਾ ਭਰਾ ਵੀ ਬਡਾਲੀ ਆਲਾ ਸਿੰਘ ਨੇੜਲੇ ਇੱਕ ਵੱਖਰੇ ਸ਼ੈਲਰ 'ਚ ਪਰਿਵਾਰ ਸਮੇਤ ਰਹਿ ਰਿਹਾ ਹੈ।ਸ਼ਿਕਾਇਤਕਰਤਾ ਨੇ ਦੱਸਿਆ ਕਿ ਉਸ ਦੀ ਲੜਕੀ ਆਪਣੇ ਮਾਮੇ ਦੇ ਪਰਿਵਾਰ ਨੂੰ ਮਿਲਣ ਲਈ ਗਈ ਹੋਈ ਸੀ, ਜਿੱਥੋਂ ਉਸ ਦੀ ਲੜਕੀ ਅਤੇ ਉਸ ਦੀ ਭਤੀਜੀ ਖਰੀਦਦਾਰੀ ਕਰਨ ਲਈ ਬਡਾਲੀ ਆਲਾ ਸਿੰਘ ਦੇ ਬਜ਼ਾਰ 'ਚ ਗਈਆਂ ਸਨ, ਪਰ ਉਹ ਮੁੜ ਕੇ ਵਾਪਸ ਘਰ ਨਹੀਂ ਪਰਤੀਆਂ, ਜਿਨ੍ਹਾਂ ਦੀ ਕਾਫੀ ਭਾਲ ਕਰਨ 'ਤੇ ਵੀ ਉਨ੍ਹਾਂ ਦੀ ਕੋਈ ਉੱਘ-ਸੁੱਘ ਨਹੀਂ ਲੱਗੀ।ਸ਼ਿਕਾਇਤਕਰਤਾ ਨੇ ਸ਼ੱਕ ਜਤਾਇਆ ਕਿ ਉਨ੍ਹਾਂ ਦੀਆਂ ਲੜਕੀਆਂ ਨੂੰ ਕਿਸੇ ਨੇ ਜਾਣ-ਬੁੱਝ ਕੇ ਕਿਤੇ ਲੁਕਾ-ਛੁਪਾ ਕੇ ਰੱਖਿਆ ਹੋਇਆ ਹੈ।ਸ਼ਿਕਾਇਤਕਰਤਾ ਔਰਤ ਦੇ ਬਿਆਨਾਂ 'ਤੇ ਨਾਮਾਲੂਮ ਵਿਅਕਤੀਆਂ ਵਿਰੁੱਧ ਅ/ਧ 127(6) ਬੀ ਐੱਨ ਐੱਸ ਤਹਿਤ ਮੁਕੱਦਮਾ ਦਰਜ ਕਰਕੇ ਥਾਣਾ ਬਡਾਲੀ ਆਲਾ ਸਿੰਘ ਦੀ ਪੁਲਸ ਵੱਲੋਂ ਮਾਮਲੇ ਦੀ ਤਫਤੀਸ਼ ਕੀਤੀ ਜਾ ਰਹੀ ਹੈ।


# ਪਾਵਰਕਾਮ ਟਰਾਂਸਕੋ ਪੈਨਸ਼ਨਰ ਯੂਨੀਅਨ ਨੇ ਮਨਾਇਆ ਕਿਰਤ ਦਿਹਾੜਾ

### ਮਜ਼ਦੂਰਾਂ ਦੇ ਪਵਿੱਤਰ ਦਿਹਾੜੇ ਮੌਕੇ ਵੀ ਕਿਰਤੀ ਹੱਕਾਂ ਤੋਂ ਵਾਂਝੇ : ਮਸੀਤਾਂ, ਨਾਹਰ



**ਮੋਗਾ (ਇਕਬਾਲ ਸਿੰਘ ਖਹਿਰਾ)**-ਪਾਵਰਕਾਮ ਤੇ ਟਰਾਂਸਕੋ ਦੇ ਕਾਮਿਆਂ ਵੱਲੋਂ ਸਾਂਝੇ ਤੌਰ 'ਤੇ ਵੱਖ ਵੱਖ ਦਫ਼ਤਰਾਂ ਵਿੱਚ ਲਾਲ ਝੰਡੇ ਨੂੰ ਲਹਿਰਾਇਆ ਗਿਆ। ਪਾਵਰਕਾਮ ਤੇ ਟਰਾਂਸਕੋ ਪੈਨਸ਼ਨਰ ਯੂਨੀਅਨ ਪੰਜਾਬ ਦੇ ਜਨਰਲ ਸਕੱਤਰ ਕਾਮਰੇਡ ਅਮਰੀਕ ਸਿੰਘ ਸੰਧੂ ਮਸੀਤਾਂ, ਦਰਸ਼ਨ ਲਾਲ ਮੋਗਾ ਡਿਪਟੀ ਜਨਰਲ ਸਕੱਤਰ ਫੈਡਰੇਸ਼ਨ ਏਟਕ ਪੰਜਾਬ (ਰਜਿ. 41) ਨੇ ਮੁਲਾਜ਼ਮਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ 1 ਮਈ 1886 ਨੂੰ ਅਮਰੀਕਾ ਦੇ ਸਨਅਤੀ ਸ਼ਹਿਰ ਸ਼ਿਕਾਗੋ ਵਿੱਚ ਆਪਣੇ ਹੱਕਾਂ ਦੀ ਪ੍ਰਾਪਤੀ ਲਈ, ਕੰਮ ਦਿਹਾੜੀ ਸਮੇਂ ਨੂੰ 8 ਘੰਟੇ ਕਰਨ ਲਈ ਸ਼ਾਂਤਮਈ ਪ੍ਰਦਰਸ਼ਨ ਕਰ ਰਹੇ ਮਜ਼ਦੂਰਾਂ ਨੇ ਸ਼ਹਾਦਤ ਦਾ ਜਾਮ ਪੀਣ ਉਪਰੰਤ ਮਜ਼ਦੂਰਾਂ ਲਈ 8 ਘੰਟੇ ਦਾ ਸਮਾਂ ਕਰਵਾਇਆ। ਅੱਜ ਦੀ ਕੇਂਦਰ ਸਰਕਾਰ ਵੱਲੋਂ ਮੁੜ ਕਿਰਤ ਹੱਕਾਂ ਨੂੰ ਰੋਲਣ ਲਈ ਕਿਰਤੀਆਂ ਦੇ ਹੱਕਾਂ ਲਈ ਬਣੇ ਕਾਨੂੰਨਾਂ ਨੂੰ 4 ਕੋਡ ਬਣਾਏ ਜਾ ਰਹੇ ਹਨ। ਇਨ੍ਹਾਂ ਕਾਨੂੰਨਾਂ ਨਾਲ ਕਿਰਤੀਆਂ ਦਾ ਸ਼ੋਸ਼ਣ ਹੋਵੇਗਾ, ਕੰਮ ਦਿਹਾੜੀ ਸਮਾਂ 8 ਘੰਟੇ ਤੋਂ 12 ਘੰਟੇ ਕਰਨ ਦੀਆਂ ਤਜਵੀਜ਼ਾਂ ਘੜਨ ਦੀ ਨਿਖੇਧੀ ਕੀਤੀ ਗਈ। ਪੀ ਐੱਸ ਈ ਬੀ ਇੰਪਲਾਈਜ਼ ਫੈਡਰੇਸ਼ਨ ਏਟਕ ਪੰਜਾਬ ਦੇ ਆਗੂ ਗੁਰਮੀਤ ਸਿੰਘ ਧਾਲੀਵਾਲ ਤੇ ਪਾਵਰਕਾਮ ਟਰਾਂਸਕੋ ਪੈਨਸ਼ਨਰ ਯੂਨੀਅਨ ਪੰਜਾਬ ਦੇ ਸਕੱਤਰ ਗੁਰਮੇਲ ਸਿੰਘ ਨਾਹਰ ਨੇ ਅੱਜ ਕੰਪਨੀਆਂ ਦੁਆਰਾ ਕੀਤੀ ਜਾਂਦੀ ਮਜ਼ਦੂਰਾਂ ਦੀ ਲੁੱਟ ਬਾਰੇ ਦੱਸਿਆ ਕਿ ਸਰਕਾਰ ਵੱਲੋਂ ਮਜ਼ਦੂਰਾਂ ਦੇ ਵਧੀਆ ਭਵਿੱਖ ਬਣਾਉਣ ਲਈ ਠੋਸ ਪਾਲਿਸੀ ਬਣਾਉਣ ਤੇ ਠੇਕੇਦਾਰੀ ਸਿਸਟਮ ਬੰਦ ਕਰਕੇ ਆਊਟਸੋਰਸ ਕਾਮਿਆਂ ਨੂੰ ਮਹਿਕਮਿਆਂ ਵਿੱਚ ਮਰਜ਼ ਕੀਤਾ ਜਾਵੇ। ਮਈ ਦਿਵਸ ਮੌਕੇ ਜਿੱਥੇ ਅੱਜ ਸਮੁੱਚੇ ਪੰਜਾਬ ਵਿੱਚ ਮਜ਼ਦੂਰ ਡੇ ਮਨਾਉਣ ਲਈ ਛੁੱਟੀ ਕੀਤੀ ਗਈ, ਉਥੇ ਹੀ ਐੱਸ.ਡੀ.ਓ. ਗੁਰਪ੍ਰੀਤ ਸਿੰਘ ਤੇ ਵਰਿੰਦਰ ਕੁਮਾਰ ਜੇ ਈ ਵੱਲੋਂ ਕਾਮਿਆਂ ਨੂੰ ਬੰਧੂਆ ਮਜ਼ਦੂਰ ਵਾਂਗ ਗੱਡੀ ਭਰਕੇ ਕੰਮ ਉਤੇ ਭੇਜਣ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ ਗਈ। ਇਸ ਮੌਕੇ ਗਰਿਡ ਦਫ਼ਤਰ ਮੋਗਾ ਵਿਖੇ ਇਕੱਠੇ ਹੋ ਪੰਜਾਬ ਸਰਕਾਰ ਤੇ ਸਬੰਧਤ ਅਧਿਕਾਰੀਆਂ ਦੀ ਮੁਰਦਾਬਾਦ ਕੀਤੀ ਗਈ। ਇਨ੍ਹਾਂ ਅਧਿਕਾਰੀਆਂ ਖਿਲਾਫ ਤਿੱਖਾ ਸੰਘਰਸ਼ ਕਰਨ ਲਈ ਇਕੱਠੇ ਹੋਣ ਦਾ ਸੱਦਾ ਦਿੱਤਾ ਗਿਆ। ਇਸ ਮੌਕੇ ਸਟੇਟ ਆਗੂ ਰਮਨਦੀਪ ਸਿੰਘ, ਸਵਰਨ ਸਿੰਘ ਤਾਰੇਵਾਲਾ, ਮਲਕੀਤ ਸਿੰਘ, ਬਲਦੇਵ ਸਿੰਘ ਦਾਇਆ, ਬਲਵਿੰਦਰ ਗਿਲ, ਇੰਦਰਜੀਤ ਸਿੰਘ, ਜਗਤਾਰ ਸਿੰਘ ਸੇਖਵਾਂ, ਤੇਜਾ ਸਿੰਘ ਬਰਾੜ ਜਨਰਲ, ਜਸਬੀਰ ਸਿੰਘ ਧਰਮਕੋਟ, ਰਾਮ ਸੁੱਖ ਅਜੀਤਵਾਲ ਆਦਿ ਆਗੂਆਂ ਅਤੇ ਵਰਕਰਾਂ ਨੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ।

## ਬੀ ਕੇ ਯੂ ਸਿੱਧੂਪੁਰ ਵੱਲੋਂ ਕਿਸਾਨੀ ਮੰਗਾਂ ਸੰਬੰਧੀ ਡੀ ਸੀ ਨੂੰ ਮੰਗ ਪੱਤਰ



**ਸਮਰਾਲਾ (ਸੁਰਜੀਤ ਸਿੰਘ)**-ਭਾਰਤੀ ਕਿਸਾਨ ਯੂਨੀਅਨ (ਸਿੱਧੂਪੁਰ) ਨੇ ਕੁਦਰਤੀ ਆਫ਼ਤਾਂ ਕਾਰਨ ਨੁਕਸਾਨੀ ਗਈ ਫਸਲਾਂ, ਜਿਨ੍ਹਾਂ ਵਿੱਚ ਮੁੱਖ ਤੌਰ 'ਤੇ ਕਣਕ ਤੇ ਸਬਜ਼ੀਆਂ ਦੀ ਭਰਪਾਈ ਲਈ ਕਿਸਾਨੀ ਮੰਗਾਂ ਸਬੰਧੀ ਡੀ ਸੀ ਲੁਧਿਆਣਾ ਦੇ ਮਾਧਿਅਮ ਤੋਂ ਪੰਜਾਬ ਸਰਕਾਰ ਨੂੰ ਮੰਗ ਪੱਤਰ ਦਿੱਤਾ। ਇਸ ਦੇ ਨਾਲ ਹੀ ਮੰਗ ਪੱਤਰ ਅਨੁਸਾਰ ਇਹ ਵੀ ਮੰਗ ਕੀਤੀ ਗਈ ਹੈ ਕਿ ਖਨੌਰੀ ਤੇ ਸ਼ੰਭੂ ਮੋਰਚਿਆਂ 'ਤੇ ਸਰਕਾਰ ਵੱਲੋਂ ਚਲਾਏ ਗਏ ਬੁਲਡੋਜ਼ਰਾਂ ਨਾਲ ਜੋ ਕਿਸਾਨਾਂ ਦੇ ਮਾਲ ਦਾ ਨੁਕਸਾਨ ਹੋਇਆ, ਉਸ ਦੀ ਭਰਪਾਈ ਕੀਤੀ ਜਾਵੇ।ਇਸ ਮੌਕੇ ਪੱਤਰਕਾਰਾਂ ਨਾਲ ਗੱਲ ਕਰਦੇ ਹੋਏ ਕਿ ਕਿਸਾਨ ਆਗੂ ਗੁਰਦੀਪ ਸਿੰਘ ਚਾਹਲ ਨੇ ਦੱਸਿਆ ਕਿ ਪਿਛਲੇ ਦਿਨੀਂ ਗੜ੍ਹੇਮਾਰੀ ਕਾਰਨ ਕਣਕ, ਸਬਜ਼ੀਆਂ ਤੇ ਹਰੇ ਚਾਰੇ ਦੀਆਂ ਫਸਲਾਂ ਬੁਰੀ ਤਰ੍ਹਾਂ ਨੁਕਸਾਨੀਆਂ ਗਈਆਂ ਅਤੇ ਸੂਬੇ ਵਿੱਚ ਬਹੁਤ ਵੱਡੀ ਪੱਧਰ ਉੱਪਰ ਅੱਗ ਲੱਗਣ ਦੀਆਂ ਘਟਨਾਵਾਂ ਨਾਲ ਹਜ਼ਾਰਾਂ ਏਕੜ ਕਣਕ ਦੀ ਫਸਲ ਸੜ ਗਈ ਅਤੇ ਕਿਸਾਨਾਂ ਦਾ ਜਾਨੀ ਤੇ ਹੋਰ ਮਾਲੀ ਨੁਕਸਾਨ ਹੋਇਆ ਅਤੇ ਕੁੱਝ ਥਾਵਾਂ ਉੱਤੇ ਕਰਨਾਲ ਬੰਟ ਨਾਮ ਦੀ ਬਿਮਾਰੀ ਕਾਰਨ ਕਣਕ ਦੀ ਫਸਲ ਦਾ ਭਾਰੀ ਨੁਕਸਾਨ ਹੋਇਆ ਹੈ।ਉਨ੍ਹਾਂ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਕਿ ਗਿਰਦਾਵਰੀ ਕਰਵਾ ਕੇ ਮੁਆਵਜ਼ੇ ਦੀ ਰਕਮ ਕਿਸਾਨਾਂ ਦੇ ਬੈਂਕ ਖਾਤਿਆਂ ਵਿੱਚ ਪਾਈ ਜਾਵੇ।ਉਨ੍ਹਾਂ ਮੰਗ ਪੱਤਰ ਰਾਹੀਂ ਸਰਕਾਰ ਨੂੰ ਇਹ ਵੀ ਅਪੀਲ ਕੀਤੀ ਕਿ ਖਨੌਰੀ ਤੇ ਸ਼ੰਭੂ ਮੋਰਚਿਆਂ 'ਤੇ ਪੁਲਸ ਜਬਰ ਦੌਰਾਨ ਕਿਸਾਨਾਂ ਦੀਆਂ ਚੋਰੀ ਹੋਈਆਂ ਟਰਾਲੀਆਂ, ਮੰਜੇ, ਬਿਸਤਰੇ, ਏਸੀ, ਕੂਲਰ, ਗੈਸ ਸਿਲੰਡਰ, ਚਾਹ ਪੱਤੀ ਆਦਿ ਸਾਮਾਨ ਦੇ ਨੁਕਸਾਨ ਦੀ ਭਰਪਾਈ ਅਜੇ ਤੱਕ ਨਹੀਂ ਹੋਈ।ਉਨ੍ਹਾਂ ਕਿਹਾ ਕਿ ਸਾਮਾਨ ਚੋਰੀ ਕਰਨ ਵਾਲਿਆਂ 'ਤੇ ਕੋਈ ਕਾਰਵਾਈ ਨਹੀਂ ਹੋਈ।ਇਸ ਮੌਕੇ ਉਨ੍ਹਾਂ ਨਾਲ ਸਵਰਨਜੀਤ ਸਿੰਘ ਘੁਲਾਲ, ਮਲਕੀਤ ਸਿੰਘ ਘੁਲਾਲ, ਅਵਤਾਰ ਸਿੰਘ ਰਾਣਵਾਂ, ਗੁਰਿੰਦਰ ਸਿੰਘ ਜੁੜਾਹਾ, ਕਰਮਜੀਤ ਸਿੰਘ ਕੋਟ ਆਗਾ, ਬਲਰਾਜ ਸਿੰਘ ਰਾਮਪੁਰ, ਗੁਰਜੀਤ ਸਿੰਘ ਦੋਰਾਹਾ, ਹਰਦੀਪ ਸਿੰਘ ਗੋਸਲ, ਰਜਵੰਤ ਸਿੰਘ ਗਿੱਲ, ਜਸਮੇਲ ਸਿੰਘ ਭਮਾਂ, ਸਤਨਾਮ ਸਿੰਘ ਸ਼ੇਰਗੜ੍ਹ ਆਦਿ ਹਾਜ਼ਰ ਸਨ।

# ਸਰਕਾਰ ਵੱਲੋਂ ਅਨੁਸੂਚਿਤ ਜਾਤੀ ਸਕਾਲਰਸ਼ਿਪ ਦੇ 242 ਕਰੋੜ ਰੁਪਏ ਜਾਰੀ

### ਡਾ. ਅੰਬੇਡਕਰ ਸਕਾਲਰਸ਼ਿਪ ਪੋਰਟਲ 15 ਮਈ ਤੱਕ ਦੁਬਾਰਾ ਖੋਲ੍ਹਣ ਦਾ ਫ਼ੈਸਲਾ : ਡਾ. ਬਲਜੀਤ ਕੌਰ

**ਮਲੋਟ (ਗੁਰਮੀਤ ਸਿੰਘ ਮੱਕੜ, ਓਮ ਪ੍ਰਕਾਸ਼ ਸ਼ੇਖੂ)**

ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਲਈ ਸਮੇਂ ਸਿਰ ਵਿੱਤੀ ਸਹਾਇਤਾ ਯਕੀਨੀ ਬਣਾਉਣ ਵੱਲ ਇੱਕ ਮਹੱਤਵਪੂਰਨ ਮੀਲ ਪੱਥਰ ਵਜੋਂ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਗਤੀਸ਼ੀਲ ਅਗਵਾਈ ਵਾਲੀ ਪੰਜਾਬ ਸਰਕਾਰ ਨੇ 31 ਮਾਰਚ 2025 ਤੋਂ ਪਹਿਲਾਂ 2,22,764 ਵਿਦਿਆਰਥੀਆਂ ਲਈ ਰਾਜ ਦੇ ਆਪਣੇ ਹਿੱਸੇ ਵਜੋਂ 242.01 ਕਰੋੜ ਰੁਪਏ ਸਫਲਤਾਪੂਰਵਕ ਜਾਰੀ ਕਰਕੇ ਇਤਿਹਾਸ ਰਚਿਆ ਹੈ। ਇਹ ਪ੍ਰਗਟਾਵਾ ਪੰਜਾਬ ਦੇ ਸਮਾਜਿਕ ਨਿਆਂ, ਅਧਿਕਾਰਤਾ ਤੇ ਘੱਟ ਗਿਣਤੀ ਮੰਤਰੀ ਡਾ. ਬਲਜੀਤ ਕੌਰ ਨੇ ਕਹੀ। ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਨੇ ਦੱਸਿਆ ਕਿ ਇਹ ਸੂਬੇ ਦੇ ਇਤਿਹਾਸ ਵਿੱਚ ਪਹਿਲੀ ਵਾਰ ਹੋਇਆ ਹੈ ਕਿ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਦਾ ਰਾਜ ਸਰਕਾਰ ਦਾ ਹਿੱਸਾ ਅਕਾਦਮਿਕ ਸਾਲ ਦੇ ਅੰਦਰ ਹੀ ਵੰਡਿਆ ਗਿਆ ਹੈ। ਇਸ ਸਰਗਰਮ ਤੇ ਵਿਦਿਆਰਥੀ-ਕੇਂਦ੍ਰਿਤ ਪਹਿਲਕਦਮੀ ਦੀ ਭਾਰਤ ਸਰਕਾਰ ਦੇ ਸਮਾਜਿਕ ਨਿਆਂ ਤੇ ਸਸ਼ਕਤੀਕਰਨ ਮੰਤਰਾਲੇ ਵੱਲੋਂ ਸਕਾਲਰਸ਼ਿਪ ਸਕੀਮ ਨੂੰ ਕੁਸ਼ਲ, ਪਾਰਦਰਸ਼ੀ ਤੇ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਲਈ ਪੰਜਾਬ ਸਰਕਾਰ ਦੀ ਪ੍ਰਸ਼ੰਸਾ ਕੀਤੀ ਗਈ। ਉਨ੍ਹਾਂ ਕਿਹਾ ਕਿ ਸੂਬੇ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਸਮਾਜਿਕ ਬਰਾਬਰੀ ਤੇ ਸਾਰਿਆਂ ਲਈ ਸਿੱਖਿਆ ਪ੍ਰਤੀ ਵਚਨਬੱਧਤਾ ਤੋਂ ਸੇਧ ਲੈ ਕੇ ਪੰਜਾਬ ਸਰਕਾਰ ਸੂਬੇ ਵਿੱਚ ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਦੀ ਭਲਾਈ ਤੇ ਵਿੱਦਿਅਕ ਸਸ਼ਕਤੀਕਰਨ ਲਈ ਪੂਰੀ ਤਰ੍ਹਾਂ ਸਮਰਪਿਤ ਹੈ। ਇਸ ਦ੍ਰਿਸ਼ਟੀਕੋਣ ਦੇ ਅਨੁਸਾਰ,



ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਲਈ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਨੂੰ ਇੱਕ ਕੁਸ਼ਲ, ਪਾਰਦਰਸ਼ੀ ਤੇ ਵਿਦਿਆਰਥੀ-ਅਨੁਕੂਲ ਢੰਗ ਨਾਲ ਲਾਗੂ ਕੀਤਾ ਜਾ ਰਿਹਾ ਹੈ ਤਾਂ ਜੋ ਉਹ ਵਿੱਤੀ ਰੁਕਾਵਟਾਂ ਤੋਂ ਬਿਨਾਂ ਉੱਚ ਸਿੱਖਿਆ ਪ੍ਰਾਪਤ ਕਰ ਸਕਣ। ਡਾ. ਬਲਜੀਤ ਕੌਰ ਨੇ ਕਿਹਾ ਕਿ ਵਿੱਤੀ ਸਾਲ 2024-25 ਲਈ ਰਾਜ ਨੇ ਇਸ ਪ੍ਰਮੁੱਖ ਯੋਜਨਾ ਦੇ ਤਹਿਤ 2,60,000 ਵਿਦਿਆਰਥੀਆਂ ਨੂੰ ਕਵਰ ਕਰਨ ਦਾ ਟੀਚਾ ਰੱਖਿਆ ਸੀ। ਮੰਤਰੀ ਨੇ ਅੱਗੇ ਦੱਸਿਆ ਕਿ ਬਾਕੀ ਰਹਿੰਦੇ 13,814 ਪ੍ਰਮਾਣਿਤ ਵਿਦਿਆਰਥੀਆਂ ਲਈ ਰਾਜ ਦਾ ਹਿੱਸਾ ਜਲਦੀ ਹੀ ਜਾਰੀ ਕੀਤਾ ਜਾਵੇਗਾ। ਉਨ੍ਹਾ ਕਿਹਾ ਕਿ ਵਿਦਿਆਰਥੀਆਂ ਦੀ ਭਲਾਈ ਦੇ ਹਿੱਤ ਵਿੱਚ ਪੰਜਾਬ ਸਰਕਾਰ ਨੇ ਵੱਡਾ ਫੈਸਲਾ ਲੈਂਦਿਆਂ ਡਾ. ਅੰਬੇਡਕਰ ਸਕਾਲਰਸ਼ਿਪ ਪੋਰਟਲ ਨੂੰ 15 ਮਈ, 2025 ਤੱਕ ਦੁਬਾਰਾ ਖੋਲ੍ਹਣ ਦਾ ਫੈਸਲਾ ਕੀਤਾ ਹੈ, ਜਿਸ ਨਾਲ ਅਜਿਹੇ ਵਿਦਿਆਰਥੀਆਂ ਨੂੰ ਅਰਜ਼ੀ ਪ੍ਰਕਿਰਿਆ ਪੂਰੀ ਕਰਨ ਦਾ ਆਖਰੀ ਮੌਕਾ ਮਿਲੇਗਾ। ਡਾ. ਬਲਜੀਤ ਕੌਰ ਨੇ ਰਾਜ ਸਰਕਾਰ ਦੇ ਇਸ ਦ੍ਰਿੜ੍ਹ ਇਰਾਦੇ ਨੂੰ ਦੁਹਰਾਇਆ ਕਿ ਕੋਈ ਵੀ ਯੋਗ ਵਿਦਿਆਰਥੀ ਇਸ ਮਹੱਤਵਪੂਰਨ ਵਿੱਦਿਅਕ ਸਹਾਇਤਾ ਤੋਂ ਵਾਂਝਾ ਨਾ ਰਹੇ ਅਤੇ ਵਿਦਿਆਰਥੀਆਂ ਤੇ ਸੰਸਥਾਵਾਂ ਨੂੰ ਇਸ ਵਧੇ ਹੋਏ ਮੌਕੇ ਦਾ ਵੱਧ ਤੋਂ ਵੱਧ ਲਾਭ ਉਠਾਉਣ ਦੀ ਅਪੀਲ ਕੀਤੀ।

## ਨਸ਼ੀਲੀਆਂ ਗੋਲੀਆਂ ਸਮੇਤ ਗ੍ਰਿਫ਼ਤਾਰ

**ਸਮਾਣਾ (ਗੁਰਪਿਆਰ ਸਿੰਘ ਬੱਲ, ਇਕਬਾਲ ਸਿੰਘ ਬੱਲ)**-ਪੰਜਾਬ ਸਰਕਾਰ ਵੱਲੋਂ 'ਯੁੱਧ ਨਸ਼ਿਆਂ ਵਿਰੁੱਧ' ਵਿੱਢੀ ਮੁਹਿੰਮ ਤਹਿਤ ਡੀ ਐੱਸ ਪੀ ਸਮਾਣਾ ਗੁਰਇਕਬਾਲ ਸਿੰਘ ਸਿਕੰਦ ਦੀ ਅਗਵਾਈ ਹੇਠ ਥਾਣਾ ਸਿਟੀ ਸਮਾਣਾ ਪੁਲਸ ਵਿੱਚ ਤਾਇਨਾਤ ਸਹਾਇਕ ਥਾਣੇਦਾਰ ਸ਼ਿੰਦਰ ਸਿੰਘ ਦੀ ਪੁਲਸ ਪਾਰਟੀ ਨੇ ਕੁਲਵਿੰਦਰ ਸਿੰਘ ਪੁੱਤਰ ਸੁਖਵਿੰਦਰ ਸਿੰਘ ਵਾਸੀ ਮੁਰਾਦਪੁਰਾ ਨੂੰ ਨਸ਼ੀਲੀਆਂ ਗੋਲੀਆਂ ਸਮੇਤ ਗ੍ਰਿਫ਼ਤਾਰ ਕੀਤਾ ਹੈ।ਪੁਲਸ ਸੂਤਰਾਂ ਤੋਂ ਮਿਲੀ ਜਾਣਕਾਰੀ ਮੁਤਾਬਿਕ ਸਹਾਇਕ ਥਾਣੇਦਾਰ ਸ਼ਿੰਦਰ ਸਿੰਘ ਦੀ ਪੁਲਸ ਪਾਰਟੀ ਗਸ਼ਤ ਦੌਰਾਨ ਜਦੋਂ ਵੜੈਚਾਂ ਰੋਡ ਸਮਾਣਾ 'ਤੇ ਮੌਜੂਦ ਸੀ ਤਾਂ ਮੁਖਬਰ ਦੀ ਇਤਲਾਹ 'ਤੇ ਪਿੰਡ ਮੁਰਾਦਪੁਰਾ ਵਿਖੇ ਇੱਕ ਵਿਅਕਤੀ ਨੂੰ ਗ੍ਰਿਫ਼ਤਾਰ ਕਰਕੇ 70 ਨਸ਼ੀਲੀਆਂ ਗੋਲੀਆਂ ਬਰਾਮਦ ਕੀਤੀਆਂ ਤੇ ਉਸ ਦਾ ਨਾਮ ਪਤਾ ਪੁੱਛਿਆ ਤਾਂ ਉਸ ਨੇ ਆਪਣਾ ਨਾਮ ਕੁਲਵਿੰਦਰ ਸਿੰਘ ਪੁੱਤਰ ਸੁਖਵਿੰਦਰ ਸਿੰਘ ਵਾਸੀ ਮੁਰਾਦਪੁਰਾ ਥਾਣਾ ਸਿਟੀ ਸਮਾਣਾ ਦੱਸਿਆ।

ਥਾਣਾ ਸਿਟੀ ਸਮਾਣਾ ਪੁਲਸ ਨੇ ਉਕਤ ਖਿਲਾਫ ਮੁਕੱਦਮਾ ਦਰਜ ਕਰਕੇ ਅਗਲੇਰੀ ਕਾਈ ਕਾਰਵਾਈ ਆਰੰਭ ਕਰ ਦਿੱਤੀ ਹੈ।

## ਤਖਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਵਿਖੇ ਲੰਗਰਾਂ ਲਈ ਕਣਕ ਭੇਜੀ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**

ਸਥਾਨਕ ਅਨਾਜ ਮੰਡੀ ਤੋਂ ਤਖਤ ਸੱਚਖੰਡ ਸ੍ਰੀ ਹਜ਼ੂਰ ਅਬਿਚਲਨਗਰ ਸਾਹਿਬ ਨਾਂਦੇੜ ਵਿਖੇ ਲੰਗਰਾਂ ਲਈ ਕਣਕ ਦਾ ਟਰੱਕ ਰਵਾਨਾ ਕੀਤਾ ਗਿਆ। ਟਰੱਕ ਰਵਾਨਾ ਕਰਨ ਮੌਕੇ ਸੰਤ ਵਰਿੰਦਰ ਸਿੰਘ ਵਾਸੂ ਵੱਲੋਂ ਲੰਗਰਾਂ ਵਿੱਚ ਸਹਿਯੋਗ ਪਾਉਣ ਵਾਲੇ ਦਾਨੀ ਸੱਜਣਾਂ ਤੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ ਗਈ। ਇਸ ਮੌਕੇ ਟਰੱਕ ਲਿਜਾਣ ਦੀ ਸੇਵਾ ਲਖਵੀਰ ਸਿੰਘ ਬਾਲਿਓਂ ਵੱਲੋਂ ਕੀਤੀ ਗਈ, ਜਿਨ੍ਹਾਂ ਨੂੰ ਪਤਵੰਤੇ ਸੱਜਣਾਂ ਵੱਲੋਂ ਸਿਰੋਪਾਓ ਪਾ ਕੇ ਸਨਮਾਨਤ ਕੀਤਾ ਗਿਆ। ਲੰਗਰਾਂ ਲਈ ਕਣਕ ਭੇਜਣ ਵਾਸਤੇ ਮਾਛੀਵਾੜਾ ਸਾਹਿਬ ਤੇ ਆਸ-ਪਾਸ ਦੇ ਪਿੰਡਾਂ ਦੀ ਸੰਗਤ ਵੱਲੋਂ ਆਪਣਾ ਦਸਵੰਧ ਪਾਇਆ ਗਿਆ। ਇਸ ਮੌਕੇ ਆੜ੍ਹਤੀ ਐਸੋ. ਦੇ ਸਾਬਕਾ ਪ੍ਰਧਾਨ ਹਰਜਿੰਦਰ ਸਿੰਘ ਖੇੜਾ, ਮੇਵਾ ਸਿੰਘ ਰਾਣਵਾਂ, ਚਰਨਜੀਤ ਸਿੰਘ ਲੱਖੋਵਾਲ, ਧਰਮਵੀਰ ਸਿੰਘ, ਜਸਵੀਰ ਸਿੰਘ ਰਾਣਵਾਂ, ਲਖਵੀਰ ਸਿੰਘ ਬਾਲਿਓਂ, ਕੁਲਜਿੰਦਰ ਸਿੰਘ ਘੁਮਾਣਾ, ਅਵਤਾਰ ਸਿੰਘ ਮੁਨਸ਼ੀ, ਹਰਫੂਲ ਸਿੰਘ ਪਨਸਪ, ਗੁਰਮੀਤ ਸਿੰਘ ਗਰੇਵਾਲ, ਅਕਾਸ਼ਜੋਤ ਸਿੰਘ ਘੁਮਾਣ, ਰਾਜਾ ਗੋਗੀਆ, ਜਸਵੀਰ ਸਿੰਘ ਟਾਂਡਾ, ਗੋਲਡੀ ਗੋਗੀਆ ਆਦਿ ਮੌਜੂਦ ਸਨ।

4-MAY-PAGE-5.qxd 5/3/2025 11:07 PM Page 1



# ਸਰਬ ਭਾਰਤ ਨੌਜਵਾਨ ਸਭਾ ਦਾ ਇਤਿਹਾਸ ਸ਼ਾਨਮੱਤਾ : ਕੁਲਦੀਪ ਭੋਲਾ, ਕਰਮਵੀਰ ਬੱਧਨੀ



**ਮੋਗਾ (ਇਕਬਾਲ ਸਿੰਘ ਖਹਿਰਾ)**-ਸਰਬ ਭਾਰਤ ਨੌਜਵਾਨ ਸਭਾ ਪੰਜਾਬ ਦਾ 66ਵਾਂ ਸਥਾਪਨਾ ਦਿਵਸ ਪੂਰੇ ਪੰਜਾਬ ਵਿੱਚ ਇਨਕਲਾਬੀ ਜੋਸ਼ ਖਰੋਸ਼ ਨਾਲ ਜਥੇਬੰਦੀ ਦੇ ਝੰਡੇ ਲਹਿਰਾ ਕੇ ਮਨਾਇਆ ਗਿਆ। ਇਸੇ ਤਹਿਤ ਜਥੇਬੰਦੀ ਦੇ ਸੂਬਾ ਹੈੱਡ ਕੁਆਰਟਰ ਸ਼ਹੀਦ ਨਛੱਤਰ ਸਿੰਘ ਧਾਲੀਵਾਲ ਭਵਨ ਮੋਗਾ, ਵਿਖੇ ਸਰਬ ਭਾਰਤ ਨੌਜਵਾਨ ਸਭਾ ਦੇ ਸਾਬਕਾ ਸੂਬਾ ਸਕੱਤਰ ਕੁਲਦੀਪ ਭੋਲਾ ਵੱਲੋਂ ਜਥੇਬੰਦੀ ਦਾ ਝੰਡਾ ਝੁਲਾਕੇ ਦੇਸ਼ ਦੇ ਨੌਜਵਾਨਾਂ ਨੂੰ ਇਨਕਲਾਬੀ ਮੁਬਾਰਕਬਾਦ ਦਿੱਤੀ ਗਈ। ਇਸ ਸਮੇਂ ਉਨ੍ਹਾਂ ਦੇ ਨਾਲ ਸਰਬ ਭਾਰਤ ਨੌਜਵਾਨ ਸਭਾ ਦੇ ਸੂਬਾ ਪ੍ਰਧਾਨ ਕਰਮਵੀਰ ਬੱਧਨੀ ਤੇ ਜ਼ਿਲ੍ਹਾ ਮੋਗਾ ਦੇ ਸੀਨੀਅਰ ਮੀਤ ਸਕੱਤਰ ਸ਼ੁਭਮ ਬੁੱਟਰ ਹਾਜ਼ਰ ਸਨ।

ਇਸ ਸਮੇਂ ਪ੍ਰੈੱਸ ਦੇ ਨਾਮ ਬਿਆਨ ਜਾਰੀ ਕਰਦਿਆਂ ਆਗੂਆਂ ਨੇ ਕਿਹਾ ਕਿ ਸਰਬ ਭਾਰਤ ਨੌਜਵਾਨ ਸਭਾ ਦੀ ਸਥਾਪਨਾ 28 ਅਪ੍ਰੈਲ ਤੋਂ ਤਿੰਨ ਮਈ 1959 ਨੂੰ ਦਿੱਲੀ ਵਿੱਚ ਚੱਲੀ ਰਾਸ਼ਟਰੀ ਕਾਨਫਰੰਸ ਦੌਰਾਨ ਕੀਤੀ ਗਈ। ਛੇ ਦਿਨਾਂ ਦੀ ਚੱਲੀ ਇਸ ਰਾਸ਼ਟਰੀ ਕਾਨਫਰੰਸ ਵਿੱਚ 11 ਵੱਖ-ਵੱਖ ਸੂਬਿਆਂ ਦੇ ਲਗਭਗ 250 ਡੈਲੀਗੇਟਾਂ ਨੇ ਹਿੱਸਾ ਲਿਆ। ਇਸ ਕਾਨਫਰੰਸ ਵਿੱਚ ਪ੍ਰਸਿੱਧ ਫਿਲਮੀ ਹਸਤੀ ਬਲਰਾਜ ਸਾਹਨੀ ਨੂੰ ਰਾਸ਼ਟਰੀ ਪ੍ਰਧਾਨ ਤੇ ਸ਼ਾਰਦਾ ਮਿੱਤਰੀ ਨੂੰ ਰਾਸ਼ਟਰੀ ਜਨਰਲ ਸਕੱਤਰ ਚੁਣਿਆ ਗਿਆ। ਉਸ ਸਮੇਂ ਤੋਂ ਲੈ ਕੇ ਹੁਣ ਤੱਕ ਇਹ ਜਥੇਬੰਦੀ ਦੇਸ਼ ਦੇ ਨੌਜਵਾਨਾਂ ਵਾਸਤੇ ਲਗਾਤਾਰ ਸਰਗਰਮੀ ਕਰ ਰਹੀ ਹੈ। ਪੰਜਾਬ ਵਿੱਚ ਚੱਲੀ ਰੁਜ਼ਗਾਰ ਪ੍ਰਾਪਤੀ ਮੁਹਿੰਮ ਦੇ ਬੈਨਰ ਹੇਠ ਸਰਬ ਭਾਰਤ ਨੌਜਵਾਨ ਸਭਾ ਨੇ ਹਰ ਨੌਜਵਾਨ ਵਾਸਤੇ ਰੁਜ਼ਗਾਰ ਦੀ ਗਰੰਟੀ ਹੋਵੇ, ਇਹਦੇ ਲਈ ਲਗਾਤਾਰ ਸਰਗਰਮੀ ਕਰਦਿਆਂ ਦੇਸ਼ ਵਿੱਚ ਇੱਕ ਮਾਹੌਲ ਪੈਦਾ ਕੀਤਾ ਹੈ, ਜਿਸ ਦੇ ਚਲਦਿਆਂ ਅੱਜ ਦੇਸ਼ ਦੀ ਪਾਰਲੀਮੈਂਟ ਤੋਂ ਭਗਤ ਸਿੰਘ ਕੌਮੀ ਰੁਜ਼ਗਾਰ ਗਰੰਟੀ ਕਾਨੂੰਨ, ਜੋ ਹਰ ਨੌਜਵਾਨ ਨੂੰ ਉਸਦੀ ਯੋਗਤਾ ਅਨੁਸਾਰ ਰੁਜ਼ਗਾਰ ਦੀ ਗਰੰਟੀ ਦੀ ਗੱਲ ਕਰਦਾ ਹੈ, ਲਈ ਲਗਾਤਾਰ ਦੇਸ਼ ਵਿਆਪੀ ਸਰਗਰਮੀ ਜਾਰੀ ਹੈ। ਆਗੂਆਂ ਨੇ ਕਿਹਾ ਕਿ ਜਥੇਬੰਦੀ ਰੁਜ਼ਗਾਰ ਦੇ ਨਾਲ ਨਾਲ ਸਭ ਨੂੰ ਮੁਫ਼ਤ, ਲਾਜ਼ਮੀ, ਵਿਗਿਆਨਕ ਤੇ ਮਿਆਰੀ ਵਿੱਦਿਆ ਦਾ ਕਾਨੂੰਨੀ ਹੱਕ ਹੋਵੇ, ਸਮੁੱਚੀ ਸੱਭਿਆਚਾਰਕ-ਸਾਹਿਤਕ ਸਰਗਰਮੀਆਂ ਤੇ ਲਾਇਬ੍ਰੇਰੀਆਂ ਲਈ ਹਰ ਪਿੰਡ-ਮੁਹੱਲੇ 'ਭਗਤ ਸਿੰਘ ਭਵਨ' ਬਣਨ, ਦਰਿਆਵਾਂ, ਮੀਂਹ ਦੇ ਪਾਣੀ ਤੇ ਵਾਤਾਵਰਣ ਦੀ ਯੋਜਨਾਬੱਧ ਸੰਭਾਲ ਅਤੇ ਨਸ਼ਾਮੁਕਤ ਪੰਜਾਬ ਹੋਵੇ ਆਦਿ ਮੁੱਦਿਆਂ ਨੂੰ ਲੈ ਕੇ ਲਗਾਤਾਰ ਸੰਘਰਸ਼ ਕਰ ਰਹੀ ਹੈ। ਇਸ ਦਿਨ 'ਤੇ ਉਨ੍ਹਾਂ ਅਪੀਲ ਕੀਤੀ ਕਿ ਆਓ ਇਸ ਜਥੇਬੰਦੀ ਦੇ ਮੈਂਬਰ ਬਣ ਕੇ ਇਸ ਨੂੰ ਹੋਰ ਮਜ਼ਬੂਤ ਕਰੀਏ ਤਾਂ ਕਿ ਆਉਣ ਵਾਲੀਆਂ ਪੀੜ੍ਹੀਆਂ ਲਈ ਵਧੀਆ ਸਾਜ਼ਗਾਰ ਮਾਹੌਲ ਸਿਰਜਿਆ ਜਾ ਸਕੇ। ਇਸ ਸਮੇਂ ਉਨ੍ਹਾਂ ਦੇ ਨਾਲ ਸਰਬ ਭਾਰਤ ਨੌਜਵਾਨ ਸਭਾ ਦੇ ਸਾਬਕਾ ਸੂਬਾ ਆਗੂ ਜਗਸੀਰ ਖੋਸਾ, ਆਲ ਇੰਡੀਆ ਸਟੂਡੈਂਟ ਫੈਡਰੇਸ਼ਨ ਦੇ ਜ਼ਿਲ੍ਹਾ ਸਕੱਤਰ ਸਵਰਾਜ ਖੋਸਾ, ਸਰਬ ਭਾਰਤ ਨੌਜਵਾਨ ਸਭਾ ਦੀ ਜ਼ਿਲ੍ਹਾ ਪ੍ਰੈੱਸ ਸਕੱਤਰ ਜਸਪ੍ਰੀਤ ਬੱਧਨੀ, ਜ਼ਿਲ੍ਹਾ ਮੀਤ ਪ੍ਰਧਾਨ ਲਖਵੀਰ ਸਿੰਘ ਰਾਜੂ, ਜ਼ਿਲ੍ਹਾ ਕੌਂਸਲ ਮੈਂਬਰ ਹਰਜੀਤ ਮਹੇਸ਼ਰੀ, ਰਮਨਦੀਪ ਕੌਰ, ਗੁਰਭੇਜ ਸਿੰਘ ਬੁੱਟਰ, ਵਿਦਿਆਰਥੀ ਆਗੂ ਲਵਪ੍ਰੀਤ ਕੌਰ, ਜਸਦੀਪ ਕੌਰ ਆਦਿ ਹਾਜ਼ਰ ਸਨ।

## ਅੱਖਾਂ ਦਾ ਮੁਫਤ ਚੈੱਕਅੱਪ ਤੇ ਅਪ੍ਰੇਸ਼ਨ ਕੈਂਪ ਅੱਜ

**ਨਿਹਾਲ ਸਿੰਘ ਵਾਲਾ (ਲਵਲੀ ਮਾਛੀਕੇ)**-ਸਵਰਗਵਾਸੀ ਗੁਰਦੇਵ ਕੌਰ ਬਰਾੜ ਧਰਮ-ਪਤਨੀ ਸਵ. ਬਿੱਕਰ ਸਿੰਘ ਬਰਾੜ ਦੀ ਯਾਦ ਵਿੱਚ ਉਨ੍ਹਾਂ ਦੀਆਂ ਦੋਨੋਂ ਬੇਟੀਆਂ ਵੱਲੋਂ ਲਾਇਨਜ਼ ਕਲੱਬ ਮੰਡੀ ਨਿਹਾਲ ਸਿੰਘ ਵਾਲਾ ਦੇ ਸਹਿਯੋਗ ਨਾਲ 73ਵਾਂ ਫਰੀ ਅੱਖਾਂ ਦਾ ਅਪ੍ਰੇਸ਼ਨ ਤੇ ਚੈੱਕਅਪ ਕੈਂਪ ਦਿਸੀ ਤੇ ਕੁੱਕੀ ਇੰਗਲੈਂਡ ਵਾਲਿਆਂ ਦੇ ਸਹਿਯੋਗ ਨਾਲ 4 ਮਈ ਐਤਵਾਰ ਨੂੰ ਵੱਡਾ ਗੁਰਦੁਆਰਾ ਸਾਹਿਬ ਪਿੰਡ ਖੋਟੇ (ਮੋਗਾ) ਵਿਖੇ ਲਗਾਇਆ ਜਾ ਰਿਹਾ ਹੈ। ਇਹ ਕੈਂਪ ਵਿੱਚ ਆਈ ਕੇਅਰ ਸੈਂਟਰ ਜੈਤੋਂ ਦੇ ਮਾਹਰ ਡਾਕਟਰਾਂ ਦੁਆਰਾ ਅੱਖਾਂ ਦਾ ਫਰੀ ਚੈੱਕਅਪ ਕੀਤਾ ਜਾਵੇਗਾ।

## ਨੈਸ਼ਨਲ ਲੋਕ ਅਦਾਲਤ 10 ਨੂੰ

**ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)**-ਨਾਲਸਾ ਤੇ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਦੀਆਂ ਹਦਾਇਤਾਂ ਅਨੁਸਾਰ ਦੂਜੀ ਨੈਸ਼ਨਲ ਲੋਕ ਅਦਾਲਤ 10 ਮਈ 2025 ਨੂੰ ਲਗਾਈ ਜਾਵੇਗੀ। ਇਸ ਸਬੰਧੀ ਸ੍ਰੀ ਰਾਜ ਕੁਮਾਰ ਜ਼ਿਲ੍ਹਾ ਤੇ ਸੈਸ਼ਨਜ਼ ਜੱਜ ਸ੍ਰੀ ਮੁਕਤਸਰ ਸਾਹਿਬ ਵੱਲੋਂ ਇੱਕ ਮੀਟਿੰਗ ਕੀਤੀ ਗਈ, ਜਿਸ ਵਿੱਚ ਉਨ੍ਹਾ ਸਾਰੇ ਜੱਜ ਸਾਹਿਬਾਨਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਆਉਣ ਵਾਲੀ ਨੈਸ਼ਨਲ ਲੋਕ ਅਦਾਲਤ ਵਿੱਚ ਵੱਧ ਤੋਂ ਵੱਧ ਕੇਸ ਲਗਾਏ ਜਾਣ, ਤਾਂ ਕਿ ਵੱਧ ਤੋਂ ਵੱਧ ਕੇਸਾਂ ਦਾ ਨਿਪਟਾਰਾ ਕੀਤਾ ਜਾ ਸਕੇ।ਜੱਜ ਸਾਹਿਬ ਨੂੰ ਮੀਟਿੰਗ ਵਿੱਚ ਹਾਜ਼ਰ ਜੂਡੀਸ਼ੀਅਲ ਅਫਸਰਾਂ ਨੇ ਵਿਸ਼ਵਾਸ ਦਵਾਇਆ ਕਿ ਇਸ ਲੋਕ ਅਦਾਲਤ ਵਿੱਚ ਵੱਧ ਤੋਂ ਵੱਧ ਕੇਸ ਲਗਾਉਣ ਲਈ ਉਪਰਾਲੇ ਕੀਤੇ ਜਾਣਗੇ ਤੇ ਵੱਧ ਤੋਂ ਵੱਧ ਕੇਸਾਂ ਦਾ ਨਿਪਟਾਰਾ ਕਰਵਾਉਣ ਦਾ ਵੀ ਉਪਰਾਲਾ ਕੀਤਾ ਜਾਵੇਗਾ।

# ਰਾਕੇਸ਼ ਟਿਕੈਤ 'ਤੇ ਸੰਘੀ ਗੁੰਡਿਆਂ ਵੱਲੋਂ ਹਮਲਾ ਬਰਦਾਸ਼ਤ ਨਹੀਂ ਕੀਤਾ ਜਾਵੇਗਾ : ਦੱਤ, ਖੰਨਾ



**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**-ਮੋਦੀ ਹਕੂਮਤ ਦੀ ਸ਼ਹਿ 'ਤੇ ਪਲ ਰਹੇ ਭਾਜਪਾ ਸੰਘੀ ਗੁੰਡਿਆਂ ਵੱਲੋਂ ਗਿਣੀ-ਮਿਥੀ ਸਾਜ਼ਿਸ਼ ਤਹਿਤ ਸੰਯੁਕਤ ਕਿਸਾਨ ਮੋਰਚੇ ਦੇ ਆਗੂ ਰਾਕੇਸ਼ ਟਿਕੈਤ ਉੱਪਰ ਮੁਜ਼ੱਫਰਨਗਰ ਵਿਖੇ ਹਮਲਾ ਕਰਕੇ ਉਸ ਦੀ ਪੱਗ ਉਤਾਰਨ ਦੀ ਇਨਕਲਾਬੀ ਕੇਂਦਰ ਪੰਜਾਬ ਨੇ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਹੈ। ਪ੍ਰੈੱਸ ਬਿਆਨ ਜਾਰੀ ਕਰਦਿਆਂ ਜਥੇਬੰਦੀ ਦੇ ਪ੍ਰਧਾਨ ਨਰਾਇਣ ਦੱਤ ਤੇ ਜਨਰਲ ਸਕੱਤਰ ਕੰਵਲਜੀਤ ਖੰਨਾ ਨੇ ਕਿਹਾ ਕਿ ਮੋਦੀ ਹਕੂਮਤ ਦਾ ਅਜਿਹਾ ਵਤੀਰਾ ਪੱਖਪਾਤੀ ਤੇ ਬਦਨੀਅਤੀ ਤੋਂ ਪ੍ਰੇਰਿਤ ਹੈ, ਜਿਸ ਨੂੰ ਤੁਰੰਤ ਰੱਦ ਕਰ ਦਿੱਤਾ ਜਾਣਾ ਚਾਹੀਦਾ ਹੈ। ਰਾਕੇਸ਼ ਟਿਕੈਤ ਨੇ ਸਿਰਫ਼ ਪੁਲਵਾਮਾ ਹਮਲੇ ਲਈ ਮੋਦੀ ਹਕੂਮਤ ਉੱਪਰ ਸਵਾਲ ਕੀਤਾ ਸੀ ਕਿ ਆਖਰ 26 ਨਿਰਦੋਸ਼ ਸੈਲਾਨੀਆਂ ਦੇ ਘਿਨਾਉਣੇ ਕਤਲ ਲਈ ਕੌਣ ਜ਼ਿੰਮੇਵਾਰ ਹੈ? ਇਸ ਤੋਂ ਪਹਿਲਾਂ ਲੋਕ ਗਾਇਕਾ ਅਲੋਚਕ ਨੇਹਾ ਸਿੰਘ ਰਾਠੌਰ ਤੇ ਪ੍ਰੋਫੈਸਰ ਮਾਦਰੀ ਕਾਕੋਟੀ (ਡਾ. ਮੇਡਿਊਸਾ) ਖਿਲਾਫ਼ ਰਾਜਧ੍ਰੋਹ ਦੀਆਂ ਧਾਰਾਵਾਂ ਤਹਿਤ ਐੱਫਆਈਆਰ ਦਰਜ ਕਰਨ ਤੇ 4 ਪੀ ਐੱਮ ਯੂ ਟਿਊਬ ਚੈਨਲ ਨੂੰ ਬੰਦ ਕਰਨ ਦੀ ਘਿਨਾਉਣੀ ਕਾਰਵਾਈ ਕੀਤੀ ਹੈ। ਇਹ ਮਾਮਲਾ ਸਿੱਧੇ ਤੌਰ 'ਤੇ ਕਾਨੂੰਨ ਦੀ ਦੁਰਵਰਤੋਂ ਤੇ ਵਿਚਾਰ ਪ੍ਰਗਟਾਵੇ ਦੀ ਆਜ਼ਾਦੀ 'ਤੇ ਹਮਲਾ ਹੈ। ਪਹਿਲਗਾਮ 'ਚ 22 ਅਪ੍ਰੈਲ ਦੇ ਦਹਿਸ਼ਤਗਰਦੀ ਹਮਲੇ ਨੇ ਕੌਮੀ ਸੁਰੱਖਿਆ ਦੇ ਮਾਮਲੇ 'ਚ ਸਰਕਾਰ ਦੀ ਨਾਕਾਮੀ ਨੂੰ ਉਜਾਗਰ ਕੀਤਾ ਹੈ। ਸਰਕਾਰ ਦੀਆਂ ਨਾਕਾਮੀਆਂ ਪ੍ਰਤੀ ਸਵਾਲ ਖੜ੍ਹੇ ਕਰਨਾ 4 ਪੀ ਐੱਮ ਯੂ ਟਿਊਬ ਚੈਨਲ ਤੇ ਦੋਵਾਂ ਕਾਰਕੁਨਾਂ ਦਾ ਬੁਨਿਆਦੀ ਅਧਿਕਾਰ ਹੈ। ਉਹ ਆਪਣੀ ਕਲਾ, ਲਿਖਤ ਤੇ ਬਿਆਨਾਂ ਰਾਹੀਂ ਪੂਰੇ ਹੌਸਲੇ ਨਾਲ ਨਿਆਂ ਅਤੇ ਜਨ ਸੁਰੱਖਿਆ ਦੇ ਹਿੱਤ 'ਚ ਸਰਕਾਰ ਦੀਆਂ ਕਮੀਆਂ ਨੂੰ ਉਜਾਗਰ ਕਰਕੇ ਲੋਕਤੰਤਰੀ ਕਦਰਾਂ ਨੂੰ ਮਜ਼ਬੂਤ ਕਰ ਰਹੇ ਹਨ, ਪਰ ਚਿੰਤਾ ਦੀ ਗੱਲ ਹੈ ਕਿ ਸੱਤਾ ਸੰਸਥਾਵਾਂ ਉੱਠ ਰਹੇ ਸਵਾਲਾਂ ਦਾ ਜਵਾਬ ਦੇਣ ਦੀ ਬਜਾਏ ਆਪਣੀ ਆਲੋਚਨਾ ਕੀਤੇ ਜਾਣ ਨੂੰ ਹੀ ਅਪਰਾਧ ਐਲਾਨ ਰਹੀਆਂ ਹਨ। ਦੂਜੇ ਪਾਸੇ, ਸਰਕਾਰ ਜੰਗ ਛੇੜਨ ਦੇ ਹੱਕ ਵਿੱਚ ਜਨੂੰਨੀ ਮਾਹੌਲ ਬਣਾ ਕੇ ਆਪਣੀਆਂ ਅਸਫਲਤਾਵਾਂ ਤੋਂ ਜਨਤਾ ਦਾ ਧਿਆਨ ਭਟਕਾਉਣ ਤੇ ਮੁਸਲਿਮ ਵਿਰੋਧੀ ਜਨੂੰਨ ਨੂੰ ਭੜਕਾਉਣ 'ਚ ਲੱਗੀ ਹੋਈ ਹੈ। ਇਸ ਦੀ ਆੜ 'ਚ ਵਿਰੋਧ ਦੀਆਂ ਲੋਕਤੰਤਰੀ ਆਵਾਜ਼ਾਂ ਨੂੰ ਦਬਾਇਆ ਜਾ ਰਿਹਾ ਹੈ। ਦਮਨ ਦੇ ਇਸ ਚੱਕਰ ਰਾਹੀਂ ਲੋਕ ਪੱਖੀ ਯੂ ਟਿਊਬਰਾਂ, ਸਰਗਰਮ ਕਾਰਕੁਨਾਂ ਦੇ ਉਤਪੀੜਨ, ਹੁਣ ਕਿਸਾਨ ਆਗੂ ਟਿਕੈਤ ਉੱਪਰ ਸੰਘੀ ਗੁੰਡਿਆਂ ਰਾਹੀਂ ਹਮਲਾ ਕਰਵਾਉਣ ਕਸ਼ਮੀਰੀਆਂ ਤੇ ਮੁਸਲਮਾਨਾਂ ਵਿਰੁੱਧ ਨਫ਼ਰਤ ਭੜਕਾਉਣ ਤੇ ਕਾਨੂੰਨ ਦੇ ਰਾਜ ਵਿਰੁੱਧ ਜਾ ਕੇ ਘਰਾਂ 'ਤੇ ਬੁਲਡੋਜ਼ਰ ਚਲਾਉਣ ਦੇ ਰੂਪ 'ਚ ਜਾਰੀ ਹੈ।

ਸੂਬਾਈ ਆਗੂਆਂ ਮੁਖਤਿਆਰ ਪੂਹਲਾ, ਜਗਜੀਤ ਸਿੰਘ ਲਹਿਰਾ ਮੁਹੱਬਤ ਤੇ ਜਸਵੰਤ ਜੀਰਖ ਨੇ ਸਾਰੇ ਜਮਹੂਰੀਅਤ ਪਸੰਦ ਨਾਗਰਿਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਰਾਕੇਸ਼ ਟਿਕੈਤ, ਨੇਹਾ ਸਿੰਘ ਰਾਠੌਰ, ਡਾ. ਮਾਦਰੀ ਕਾਕੋਟੀ ਤੇ ਸਰਕਾਰ ਤੋਂ ਸਵਾਲ ਪੁੱਛਣ ਵਾਲੇ ਸਾਰੇ ਇਨਸਾਫ਼ ਪਸੰਦ ਲੋਕਾਂ ਦੇ ਸਮਰਥਨ 'ਚ ਅੱਗੇ ਆਉਣ ਤੇ ਆਪਣੇ ਹੱਕਾਂ ਦੀ ਜੰਗ ਜਾਰੀ ਰੱਖਣ ਲਈ ਹੋਰ ਵਧੇਰੇ ਦ੍ਰਿੜ੍ਹਤਾ ਨਾਲ ਸੰਘਰਸ਼ਾਂ ਦਾ ਪਿੜ ਮੱਲਣ।

## ਸੀਨੀਅਰ ਸਿਟੀਜ਼ਨ ਫੋਰਮ ਕਮੇਟੀ ਦੀ ਮੀਟਿੰਗ ਅੱਜ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਸੀਨੀਅਰ ਸਿਟੀਜਨ ਫੋਰਮ ਫਿਰੋਜ਼ਪੁਰ ਕਮੇਟੀ ਦੇ ਪ੍ਰਧਾਨ ਪ੍ਰਦੀਪ ਧਵਨ ਦੀ ਅਗਵਾਈ ਵਿਚ ਸੀਨੀਅਰ ਸਿਟੀਜਨ ਫੋਰਮ ਫਿਰੋਜ਼ਪੁਰ ਕਮੇਟੀ ਦੀ ਮੀਟਿੰਗ 4 ਮਈ ਐਤਵਾਰ ਬਾਗਬਾਨ ਦਫਤਰ ਬਾਹਰਵਾਰ ਮਖੂ ਗੇਟ ਫਿਰੋਜ਼ਪੁਰ ਸ਼ਹਿਰ ਵਿਖੇ ਸ਼ਾਮ 5.30 ਵਜੇ ਹੋਵੇਗੀ, ਜਿਸ ਵਿੱਚ ਫੋਰਮ ਦੇ ਸਮੂਹ ਅਹੁਦੇਦਾਰ ਤੇ ਸਰਗਰਮ ਮੈਂਬਰਾਂ ਨੂੰ ਅਪੀਲ ਕੀਤੀ ਹੈ ਕਿ ਮੀਟਿੰਗ ਵਿੱਚ ਸਮੇਤ ਸਿਰ ਹਾਜ਼ਰ ਹੋਣਾ ਯਕੀਨੀ ਬਣਾਉਣ। ਇਸ ਮੀਟਿੰਗ ਵਿੱਚ ਪਹਿਲਗਾਮ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਨ ਦੇ ਨਾਲ ਸ਼ਹਿਰ ਵਿੱਚ ਵੱਧ ਰਹੀ ਗੁੰਡਾਗਰਦੀ, ਲੁੱਟ ਘਸੁੱਟ ਕਤਲੇਆਮ, ਪ੍ਰਦੂਸ਼ਨ, ਆਵਾਰਾ ਪਸ਼ੂਆਂ ਤੇ ਕੁੱਤਿਆਂ ਸਬੰਧੀ ਪ੍ਰਸ਼ਾਸਨ ਨੂੰ ਲਿਖੇ ਪੱਤਰਾਂ ਸਬੰਧੀ ਉੱਚ ਅਧਿਕਾਰੀਆਂ ਨਾਲ ਮੀਟਿੰਗ ਕਰਨੀ ਵਾਤਾਵਰਨ ਸੁਧਾਰਨ ਬਾਰੇ ਵਿਚਾਰ ਵਟਾਂਦਰਾ ਕੀਤਾ ਜਾਵੇਗਾ। ਇਸ ਤੋਂ ਇਲਾਵਾ ਫ਼ਿਰੋਜ਼ਪੁਰ ਤੋਂ ਹਰਿਦੁਆਰ ਤੇ ਨਵੀਂ ਦਿੱਲੀ ਲਈ ਹੋਰ ਨਵੀਆਂ ਰੇਲ ਗੱਡੀਆਂ ਚਲਾਉਣ ਲਈ ਰੇਲਵੇ ਅਧਿਕਾਰੀਆਂ ਤੇ ਰੇਲਵੇ ਮੰਤਰੀ ਭਾਰਤ ਸਰਕਾਰ ਨੂੰ ਮੰਗ ਪੱਤਰ ਦੇਣ ਬਾਰੇ ਵਿਚਾਰ ਵਟਾਂਦਰਾ ਕੀਤਾ ਜਾਵੇਗਾ।

## ਫੋਰੈਸਟ ਪੈਨਸ਼ਨਰਜ਼ ਐਸੋਸੀਏਸ਼ਨ ਦੀ ਮੀਟਿੰਗ ਭਲਕੇ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਪੰਜਾਬ ਫੋਰੈਸਟ ਪੈਨਸ਼ਨਰਜ਼ ਐਸੋਸੀਏਸ਼ਨ ਦੇ ਸੂਬਾ ਪ੍ਰਧਾਨ ਬਲਵਿੰਦਰ ਸਿੰਘ ਸੰਧੂ ਤੇ ਜਨਰਲ ਸਕੱਤਰ ਮੋਹਿੰਦਰ ਸਿੰਘ ਧਾਲੀਵਾਲ ਨੇ ਦੱਸਿਆ ਕਿ ਫ਼ਿਰੋਜ਼ਪੁਰ ਸਰਕਲ ਕਮੇਟੀ ਦੇ ਅਹੁਦੇਦਾਰ ਤੇ ਮੈਂਬਰਾਂ ਦੀ ਮੀਟਿੰਗ 5 ਮਈ ਸੋਮਵਾਰ ਸਵੇਰੇ 11 ਵਜੇ ਵਣ ਮੰਡਲ ਦਫ਼ਤਰ ਸ੍ਰੀ ਮੁਕਤਸਰ ਸਾਹਿਬ ਵਿਖੇ ਹੋਵੇਗੀ, ਜਿਸ ਵਿੱਚ ਵਣ ਪੈਨਸ਼ਨਰਾਂ ਦੇ ਬਣਦੇ ਸੇਵਾ ਲਾਭ ਦੇਣ ਚੱਲਦੀਆਂ ਅਪੀਲਾਂ ਤੇ ਕੇਸਾਂ ਦਾ ਰਿਕਾਰਡ ਦੇ ਆਧਾਰ 'ਤੇ ਸਮਾਂਬੱਧ ਨਿਪਟਾਰਾ ਕਰਨ, ਪੈਨਸ਼ਨ ਕੇਸ ਸੇਵਾ ਮੁਕਤੀ ਤੋਂ ਛੇ ਮਹੀਨੇ ਹਰ ਪੱਖੋਂ ਤਿਆਰ ਕਰਕੇ ਮਹਾਂ ਲੇਖਾਕਾਰ ਪੰਜਾਬ ਚੰਡਗੜ੍ਹ ਨੂੰ ਭੇਜਣਾ ਆਦਿ ਬਾਰੇ ਵਿਚਾਰ ਵਟਾਂਦਰਾ ਕੀਤਾ ਜਾਵੇਗਾ।

## ਕਾਤਰਾਂ

### ਸੂਬੇਦਾਰ ਜੰਗੀਰ ਸਿੰਘ ਨਮਿੱਤ ਅੰਤਮ ਅਰਦਾਸ ਅੱਜ



**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**-ਮਾਲਵਾ ਪੰਜਾਬੀ ਸਾਹਿਤ ਸਭਾ ਰਾਮਪੁਰਾ ਫੂਲ ਦੀ ਸ਼ੋਕ ਇਕੱਤਰਤਾ ਦਰਸ਼ਨ ਸਿੰਘ ਪ੍ਰੀਤੀਮਾਨ ਦੀ ਪ੍ਰਧਾਨਗੀ ਹੇਠ ਹੋਈ। ਇਸ ਦੌਰਾਨ ਸਭਾ ਦੇ ਵਿੱਤ ਸਕੱਤਰ ਹਰਬੰਸ ਖੁਰਮੀ ਦੇ ਸਤਿਕਾਰਯੋਗ ਪਿਤਾ ਸੂਬੇਦਾਰ ਜੰਗੀਰ ਸਿੰਘ ਜੀ ਦੇ ਬੇਵਕਤੀ ਮੌਤ 'ਤੇ ਸ਼ੋਕ ਦਾ ਪ੍ਰਗਟਾਵਾ ਕਰਦਿਆਂ ਦੋ ਮਿੰਟ ਦਾ ਮੋਨ ਧਾਰ ਕੇ ਸ਼ਰਧਾਂਜਲੀ ਅਰਪਿਤ ਕੀਤੀ ਗਈ। ਸ਼ੋਕ ਸਭਾ ਵਿੱਚ ਬਲਵਿੰਦਰ ਸਿੰਘ ਬਾਠ, ਗਮਦੂਰ ਜੱਸੀ, ਬਲਦੇਵ ਸਿੰਘ ਸੰਧੂ, ਹੈੱਡ ਮਾਸਟਰ ਹਰਿੰਦਰ ਸਿੰਘ ਭੁੱਲਰ, ਡਾ. ਨਰੰਜਨ ਚੌਹਾਨ, ਦਰਸ਼ਨ ਸਿੰਘ ਭੁੱਲਰ, ਪ੍ਰੀਤਮ ਸਿੰਘ ਆਰਟਿਸਟ, ਲੈਕ. ਗੁਰਦੀਪ ਚਹਿਲ, ਹਰਜੀਤ ਕੌਰ ਅਕਾਲੀ ਸਿੱਧੂ ਤੇ ਲੈਕ. ਦਦੂਦ ਸਿੰਘ ਸ਼ਾਮਲ ਸਨ। ਸਵ. ਸੂਬੇਦਾਰ ਜੰਗੀਰ ਸਿੰਘ ਨਮਿੱਤ ਅੰਤਿਮ ਅਰਦਾਸ ਮਿਤੀ 4 ਮਈ ਐਤਵਾਰ ਨੂੰ ਗੁਰਦੁਆਰਾ ਸਿੰਘ ਸਭਾ, ਰਾਮਪੁਰਾ ਮੰਡੀ ਵਿਖੇ ਹੋਵੇਗੀ।

### 30 ਗ੍ਰਾਮ ਨਸ਼ੀਲੇ ਪਦਾਰਥ ਸਮੇਤ ਚਾਰ ਕਾਬੂ

**ਸ਼ੇਰਪੁਰ (ਰਵੀ ਟਿੱਬਾ)**-ਪੰਜਾਬ ਸਰਕਾਰ ਤੇ ਪੁਲਸ ਵੱਲੋਂ ਯੁੱਧ ਨਸ਼ਿਆਂ ਵਿਰੁੱਧ ਵਿੱਢੀ ਮੁਹਿੰਮ ਤਹਿਤ ਥਾਣੇਦਾਰ ਗੁਰਪਾਲ ਸਿੰਘ ਮੁੱਖ ਅਫਸਰ ਥਾਣਾ ਸ਼ੇਰਪੁਰ ਦੀ ਅਗਵਾਈ ਹੇਠ ਸਹ: ਥਾਣੇਦਾਰ ਬਲਵਿੰਦਰ ਸਿੰਘ ਨੇ ਸਮੇਤ ਪੁਲਸ ਪਾਰਟੀ ਮੁਖ਼ਬਰ ਖਾਸ ਦੀ ਇਤਲਾਹ 'ਤੇ 4 ਵਿਅਕਤੀਆਂ ਨੂੰ ਨਸ਼ੀਲੇ ਪਦਾਰਥ ਸਮੇਤ ਕਾਬੂ ਕੀਤਾ। ਇਸ ਸਬੰਧੀ ਪ੍ਰੈੱਸ ਨੋਟ ਜਾਰੀ ਕਰਦਿਆਂ ਗੁਰਪਾਲ ਸਿੰਘ ਮੁੱਖ ਅਫਸਰ ਥਾਣਾ ਸ਼ੇਰਪੁਰ ਨੇ ਦੱਸਿਆ ਕਿ ਪੁਲਸ ਪਾਰਟੀ ਨੇ ਮੁਲਜ਼ਮ ਰਸੀਦ ਖਾਂ ਮਾਖਾ, ਮਨਪ੍ਰੀਤ ਸਿੰਘ, ਦਲਵਿੰਦਰ ਸਿੰਘ ਤੇ ਲਖਵਿੰਦਰ ਸਿੰਘ ਬੱਬੂ ਵਾਸੀ ਫਤਿਹਗੜ੍ਹ ਪੰਜਗਰਾਈਆਂ ਤੋਂ ਗਸ਼ਤ ਦੌਰਾਨ ਗ੍ਰਿਫਤਾਰ ਕੀਤਾ ਅਤੇ ਇੱਕ ਮੁਲਜ਼ਮ ਗੁਰਵਿੰਦਰ ਸਿੰਘ ਸਨੀ ਵਾਸੀ ਫਤਿਹਗੜ੍ਹ ਪੰਜਗਰਾਈਆਂ ਮੌਕੇ ਤੋਂ ਭੱਜਣ ਵਿੱਚ ਸਫਲ ਹੋ ਗਿਆ, ਜਿਸ ਨੂੰ ਜਲਦ ਗ੍ਰਿਫਤਾਰ ਕੀਤਾ ਜਾਵੇਗਾ।ਇਨ੍ਹਾਂ ਪਾਸੋਂ 30 ਗ੍ਰਾਮ ਨਸ਼ੀਲਾ ਪਦਾਰਥ ਬਰਾਮਦ ਕਰਵਾਇਆ ਤੇ ਦੋਸ਼ੀਆਂ ਖਿਲਾਫ ਮੁਕੱਦਮਾ ਦਰਜ ਕਰ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ।

### ਬਾਬਾ ਪਵਨ ਦਾਸ ਦੇ ਘਰ ਪੁੱਤਰ ਦੀ ਦਾਤ

**ਸ਼ੇਰਪੁਰ (ਰਵੀ ਟਿੱਬਾ)**-ਇਲਾਕੇ ਦੇ ਲੋਕਾਂ ਦੀ ਆਸਥਾ ਦਾ ਅਸਥਾਨ ਡੇਰਾ ਬਾਬਾ ਟਹਿਲ ਦਾਸ ਸ਼ੇਰਪੁਰ ਦੇ ਮੁਖੀ ਬਾਬਾ ਪਵਨ ਦਾਸ (ਬੱਬੂ) ਦੇ ਘਰ ਪ੍ਰਮਾਤਮਾ ਨੇ ਪੁੱਤਰ (ਕ੍ਰਿਸ਼ਨਾ) ਦੀ ਦਾਤ ਬਖਸ਼ੀ ਹੈ।ਬਾਬਾ ਪਵਨ ਦਾਸ ਦੇ ਪਰਵਾਰ ਨੂੰ ਉੱਤਰਾ ਅਧਿਕਾਰੀ ਮਿਲਣ ਦੀ ਖੁਸ਼ੀ ਵਿੱਚ ਉਨ੍ਹਾਂ ਡੇਰੇ ਅੰਦਰ ਆਪਣੇ ਦੋਸਤਾਂ ਮਿੱਤਰਾਂ, ਰਿਸ਼ਤੇਦਾਰਾਂ ਤੇ ਸੁਨੇਹੀਆਂ ਲਈ ਚਾਹ ਮਿਠਾਈਆਂ ਦਾ ਪ੍ਰਬੰਧ ਕੀਤਾ।ਖੁਸ਼ੀ ਵਿੱਚ ਰੱਖੇ ਸਮਾਗਮ ਉਪਰੰਤ ਮਾਰਕੀਟ ਕਮੇਟੀ ਸ਼ੇਰਪੁਰ ਦੇ ਚੇਅਰਮੈਨ ਤੇ ਸਰਪੰਚ ਰਾਜਵਿੰਦਰ ਸਿੰਘ ਰਾਜ, ਸਿੱਖ ਬੁੱਧੀਜੀਵੀ ਮੰਚ ਪੰਜਾਬ ਦੇ ਪ੍ਰਧਾਨ ਮਾਸਟਰ ਹਰਬੰਸ ਸਿੰਘ ਸ਼ੇਰਪੁਰ, ਸਮਾਜ ਸੇਵੀ ਹੰਸ ਰਾਜ ਬਾਵਾ ਤੇ ਬਾਬਾ ਪਿਆਰਾ ਦਾਸ ਨੇ ਸਮੁੱਚੇ ਪਰਵਾਰ ਨੂੰ ਵਧਾਈ ਦਿੱਤੀ।

# ਚਾਲੀ ਮੁਕਤਿਆਂ ਦੇ ਸ਼ਹੀਦੀ ਦਿਹਾੜੇ ਸੰਬੰਧੀ ਧਾਰਮਿਕ ਸਮਾਗਮ ਸੰਪੰਨ

**■ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਨੇ ਸਮਾਗਮ 'ਚ ਕੀਤੀ ਸ਼ਿਰਕਤ**



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਚਾਲੀ ਮੁਕਤਿਆਂ ਦੇ ਸ਼ਹੀਦੀ ਦਿਹਾੜੇ ਸਬੰਧੀ ਸ੍ਰੀ ਮੁਕਤਸਰ ਸਾਹਿਬ ਵਿਖੇ ਧਾਰਮਿਕ ਸਮਾਗਮ ਕਰਵਾਏ ਗਏ।ਇਸ ਦੌਰਾਨ ਵੱਡੀ ਗਿਣਤੀ 'ਚ ਸਿੱਖ ਸੰਗਤ ਸ੍ਰੀ ਦਰਬਾਰ ਸਾਹਿਬ ਸ੍ਰੀ ਮੁਕਤਸਰ ਸਾਹਿਬ ਵਿਖੇ ਨਤਮਸਤਕ ਹੋਈ।ਇਸ ਸਬੰਧੀ ਗੁਰਦੁਆਰਾ ਸ਼ਹੀਦ ਗੰਜ ਸਾਹਿਬ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ, ਉਪਰੰਤ ਧਾਰਮਿਕ ਸਮਾਗਮ ਹੋਇਆ।ਇਸ ਉਪਰੰਤ ਪੰਥ ਪ੍ਰਸਿੱਧ ਰਾਗੀ ਜਥਿਆਂ ਨੇ ਸੰਗਤ ਨੂੰ ਗੁਰਬਾਣੀ ਕੀਰਤਨ ਰਾਹੀਂ ਨਿਹਾਲ ਕੀਤਾ। ਸੰਗਤਾਂ ਨੂੰ ਇਸ ਮੌਕੇ ਸੰਬੋਧਨ ਕਰਦਿਆਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਸੰਗਤ ਨੂੰ ਸਿੱਖ ਇਤਿਹਾਸ ਨਾਲ ਜੋੜਿਆ।ਸ਼ਹੀਦੀ ਪੁਰਬ ਸਬੰਧੀ ਸ੍ਰੀ ਦਰਬਾਰ ਸਾਹਿਬ ਵਿਖੇ ਧਾਰਮਿਕ ਸਮਾਗਮ ਸਾਰਾ ਦਿਨ ਚੱਲਦੇ ਰਹੇ।ਸੰਗਤਾਂ ਲਈ ਇਸ ਮੌਕੇ ਵਿਸ਼ਾਲ ਲੰਗਰ ਲਾਏ ਗਏ।ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਖੁਆਰ ਹੋਇ ਸਭ ਮਿਲੈਗੇ ਮੁਹਿੰਮ ਤਹਿਤ ਪੰਜਾਬ ਦੇ ਹਰ ਪਿੰਡ ਪਹੁੰਚ ਪੰਥਕ ਏਕੇ ਦਾ ਹੋਕਾ ਦਿੰਦਿਆਂ ਸਭ ਨੂੰ ਗੁਰੂ ਨਾਲ ਜੋੜਿਆ ਜਾਵੇਗਾ। ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਅੱਜ ਦੇ ਦਿਹਾੜੇ ਉੱਤੇ ਉਹ ਖਿਦਰਾਣੇ ਦੀ ਢਾਬ ਦੇ ਸ਼ਹੀਦਾਂ ਨੂੰ ਸਿਜਦਾ ਕਰਦੇ ਹਨ। ਉਨ੍ਹਾਂ ਕਿਹਾ ਕਿ ਇਥੋਂ ਦਾ ਟੁੱਟੀ ਗੰਢੀ ਦਾ ਇਤਿਹਾਸ ਸਾਡੇ ਲਈ ਪ੍ਰੇਰਣਾ ਸਰੋਤ ਹੈ।ਉਨ੍ਹਾ ਕਿਹਾ ਕਿ ਬਾਣੀ ਤੇ ਬਾਣੇ ਦੇ ਧਾਰਨੀ ਹੋ ਕੇ ਗੁਰੂ ਲੜ ਲੱਗੀਏ।ਉਨ੍ਹਾਂ ਕਿਹਾ ਕਿ ਇਸ ਸਮੇਂ ਪੰਥ ਉੱਤੇ ਚੌਤਰਫ ਹਮਲੇ ਹੋ ਰਹੇ ਹਨ, ਅਜਿਹੀਆਂ ਤਾਕਤਾਂ ਤੋਂ ਸੁਚੇਤ ਹੋਣ ਦੀ ਲੋੜ ਹੈ।ਉਨ੍ਹਾਂ ਕਿਹਾ ਕਿ ਸਾਡੀ ਪਛਾਣ 'ਤੇ ਹਮਲੇ ਹੋ ਰਹੇ ਹਨ।ਪ੍ਰੀਖਿਆਵਾਂ ਵਿੱਚ ਕੱਕਾਰ ਲੁਹਾਏ ਜਾ ਰਹੇ ਹਨ।ਇਹ ਹੱਕ ਸਾਨੂੰ ਗੁਰੂ ਸਾਹਿਬਾਨ ਨੇ ਦਿੱਤਾ ਹੈ ਤੇ ਦੁਨੀਆ ਦੀ ਕੋਈ ਵੀ ਤਾਕਤ ਸਾਡੇ ਹੱਕ ਨਹੀਂ ਖੋਹ ਸਕਦੀ। ਇਸ ਮਗਰੋਂ ਗਿਆਨੀ ਕੁਲਦੀਪ ਸਿੰਘ ਤੇ ਬਾਬਾ ਟੇਕ ਸਿੰਘ ਵੱਲੋਂ ਗੁਰਦੁਆਰਾ ਟੁੱਟੀ ਗੰਢੀ ਸਾਹਿਬ ਵਿਖੇ ਵੀ ਮੱਥਾ ਟੇਕਿਆ ਗਿਆ।ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਭਾਈ ਬਲਦੇਵ ਸਿੰਘ ਤੇ ਹੈੱਡ ਗ੍ਰੰਥੀ ਭਾਈ ਜਗਬੀਰ ਸਿੰਘ ਵੱਲੋਂ ਉਨ੍ਹਾਂ ਨੂੰ ਸਨਮਾਨਤ ਕੀਤਾ ਗਿਆ।ਜ਼ਿਕਰਯੋਗ ਹੈ ਕਿ ਅੱਜ ਦੇ ਦਿਨ 21 ਵਿਸਾਖ ਸੰਮਤ 1762 ਬਿਕ੍ਰਮੀ ਨੂੰ ਇਸ ਧਰਤੀ ਉਤੇ ਦਸਮ ਪਾਤਿਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਮੁਗਲ ਸਾਮਰਾਜ ਖਿਲਾਫ ਆਖਰੀ ਜੰਗ ਲੜ ਕੇ ਫਤਿਹ ਹਾਸਲ ਕੀਤੀ ਗਈ।ਇਸ ਮੌਕੇ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ, ਜਿਨ੍ਹਾਂ ਨੇ ਗੁਰੂ ਘਰ 'ਚ ਹਾਜ਼ਰੀ ਲਵਾਈ।

## ਗ੍ਰਾਮ ਪੰਚਾਇਤ ਲਾਧੂਕਾ ਤੇ ਅੱਚਾੜਕੀ ਦੀਆਂ ਚੋਣਾਂ 18 ਨੂੰ

**ਨਾਮਜ਼ਦਗੀਆਂ 5 ਤੋਂ 8 ਮਈ ਤੱਕ ਭਰੀਆਂ ਜਾਣਗੀਆਂ**



**ਜਲਾਲਾਬਾਦ (ਜੀਤ ਕੁਮਾਰ)**

ਵਧੀਕ ਡਿਪਟੀ ਕਮਿਸ਼ਨਰ ਵਿਕਾਸ ਸ੍ਰੀ ਸੁਭਾਸ਼ ਚੰਦਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਜ਼ਿਲ੍ਹਾ ਫਾਜ਼ਿਲਕਾ ਦੇ ਬਲਾਕ ਜਲਾਲਾਬਾਦ ਅਧੀਨ ਪੈਂਦੀ ਗ੍ਰਾਮ ਪੰਚਾਇਤ ਲਾਧੂਕਾ ਅਤੇ ਗ੍ਰਾਮ ਪੰਚਾਇਤ ਅੱਚਾੜਕੀ ਦੀਆਂ ਚੋਣਾਂ 18 ਮਈ 2025 ਨੂੰ ਕਰਵਾਈਆਂ ਜਾਣਗੀਆਂ ਅਤੇ ਵੋਟਿੰਗ ਪ੍ਰਕਿਰਿਆ ਤੋਂ ਬਾਅਦ ਇਸੇ ਦਿਨ ਹੀ ਵੋਟਾਂ ਦੀ ਗਿਣਤੀ ਕੀਤੀ ਜਾਵੇਗੀ।

ਵਧੀਕ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਨਾਮਜ਼ਦਗੀਆਂ 5 ਤੋਂ 8 ਮਈ ਤੱਕ ਹੋਣਗੀਆਂ, ਨਾਮਜ਼ਦਗੀ ਦਾ ਸਮਾਂ ਸਵੇਰੇ 11 ਤੋਂ 3 ਵਜੇ ਤੱਕ ਦਾ ਹੋਵੇਗਾ।ਉਨ੍ਹਾਂ ਇਹ ਵੀ ਦੱਸਿਆ ਕਿ 9 ਮਈ ਨੂੰ ਨਾਮਜ਼ਦਗੀ ਪੱਤਰਾਂ ਦੀ ਪੜਤਾਲ ਹੋਵੇਗੀ ਅਤੇ 10 ਮਈ ਨੂੰ ਨਾਮਜ਼ਦਗੀ ਪੱਤਰ ਵਾਪਸ ਲਏ ਜਾ ਸਕਣਗੇ। 18 ਮਈ ਨੂੰ ਵੋਟਿੰਗ ਪ੍ਰਕਿਰਿਆ ਹੋਵੇਗੀ। ਵੋਟਿੰਗ ਦਾ ਸਮਾਂ ਸਵੇਰੇ 8 ਤੋਂ ਸ਼ਾਮ 4 ਵਜੇ ਤੱਕ ਹੋਵੇਗਾ। ਉਨ੍ਹਾਂ ਦੱਸਿਆ ਕਿ ਨਾਮਜ਼ਦਗੀਆਂ ਲਈ ਰਿਟਰਨਿੰਗ ਅਫਸਰ ਸ੍ਰੀ ਮਾਗੀ ਲਾਲ ਭੂਮੀ ਰੱਖਿਆ ਅਫਸਰ ਜਲਾਲਾਬਾਦ ਤੇ ਅਰਵਿੰਦ ਬਲਾਣਾ ਐੱਸ ਡੀ ਓ ਵਾਟਰ ਸਪਲਾਈ (ਰਿਜ਼ਰਵ) ਅਤੇ ਸਹਾਇਕ ਰਿਟਰਨਿੰਗ ਅਫ਼ਸਰ ਰਾਜੀਵ ਕੁਮਾਰ (ਲੈਕਚਰਾਰ) ਸਰਕਾਰੀ ਸਕੂਲ ਲੜਕੀਆਂ ਜਲਾਲਾਬਾਦ ਤੇ ਲਕੇਸ਼ ਕੁਮਾਰ (ਲੈਕਚਰਾਰ) ਸਰਕਾਰੀ ਸਕੂਲ ਢੰਡੀ ਕਦੀਮ (ਰਿਜਰਵ) ਨਿਯੁਕਤ ਕੀਤੇ ਗਏ ਹਨ। ਉਨ੍ਹਾਂ ਦੱਸਿਆ ਕਿ ਨੋਮੀਨੇਸ਼ਨ ਦਾ ਸਥਾਨ ਦਫਤਰ ਭੂਮੀ ਅਤੇ ਜਲ ਸੰਭਾਲ ਵਿਭਾਗ ਜਲਾਲਾਬਾਦ ਹੋਵੇਗਾ।

# ਵਿਧਾਇਕ ਵੱਲੋਂ ਹਥਨ ਤੇ ਮੁਬਾਰਕਪੁਰ ਦੇ ਸਕੂਲਾਂ 'ਚ ਵਿਕਾਸ ਕਾਰਜਾਂ ਦਾ ਉਦਘਾਟਨ

**■ ਸਰਕਾਰ ਸਿੱਖਿਆ ਦੇ ਖੇਤਰ ਨੂੰ ਬਿਹਤਰ ਬਣਾਉਣ ਲਈ ਕੋਈ ਕਸਰ ਬਾਕੀ ਨਹੀਂ ਛੱਡੇਗੀ : ਰਹਿਮਾਨ**



**ਮਾਲੇਰਕੋਟਲਾ (ਅਸਗਰ ਪਰਿਹਾਰ)**-ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਪੰਜਾਬ ਦੇ ਸਿੱਖਿਆ ਖੇਤਰ ਨੂੰ ਬੁਲੰਦੀਆਂ 'ਤੇ ਲੈ ਕੇ ਜਾਣ ਵਾਸਤੇ ਵਿੱਢੀ ਗਈ ਮੁਹਿੰਮ 'ਪੰਜਾਬ ਸਿੱਖਿਆ ਕ੍ਰਾਂਤੀ' ਅਧੀਨ ਹਲਕਾ ਮਾਲੇਰਕੋਟਲਾ ਦੇ ਪਿੰਡ ਹਥਨ ਤੇ ਮੁਬਾਰਕਪੁਰ ਦੇ ਸਰਕਾਰੀ ਸਕੂਲਾਂ ਵਿੱਚ ਕਰੀਬ 72 ਲੱਖ ਰੁਪਏ ਤੋਂ ਵੱਧ ਦੀ ਲਾਗਤ ਨਾਲ ਕਰਵਾਏ ਵਿਕਾਸ ਕਾਰਜਾਂ ਦਾ ਵਿਧਾਇਕ ਡਾ. ਜਮੀਲ ਉਰ ਰਹਿਮਾਨ ਵੱਲੋਂ ਉਦਘਾਟਨ ਕੀਤਾ ਗਿਆ।ਇਸ ਮੌਕੇ ਵਿਧਾਇਕ ਮਾਲੇਰਕੋਟਲਾ ਦੀ ਪਤਨੀ ਫਰਿਆਲ ਰਹਿਮਾਨ ਵੀ ਮੌਜੂਦ ਸਨ।ਜ਼ਿਰਕਯੋਗ ਹੈ ਕਿ ਪਿੰਡ ਹਥਨ ਵਿਖੇ ਕਰੀਬ 40.40 ਲੱਖ ਰੁਪਏ ਦੀ ਲਾਗਤ ਸਰਕਾਰੀ ਪ੍ਰਾਇਮਰੀ ਸਕੂਲ ਦੇ ਨਵੇਂ ਕਮਰਿਆਂ ਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿਖੇ 22.81 ਲੱਖ ਰੁਪਏ ਦੀ ਲਾਗਤ ਨਾਲ ਤਿਆਰ ਹੋਈ ਚਾਰਦੀਵਾਰੀ ਤੇ ਨਵੇਂ ਕਮਰਿਆਂ ਦਾ ਉਦਘਾਟਨ ਕੀਤਾ।ਇਸ ਤੋਂ ਇਲਾਵਾ ਪਿੰਡ ਮੁਬਾਰਕਪੁਰ ਵਿਖੇ 8 ਲੱਖ 80 ਹਜ਼ਾਰ ਰੁਪਏ ਦੀ ਲਾਗਤ ਨਾਲ ਉਸਾਰੀ ਚਾਰਦੀਵਾਰੀ ਦਾ ਉਦਘਾਟਨ ਕੀਤਾ।ਡਾ. ਰਹਿਮਾਨ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸਿੱਖਿਆ ਦੇ ਖੇਤਰ ਨੂੰ ਬਿਹਤਰ ਬਣਾਉਣ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾ ਰਹੀ।ਜੇਕਰ ਮਾਪਿਆਂ, ਅਧਿਆਪਕਾਂ ਤੇ ਵਿਦਿਆਰਥੀਆਂ ਨੂੰ ਕੋਈ ਕਮੀ ਨਜ਼ਰ ਆਉਂਦੀ ਹੈ ਤਾਂ ਫੌਰੀ ਉਨ੍ਹਾਂ ਦੇ ਧਿਆਨ ਵਿੱਚ ਲਿਆਂਦੀ ਜਾਵੇ।ਸਿੱਖਿਆ ਖੇਤਰ ਸਬੰਧੀ ਹਰ ਸਮੱਸਿਆ ਫੌਰੀ ਤੌਰ 'ਤੇ ਹੱਲ ਕੀਤੀ ਜਾਵੇਗੀ।ਇਸ ਮੌਕੇ ਸਰਪੰਚ ਕਮਲਜੀਤ ਸਿੰਘ ਹਥਨ, ਕੁਲਦੀਪ ਕੌਰ ਮੁਬਾਰਕਪੁਰ, ਸੀਨੀਅਰ ਆਪ ਆਗੂ ਦਿਲਵਰ ਚੁੰਘਾ, ਸੁਖਦਰਸ਼ਨ ਸਿੰਘ ਸੁੱਖਾ ਮਿੱਠੇਵਾਲ, ਹੈੱਡਮਿਸਟ੍ਰੈੱਸ ਮੈਡਮ ਸ਼ਮਸ਼ਾਦ ਮੁਬਾਰਕਪੁਰ ਤੋਂ ਇਲਾਵਾ ਵਿਦਿਆਰਥੀ ਤੇ ਉਨ੍ਹਾਂ ਦੇ ਮਾਪੇ ਮੌਜੂਦ ਸਨ।

# ਲਿਫਟਿੰਗ ਨਾ ਹੋਣ ਕਾਰਨ 65 ਲੱਖ ਮੀਟ੍ਰਿਕ ਟਨ ਕਣਕ ਨੀਲੇ ਅਸਮਾਨ ਥੱਲੇ

**■ ਖ਼ਰਾਬ ਮੌਸਮ ਕਾਰਨ ਖ਼ਰੀਦ ਏਜੰਸੀਆਂ ਤੇ ਆੜ੍ਹਤੀਆਂ ਦੀ ਨੀਂਦ ਉਡਾਈ**

**■ ਕਣਕ ਦੀ ਲਿਫਟਿੰਗ ਜਲਦ ਕਰਵਾਈ ਜਾਵੇ : ਜਸਵਿੰਦਰ ਰਾਣਾ**



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਪੰਜਾਬ ਵਿੱਚ ਕਣਕ ਦੀ ਵਾਢੀ ਦਾ ਕੰਮ ਤਕਰੀਬਨ ਮੁਕੰਮਲ ਹੋ ਗਿਆ ਹੈ। ਪੰਜਾਬ ਦੀਆਂ ਮੰਡੀਆਂ ਵਿੱਚ ਹੁਣ ਤੱਕ 116 ਲੱਖ ਮੀਟ੍ਰਿਕ ਟਨ ਕਣਕ ਦੀ ਆਮਦ ਹੋ ਚੁੱਕੀ ਹੈ, ਜਿਸ ਵਿੱਚੋਂ ਸਰਕਾਰ ਦੀਆਂ ਖ਼ਰੀਦ ਏਜੰਸੀਆਂ ਵੱਲੋਂ 114 ਲੱਖ ਮੀਟ੍ਰਿਕ ਦੇ ਕਰੀਬ ਕਣਕ ਦੀ ਖਰੀਦ ਕੀਤੀ ਜਾ ਚੁੱਕੀ ਹੈ, ਪ੍ਰੰਤੂ ਸਰਕਾਰ ਦੇ ਨਾਕਸ ਪ੍ਰਬੰਧਾਂ, ਲੇਬਰ ਤੇ ਟਰਾਂਸਪੋਰਟ ਠੇਕੇਦਾਰਾਂ ਦੀ ਅਜਾਏਦਾਰੀ ਅਤੇ ਲੇਬਰ ਤੇ ਟਰੱਕਾਂ ਦੀ ਘਾਟ ਕਾਰਨ ਅਜੇ ਤੱਕ ਮੰਡੀਆਂ ਵਿੱਚੋਂ 50 ਪ੍ਰਤੀਸ਼ਤ ਦੇ ਕਰੀਬ ਹੀ ਕਣਕ ਨੂੰ ਲਿਫਟ ਕਰਵਾ ਕੇ ਇਸ ਦੀ ਗੁਦਾਮਾਂ ਵਿੱਚ ਸਟੋਰੇਜ ਸੰਭਵ ਹੋ ਸਕੀ ਹੈ ਅਤੇ ਅਜੇ ਤੱਕ ਪੰਜਾਬ ਦੀਆਂ ਮੰਡੀਆਂ ਵਿੱਚ 65 ਲੱਖ ਮੀਟ੍ਰਿਕ ਟਨ ਦੇ ਕਰੀਬ ਕਣਕ ਨੀਲੇ ਅਸਮਾਨ ਥਲੇ ਰੱਬ ਆਸਰੇ ਪਈ ਹੈ ਅਤੇ ਲਿਫਟ ਹੋਣ ਦੀ ਉਡੀਕ ਕਰ ਰਹੀ ਹੈ। ਲੇਬਰ ਦੀ ਘਾਟ ਕਾਰਨ ਗੁਦਾਮਾਂ ਵਿੱਚ ਟਰੱਕਾਂ ਦੀਆਂ ਲੰਬੀਆਂ ਲਾਈਨਾਂ ਲੱਗੀਆਂ ਹੋਈਆਂ ਹਨ। ਪਿਛਲੇ ਦਿਨਾਂ ਤੋਂ ਸੂਬੇ ਅੰਦਰ ਮੌਸਮ ਦੇ ਕਰਾਬ ਹੋਣ ਤੇ ਹੋਈ ਬੇਮੌਸਮੀ ਬਾਰਸ਼ ਕਾਰਨ ਸੂਬੇ ਦੀਆਂ ਮੰਡੀਆਂ ਵਿੱਚ ਕਣਕ ਦੇ ਇਹ ਸਟਾਕ ਭਿੱਜ ਗਿਆ ਹੈ। ਪੰਜਾਬ 'ਚ ਚੱਲ਼ ਰਹੇ ਅਣਸੁਖਾਵੇਂ ਤੇ ਖ਼ਰਾਬ ਮੌਸਮ ਨੇ ਕਿਸਾਨਾਂ ਆੜ੍ਹਤੀਆਂ ਤੇ ਖ਼ਰੀਦ ਏਜੰਸੀਆਂ ਦੀ ਨੀਂਦ ਉਡਾ ਦਿੱਤੀ ਹੈ ਅਤੇ ਧੜਕਣ ਨੂੰ ਤੇਜ਼ ਕਰ ਦਿੱਤਾ ਹੈ, ਪ੍ਰੰਤੂ ਸਰਕਾਰ ਕੁੰਭਕਰਨੀ ਨੀਂਦ ਸੁੱਤੀ ਪਈ ਹੈ। ਆੜ੍ਹਤੀਆ ਐਸੋਸੀਏਸ਼ਨ ਪੰਜਾਬ ਦੇ ਸੂਬਾ ਸਕੱਤਰ ਤੇ ਪਟਿਆਲ਼ਾ ਜ਼ਿਲ੍ਹੇ ਦੇ ਪ੍ਰਧਾਨ ਜਵਿੰਦਰ ਸਿੰਘ ਰਾਣਾ ਨੇ ਦੱਸਿਆ ਕਿ ਸਰਕਾਰੀ ਨਿਯਮਾਂ ਅਨੁਸਾਰ ਖ੍ਰੀਦ ਤੋਂ 48 ਘੰਟੇ ਦੇ ਅੰਦਰ ਅੰਦਰ ਖ਼ਰੀਦ ਕੀਤੀ ਜਿਣਸ ਨੂੰ ਮੰਡੀ ਵਿੱਚੋਂ ਲਿਫਟ ਕਰਵਾਉਣ ਦੀ ਖ਼ਰੀਦ ਏਜੰਸੀ ਦੀ ਜ਼ਿੰਮੇਵਾਰੀ ਹੁੰਦੀ ਹੈ, ਪ੍ਰੰਤੂ ਕਣਕ ਦੀ ਇੱਕ ਮਹੀਨੇ ਪਹਿਲਾਂ ਹੋਈ ਖਰੀਦ ਦੇ ਸਟਾਕ ਅੱਜ ਤੱਕ ਮੰਡੀਆਂ ਵਿੱਚ ਰੁਲ਼ ਰਹੇ ਹਨ। ਉਨ੍ਹਾਂ ਦੱਸਿਆ ਕਿ ਮੰਡੀਆਂ ਵਿੱਚ ਥਾਂ ਦੀ ਘਾਟ ਤੇ ਲਿਫਟ ਨਾਂਅ ਹੋਣ ਕਾਰਨ ਆੜ੍ਹਤੀਆਂ ਨੂੰ ਬੋਰੀਆਂ ਨੂੰ ਮੰਡੀਆਂ ਵਿੱਚ ਸਟੈਕ ਲਗਵਾ ਕਿ ਸਟੋਰ ਕਰਵਾਉਣ ਕਾਰਨ ਵੱਡਾ ਵਿੱਤੀ ਘਾਟਾ ਉਠਾਉਣਾ ਪੈ ਰਿਹਾ ਹੈ। ਇਸ ਤੋਂ ਇਲਾਵਾ ਮੰਡੀਆਂ ਵਿੱਚ ਕਣਕ ਦੀਆਂ ਬੋਰੀਆਂ ਦੀ ਰਾਖੀ ਕਰਨੀ ਪੈ ਰਹੀ ਹੈ। ਉਨ੍ਹਾ ਕਿਹਾ ਕਿ ਸਰਕਾਰ ਨੇ ਜੇਕਰ ਕਣਕ ਨੂੰ ਮੰਡੀਆਂ ਲਿਫਟਿੰਗ ਕਰਵਾਉਣ ਵੱਲ ਕੋਈ ਧਿਆਨ ਨਾ ਦਿੱਤਾ ਤਾਂ ਮੰਡੀਆਂ ਵਿੱਚ ਸਥਿੱਤੀ ਵਿਸਫੋਟਕ ਹੋ ਸਕਦੀ। ਸੂਬਾ ਸਰਕਾਰ ਵੱਲੋਂ ਮੰਡੀਆਂ ਵਿੱਚ ਫ਼ਸਲ ਦੀ ਖਰੀਦ ਨਾਲੋਂ-ਨਾਲ ਤਾਂ ਕੀਤੀ ਜਾ ਰਹੀ ਹੈ, ਪਰ ਮੰਡੀਆਂ 'ਚ ਕਣਕ ਦੀ ਚੁਕਾਈ ਦਾ ਕੰਮ ਸੁਸਤ ਚੱਲ ਰਿਹਾ ਹੈ।ਕਣਕ ਦੀ ਚੁਕਾਈ ਨਾ ਹੋਣ ਕਾਰਨ ਮੰਡੀਆਂ ਵਿੱਚ ਬੋਰੀਆਂ ਦੇ ਅੰਬਾਰ ਲੱਗ ਗਏ ਹਨ।ਦੂਜੇ ਪਾਸੇ ਲਿਫਟਿੰਗ ਨਾ ਹੋਣ ਕਾਰਨ ਕਾਰਨ ਅਗਲੇ ਦਿਨਾਂ 'ਚ ਕਣਕ ਦੇ ਖਰੀਦ ਕਾਰਜ ਵਿੱਚ ਅੜਿੱਕੇ ਖੜ੍ਹੇ ਹੋ ਸਕਦੇ ਹਨ।ਜਾਣਕਾਰੀ ਅਨੁਸਾਰ ਪੰਜਾਬ ਦੀਆਂ ਮੰਡੀਆਂ ਵਿੱਚ ਹੁਣ ਤੱਕ 116 ਲੱਖ ਮੀਟ੍ਰਿਕ ਟਨ ਕਣਕ ਦੀ ਆਮਦ ਹੋ ਚੁੱਕੀ ਹੈ, ਜਿਸ 'ਚੋਂ 114 ਲੱਖ ਮੀਟਰਕ ਟਨ ਕਣਕ ਦੀ ਖਰੀਦੀ ਗਈ ਹੈ, ਜਦੋਂਕਿ ਖਰੀਦੀ ਗਈ 114 ਲੱਖ ਮੀਟਰਕ ਟਨ ਕਣਕ 'ਚੋਂ ਸਿਰਫ਼ 50 ਫੀਸਦ ਕਣਕ ਦੀ ਚੁਕਾਈ ਹੋ ਸਕੀ ਹੈ।ਇਸ 'ਚੋਂ ਵੀ 4.72 ਲੱਖ ਮੀਟ੍ਰਿਕ ਟਨ ਕਣਕ ਦੀ ਲਿਫਟਿੰਗ ਅੱਜ ਕੀਤੀ ਗਈ ਹੈ।ਇਹ ਕੁੱਲ ਖਰੀਦੀ ਗਈ ਕਣਕ ਦਾ 30 ਫ਼ੀਸਦ ਦੇ ਕਰੀਬ ਹੀ ਬਣਦਾ ਹੈ।ਹਾਲਾਂਕਿ ਵਿਭਾਗ ਵੱਲੋਂ ਪਿਛਲੇ ਤਿੰਨ-ਚਾਰ ਦਿਨਾਂ ਤੋਂ ਕਣਕ ਦੀ ਲਿਫਟਿੰਗ ਦੇ ਕੰਮ ਵਿੱਚ ਤੇਜ਼ੀ ਲਿਆਉਣ ਦੀ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ।ਜ਼ਿਕਰਯੋਗ ਹੈ ਕਿ ਪਿਛਲੇ ਦਿਨੀਂ ਪੰਜਾਬ ਦੇ ਕੈਬਨਿਟ ਮੰਤਰੀ ਲਾਲ ਚੰਦ ਕਟਾਰੂ ਚੱਕ ਨੇ ਵੀ ਵਿਭਾਗ ਦੇ ਅਧਿਕਾਰੀਆਂ ਨਾਲ ਮੀਟਿੰਗ ਕਰਕੇ ਕਣਕ ਦੇ ਲਿਫਟਿੰਗ ਦੇ ਕੰਮ ਵਿੱਚ ਤੇਜ਼ੀ ਲਿਆਉਣ ਦੇ ਨਿਰਦੇਸ਼ ਦਿੱਤੇ ਹਨ।ਕੈਬਨਿਟ ਮੰਤਰੀ ਨੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਸਨ ਕਿ ਪੰਜਾਬ ਦੀਆਂ ਮੰਡੀਆਂ ਵਿੱਚ ਕਿਸਾਨਾਂ ਦੀ ਫ਼ਸਲ ਦਾ ਨਾਲੋਂ-ਨਾਲ ਖਰੀਦ ਕਰਕੇ ਅਦਾਇਗੀ ਕੀਤੀ ਜਾਵੇ।ਇਸ ਦੇ ਨਾਲ ਹੀ ਮੰਡੀਆਂ 'ਚੋਂ ਕਣਕ ਦੀ ਲਿਫਟਿੰਗ ਵਿੱਚ ਤੇਜ਼ੀ ਲਿਆਂਦੀ ਜਾਵੇ। ਉਧਰ, ਮੌਸਮ ਵਿਭਾਗ ਵੱਲੋਂ ਅਗਲੇ ਦਿਨਾਂ ਤੋਂ ਸੂਬੇ ਵਿੱਚ ਮੌਸਮ ਦਾ ਮਿਜ਼ਾਜ ਬਦਲਣ ਦੀ ਪੇਸ਼ੀਨਗੋਈ ਕੀਤੀ ਗਈ ਹੈ।ਅਜਿਹੇ ਸਮੇਂ ਮੀਂਹ ਪੈਣ ਨਾਲ ਸੂਬੇ ਦੀਆਂ ਮੰਡੀਆਂ ਵਿੱਚ ਪਈ ਕਣਕ ਭਿੱਜ ਸਕਦੀ ਹੈ।ਇਸ ਲਈ ਸੂਬਾ ਸਰਕਾਰ ਨੂੰ ਸਮੇਂ ਰਹਿੰਦੇ ਕਣਕ ਦੀ ਸੰਭਾਲ ਕਰਨੀ ਪਵੇਗੀ ਮੰਡੀਆਂ ਵਿੱਚੋਂ ਲਿਫਟਿੰਗ ਨਾ ਹੋਣ ਕਾਰਨ ਆੜ੍ਹਤੀਆਂ ਨੂੰ ਭਾਰੀ ਪ੍ਰੇਸ਼ਾਨੀਆਂ ਦਾ ਸਹਾਮਣਾ ਕਰਨਾ ਪੈ ਰਿਹਾ ਹੈ। ਆੜ੍ਹਤੀਆਂ ਐਸੋਸੀਏਸ਼ਨ ਪਟਿਆਲਾ ਜ਼ਿਲ੍ਹੇ ਦੇ ਪ੍ਰਧਾਨ ਜਸਵਿੰਦਰ ਸਿੰਘ ਰਾਣਾ ਨੇ ਦੱਸਿਆ ਕਿ ਬੇਸ਼ਕ ਕਣਕ ਦੀ ਖ਼ਰੀਦ ਤੇ ਅਦਾਇਗੀ 'ਚ ਕੋਈ ਮੁਸ਼ਕਲ ਪੇਸ਼ ਨਹੀਂ ਆ ਰਹੀ, ਪ੍ਰੰਤੂ ਖ੍ਰੀਦ ਏਜੰਸੀਆਂ ਵੱਲੋਂ ਖ਼੍ਰੀਦ ਕੀਤੀ ਫਸਲ ਦੀ ਨਾਲੋਂ ਨਾਲ ਲਿਫਟਿੰਗ ਨਾ ਕਰਾਉਣ ਕਾਰਨ ਆੜ੍ਹਤੀਆਂ ਨੂੰ ਬੋਰੀਆਂ ਦੀਆਂ ਮੰਡੀਆਂ ਵਿੱਚ ਧਾਂਕਾ ਲਗਾਉਣ ਕਾਰਨ ਜਿੱਥੇ ਵੱਧ ਲੇਬਰ ਪੈਣ ਕਾਰਨ ਵੱਡਾ ਵਿੱਤੀ ਨੁਕਸਾਨ ਉਠਾਉਣਾ ਪੈ ਰਿਹਾ ਹੈ। ਉਥੇ ਉਨ੍ਹਾਂ ਨੂੰ ਬੋਰੀਆਂ ਦੀ ਰਾਖੀ ਕਰਨ ਲਈ ਮਜਬੂਰ ਕੀਤਾ ਜਾ ਰਿਹਾ ਹੈ। ਮੰਡੀਆਂ ਵਿੱਚ ਬੋਰੀਆਂ ਦੇ ਅੰਬਾਰ ਲੱਗੇ ਪਏ ਹਨ। ਉਨ੍ਹਾਂ ਨੇ ਸਰਕਾਰ ਤੋਂ ਪੰਜਾਬ ਦੀਆਂ ਮੰਡੀਆਂ ਵਿੱਚੋਂ ਕਣਕ ਦੀ ਲਿਫਟਿੰਗ ਵਿੱਚ ਤੇਜ਼ੀ ਲਿਆਉਣ ਦੀ ਮੰਗ ਕੀਤੀ ਤਾਂ ਜੋਂ ਮੰਡੀਆਂ ਵਿੱਚੋਂ ਖ੍ਰੀਦ ਕੀਤੀ ਫਸਲ ਦੀ ਸਮੇਂ ਸਿਰ ਲਿਫਟਿੰਗ ਹੋ ਸਕੇ।

## ਛੁੱਟੀ ਵਾਲੇ ਦਿਨ ਵੀ ਖੁੱਲ੍ਹਿਆ ਸਕੂਲ



**ਸੁਨਾਮ ਊਧਮ ਸਿੰਘ ਵਾਲਾ (ਹਾਕਮ ਭੱਟੀ)**-ਪੰਜਾਬ ਸਰਕਾਰ ਦੇ ਹੁਕਮਾਂ ਦੀਆਂ ਕੁਝ ਪ੍ਰਾਈਵੇਟ ਸਕੂਲਾਂ ਵੱਲੋਂ ਸਰੇਆਮ ਧੱਜੀਆਂ ਉਡਾਈਆਂ ਜਾ ਰਹੀਆਂ ਹਨ। ਬੀਤੀ 1 ਮਈ ਨੂੰ ਮਜ਼ਦੂਰ ਦਿਵਸ ਮੌਕੇ, ਜਿੱਥੇ ਸ਼ਿਕਾਗੋ ਦੇ ਸ਼ਹੀਦਾਂ ਨੂੰ ਸਲਾਮੀ ਦੇਣ ਵਜੋਂ ਪੰਜਾਬ ਸਰਕਾਰ ਵੱਲੋਂ ਛੁੱਟੀ ਕੀਤੀ ਗਈ ਸੀ, ਪਰ ਉੱਥੇ ਹੀ ਦੇਖਣ ਨੂੰ ਮਿਲਿਆ ਕਿ ਸੁਨਾਮ ਵਿੱਚ ਹੰਜਰਾ ਮਾਰਗ ਉੱਪਰ ਇੱਕ ਪ੍ਰਾਈਵੇਟ ਸਕੂਲ ਛੁੱਟੀ ਵਾਲੇ ਦਿਨ ਵੀ ਖੋਲ੍ਹਿਆ ਗਿਆ ਅਤੇ ਸਾਰੇ ਟੀਚਰਾਂ ਨੂੰ ਸਕੂਲ ਬੁਲਾਇਆ ਗਿਆ। ਅਜਿਹਾ ਇਸ ਵਾਰ ਹੀ ਨਹੀਂ ਹੋਇਆ, ਅਕਸਰ ਹੀ ਛੁੱਟੀਆਂ ਵਿੱਚ ਇਹ ਸਕੂਲ ਖੁੱਲ੍ਹਾ ਪਾਇਆ ਜਾਂਦਾ ਹੈ।ਇਸ ਦੀ ਸੂਚਨਾ ਬਲਾਕ ਦੇ ਬੀ ਪੀ ਈ ਓ ਨੂੰ ਦਿੱਤੀ ਗਈ ਤਾਂ ਉਨ੍ਹਾ ਕਿਹਾ ਕਿ ਜਲਦੀ ਹੀ ਇਸ ਉੱਪਰ ਬਣਦੀ ਕਾਰਵਾਈ ਕੀਤੀ ਜਾਵੇਗੀ।

## ਮੈਟ੍ਰਿਕ ਪ੍ਰੀਖਿਆ 'ਚ ਹਰਸ਼ ਵਰਮਾ ਨੇ ਫਾਜ਼ਿਲਕਾ ਜ਼ਿਲ੍ਹੇ ਵਿੱਚ ਮਾਰੀ ਬਾਜ਼ੀ



**ਜਲਾਲਾਬਾਦ (ਜੀਤ ਕੁਮਾਰ)**-ਆਈ ਸੀ ਐੱਸ ਈ ਬੋਰਡ ਦੇ 10ਵੀਂ ਜਮਾਤ ਦੇ ਨਤੀਜੇ ਵਿੱਚ ਸਥਾਨਕ ਸੈਕਰਡ ਹਾਰਟ ਕਾਨਵੈਂਟ ਸਕੂਲ ਦੇ ਵਿਦਿਆਰਥੀ ਹਰਸ਼ ਵਰਮਾ ਨੇ 98.2 ਫ਼ੀਸਦੀ ਅੰਕ ਪ੍ਰਾਪਤ ਕਰਕੇ ਜ਼ਿਲ੍ਹਾ ਫਾਜ਼ਿਲਕਾ ਵਿੱਚ ਪਹਿਲਾ ਸਥਾਨ ਹਾਸਲ ਕੀਤਾ ਹੈ। ਵਿਦਿਆਰਥੀ ਹਰਸ਼ ਦੀ ਇਸ ਸਫ਼ਲਤਾ ਕਾਰਨ ਉਸਦੇ ਪਰਿਵਾਰ, ਰਿਸ਼ਤੇਦਾਰਾਂ, ਸਕੂਲ ਅਤੇ ਇਲਾਕੇ ਵਿੱਚ ਖੁਸ਼ੀ ਦਾ ਮਾਹੌਲ ਹੈ। ਇਸ ਪ੍ਰੀਖਿਆ 'ਚ ਹਰਸ਼ ਨੇ ਗਣਿਤ, ਜੀਵ ਵਿਗਿਆਨ ਅਤੇ ਇਤਿਹਾਸ ਵਿਸ਼ੇ ਵਿੱਚ 100 ਫ਼ੀਸਦੀ ਅੰਕ ਪ੍ਰਾਪਤ ਕੀਤੇ ਹਨ। ਹਰਸ਼ ਆਪਣੀ ਇਸ ਸਫ਼ਲਤਾ ਦਾ ਸਿਹਰਾ ਆਪਣੇ ਪਿਤਾ ਦਰਸ਼ਨ ਵਰਮਾ, ਮਾਤਾ ਅਨੂ ਵਰਮਾ, ਭੈਣ ਮਹਿਕ ਵਰਮਾ ਅਤੇ ਆਪਣੇ ਅਧਿਆਪਕਾਂ ਦੇ ਸਿਰ ਬੰਨ੍ਹਦਾ ਹੈ, ਜਿਨ੍ਹਾਂ ਨੇ ਸਮੇਂ-ਸਮੇਂ 'ਤੇ ਉਸ ਨੂੰ ਅਗਵਾਈ ਅਤੇ ਸਹਾਇਤਾ ਦਿੱਤੀ।

# ਆਲ ਇੰਪਲਾਈਜ਼ ਕੋਆਰਡੀਨੇਸ਼ਨ ਕਮੇਟੀ ਵੱਲੋਂ ਸ਼ਿਕਾਗੋ ਦੇ ਸ਼ਹੀਦਾਂ ਨੂੰ ਸਮਰਪਤ ਸਮਾਗਮ



**ਜ਼ੀਰਾ (ਨਰਿੰਦਰ ਅਨੇਜਾ)**-ਆਲ ਇੰਪਲਾਈਜ਼ ਕੋਆਰਡੀਨੇਸ਼ਨ ਕਮੇਟੀ ਫਿਰੋਜ਼ਪੁਰ ਵੱਲੋਂ ਮਜ਼ਦੂਰ ਦਿਹਾੜੇ 'ਤੇ ਸ਼ਿਕਾਗੋ ਦੇ ਸ਼ਹੀਦਾਂ ਨੂੰ ਸਮਰਪਤ ਸਮਾਗਮ ਰੇਲਵੇ ਸਟੇਸ਼ਨ ਫਿਰੋਜ਼ਪੁਰ ਛਾਉਣੀ ਵਿਖੇ ਕਰਵਾਇਆ ਗਿਆ।ਸਮਾਗਮ ਦੀ ਸ਼ੁਰੂਆਤ ਦੌਰਾਨ ਜਨਰਲ ਸਕੱਤਰ ਰਾਜੀਵ ਹਾਂਡਾ ਨੇ ਸਟੇਜ ਦੀ ਕਾਰਵਾਈ ਚਲਾਉਂਦਿਆਂ ਸ਼ਿਕਾਗੋ ਦੇ ਸ਼ਹੀਦਾਂ ਤੇ ਪਹਿਲਗਾਮ ਵਿੱਚ ਦਹਿਸ਼ਤਗਰਦਾਂ ਹੱਥੋਂ ਮਾਰੇ ਗਏ ਨਿਰਦੋਸ਼ ਲੋਕਾਂ ਦੀ ਯਾਦ ਵਿੱਚ ਦੋ ਮਿੰਟ ਦਾ ਮੋਨ ਧਾਰਨ ਕਰਕੇ ਸ਼ਰਧਾਂਜਲੀ ਭੇਟ ਕਰਦਿਆਂ ਕੀਤੀ। ਇਸ ਦੌਰਾਨ ਆਲ ਇੰਪਲਾਈਜ਼ ਕੋਆਰਡੀਨੇਸ਼ਨ ਕਮੇਟੀ ਦੇ ਪ੍ਰਧਾਨ ਸੁਭਾਸ਼ ਸ਼ਰਮਾ, ਮੀਤ ਪ੍ਰਧਾਨ ਗੁਰਦੇਵ ਸਿੰਘ ਸਿੱਧੂ, ਮੀਤ ਪ੍ਰਧਾਨ ਸੁਰਿੰਦਰ ਸਿੰਘ, ਸਹਾਇਕ ਸਕੱਤਰ ਜਗਜੀਤ ਸਿੰਘ, ਨਰਿੰਦਰ ਸ਼ਰਮਾ, ਖਜ਼ਾਨਚੀ ਪ੍ਰਦੀਪ ਧਵਨ, ਪ੍ਰੈੱਸ ਸਕੱਤਰ ਕਿਸ਼ਨ ਚੰਦ ਜਾਗੋਵਾਲੀਆ, ਸਹਾਇਕ ਪ੍ਰੈੱਸ ਸਕੱਤਰ ਜਗਦੀਪ ਸਿੰਘ ਮਾਂਗਟ, ਜਥੇਬੰਦਕ ਸਕੱਤਰ ਪ੍ਰਤਾਪ ਸਿੰਘ ਢਿੱਲੋਂ, ਸਲਾਹਕਾਰ ਮਹਿੰਦਰ ਸਿੰਘ ਧਾਲੀਵਾਲ ਤੋਂ ਇਲਾਵਾ ਪ੍ਰਵੀਨ ਕੁਮਾਰ ਸੈਂਟਰਲ ਵਾਈਸ ਪ੍ਰਧਾਨ ਐੱਨ.ਆਰ.ਐੱਮ.ਯੂ., ਰਾਮ ਪ੍ਰਸਾਦ ਪ੍ਰਧਾਨ ਦੀ ਕਲਾਸ ਫੌਰਮ ਗੌਰਮਿੰਟ ਇੰਪਲਾਈਜ਼ ਯੂਨੀਅਨ, ਰਾਮੇਸ਼ ਠਾਕੁਰ ਸਾਬਕਾ ਪ੍ਰਧਾਨ ਐੱਨ ਆਰ ਐੱਮ ਯੂ, ਬੱਗਾ ਸਿੰਘ ਮਗਨਰੇਗਾ ਭਲਾਈ ਯੂਨੀਅਨ, ਜੋਗਿੰਦਰ ਸਿੰਘ ਪੰਜਾਬ ਜੰਗਲਾਤ ਵਰਕਰਜ਼ ਯੂਨੀਅਨ, ਕਾਰਜਕਾਰੀ ਮੈਂਬਰ ਸੁਸ਼ੀਲ ਕੁਮਾਰ ਨੇ ਬੋਲਦਿਆਂ ਕਿਹਾ ਕਿ ਕੇਂਦਰ ਤੇ ਰਾਜ ਸਰਕਾਰ ਦੀਆਂ ਗਲਤ ਨੀਤੀਆਂ ਕਾਰਨ ਦੇਸ਼ ਅੰਦਰ ਮਹਿੰਗਾਈ, ਬੇਰੁਜ਼ਗਾਰੀ, ਭ੍ਰਿਸ਼ਟਾਚਾਰੀ ਦਿਨੋਂ-ਦਿਨ ਵੱਧ ਰਹੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਦੀਆਂ ਮੁਲਾਜ਼ਮ, ਪੈਨਸ਼ਨਰ, ਮਜ਼ਦੂਰ, ਕਿਸਾਨ ਮਾਰੂ ਨੀਤੀਆਂ ਨੂੰ ਮੋੜਾ ਦੇਣ ਲਈ ਹੁਣ ਸਮਾਜ ਦੇ ਕਿਸੇ ਇਕੱਲੇ ਇਕਹਿਰੇ ਵਰਗ ਵੱਲੋਂ ਆਪਣੀਆਂ ਮੰਗਾਂ ਮਨਾਉਣ ਲਈ ਵੱਖਰੇ ਸੰਘਰਸ਼ ਵਿੱਢਣ ਦਾ ਸਮਾਂ ਨਹੀਂ ਹੈ ਅਤੇ ਨਾ ਹੀ ਅਜਿਹੇ ਸੰਘਰਸ਼ਾਂ ਨਾਲ ਸਰਕਾਰ ਦੀਆਂ ਨੀਤੀਆਂ ਤੇ ਫੈਸਲਿਆਂ ਨੂੰ ਬਦਲਣ ਦੀ ਸਮਰੱਥਾ ਹੈ, ਹੁਣ ਸਮਾਂ ਸਮਾਜ ਦੇ ਸਮੂਹ ਪੀੜਤ ਵਰਗ ਨੂੰ ਏਕੇ ਦੀ ਕੜੀ ਵਿੱਚ ਪਰੋ ਕੇ ਸਿਰੜੀ ਸੰਘਰਸ਼ ਵਿੱਢਣ ਦਾ ਹੈ।

ਇਸ ਸ਼ਹੀਦੀ ਸਮਾਗਮ ਵਿੱਚ ਹੋਰਨਾਂ ਤੋਂ ਇਲਾਵਾ ਮੁਲਾਜ਼ਮ ਆਗੂ ਰਾਮੇਸ਼ ਸ਼ਰਮਾ, ਜੰਗਲਾਤ ਵਰਕਰਜ਼ ਯੂਨੀਅਨ ਪੰਜਾਬ ਜ਼ਿਲ੍ਹਾ ਪ੍ਰਧਾਨ ਨਿਸ਼ਾਨ ਸਿੰਘ ਸਹਿਜਾਦੀ, ਜ਼ਿਲ੍ਹਾ ਜਨਰਲ ਸਕੱਤਰ ਗੁਰਬੀਰ ਸਿੰਘ ਸ਼ਹਿਜ਼ਾਦੀ, ਪੰਕਜ ਮਹਿਤਾ, ਪ੍ਰੋਫੈਸਰ ਕੁਲਦੀਪ ਸਿੰਘ, ਗੁਰਮੀਤ ਸਿੰਘ ਔਲਖ, ਬਲਵੀਰ ਸਿੰਘ ਕੰਬੋਜ, ਡਾ. ਪ੍ਰਦੀਪ ਰਾਣਾ, ਜਸਵਿੰਦਰ ਕੌੜਾ, ਗਿਆਨ ਸਿੰਘ, ਅਨਿਲ ਸੇਠੀ, ਰਾਜਵੀਰ ਸਿੰਘ, ਤਿਰਲੋਕ ਸਿੰਘ, ਮਹਿੰਦਰ ਸਿੰਘ ਬਰਾੜ, ਗੁਰਪ੍ਰੀਤ ਸਿੰਘ, ਪੀ ਡਬਲਯੂ ਡੀ ਫੀਲਡ ਐਂਡ ਵਰਕਸ਼ਾਪ ਵਰਕਰਜ਼ ਯੂਨੀਅਨ ਬ੍ਰਾਂਚ ਪ੍ਰਧਾਨ ਪੰਮਾ ਸਿੰਘ ਮੇਟ, ਵਿੱਤ ਸਕੱਤਰ ਸੁਲੱਖਣ ਸਿੰਘ ਮੇਟ, ਸੰਦੀਪ ਸਿੰਘ ਜੀ ਟੀ ਯੂ ਦੇ ਸੂਬਾ ਆਗੂ ਬਲਵਿੰਦਰ ਸਿੰਘ ਭੁੱਟੋ, ਪੈਨਸ਼ਨਰਜ਼ ਆਗੂ ਜੰਗੀਰ ਸਿੰਘ ਜ਼ੀਰਾ, ਇਕਬਾਲ ਸਿੰਘ, ਤਨਮਨ ਸ਼ਰਮਾ, ਸੰਦੀਪ ਕੌਰ, ਆਰਤੀ, ਅਜੀਤ ਸਿੰਘ ਗਿੱਲ, ਰਾਜ ਕੁਮਾਰ, ਜੀਤ ਸਿੰਘ ਜੰਗਲਾਤ ਆਗੂ, ਬਾਲਵੀਰ ਸਿੰਘ ਗੋਗੀ ਵਾਲਾ, ਮੇਹਰ ਸਿੰਘ, ਬਲਜੀਤ ਸਿੰਘ ਯਾਰੇਸ਼ਾਹ ਵਾਲਾ ਆਦਿ ਤੋਂ ਇਲਾਵਾ ਕੇਂਦਰ ਤੇ ਰਾਜ ਸਰਕਾਰਾਂ ਦੇ ਮੁਲਾਜ਼ਮਾਂ ਨੇ ਭਰਵੀਂ ਸ਼ਮੂਲੀਅਤ ਕੀਤੀ।

# ਅਧਿਆਪਕਾਂ ਦੀਆਂ ਮੰਗਾਂ ਸੰਬੰਧੀ ਡੀ ਟੀ ਐੱਫ ਦਾ ਵਫਦ ਬੀ ਪੀ ਈ ਓ ਨੂੰ ਮਿਲਿਆ



**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਬਲਾਕ ਬਠਿੰਡਾ ਦੇ ਪ੍ਰਾਇਮਰੀ ਅਧਿਆਪਕਾਂ ਦੀਆਂ ਮੰਗਾਂ ਸਬੰਧੀ ਡੈਮੋਕ੍ਰੇਟਿਕ ਟੀਚਰਜ਼ ਫਰੰਟ ਪੰਜਾਬ ਬਲਾਕ ਬਠਿੰਡਾ ਦਾ ਵਫਦ ਬਲਾਕ ਪ੍ਰਧਾਨ ਭੁਪਿੰਦਰ ਸਿੰਘ ਮਾਈਸਰਖਾਨਾ ਤੇ ਬਲਜਿੰਦਰ ਸਿੰਘ ਬਲਾਕ ਸਕੱਤਰ ਦੀ ਪ੍ਰਧਾਨਗੀ ਹੇਠ ਬੀ.ਪੀ.ਈ.ਓ. ਬਠਿੰਡਾ ਨੂੰ ਮਿਲਿਆ।ਮੀਟਿੰਗ ਦੌਰਾਨ ਜਥੇਬੰਦੀ ਨੇ ਬੀ.ਪੀ.ਈ.ਓ. ਤੋਂ ਮੰਗ ਕੀਤੀ ਕਿ ਲੋਕ ਸਭਾ ਚੋਣਾਂ 2024 ਵਿੱਚ ਜਿਨ੍ਹਾਂ ਅਧਿਆਪਕਾਂ ਦੀ ਡਿਊਟੀ ਚੋਣਾਂ ਵਿੱਚ ਲੱਗੀ ਹੋਈ ਸੀ, ਦੀ ਦਫਤਰ ਵੱਲੋਂ ਮਈ 2024 ਦਾ ਮੋਬਾਇਲ ਭੱਤਾ ਕੱਟ ਲਿਆ ਗਿਆ।ਜਥੇਬੰਦੀ ਵੱਲੋਂ ਮੰਗ ਕੀਤੀ ਗਈ ਕਿ ਨਜਾਇਜ਼ ਕੱਟਿਆ ਮੋਬਾਈਲ ਭੱਤੇ ਦਾ ਬਕਾਇਆ ਕਢਵਾਇਆ ਜਾਵੇ।ਜਥੇਬੰਦੀ ਵੱਲੋਂ ਪ੍ਰਾਇਮਰੀ ਖੇਡਾਂ ਵਿੱਚ ਪੁਜ਼ੀਸ਼ਨਾਂ ਪ੍ਰਾਪਤ ਕਰਨ ਵਾਲੇ ਬਲਾਕ ਦੇ ਖਿਡਾਰੀਆਂ ਨੂੰ ਅਜੇ ਤੱਕ ਸਿੱਖਿਆ ਕ੍ਰਾਂਤੀ ਵਾਲੀ ਸਰਕਾਰ ਨੇ ਸਰਟੀਫਿਕੇਟ ਨਾ ਦੇਣ ਦਾ ਮੁੱਦਾ ਚੱਕਿਆ ਤਾਂ ਬੀਪੀਓ ਨੇ ਭਰੋਸਾ ਦਿਵਾਇਆ ਕਿ ਇਹ ਮੁੱਦਾ ਉੱਚ ਅਧਿਕਾਰੀਆਂ ਦੇ ਧਿਆਨ ਵਿੱਚ ਲਿਆ ਕੇ ਹੱਲ ਕਰਾਂਗਾ।ਜਥੇਬੰਦੀ ਵੱਲੋਂ ਮੰਗ ਕੀਤੀ ਗਈ ਕਿ ਪੰਜਵੀਂ ਦੀਆਂ ਪ੍ਰੀਖਿਆਵਾਂ ਦਾ ਸਮੁੱਚਾ ਪ੍ਰਬੰਧ ਸੈਂਟਰ ਪੱਧਰ 'ਤੇ ਕੀਤਾ ਜਾਵੇ।ਸੈਂਟਰ ਹੈੱਡ ਟੀਚਰ ਨੂੰ ਇਸ ਦਾ ਮੁੱਖ ਪ੍ਰਬੰਧਕ ਲਗਾਇਆ ਜਾਵੇ।ਡਿਊਟੀਆਂ ਸੈਂਟਰ ਦੇ ਅੰਦਰ ਇੰਟਰ ਸਕੂਲ ਲਗਾਈਆਂ ਜਾਣ।ਜਥੇਬੰਦੀ ਵੱਲੋਂ ਦਫਤਰ ਤੋਂ ਮੰਗ ਕੀਤੀ ਗਈ ਕਿ ਸਮੇਂ ਸਿਰ ਅਧਿਆਪਕਾਂ ਨੂੰ ਜੀ.ਪੀ.ਐੱਫ. ਤੇ ਜੀ.ਆਈ.ਐੱਸ. ਸਲਿਪਾਂ ਜਾਰੀ ਕੀਤੀਆਂ ਜਾਣ।ਇਨਕਮ ਟੈਕਸ ਰਿਟਰਨ ਭਰਨ ਲਈ ਜਲਦੀ ਤੋਂ ਜਲਦੀ ਅਧਿਆਪਕਾਂ ਨੂੰ 16 ਨੰਬਰ ਜਾਰੀ ਕਰਨ ਦੀ ਮੰਗ 'ਤੇ ਬਲਾਕ ਅਧਿਕਾਰੀ ਵੱਲੋਂ ਕਿਹਾ ਗਿਆ ਕਿ ਸਮੇਂ ਸਿਰ ਇਹ ਸਾਰਾ ਕੰਮ ਕਰ ਦਿੱਤਾ ਜਾਵੇਗਾ। ਬਲਾਕ ਅਧਿਕਾਰੀ ਕੋਲ ਬੱਚਿਆਂ ਦੀਆਂ ਵਰਦੀਆਂ ਦੀ ਸਪਲਾਈ ਵਿੱਚ ਹੋਣ ਵਾਲੀ ਦੇਰੀ ਦਾ ਮੁੱਦਾ ਚੁੱਕਿਆ।ਵਿੱਤੀ ਵਰ੍ਹੇ 2025-26 ਦੌਰਾਨ ਜਿਨ੍ਹਾਂ ਅਧਿਆਪਕਾਂ ਦੀ ਅੰਦਾਜ਼ਨ ਤਨਖਾਹ 12 ਲੱਖ 75 ਹਜ਼ਾਰ ਤੋਂ ਘੱਟ ਬਣਦੀ ਹੈ, ਦਾ ਅਗੇਤਾ ਟੈਕਸ ਨਾ ਕੱਟਣ 'ਤੇ ਬੀ.ਪੀ.ਈ.ਓ. ਵੱਲੋਂ ਸਹਿਮਤੀ ਬਣੀ।ਵਫਦ ਵਿੱਚ ਬਲਾਕ ਕਮੇਟੀ ਮੈਂਬਰ ਰਾਮ ਸਿੰਘ ਬਰਾੜ, ਬਲਜਿੰਦਰ ਕੌਰ, ਪ੍ਰਦੀਪ ਸਿੰਘ, ਗੁਰਜੀਤ ਸਿੰਘ, ਰਾਮ ਨਿਵਾਸ, ਹਰਪਾਲ ਸਿੰਘ, ਸਰਬਜੀਤ ਸਿੰਘ ਮਾਨ, ਬਲਜਿੰਦਰ ਕੁਮਾਰ ਅਧਿਆਪਕ ਆਗੂ ਸ਼ਾਮਲ ਸਨ।

# ਪ੍ਰਵਾਸੀ ਮਜ਼ਦੂਰ ਦੀ ਸ਼ੱਕੀ ਹਾਲਤਾਂ 'ਚ ਹੱਤਿਆ, ਪਰਵਾਰ ਵੱਲੋਂ ਜਾਂਚ ਦੀ ਮੰਗ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਮੁਕਤਸਰ ਦੇ ਗੁਰੂ ਹਰਸਹਾਏ ਰੋਡ 'ਤੇ 23 ਅਪ੍ਰੈਲ ਦੀ ਰਾਤ ਨੂੰ ਇਕ ਮਜ਼ਦੂਰ ਮ੍ਰਿਤਕ ਹਾਲਾਤ ਵਿੱਚ ਮਿਲਿਆ ਸੀ, ਜਿਸ ਦੇ ਸਿਰ 'ਤੇ ਤੇਜ਼ਧਾਰ ਹਥਿਆਰ ਦੇ ਨਿਸ਼ਾਨ ਸਨ।ਪਰਵਾਰ ਨੇ ਹੱਤਿਆ ਦਾ ਸ਼ੱਕ ਜਤਾਇਆ ਹੈ ਤੇ ਪੁਲਸ ਤੋਂ ਨਿਰਪੱਖ ਨਾਲ ਜਾਂਚ ਕਰਕੇ ਦੋਸ਼ੀਆਂ ਤੱਕ ਪਹੁੰਚਣ ਦੀ ਮੰਗ ਕੀਤੀ ਹੈ।ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਜਨਰਲ ਸਕੱਤਰ ਜਗਜੀਤ ਸਿੰਘ ਬਰਾੜ ਹਨੀ ਫੱਤਣਵਾਲਾ ਨੇ ਆਪਣੇ ਗ੍ਰਹਿ ਵਿਖੇ ਬੁਲਾਈ ਪ੍ਰੈੱਸ ਕਾਨਫਰੰਸ ਵਿੱਚ ਦੱਸਿਆ ਕਿ ਇਕ ਪ੍ਰਵਾਸੀ ਪਰਵਾਰ ਉਨ੍ਹਾਂ ਦੇ ਖੇਤਾਂ ਵਿੱਚ ਗੁਰੂ ਹਰਸਹਾਏ ਰੋਡ 'ਤੇ ਸਾਲਾਂ ਤੋਂ ਰਹਿ ਰਿਹਾ ਹੈ ਅਤੇ ਉਨ੍ਹਾਂ ਦੇ ਉਥੇ ਕੰਮ ਕਰਦੇ ਹਨ।23 ਅਪ੍ਰੈਲ ਨੂੰ ਰਾਜੇਸ਼ ਕੁਮਾਰ (33) ਪੁੱਤਰ ਸਿਸ਼ੂ ਪਾਲ ਆਪਣੇ ਕੰਮ ਤੋਂ ਸਾਈਕਲ 'ਤੇ ਰਾਤ ਕਰੀਬ ਪੌਣੇ 10 ਵਜੇ ਘਰ ਵਾਪਸ ਪਰਤ ਰਿਹਾ ਸੀ, ਪਰ ਉਹ ਘਰ ਨਹੀਂ ਪੁਹੰਚਿਆ ਤੇ ਪਰਿਵਾਰ ਨੂੰ ਉਸ ਦੇ ਚੀਕਣ ਦੀ ਅਵਾਜ਼ ਆਈ।ਜਦ ਉਹ ਘਰ ਤੋਂ ਬਾਹਰ ਨਿਕਲੇ ਤਾਂ ਦੇਖਿਆ ਕਿ ਲਹੂ-ਲੁਹਾਣ ਰਾਜੇਸ਼ ਸੜਕ 'ਤੇ ਪਿਆ ਸੀ ਅਤੇ ਉਸ ਦੇ ਸਾਹ ਨਹੀਂ ਚੱਲ ਰਹੇ ਸਨ, ਜੋ ਕਿ ਮ੍ਰਿਤਕ ਸੀ।ਮ੍ਰਿਤਕ ਦੀ ਭੈਣ ਰੂਪਾ ਰਾਣੀ ਨੇ ਦੱਸਿਆ ਕਿ ਪਹਿਲਾਂ ਤਾਂ ਉਨ੍ਹਾਂ ਨੂੰ ਲੱਗਿਆ ਕਿ ਕੋਈ ਗੱਡੀ ਉਸ ਨੂੰ ਟੱਕਰ ਮਾਰ ਕੇ ਭੱਜ ਗਈ ਹੈ।ਉਨ੍ਹਾਂ ਨੂੰ ਰੋਡ ਐਕਸੀਡੈਂਟ ਲੱਗਿਆ, ਪਰ ਜਦੋਂ ਉਨ੍ਹਾਂ ਨੇ ਦੇਖਿਆ ਕਿ ਸੱਟ ਇਕੱਲੀ ਸਿਰ 'ਤੇ ਲੱਗੀ ਹੈ ਅਤੇ ਬਾਕੀ ਸਰੀਰ ਦੇ ਕਿਸੇ ਹਿੱਸੇ ਵਿੱਚ ਸੱਟ ਨਹੀਂ ਹੈ। ਉੱਥੇ ਸਾਇਕਲ ਵੀ ਸਹੀ ਸਲਾਮਤ ਹੈ, ਕਿਤੋਂ ਵੀ ਟੁੱਟਿਆ ਨਹੀਂ ਹੈ।ਮਾਮਲਾ ਉਨ੍ਹਾਂ ਨੂੰ ਸ਼ੱਕੀ ਤੇ ਲੁੱਟਖੋਹ ਦਾ ਲੱਗਿਆ। ਪਰਵਾਰ ਨੇ ਦੱਸਿਆ ਕਿ ਘਟਨਾ ਦੇ ਸਮੇਂ ਰਾਤ ਨੂੰ 112 ਨੰਬਰ 'ਤੇ ਕਈ ਵਾਰ ਕਾਲ ਕੀਤੇ ਪਰ ਕੋਈ ਪੁਲਸ ਕਰਮਚਾਰੀ ਨਹੀਂ ਆਇਆ। ਮਾਮਲੇ ਦੀ ਪੁਲਸ ਨੂੰ ਸ਼ਿਕਾਇਤ ਦੇ ਦਿੱਤੀ ਗਈ ਹੈ।ਹਨੀ ਫੱਤਣਵਾਲਾ ਨੇ ਪੁਲਸ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਪਰਿਵਾਰ ਨੂੰ ਇਨਸਾਫ਼ ਦਿਵਾਇਆ ਜਾਵੇ ਤੇ ਰਾਤ ਦੇ ਸਮੇਂ ਗੁਰੂ ਹਰਸਹਾਏ ਰੋਡ 'ਤੇ ਗਸ਼ਤ ਵਧਾਈ ਜਾਵੇ, ਕਿਉਂਕਿ ਪਹਿਲਾਂ ਵੀ ਕਈ ਲੁੱਟ ਦੀਆਂ ਵਾਰਦਾਤਾਂ ਇਸ ਰੋਡ 'ਤੇ ਹੋ ਚੁੱਕੀਆਂ ਹਨ।ਉਨ੍ਹਾਂ ਦੱਸਿਆ ਕਿ ਐੱਸ.ਐੱਸ.ਪੀ. ਨਾਲ ਮਿਲ ਕੇ ਉਕਤ ਮਾਮਲਾ ਧਿਆਨ ਵਿੱਚ ਲਿਆ ਦਿੱਤਾ ਗਿਆ ਹੈ।ਮਾਮਲੇ ਦੀ ਜਾਂਚ ਕਰ ਰਹੇ ਏ.ਐੱਸ.ਆਈ ਅਵਤਾਰ ਸਿੰਘ ਨੇ ਕਿਹਾ ਕਿ ਜਾਂਚ ਚੱਲ ਰਹੀ ਹੈ।ਜਾਂਚ ਵਿੱਚ ਜੋ ਕੁਝ ਵੀ ਸਾਹਮਣੇ ਆਉਂਦਾ ਹੈ ਤਾਂ ਉਸ ਅਧਾਰ 'ਤੇ ਕਾਰਵਾਈ ਕੀਤੀ ਜਾਵੇਗੀ।

4- May -Page - 6-Advt-25-H.qxd 5/3/2025 11:06 PM Page 1



# ਸਾਬਕਾ ਵਿਧਾਇਕ ਦੇ ਪੁੱਤਰ, ਨੂੰਹ, ਈ ਓ ਤੇ ਦੋ ਹੋਰਨਾਂ ਵਿਰੁੱਧ ਪਰਚਾ ਦਰਜ



ਤਰਨ ਤਾਰਨ (ਪ੍ਰਿਤਪਾਲ ਸਿੰਘ)-ਪੰਜਾਬ ਵਿਜੀਲੈਂਸ ਬਿਊਰੋ ਨੇ ਰਾਜ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਚਲਾਈ ਮੁਹਿੰਮ ਦੌਰਾਨ, ਤਰਨਤਾਰਨ ਦੇ ਸਾਬਕਾ ਵਿਧਾਇਕ ਦੇ ਪੁੱਤਰ ਅਤੇ ਨੂੰਹ ਸਮੇਤ ਨਗਰ ਕੌਂਸਲ ਤਰਨਤਾਰਨ ਦੇ ਕਾਰਜਕਾਰੀ ਅਧਿਕਾਰੀ (ਈ.ਓ.), ਕਲਰਕ ਅਤੇ ਇੱਕ ਫਰਮ ਦੇ ਮਾਲਕ ਵਿਰੁੱਧ ਕੌਂਸਲ ਦੇ ਫੰਡਾਂ ਵਿੱਚ ਵੱਡੀ ਹੇਰਾ-ਫੇਰੀ ਕਰਨ ਦੇ ਦੋਸ਼ ਹੇਠ ਮੁਕੱਦਮਾ ਦਰਜ ਕੀਤਾ ਹੈ।ਇਸ ਕੇਸ ਵਿੱਚ ਉਕਤ ਮੁਲਜ਼ਮ ਈ.ਓ., ਕਲਰਕ ਅਤੇ ਫਰਮ ਦੇ ਮਾਲਕ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਜਾਣਕਾਰੀ ਦਿੰਦਿਆਂ ਰਾਜ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਕਿਹਾ ਕਿ ਇਸ ਸਬੰਧ ਵਿੱਚ ਸਥਾਨਕ ਸਰਕਾਰਾਂ ਵਿਭਾਗ ਵੱਲੋਂ ਕੀਤੀ ਗਈ ਚੈਕਿੰਗ ਦੇ ਸਿੱਟੇ ਵਜੋਂ ਇਹੀ ਵਿਜੀਲੈਂਸ ਜਾਂਚ ਦੇ ਆਧਾਰ 'ਤੇ ਕੇਸ ਦਰਜ ਕੀਤਾ ਗਿਆ ਹੈ।ਇਸ ਕੇਸ ਨੂੰ ਅਗਰੇਰੀ ਜਾਂਚ ਲਈ ਵਿਜੀਲੈਂਸ ਬਿਊਰੋ ਨੂੰ ਸੌਂਪ ਦਿੱਤਾ ਗਿਆ ਸੀ।ਇਸ ਤੋਂ ਬਾਅਦ ਜਾਂਚ ਦੇ ਆਧਾਰ 'ਤੇ ਉਕਤ ਮੁਲਜ਼ਮਾਂ ਵਿਰੁੱਧ ਵਿਜੀਲੈਂਸ ਬਿਊਰੋ ਦੀ ਅੰਮ੍ਰਿਤਸਰ ਰੇਂਜ ਦੇ ਥਾਣੇ ਵਿੱਚ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦੀ ਧਾਰਾ 13 (2) ਦੇ ਨਾਲ-ਨਾਲ 13 (1) ਅਤੇ ਆਈਪੀਸੀ ਦੀ ਧਾਰਾ 409, 420, 465, 467, 468, 471, 120-ਬੀ ਦੇ ਤਹਿਤ ਐੱਫਆਈਆਰ ਨੰਬਰ 22, ਮਿਤੀ 02.05.2025 ਦਰਜ ਕੀਤੀ ਗਈ ਹੈ।ਬੁਲਾਰੇ ਨੇ ਦੱਸਿਆ ਕਿ ਇਸ ਕੇਸ ਦੇ ਮੁਲਜ਼ਮਾਂ ਵਿੱਚ ਸ਼ਰਨਜੀਤ ਕੌਰ, ਕਾਰਜਕਾਰੀ ਅਧਿਕਾਰੀ (ਹੁਣ ਮੁਅੱਤਲ) ਅਤੇ ਨਗਰ ਕੌਂਸਲ ਤਰਨਤਾਰਨ ਦਾ ਕਲਰਕ ਨਰਿੰਦਰ ਕੁਮਾਰ, ਸਾਬਕਾ ਵਿਧਾਇਕ ਧਰਮਵੀਰ ਅਗਨੀਹੋਤਰੀ ਦਾ ਪੁੱਤਰ ਸੰਦੀਪ ਕੁਮਾਰ ਅਗਨੀਹੋਤਰੀ ਅਤੇ ਉਨ੍ਹਾਂ ਦੀ ਨੂੰਹ ਜੋਤੀ ਸਚਦੇਵਾ, ਜੋ ਕਿ ਮੈਸਰਜ਼ ਐੱਸ. ਕੇ. ਪਦਮ ਪੈਟਰੋਲੀਅਮ ਦੀ ਮਾਲਕ ਹੈ ਅਤੇ ਨਿਊ ਪਵਨ ਨਗਰ, ਅੰਮ੍ਰਿਤਸਰ ਦਾ ਰਹਿਣ ਵਾਲਾ ਰਾਜੀਵ ਗੁਪਤਾ, ਜੋ ਮੈਸਰਜ਼ ਸ਼ਾਰਪ ਫੋਕਸ ਵਿਜ਼ਨ ਪ੍ਰਾਈਵੇਟ ਲਿਮਟਿਡ ਅਤੇ ਮੈਸਰਜ਼ ਐੱਸਆਰ ਐਂਟਰਪ੍ਰਾਈਜ਼ਿਜ਼ ਲਿਮਟਿਡ ਦਾ ਡਾਇਰੈਕਟਰ ਹੈ, ਸ਼ਾਮਲ ਹਨ।ਇਸ ਕੇਸ ਵਿੱਚ ਸ਼ਰਨਜੀਤ ਕੌਰ, ਈ.ਓ. ਅਤੇ ਨਰਿੰਦਰ ਕੁਮਾਰ ਕਲਰਕ, ਦੋਵੇਂ ਨਗਰ ਕੌਂਸਲ, ਤਰਨਤਾਰਨ ਵਿਖੇ ਤਾਇਨਾਤ ਅਤੇ ਉਕਤ ਪ੍ਰਾਈਵੇਟ ਫਰਮ ਦੇ ਮਾਲਕ ਰਾਜੀਵ ਗੁਪਤਾ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ।ਮੁਲਜ਼ਮਾਂ ਨੂੰ ਸਮਰੱਥ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ।

# ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ 'ਚ ਮਜ਼ਦੂਰ ਦਿਵਸ ਮਨਾਇਆ

ਝਬਾਲ (ਹਰਜਿੰਦਰ ਸਿੰਘ ਸੋਨੀ)-ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ, ਝਬਾਲ ਵਿਖੇ ਮਜ਼ਦੂਰ ਦਿਵਸ ਮਨਾਇਆ ਗਿਆ।ਇਸ ਮੌਕੇ ਮੈਡਮ ਗੁਰਵਿੰਦਰ ਕੌਰ ਨੇ ਮਜ਼ਦੂਰਾਂ ਦੀ ਮਹੱਤਤਾ 'ਤੇ ਚਾਨਣਾ ਪਾਉਂਦਿਆਂ ਵਿਦਿਆਰਥੀਆਂ ਨਾਲ ਆਪਣੇ ਵਿਚਾਰ ਸਾਂਝੇ ਕੀਤੇ।ਸਕੂਲ ਦੇ ਵਿਦਿਆਰਥੀਆਂ ਵੱਲੋਂ ਚੌਥੇ ਦਰਜੇ ਦੇ ਮੁਲਾਜ਼ਮਾਂ ਦੇ ਮਨੋਰੰਜਨ ਲਈ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤਾ ਗਿਆ।ਗੁਰਵੰਤ ਕੌਰ ਨੂੰ ਸੀਨੀਅਰ ਸਫਾਈ ਕਰਮਚਾਰੀ ਦਾ ਅੰਦਾਜ਼ ਦੇ ਕੇ ਸਨਮਾਨਿਤ ਕੀਤਾ ਗਿਆ।ਵੱਖ-ਵੱਖ ਜਮਾਤਾਂ ਵਿੱਚ ਸਫਾਈ ਕਰਮਚਾਰੀਆਂ ਦੀ ਮਹੱਤਤਾ ਬਾਰੇ ਚਾਨਣਾ ਪਾਉਂਦੀ ਹੋਈ ਐਕਟੀਵਿਟੀ ਕਰਵਾਈ ਗਈ।ਸਕੂਲ ਦੇ ਮੈਂਬਰ ਇੰਚਾਰਜ ਮਨਜੀਤ ਸਿੰਘ ਢਿੱਲੋਂ, ਆਦਰਸ਼ਪਿੰਦਰ ਸਿੰਘ ਮਾਨ, ਅਜੀਤਪਾਲ ਸਿੰਘ ਅਨੇਜਾ, ਪ੍ਰਿੰਸੀਪਲ ਅਨੁਰੀਤ ਬਾਵਾ ਅਤੇ ਹੈੱਡ ਮਿਸਟਰੈੱਸ ਸਿਮਰਦੀਪ ਕੌਰ ਵੱਲੋਂ ਸਕੂਲ ਦੇ ਚੌਥੇ ਦਰਜੇ ਦੇ ਮੁਲਾਜ਼ਮਾਂ ਨੂੰ ਮਠਿਆਈਆਂ ਦੇ ਡੱਬੇ ਵੰਡੇ ਗਏ।ਇਸ ਮੌਕੇ ਹਿਸਾਬ ਅਤੇ ਕੰਪਿਊਟਰ ਵਿਸ਼ੇ ਦੇ ਓਲੰਪੀਅਡ ਵਿੱਚੋਂ ਮੱਲਾਂ ਮਾਰਨ ਵਾਲੇ ਵਿਦਿਆਰਥੀਆਂ ਨੂੰ ਸਕੂਲ ਦੇ ਮੈਂਬਰ ਇੰਚਾਰਜ ਅਤੇ ਪ੍ਰਿੰਸੀਪਲ ਦੁਆਰਾ ਸਨਮਾਨਿਤ ਕੀਤਾ ਗਿਆ।



# ਕਾਮਰੇਡ ਸੋਹਣ ਸਿੰਘ ਬੰਗਾ ਨੂੰ ਚੇਤੇ ਕਰਦਿਆਂ..



ਭਾਰਤੀ ਕਮਿਊਨਿਸਟ ਪਾਰਟੀ ਦੇ ਨਿਧੜਕ ਤੇ ਅਣਥੱਕ ਯੋਧੇ ਤੇ ਲੋਕ ਲਹਿਰਾਂ ਵਿੱਚ ਲਾਲ ਝੰਡਾ ਚੁੱਕ ਕੇ ਮੋਹਰਲੀਆਂ ਕਤਾਰਾਂ ਵਿੱਚ ਰਹਿਣ ਵਾਲੇ ਕਾਮਰੇਡ ਸੋਹਣ ਸਿੰਘ ਬੰਗਾ ਸੰਖੇਪ ਬਿਮਾਰੀ ਪਿੱਛੋਂ ਮਿਤੀ 23 ਅਪ੍ਰੈਲ 2025 ਨੂੰ ਰਸਦੇ-ਵਸਦੇ ਘਰ ਨੂੰ ਤੇ ਲਾਲ ਝੰਡੇ ਦੇ ਕਾਫ਼ਲੇ ਨੂੰ ਸ੍ਰੀ ਅਨੰਦਪੁਰ ਸਾਹਿਬ ਵਿਖੇ ਆਪਣੇ ਨਿਵਾਸ ਤੇ ਸਦੀਵੀ ਵਿਛੋੜਾ ਦੇ ਗਏ। ਅਜੇ 12 ਅਪ੍ਰੈਲ ਨੂੰ ਸੀ.ਪੀ.ਆਈ ਦੇ ਮੋਹਰੀ ਆਗੂਆਂ ਦੇ ਨਾਲ ਕਾਮਰੇਡ ਦਵਿੰਦਰ ਨੰਗਲੀ ਜ਼ਿਲ੍ਹਾ ਸਕੱਤਰ, ਹਰੀ ਚੰਦ ਗੋਹਲਣੀ ਤੇ ਹੋਰ ਸਾਥੀ ਰਾਮਪਾਲ ਤਾਰਾਪੁਰ ਉਹਨਾਂ ਦੇ ਨਿਵਾਸ 'ਤੇ ਹਾਲ-ਚਾਲ ਜਾਣਨ ਲਈ ਗਏ ਸਨ ਤਾਂ ਇਹ ਅਹਿਸਾਸ ਹੋ ਗਿਆ ਸੀ ਕਿ ਹੁਣ ਕਾਮਰੇਡ ਦੇ ਜੀਵਨ ਦਾ ਅੰਤ ਨੇੜੇ ਹੀ ਹੈ। ਅਸੀਂ ਉਹਨਾਂ ਦੇ ਨਾਲ ਉਹਨਾਂ ਦੇ ਮੁਢਲੇ ਜੀਵਨ ਬਾਰੇ ਵਿਸਥਾਰ ਨਾਲ ਗੱਲਬਾਤ ਕੀਤੀ ਤਾਂ ਉਹਨਾਂ ਦੱਸਿਆ ਕਿ ਮੇਰਾ ਜਨਮ ਸੰਨ 1938 ਵਿੱਚ ਰਿਟਾਇਰ ਹੌਲਦਾਰ ਪਿਤਾ ਕਰਤਾਰ ਸਿੰਘ ਤੇ ਮਾਤਾ ਧਨ ਕੌਰ ਦੀ ਕੁੱਖੋਂ ਹੋਇਆ ਸੀ। ਉਨ੍ਹਾਂ ਦਾ ਜੱਦੀ ਪਿੰਡ ਜ਼ਿਲ੍ਹਾ ਜਲੰਧਰ (ਹੁਣ ਨਵਾਂ ਸ਼ਹਿਰ) ਦੇ ਪਿੰਡ ਸੁਰਾਪੁਰ ਸੀ। ਉਹਨਾਂ ਦੱਸਿਆ ਕਿ ਉਹ ਦੋ ਭਰਾਵਾਂ ਤੇ ਚਾਰ ਭੈਣਾਂ ਵਿੱਚੋਂ ਦੂਜੇ ਨੰਬਰ 'ਤੇ ਸਨ ਅਤੇ ਉਹਨਾਂ ਪ੍ਰਇਮਰੀ ਸਿੱਖਿਆ ਦੁਆਬੇ ਦੇ ਇਨਕਲਾਬੀ ਪਿੰਡ ਸੂਜੋਂ ਤੋਂ ਹਾਸਲ ਕੀਤੀ ਅਤੇ ਦਸਵੀਂ ਤੱਕ ਦੀ ਪੜ੍ਹਾਈ ਪਿੰਡ ਮਾਹਲਾਗੇਲਾਂ ਦੇ ਹਾਈ ਸਕੂਲ ਤੋਂ ਸੰਨ 1956 'ਚ ਹਾਸਲ ਕੀਤੀ ਸੀ। ਉਚੇਰੀ ਪੜ੍ਹਾਈ ਲਈ ਬੰਗਾ ਦੇ ਨੈਸ਼ਨਲ ਕਾਲਜ ਦਾਖਲਾ ਲਿਆ ਪਰ ਬਿਮਾਰੀ ਕਾਰਨ ਐਫ.ਏ ਦੀ ਪੜ੍ਹਾਈ ਵਿੱਚ ਹੀ ਛੱਡਣੀ ਪਈ।ਇਸ ਪਿੱਛੋਂ ਚਾਚਾ ਚੰਨਣ ਸਿੰਘ ਠੇਕੇਦਾਰ ਨਾਲ ਕੰਮ ਸਿਖਣ ਲਈ ਸ੍ਰੀ ਅਨੰਦਪੁਰ ਸਾਹਿਬ ਆ ਗਏ ਤੇ ਬਿਜਲੀ ਦਾ ਕੰਮ ਗੰਗੂਵਾਲ ਤੇ ਨੰਗਲ ਵੀ ਕੀਤਾ। ਇਸੇ ਦੌਰਾਨ ਫੌਜ ਵਿੱਚ ਵਾਇਰਲੈਸ ਵਿੰਗ ਵਿੱਚ ਭਰਤੀ ਹੋ ਗਏ, ਪਰ ਸੰਨ 1965 ਵਿੱਚ ਫੌਜ ਦੀ ਨੌਕਰੀ ਛੱਡ ਕੇ ਪਹਿਲੀ ਵਾਰ ਸ੍ਰੀ ਅਨੰਦਪੁਰ ਸਾਹਿਬ ਹੀ ਰੇਡੀਓ ਮਕੈਨਿਕ ਦੀ ਦੁਕਾਨ ਖੋਲ ਕੇ ਰੇਡੀਓ ਮੁਰੰਮਤ ਦਾ ਕੰਮ ਸ਼ੁਰੂ ਕਰ ਦਿੱਤਾ ਤੇ ਭਾਰਤੀ ਕਮਿਊਨਿਸਟ ਪਾਰਟੀ ਦੇ ਮੈਂਬਰ ਬਣ ਕੇ ਲਾਲ ਝੰਡੇ ਥੱਲੇ ਕੰਮ ਪੱਖੀ ਪਾਰਟੀ ਵਿੱਚ ਸਰਗਰਮੀਆਂ ਜਾਰੀ ਰੱਖੀਆਂ ਅਤੇ ਸੀ.ਪੀ.ਆਈ. ਦੀ ਜ਼ਿਲ੍ਹਾ ਅਗਜ਼ੈਕਟਿਵ ਕਮੇਟੀ ਦੀ ਮੈਂਬਰੀ ਤੱਕ ਸਰਗਰਮ ਭੂਮਿਕਾ ਨਿਭਾਉਂਦੇ ਰਹੇ। ਪਿਛਲੇ ਸਮੇਂ ਵਿੱਚ ਸ੍ਰੀ ਅਨੰਦਪੁਰ ਸਾਹਿਬ ਦੇ ਨੇੜਲੇ ਪਿੰਡਾਂ ਵਿੱਚ ਫੌਜੀ ਛਾਉਣੀ ਬਣਾਉਣ ਦੀ ਸਰਕਾਰ ਦੀ ਤਜਵੀਜ਼ ਸੀ ਤਾਂ ਲੋਕਾਂ ਨੇ ਪਿੰਡਾਂ ਵਿੱਚ ਏਕਾ ਕਰ ਕੇ ਸਾਂਝੀ ਸੰਘਰਸ਼ ਕਮੇਟੀ ਬਣਾ ਕੇ ਤਿੱਖਾ ਸੰਘਰਸ਼ ਕੀਤਾ ਤਾਂ ਕਾਮਰੇਡ ਸੋਹਣ ਨੇ ਉਸ ਵਿੱਚ ਵੀ ਅਹਿਮ ਭੂਮਿਕਾ ਨਿਭਾਈ ਤੇ ਜਿੱਤ ਹਾਸਲ ਕੀਤੀ ਤੇ ਲੋਕਾਂ ਨੂੰ ਉਜਾੜੇ ਤੋਂ ਬਚਾਇਆ। ਇਸ ਦੇ ਨਾਲ ਹੀ ਜਦੋਂ ਬਾਬਾ ਪੋਲੋ ਰਾਮ ਦੀ ਯਾਦ 'ਚ ਸ੍ਰੀ ਅਨੰਦਪੁਰ ਸਾਹਿਬ 'ਚ ਬਣਾਏ ਟਰੱਸਟ ਵਿੱਚ ਸਰਗਰਮ ਭੂਮਿਕਾ ਨਿਭਾਉਂਦੇ ਰਹੇ ਅਤੇ ਆਖਰੀ ਸਾਹਾਂ ਤੱਕ ਸਕੱਤਰ ਰਹੇ।ਉਹਨਾਂ ਦੇ ਵਿਛੋੜੇ ਨਾਲ ਸੀ.ਪੀ.ਆਈ. ਅਤੇ ਮਿਹਨਤਕਸ਼ ਲੋਕਾਂ ਨੂੰ ਵੱਡਾ ਘਾਟਾ ਪਿਆ ਹੈ। ਸੀ.ਪੀ.ਆਈ ਵੱਲੋਂ ਤੇ ਪਵਿਾਰ ਵੱਲੋਂ ਉਹਨਾਂ ਨੂੰ 4 ਮਈ ਨੂੰ ਸ੍ਰੀ ਅਨੰਦਪੁਰ ਸਾਹਿਬ ਦੇ ਸੀਸਗੰਜ ਗੁਰਦੁਆਰਾ ਸਾਹਿਬ ਵਿਖੇ ਯਾਦ ਕੀਤਾ ਜਾਵੇਗਾ ਤੇ ਭੋਗ ਦੀਆਂ ਰਸਮਾਂ ਅਦਾ ਕੀਤੀਆਂ ਜਾਣਗੀਆਂ।

-ਸੁਰਜੀਤ ਸਿੰਘ ਢੇਰ

# 20 ਨੂੰ ਹੜਤਾਲ ਕਰਕੇ ਅੰਮ੍ਰਿਤਸਰ ਬੱਸ ਸਟੈਂਡ ਪਹੁੰਚੋ : ਕਰਮਪੁਰਾ, ਟਾਂਡਾ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)-1886 ਨੂੰ ਅਮਰੀਕਾ ਦੇ ਸ਼ਹਿਰ ਸ਼ਿਕਾਗੋ ਵਿਖੇ ਮਜ਼ਦੂਰਾਂ ਦੀ ਜੋਖਮ ਭਰੀ ਜ਼ਿੰਦਗੀ ਨੂੰ ਬਿਹਤਰ ਬਣਾਉਣ ਵਾਸਤੇ 8 ਘੰਟੇ ਡਿਊਟੀ ਦੀ ਮੰਗ ਨੂੰ ਲੈ ਕੇ ਮਜ਼ਦੂਰਾਂ ਨੇ ਇਕ ਲਾਮਿਸਾਲ ਹੜਤਾਲ ਕਰਕੇ ਬਹੁਤ ਵੱਡਾ ਇਕੱਠ ਕੀਤਾ ਜਿਸ ਤੋਂ ਅਮਰੀਕਾ ਦੀ ਸਰਕਾਰ ਘਬਰਾ ਗਈ ਤੇ ਇਕੱਠ ਨੂੰ ਖਦੇੜਨ ਵਾਸਤੇ ਸਰਕਾਰ ਨੇ ਬੰਬਾਂ, ਬੰਦੂਕਾਂ ਦੀ ਵਰਤੋਂ ਕਰਦਿਆਂ ਕੁਝ ਮਜ਼ਦੂਰਾਂ ਨੂੰ ਸ਼ਹੀਦ ਕਰ ਦਿੱਤਾ ਕੁਝ ਨੂੰ ਜਖ਼ਮੀ ਤੇ ਕੁਝ ਨੂੰ ਫਾਂਸੀ ਚਾੜ੍ਹ ਦਿੱਤਾ। ਬਹੁਤ ਸਾਰੇ ਮਜ਼ਦੂਰਾਂ ਨੂੰ ਜੇਲ੍ਹੀਂ ਡੱਕ ਦਿੱਤਾ। ਉਦੋਂ ਤੋਂ ਮਜ਼ਦੂਰਾਂ ਦੇ ਖ਼ੂਨ ਨਾਲ ਰੰਗੇ ਲਾਲ ਝੰਡੇ ਦੀ ਛਤਰ ਛਾਇਆ ਹੇਠ ਮਜ਼ਦੂਰ ਆਪਣੀਆਂ ਮੰਗਾਂ ਨੂੰ ਲੈ ਕੇ ਸੰਘਰਸ਼ ਕਰਦੇ ਆ ਰਹੇ ਹਨ। 8 ਘੰਟੇ ਡਿਊਟੀ, ਛੁੱਟੀਆਂ, ਬੋਨਸ, ਓਵਰ ਟਾਇਮ, ਸਰਵਿਸ, ਗ੍ਰੈਚੂਟੀ ਆਦਿ ਕਾਨੂੰਨ ਬਣਾਉਣ ਲਈ ਸਰਕਾਰਾਂ ਨੂੰ ਮਜਬੂਰ ਕੀਤਾ।ਪ੍ਰੀਮੀਅਰ ਰਬੜ ਮਿਲਜ਼/ਅੱਡਾ ਮੂਧਲ ਵੇਰਕਾ ਵਿਖੇ ਗੇਟ 'ਤੇ ਮਿੱਲ ਦੇ ਕਾਮਿਆਂ ਦੀ ਮੰਗ ਨੂੰ ਲੈ ਕੇ ਅਤੇ 20 ਮਈ ਨੂੰ ਸਾਂਝੇ ਤੌਰ 'ਤੇ ਟ੍ਰੇਡ ਯੂਨੀਅਨ ਵੱਲੋਂ ਦਿੱਤੇ ਗਏ ਦੇਸ਼ ਵਿਆਪੀ ਹੜਤਾਲ ਦੇ ਸੱਦੇ ਨੂੰ ਸਫ਼ਲ ਕਰਨ ਅਤੇ ਅੰਮ੍ਰਿਤਸਰ ਬੱਸ ਸਟੈਂਡ ਵਿਖੇ 20 ਮਈ ਨੂੰ 11:00 ਵਜੇ ਕੀਤੀ ਜਾ ਰਹੀ ਸਾਂਝੀ ਰੈਲੀ ਨੂੰ ਸਫ਼ਲ ਕਰਨ ਵਾਸਤੇ ਪ੍ਰਧਾਨ ਲਖਬੀਰ ਸਿੰਘ ਤੇ ਇੰਦਰ ਕੁਮਾਰ ਦੀ ਪ੍ਰਧਾਨਗੀ ਹੇਠ ਮੀਟਿੰਗ ਕੀਤੀ ਗਈ। ਹੜਤਾਲ ਦੀਆਂ ਮੁੱਖ ਮੰਗਾਂ ਲੇਬਰ ਕਾਨੂੰਨ ਤੋੜ ਕੇ ਬਣਾਏ ਗਏ 4 ਕੋਡ ਰੱਦ ਕੀਤੇ ਜਾਣ, ਅਣਸਿੱਖਿਅਤ ਮਜ਼ਦੂਰ ਦੀ ਘੱਟੋ-ਘੱਟ ਤਨਖਾਹ 26000 ਰੁਪਏ ਕੀਤੀ ਜਾਵੇ, ਮਿੱਡ-ਡੇ-ਮੀਲ, ਆਂਗਨਵਾੜੀ ਵਰਕਰਾਂ, ਸਕਿਓਰਟੀ ਗਾਰਡਾਂ ਆਦਿ ਨੂੰ ਪੰਜਾਬ ਸਰਕਾਰ ਦੇ ਨੋਟੀਫਿਕੇਸ਼ਨ ਅਨੁਸਾਰ ਤਨਖਾਹ ਦਿੱਤੀ ਜਾਵੇ, ਲੇਬਰ ਕਾਨੂੰਨ ਦੀ ਉਲੰਘਣਾ ਕਰਨ ਵਾਲੇ ਮਾਲਕਾਂ ਖਿਲਾਫ਼ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇ ਆਦਿ ਹਨ। ਮੀਟਿੰਗ ਨੂੰ ਸੀਟੀਯੂ (ਪੰਜਾਬ) ਦੇ ਸੂਬਾਈ ਜੁਆਇੰਟ ਸਕੱਤਰ ਜਗਤਾਰ ਸਿੰਘ ਕਰਮਪੁਰਾ ਤੇ ਰਿਟਾਇਰ ਮੁਲਾਜ਼ਮਾਂ ਦੇ ਆਗੂ ਮੰਗਲ ਸਿੰਘ ਟਾਂਡਾ ਨੇ ਮੀਟਿੰਗ 'ਚ ਜੁੜੇ ਸਾਥੀਆਂ ਨੂੰ ਸੰਬੋਧਨ ਕਰਦਿਆਂ ਕੇਂਦਰ ਸਰਕਾਰ ਤੇ ਪੰਜਾਬ ਸਰਕਾਰ ਦੇ ਲੋਕ ਵਿਰੋਧੀ ਰਵੱਈਏ ਦੀ ਨਿਖੇਧੀ ਕੀਤੀ। ਸ਼ਿਕਾਗੋ ਦੇ ਸ਼ਹੀਦਾਂ ਨੂੰ ਸ਼ਰਧਾਜਲੀ ਭੇਟ ਕੀਤੀ। ਇਸ ਸਮੇਂ ਗੌਤਮ, ਸਾਹਬ ਸਿੰਘ ਅਤੇ ਸਰੋਜ ਆਦਿ ਹਾਜ਼ਰ ਸਨ।



# ਕ੍ਰਾਂਤੀ ਦਾ ਪ੍ਰਤੀਕ ਲਾਲ ਝੰਡਾ ਲਹਿਰਾ ਕੇ ਮਨਾਇਆ ਮਜ਼ਦੂਰ ਦਿਹਾੜਾ



ਗੁਰਦਾਸਪੁਰ (ਜਨਕ ਮਹਾਜਨ)-ਮਜ਼ਦੂਰ ਜਮਾਤ ਦੇ ਕੌਮਾਂਤਰੀ ਦਿਹਾੜੇ ਪਹਿਲੀ ਮਈ ਮਜ਼ਦੂਰ ਦਿਵਸ ਨੂੰ ਸ਼ਿਕਾਗੋ ਦੇ ਨੂੰ ਯਾਦ ਕਰਦਿਆਂ ਕ੍ਰਾਂਤੀ ਦਾ ਪ੍ਰਤੀਕ ਲਾਲ ਝੰਡਾ ਲਹਿਰਾ ਕੇ ਮਜ਼ਦੂਰ ਜਮਾਤ ਦੇ ਬੇਹਤਰ ਜੀਵਨ ਲਈ ਸੰਘਰਸ਼ ਕਰਨ ਦਾ ਪ੍ਰਣ ਲਿਆ।ਸ਼ਹੀਦ ਕਾਮਰੇਡ ਬਲਜੀਤ ਸਿੰਘ ਫਜ਼ਲਾਬਾਦ ਯਾਦਗਾਰ ਟਰਸਟ ਰੁਲੀਆ ਰਾਮ ਕਲੋਨੀ ਜੇਲ ਰੋਡ ਗੁਰਦਾਸਪੁਰ ਵਿਖੇ ਝੰਡਾ ਲਹਿਰਾਉਣ ਉਪਰੰਤ ਸੈਂਟਰ ਆਫ ਟਰੇਡ ਯੂਨੀਅਨਜ਼ (ਸੀ ਟੀ ਯੂ) ਪੰਜਾਬ ਦੇ ਆਗੂ ਕਾਮਰੇਡ ਸ਼ਿਵ ਕੁਮਾਰ, ਧਿਆਨ ਸਿੰਘ, ਜਸਵੰਤ ਸਿੰਘ ਬੁੱਟਰ ਅਤੇ ਕਰਨੈਲ ਸਿੰਘ ਬਾਜਵਾ ਨੇ ਕੌਮਾਂਤਰੀ ਮਈ ਦਿਹਾੜੇ ਦੇ ਜੁਝਾਰੂ ਵਿਰਸੇ ਦੀਆਂ ਜਿੱਥੇ ਮਾਣਮੱਤੀ ਪ੍ਰਾਪਤੀਆਂ ਸਾਂਝੀਆਂ ਕੀਤੀਆਂ, ਉਥੇ ਸਾਮਰਾਜੀ ਤਾਕਤਾਂ ਦੇ ਦਬਾਅ ਹੇਠ ਸੰਸਾਰੀਕਰਨ, ਉਦਾਰੀਕਰਨ ਤੇ ਨਿੱਜੀਕਰਨ ਦੀਆਂ ਤਬਾਹਕੁੰਨ ਆਰਥਿਕ ਤੇ ਸਨਅਤੀ ਨੀਤੀਆਂ ਨੂੰ ਲਾਗੂ ਕਰਕੇ ਕੇਂਦਰ ਦੀ ਮੋਦੀ ਸਰਕਾਰ ਅਤੇ ਪੰਜਾਬ ਦੀ ਭਗਵੰਤ ਮਾਨ ਸਰਕਾਰ ਵੀ ਮਜਦੂਰਾਂ ਦੇ ਵਿਰੁੱਧ ਫੈਸਲੇ ਕਰ ਰਹੀ ਹੈ।ਮੋਦੀ ਸਰਕਾਰ ਵਲੋਂ ਕਾਰਪੋਰੇਟ ਘਰਾਣਿਆਂ ਪੱਖੀ ਚਾਰ ਲੇਬਰ ਕੋਡ ਦਾ ਬਨਾਉਣਾ ਤੇ ਮਾਨ ਸਰਕਾਰ ਦੇ ਕਾਰਜਕਾਲ ਦੇ ਚੌਥੇ ਮਈ ਦਿਵਸ ਉਤੇ ਵੀ ਮਜਦੂਰਾਂ ਦੀ ਪਿਛਲੇ ਤੇਰਾਂ ਸਾਲ ਤੋਂ ਰੋਕੀ ਮਿਨੀਮਮ ਵੇਜ ਵਿੱਚ ਸੋਧ ਨਾ ਕਰਨਾ ਮਜ਼ਦੂਰ ਵਿਰੁੱਧੀ ਮਾਨਸਿਕਤਾ ਦਾ ਪ੍ਰਗਟਾਵਾ ਹੈ।ਕੇਂਦਰ ਤੇ ਪੰਜਾਬ ਸਰਕਾਰ ਦੇ ਮਜ਼ਦੂਰ ਵਿਰੋਧੀ ਫੈਸਲਿਆਂ ਖਿਲਾਫ 20 ਮਈ ਨੂੰ ਦੇਸ਼ ਵਿਆਪੀ ਹੜਤਾਲ ਨੂੰ ਸਫਲ ਬਣਾਉਣ ਲਈ ਸੱਦਾ ਦਿੱਤਾ।ਮਈ ਦਿਵਸ ਮੌਕੇ ਇਤਿਹਾਸਕ ਪਿਛੋਕੜ ਤੋਂ ਸੇਧ ਲੈਂਦਿਆਂ ਮਜ਼ਦੂਰਾਂ ਨੂੰ ਵਿਸ਼ਾਲ ਏਕਾ ਕਰਨ ਤੇ ਸੰਘਰਸ਼ਾਂ ਨੂੰ ਤਿੱਖਾ ਕਰਨਾ ਸਮੇਂ ਦੀ ਮੁੱਖ ਲੋੜ ਹੈ।ਇਸ ਮੌਕੇ ਉਪਰੋਕਤ ਤੋਂ ਇਲਾਵਾ ਕਾਮਰੇਡ ਮਨਹਰਨ, ਮੁਸ਼ਤਾਕ ਸਿੰਘ, ਹਰਦੇਵ ਸਿੰਘ, ਬਾਗਰਾਜ ਅਤੇ ਹੋਰ ਸਾਥੀ ਹਾਜ਼ਰ ਸਨ।

# 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਫੈਸਲਾਕੁੰਨ ਸਾਬਿਤ ਹੋਵੇਗੀ: ਸ਼ੈਰੀ ਕਲਸੀ



ਬਟਾਲਾ (ਡਾ. ਮਲਵਿੰਦਰ ਸਿੰਘ)-ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੀ ਸ਼ੁਰੂਆਤ ਕਰਕੇ ਪੰਜਾਬ ਦੀ ਨੌਜਵਾਨੀ ਨੂੰ ਨਸ਼ਾ ਰਹਿਤ ਜ਼ਿੰਦਗੀ ਜਿਊਣ ਅਤੇ ਲੋਕ ਭਲਾਈ ਦੇ ਇਸ ਕਾਰਜ ਵਿੱਚ ਹਿੱਸਾ ਲੈ ਕੇ ਇਸ ਮੁਹਿੰਮ ਨੂੰ ਲੋਕ ਲਹਿਰ ਬਣਾਉਣ 'ਤੇ ਜ਼ੋਰ ਦਿੱਤਾ ਜਾ ਰਿਹਾ ਹੈ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਬਟਾਲਾ ਦੇ ਵਿਧਾਇਕ ਅਤੇ ਕਾਰਜਕਾਰੀ ਪ੍ਰਧਾਨ ਆਮ ਆਦਮੀ ਪਾਰਟੀ ਪੰਜਾਬ, ਅਮਨਸ਼ੇਰ ਸਿੰਘ ਸ਼ੈਰੀ ਕਲਸੀ ਨੇ ਕੀਤਾ।

ਉਨ੍ਹਾਂ ਗੱਲਬਾਤ ਕਰਦਿਆਂ ਦੱਸਿਆ ਕਿ ਰਾਜ ਵਿੱਚ ਨਸ਼ਿਆਂ ਦੇ ਜੜ੍ਹੋਂ ਖਾਤਮੇ ਲਈ ਪਿੰਡਾਂ ਦੇ ਪਹਿਰੇਦਾਰ ਦੇ ਰੂਪ ਵਿੱਚ ਵਿਲੱਖਣ ਸ਼ੁਰੂਆਤ ਕੀਤੀ ਗਈ ਹੈ, ਜੋ ਸਹੀ ਮਾਇਨਿਆਂ ਵਿੱਚ ਯੋਧਿਆਂ ਦੀ ਫੌਜ ਹੋਵੇਗੀ।ਪੰਜਾਬ ਵਿੱਚ ਨਸ਼ਿਆਂ ਦੀ ਅਲਾਮਤ ਦੇ ਖਿਲਾਫ ਇਹ ਫੈਸਲਾਕੁੰਨ ਜੰਗ ਸਾਬਿਤ ਹੋਵੇਗੀ।ਨਸ਼ਿਆਂ ਦੇ ਵਿਰੁੱਧ ਜਾਗਰੂਕਤਾ ਫੈਲਾਉਣ ਲਈ ਨਸ਼ਾ ਮੁਕਤੀ ਯਾਤਰਾ ਨੂੰ ਹਰੇਕ ਪਿੰਡ ਵਾਰਡ ਤੱਕ ਲਿਜਾ ਕੇ ਲੋਕ ਲਹਿਰ ਬਣਾਇਆ ਜਾਵੇਗਾ ਤਾਂ ਜੋ ਪੰਜਾਬ ਨੂੰ ਮੁੜ ਤੋਂ ਰੰਗਲਾ ਪੰਜਾਬ ਬਣਾਇਆ ਜਾ ਸਕੇ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਪੰਜਾਬ ਤੇ ਪੰਜਾਬੀਆਂ ਦੇ ਹਿੱਤਾਂ ਲਈ ਭਾਵੇਂ ਨਸ਼ਿਆਂ ਦੀ ਗੱਲ ਹੋਵੇ, ਭਾਵੇਂ ਪਾਣੀਆਂ ਦੀ, ਡਟ ਕੇ ਪਹਿਰਾ ਦੇ ਰਹੇ ਹਨ।ਸਰਕਾਰ ਇਸ ਮਾਮਲੇ ਵਿੱਚ ਹਰ ਤਰ੍ਹਾਂ ਦੀ ਲੜਾਈ ਲੜਨ ਲਈ ਤਿਆਰ ਹੈ ਤੇ 5 ਮਈ ਨੂੰ ਪੰਜਾਬ ਵਿਧਾਨ ਸਭਾ ਦਾ ਵਿਸ਼ੇਸ਼ ਸੈਸ਼ਨ ਵੀ ਸੱਦਿਆ ਹੈ।ਉਨ੍ਹਾਂ ਕਿਹਾ ਕਿ ਪੰਜਾਬ ਦੇ ਹੱਕਾਂ 'ਤੇ ਕੇਂਦਰ ਸਰਕਾਰ ਨੇ ਗੁਆਂਢੀ ਸੂਬੇ ਹਰਿਆਣਾ ਨੇ ਪਹਿਲਾਂ ਪਾਣੀਆਂ ਨੂੰ ਲੈ ਕੇ ਚਾਲਾਂ ਚੱਲੀਆਂ। ਗੁਆਂਢੀ ਸੂਬਿਆਂ ਨੂੰ ਰਿਆਇਤਾਂ ਦੇ ਕੇ ਪੰਜਾਬ ਦੇ ਉਦਯੋਗਾਂ ਦਾ ਨੁਕਸਾਨ ਕੀਤਾ।ਹੁਣ ਰਿਪੇਰੀਅਨ ਸੂਬੇ ਦੇ ਹੱਕਾਂ ਉਤੇ ਡਾਕਾ ਮਾਰਨ ਦੀ ਚਾਲ ਚੱਲਣਾ ਬਹੁਤ ਹੀ ਮੰਦਭਾਗੀ ਸੋਚ ਹੈ, ਜੋ ਨਾ ਬਰਦਾਸ਼ਤਯੋਗ ਹੈ।

# ਪੀਰ ਬਾਬਾ ਸਖੀ ਸੁਲਤਾਨ ਯਾਦਗਾਰੀ ਮੇਲੇ ਦੀਆਂ ਤਿਆਰੀਆਂ ਮੁਕੰਮਲ



ਚੇਤਨਪੁਰਾ (ਸੁਖਵੰਤ ਚੇਤਨਪੁਰੀ)-ਪੀਰ ਬਾਬਾ ਸਖੀ ਸੁਲਤਾਨ ਦੀ ਯਾਦ ਵਿੱਚ ਸਲਾਨਾ ਸੱਭਿਆਚਾਰਕ ਮੇਲਾ 21 ਮਈ ਨੂੰ ਖੈੜਾ ਬੇਟ ਵਿਖੇ ਪਿੰਡ ਦੇ ਐੱਨ ਆਰ ਆਈਜ਼ ਅਤੇ ਇਲਾਕਾ ਨਿਵਾਸੀਆਂ ਦੇ ਸਹਿਯੋਗ ਨਾਲ ਕਰਵਾਇਆ ਜਾਵੇਗਾ।ਇਸ ਸਬੰਧੀ ਜਾਣਕਾਰੀ ਦਿੰਦਿਆਂ ਮੇਲੇ ਦੇ ਮੁੱਖ ਪ੍ਰਬੰਧਕ ਬੱਬੂ ਖੈੜਾ ਨੇ ਦੱਸਿਆ ਕਿ ਇਸ ਸਬੰਧੀ ਸਾਰੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ।ਉਨ੍ਹਾਂ ਦੱਸਿਆ ਕਿ ਉਸ ਦਿਨ ਸਵੇਰੇ 10.30 ਵਜੇ ਝੰਡੇ ਦੀ ਰਸਮ ਹੋਵੇਗੀ, ਉਪਰੰਤ 11 ਵਜੇ ਸੱਭਿਆਚਾਰਕ ਪ੍ਰੋਗਰਾਮ ਦੀ ਸ਼ੁਰੂਆਤ ਕਰ ਦਿੱਤੀ ਜਾਵੇਗੀ।ਰਾਣਾ ਗੁਰਜੀਤ ਸਿੰਘ ਵਧਾਏ ਕਪੂਰਥਲਾ ਅਤੇ ਰਾਣਾ ਇੰਦਰ ਪ੍ਰਤਾਪ ਸਿੰਘ ਵਿਧਾਇਕ ਹਲਕਾ ਸੁਲਤਾਨਪੁਰ ਲੋਧੀ ਮੇਲੇ ਸਮੇਂ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਨਗੇ।ਉਨ੍ਹਾਂ ਅੱਗੇ ਦੱਸਿਆ ਕਿ ਇਸ ਸਮੇਂ ਕਰਵਾਏ ਜਾਣ ਵਾਲੇ ਸੱਭਿਆਚਾਰਕ ਪ੍ਰੋਗਰਾਮ ਸਮੇਂ ਪੰਜਾਬ ਦੀ ਉਘੀ ਲੋਕ ਗਾਇਕਾ ਜਸਵਿੰਦਰ ਬਰਾੜ, ਪ੍ਰਸਿੱਧ ਦੁਗਾਣਾ ਜੋੜੀ ਹਰਪਾਲ ਠੱਠੇ ਵਾਲਾ ਬੀਬਾ ਕੰਵਲਜੀਤ ਕੰਵਲ, ਸ਼ਮੀ ਖਾਨ-ਕਿਰਨ ਰੰਧਾਵਾ, ਕਸ਼ਮੀਰ ਬੱਲ ਬੀਬਾ ਬਲਜੀਤ ਕਮਲ, ਹੁਸਨ ਪ੍ਰੀਤ ਹੰਸ, ਸਤਨਾਮ ਧੰਜਲ, ਲਖਵਿੰਦਰ ਕੋਟੀਆ ਤੋਂ ਇਲਾਵਾ ਕਮੇਡੀ ਕਲਾਕਾਰ ਕਾਸ਼ੀ ਰਾਮ ਚੰਨ ਵੱਲੋਂ ਹਾਜ਼ਰ ਸਰੋਤਿਆਂ ਦਾ ਭਰਪੂਰ ਮਨੋਰੰਜਨ ਕੀਤਾ ਜਾਵੇਗਾ।


## Public Notice

I, Surjit Singh S/o Tej Singh R/o 31, King Colony, Greenwood Avenue, Mithapur, Jalandhar, Punjab declare that my son Pawandeep Singh and my daughter in law Amarjot Kaur wife of Pawandeep Singh both are out of my control. So I disinherit them from all my moveable and immoveable properties. The person doing the transaction with them will be responsible himself. There will be no responsibility of me and my family. All concerned please note.

## ਨਿਲਾਮੀ ਸੂਚਨਾ

ਦੀ ਮਨਾਵਾਂ ਬਹੁ-ਮੰਤਵੀ ਸਹਿਕਾਰੀ ਖੇਤੀਬਾੜੀ ਸੇਵਾ ਸਭਾ ਲਿਮ: ਮਨਾਵਾਂ, ਤਹਿਸੀਲ ਧਰਮਕੋਟ (ਮੋਗਾ) ਦੇ ਖੇਤੀਬਾੜੀ ਦੇ ਸੰਦ, ਜਿਸ ਵਿੱਚ ਚੈਨ ਕੁੱਪੀ-1, ਲੇਵਲ ਲੇਜ਼ਰ-1, ਰੋਟਾਵੇਟਰ 7 ਫੁੱਟਾ-1, ਰੀਪਰ-1, ਸਬਮਰਸੀਬਲ-01, ਰੋਟਾਵੇਟਰ 8 ਫੁੱਟਾ-1 ਅਤੇ ਕਬਾੜ ਫਰਨੀਚਰ ਦੇ ਸਮਾਨ ਦੀ ਖੁੱਲ੍ਹੀ ਬੋਲੀ ਮਿਤੀ 14-05-2025 ਨੂੰ ਕੀਤੀ ਜਾਵੇਗੀ। ਮਿਤੀ 14-05-2025 ਨੂੰ ਸਵੇਰੇ 10 ਵਜੇ ਸਭਾ ਦੇ ਦਫਤਰ ਵਿੱਚ ਖੁੱਲ੍ਹੀ ਬੋਲੀ ਹੋਵੇਗੀ। ਚਾਹਵਾਨ ਸੱਜਣ ਇਸ ਮੌਕੇ 'ਤੇ ਪਹੁੰਚ ਕੇ ਖੁੱਲ੍ਹੀ ਬੋਲੀ ਵਿੱਚ ਭਾਗ ਲੈ ਸਕਦੇ ਹਨ। ਬੋਲੀ ਦੀਆਂ ਸ਼ਰਤਾਂ ਸਬ-ਕਮੇਟੀ ਵੱਲੋਂ ਮੌਕੇ 'ਤੇ ਦੱਸੀਆਂ ਜਾਣਗੀਆਂ।

ਜਗਰਾਜ ਸਿੰਘ ਪ੍ਰਧਾਨ-94637-81127,
ਭਗਵਾਨ ਸਿੰਘ ਮੀਤ ਪ੍ਰਧਾਨ-88722-40942,
ਸੁਖਦੇਵ ਸਿੰਘ ਸੀਨੀ: ਮੀਤ ਪ੍ਰਧਾਨ-98555-89824,
ਯਾਦਵਿੰਦਰ ਸਿੰਘ ਸਕੱਤਰ-98882-00403

## Court Notice

(U/o 5 Rule 20 CPC)
In The Court of
**Ms.Rajbeer Kaur**
Civil Judge (Junior Division), Ludhiana
CNR No. PBLD02-009299-2024
Next Date:- 16-05-2025
Punjab State Power Corporation Limited
Vs.
Tarlok Singh

Publication Issued To: Tarlok Singh R/o 11566, St. No. 1, P. Nagar, Ludhiana

In above titled case, the defendant(s)/ respondent(s) could not be served. It is ordered that defendant(s)/ respondent(s) should appear in person or through counsel on 16-05-2025 at 10:00 a.m.

For details logon to https://highcourtchd.gov.in/?mod=district_notice&district=mogacourt

Civil Judge (Junior Division), Ludhiana
Dated, this day of 21-04-2025

## ਨਿਲਾਮੀ ਸੂਚਨਾ

ਦੀ ਜੰਡਿਆਲਾ ਗੁਰੂ ਖੇਤੀਬਾੜੀ ਬਹੁ-ਮੰਤਵੀ ਸਹਿਕਾਰੀ ਸਭਾ ਲਿਮ: ਜੰਡਿਆਲਾ ਗੁਰੂ, ਤਹਿਸੀਲ, ਜ਼ਿਲ੍ਹਾ ਅੰਮ੍ਰਿਤਸਰ ਵੱਲੋਂ ਖੇਤੀਬਾੜੀ ਸੰਦਾਂ ਦੀ ਨਿਲਾਮੀ ਮਿਤੀ 17-05-2025 (ਬੁੱਧਵਾਰ) ਨੂੰ ਸਭਾ ਦੇ ਦਫਤਰ ਵਿੱਚ ਸਵੇਰੇ 11 ਵਜੇ ਹੋਵੇਗੀ, ਜਿਸ ਵਿੱਚ ਹੇਠ ਲਿਖੇ ਸੰਦ ਨਿਲਾਮ ਕੀਤੇ ਜਾਣਗੇ : ਜ਼ੀਰੋ ਡਰਿਲ (1), ਐੱਮ ਬੀ ਪਲਾਊ (2), ਮਲਚਰ (2)

ਸਕੱਤਰ
ਮੋਬਾਇਲ 82647-99534

ਫਾਰਮ ਨੰ: 14
[ਵੇਖੋ ਨਿਯਮ 33 (2)]

ਦਫਤਰ ਵਸੂਲੀ ਅਫਸਰ I/II
ਕਰਜ਼ਾ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ
(ਡੀ ਆਰ ਟੀ 3)
ਪਹਿਲੀ ਮੰਜ਼ਲ, ਐੱਸ ਸੀ ਓ 33-34-35, ਸੈਕਟਰ 17-ਏ, ਚੰਡੀਗੜ੍ਹ
ਡਿਮਾਂਡ ਨੋਟਿਸ
(ਪ੍ਰਕਾਸ਼ਨਾ ਰਾਹੀਂ)
ਕਰਜ਼ਾ ਅਤੇ ਦਿਵਾਲੀਆਪਨ ਐਕਟ 1993 ਅਤੇ ਆਮਦਨ ਕਰ ਐਕਟ 1961 ਦੀ ਦੂਜੀ ਅਨੁਸੂਚੀ ਦੇ ਰੂਲ ਦੇ ਸੈਕਸ਼ਨ 25 ਤੋਂ 28 ਤਹਿਤ ਨੋਟਿਸ
ਆਰ ਸੀ/643/2023 19-12-2024
**ਐਕਸਿਸ ਬੈਂਕ ਲਿਮਟਿਡ**
**ਬਨਾਮ**
**ਮੈਸ: ਐਕਸ-ਸਾਈਟ ਇਲੈਕਟ੍ਰਾਨਿਕਸ**

ਸੇਵਾ 'ਚ
(ਸੀ ਡੀ 1) ਮੈਸ: ਐਕਸ.ਸਾਈਟ ਇਲੈਕਟ੍ਰਾਨਿਕਸ ਰਾਹੀਂ ਇਸ ਦੇ ਮਾਲਕ, ਐੱਸ ਸੀ ਓ 479-480, ਸੈਕਟਰ-35 ਸੀ, ਚੰਡੀਗੜ੍ਹ
(ਸੀ ਡੀ 2) ਜਸਵਿੰਦਰ ਸਿੰਘ ਪੁੱਤਰ ਸ੍ਰੀ ਇੰਦਰ ਸਿੰਘ ਮਾਲਕ ਮੈਸ: ਐਕਸ-ਸਾਈਟ ਇਲੈਕਟ੍ਰਾਨਿਕਸ, ਵਾਸੀ ਮਕਾਨ ਨੰ. 2127, ਪਹਿਲੀ ਮੰਜ਼ਲ, ਸੈਕਟਰ 45-ਸੀ, ਚੰਡੀਗੜ੍ਹ
(ਸੀ ਡੀ 3) ਕੰਵਲਜੀਤ ਕੌਰ ਪਤਨੀ ਸ੍ਰੀ ਜਸਵਿੰਦਰ ਸਿੰਘ ਵਾਸੀ ਮਕਾਨ ਨੰ. 2127, ਪਹਿਲੀ ਮੰਜ਼ਲ, ਸੈਕਟਰ 45 ਸੀ ਚੰਡੀਗੜ੍ਹ।

ਨੋਟੀਫਾਈ ਕੀਤਾ ਜਾਂਦਾ ਹੈ ਕਿ ਪ੍ਰੀਜ਼ਾਇਡਿੰਗ ਅਫਸਰ, ਕਰਜ਼ਾ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀ ਆਰ ਟੀ 3) ਵੱਲੋਂ ਓ ਏ/3019/2018 'ਚ ਰਕਮ ਰੁਪਏ 5468240.37 (ਚੁਰੰਜਾ ਲੱਖ ਅਠਾਹਠ ਹਜ਼ਾਰ ਦੋ ਸੌ ਚਾਲੀ ਰੁਪਏ ਅਤੇ ਸੈਂਤੀ ਪੈਸੇ ਕੇਵਲ) ਸਮੇਤ ਪੈਂਡੈਂਟ ਲਾਈਟ ਅਤੇ ਭਵਿੱਖੀ ਵਿਆਜ 9 % ਸਧਾਰਨ ਵਿਆਜ ਸਾਲਾਨਾ 04-12-2018 ਤੋਂ ਵਸੂਲੀ ਤੱਕ ਅਤੇ ਲਾਗਤਾਂ ਰੁਪਏ 57005/- (ਰੁਪਏ ਸਤਵੰਜਾ ਹਜ਼ਾਰ ਪੰਜ ਰੁਪਏ ਕੇਵਲ) ਦੇ ਪਾਸ ਕੀਤੇ ਹੁਕਮਾਂ ਦੀ ਪਾਲਣਾ 'ਚ ਜਾਰੀ ਕੀਤੇ ਗਏ ਵਸੂਲੀ ਸਰਟੀਫਿਕੇਟ ਅਨੁਸਾਰ ਤੁਹਾਡੇ ਵਿਰੁੱਧ (ਸਾਂਝੇ ਅਤੇ ਵੱਖਰੇ-ਵੱਖਰੇ ਤੌਰ 'ਤੇ/ਪੂਰਨ/ਸੀਮਤ) ਬਕਾਇਆ ਹਨ।

2. ਤੁਹਾਨੂੰ, ਇਸ ਨੋਟਿਸ ਦੀ ਪ੍ਰਾਪਤੀ ਮਿਤੀ ਤੋਂ 15 ਦਿਨਾਂ ਦੇ ਅੰਦਰ ਉਪਰੋਕਤ ਰਕਮ ਅਦਾ ਕਰਨ ਦੇ ਆਦੇਸ਼ ਦਿੱਤੇ ਜਾਂਦੇ ਹਨ, ਅਸਫਲ ਰਹਿਣ 'ਤੇ ਬੈਂਕਾਂ ਅਤੇ ਵਿੱਤੀ ਸੰਸਥਾਵਾਂ ਵੱਲੋਂ ਬਕਾਇਆ ਕਰਜ਼ਾ ਵਸੂਲੀ ਐਕਟ, 1993 ਅਤੇ ਉਸ ਤਹਿਤ ਨਿਯਮਾਂ ਅਨੁਸਾਰ ਵਸੂਲੀ ਕੀਤੀ ਜਾਵੇਗੀ।

3. ਜਦੋਂ ਕਿ ਟ੍ਰਿਬਿਊਨਲ ਨੂੰ ਯਕੀਨ ਦਿਵਾਇਆ ਜਾ ਚੁੱਕਾ ਹੈ ਕਿ ਤੁਹਾਡੀ ਤਾਮੀਲ ਆਮ ਤਰੀਕੇ ਨਾਲ ਹੋਣੀ ਸੰਭਵ ਨਹੀਂ, ਇਸ ਲਈ ਟ੍ਰਿਬਿਊਨਲ ਸਨਮੁੱਖ 06-05-2025 ਨੂੰ ਸਵੇਰੇ 10.30 ਵਜੇ ਪੇਸ਼ ਹੋਣ ਲਈ ਤੁਹਾਨੂੰ ਪ੍ਰਕਾਸ਼ਨਾ ਰਾਹੀਂ ਇਹ ਨੋਟਿਸ ਦਿੱਤਾ ਜਾਂਦਾ ਹੈ।

4. ਤੁਹਾਨੂੰ, ਆਪਣੇ ਐੱਸਟਸ ਦੇ ਵੇਰਵੇ ਹਲਫੀਆ ਬਿਆਨ 'ਤੇ ਅਗਲੀ ਸੁਣਵਾਈ ਵਾਲੀ ਤਰੀਕ ਜਾਂ ਉਸ ਤੋਂ ਪਹਿਲਾਂ ਐਲਾਨ ਕਰਨ ਦੇ ਹੁਕਮ ਦਿੱਤੇ ਜਾਂਦੇ ਹਨ।

5. ਉਪਰੋਕਤ ਰਕਮ ਤੋਂ ਇਲਾਵਾ ਤੁਸੀਂ ਭੁਗਤਾਨ ਕਰਨ ਲਈ ਵੀ ਜਵਾਬਦੇਹ ਹੋ :

(ਏ) ਅਜਿਹੇ ਵਿਆਜ, ਜੋ ਕਿ ਸਰਟੀਫਿਕੇਟ/ਕਾਰਵਾਈ ਚਲਾਉਣ ਦੇ ਇਸ ਨੋਟਿਸ ਤੋਂ ਤੁਰੰਤ ਬਾਅਦ ਸ਼ੁਰੂ ਹੋਣ ਦੀ ਮਿਆਦ ਲਈ ਭੁਗਤਾਨਯੋਗ ਹੋਵੇਗਾ।

(ਬੀ) ਬਕਾਇਆ ਰਕਮ ਦੀ ਵਸੂਲੀ ਲਈ ਇਸ ਨੋਟਿਸ ਅਤੇ ਵਾਰੰਟਾਂ ਦੀ ਤਾਮੀਲ ਅਤੇ ਹੋਰ ਅਮਲ ਅਤੇ ਸਾਰੀਆਂ ਹੋਰ ਕਾਰਵਾਈਆਂ ਸੰਬੰਧੀ ਸਾਰੀਆਂ ਲਾਗਤਾਂ, ਚਾਰਜਿਜ ਅਤੇ ਖਰਚੇ।

ਮੇਰੇ ਦਸਤਖਤਾਂ ਅਤੇ ਟ੍ਰਿਬਿਊਨਲ ਦੀ ਮੋਹਰ ਨਾਲ ਮਿਤੀ 19-12-2024 ਨੂੰ ਜਾਰੀ ਕੀਤਾ ਗਿਆ।

ਵਸੂਲੀ ਅਫਸਰ
ਕਰਜ਼ਾ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀ ਆਰ ਟੀ 3)

## UMMEED HOUSING FINANCE PVT. LTD

Registered office at : Unit 2009-14, 20th Floor, Tower – 2, Magnum Global Park Golf Course Extension Road, Sect-58, Gurugram (Haryana)-122002
CIN: U64990HR2016PTC057984

**ਅੰਤਿਕਾ IV [(ਵੇਖੋ ਰੂਲ 8 (1)] ਕਬਜ਼ਾ ਨੋਟਿਸ**

ਜਦੋਂਕਿ ਨਿਮਨਹਸਤਾਖਰੀ 'ਸਕਿਓਰਿਟੀਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਓਰਿਟੀ ਇੰਟਰੈੱਸਟ (ਐਕਟ 2002 (54 ਆਫ 2002) ਅਧੀਨ ਉਮੀਦ ਹਾਊਸਿੰਗ ਫਾਈਨਾਂਸ ਪ੍ਰਾਈ: ਲਿਮ: ਦਾ ਅਧਿਕਾਰਤ ਅਫਸਰ ਹੋਣ ਦੇ ਨਾਤੇ ਅਤੇ ਸਕਿਓਰਿਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ (ਰੂਲ 3) ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਹੇਠਾਂ ਦਰਸਾਏ ਵੇਰਵੇ ਅਨੁਸਾਰ ਸੰਬੰਧਤ ਕਰਜ਼ਦਾਰਾਂ ਨੂੰ ਨੋਟਿਸ 'ਚ ਦਰਸਾਈ ਰਕਮ ਸਮੇਤ ਅਦਾਇਗੀ ਦੀ ਅਸਲ ਮਿਤੀ ਤੱਕ ਸਾਰੀਆਂ ਲਾਗਤਾਂ, ਚਾਰਜਿਜ਼ ਅਤੇ ਖਰਚਿਆਂ ਦੇ ਉਕਤ ਨੋਟਿਸ ਪ੍ਰਾਪਤੀ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ-ਅੰਦਰ ਵਾਪਸ ਅਦਾ ਕਰਨ ਲਈ ਡਿਮਾਂਡ ਨੋਟਿਸ ਜਾਰੀ ਕੀਤੇ ਸਨ।

ਸੰਬੰਧਤ ਕਰਜ਼ਦਾਰ/ਸਹਿ-ਕਰਜ਼ਦਾਰ/ਗਰੰਟਰ/ਰਹਿਣਕਾਰ ਰਾਸ਼ੀ ਵਾਪਸ ਅਦਾ ਕਰਨ 'ਚ ਅਸਫਲ ਰਹੇ ਹਨ ਅਤੇ ਉਨ੍ਹਾਂ ਕਰਜ਼ਦਾਰ/ਸਹਿ-ਕਰਜ਼ਦਾਰ/ਗਰੰਟਰ/ਰਹਿਣਕਾਰ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਸਕਿਓਰਿਟੀ-ਇੰਟਰੈੱਸਟ ਇਨਫੋਰਸਮੈਂਟ ਰੂਲਜ਼, 2002 ਦੇ ਰੂਲ 8 ਨਾਲ ਪੜ੍ਹੇ ਜਾਂਦੇ ਸੈਕਸ਼ਨ 13 ਦੇ ਸਬ-ਸੈਕਸ਼ਨ (4) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਹੇਠਾਂ ਦਰਸਾਈ ਜਾਇਦਾਦ ਦਾ ਸੰਕੇਤਕ ਕਬਜ਼ਾ ਪ੍ਰਾਪਤ ਕਰ ਲਿਆ ਹੈ।

ਕਰਜ਼ਦਾਰ/ਸਹਿ-ਕਰਜ਼ਦਾਰ/ਗਰੰਟਰ/ਰਹਿਣਕਾਰ ਨੂੰ ਖਾਸ ਕਰ ਅਤੇ ਆਮ ਜਨਤਾ ਨੂੰ ਆਮ ਤੌਰ 'ਤੇ ਚੇਤਾਵਨੀ ਦਿੱਤੀ ਜਾਂਦੀ ਹੈ ਕਿ ਉਹ ਜਾਇਦਾਦ ਸੰਬੰਧੀ ਕੋਈ ਸੌਦੇਬਾਜ਼ੀ ਨਾ ਕਰਨ ਅਤੇ ਜਾਇਦਾਦ ਸੰਬੰਧੀ ਕੀਤੀ ਗਈ ਕੋਈ ਵੀ ਸੌਦੇਬਾਜ਼ੀ ਉਮੀਦ ਹਾਊਸਿੰਗ ਫਾਈਨਾਂਸ ਪ੍ਰਾਈ: ਲਿਮ: ਨੂੰ ਰਕਮ ਅਤੇ ਉਸ ਉੱਪਰ ਵਿਆਜ ਲਾਗਤਾਂ ਆਦਿ ਨੂੰ ਨਿਮਨਲਿਖਤ ਨਿਰਧਾਰਤ ਮਿਤੀਆਂ ਤੋਂ ਮੁਕੰਮਲ ਅਦਾਇਗੀ ਤੱਕ ਹੱਕਦਾਰ ਬਣਾਏਗੀ।

ਉਪਲੱਬਧ ਸਮੇਂ 'ਚ ਸਕਿਓਰਡ ਐੱਸਟਸ ਦੇ ਪੁਨਰਗ੍ਰਹਿਣ ਲਈ ਕਰਜ਼ਦਾਰ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ 8 ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

ਕਰਜ਼ਦਾਰਾਂ, ਸਹਿ-ਕਰਜ਼ਦਾਰਾਂ ਅਤੇ ਗਰੰਟਰਾਂ, ਸਕਿਓਰਟੀਜ਼, ਬਕਾਇਆ ਰਕਮਾਂ, ਡਿਮਾਂਡ ਨੋਟਿਸ ਦੇ ਵੇਰਵੇ ਸੈਕਸ਼ਨ 13 (2) ਅਧੀਨ ਭੇਜੇ ਗਏ ਹਨ ਅਤੇ ਇਸ ਅਧੀਨ ਦਾਅਵਾ ਕੀਤੀ ਗਈ ਰਕਮ ਅਤੇ ਕਬਜ਼ੇ ਦੀ ਮਿਤੀ ਹੇਠਾਂ ਦਰਸਾਏ ਅਨੁਸਾਰ ਹੈ :

| ਕਰਜ਼ਦਾਰ, ਸਹਿ-ਕਰਜ਼ਦਾਰ, ਗਰੰਟਰ ਦਾ ਨਾਂਅ ਅਤੇ ਪਤਾ ਕਰਜ਼ਾ ਖਾਤਾ ਨੰ. ਅਤੇ ਕਰਜ਼ਾ ਰਾਸ਼ੀ | ਡਿਮਾਂਡ ਨੋਟਿਸ ਦੀ ਮਿਤੀ | ਸੰਕੇਤਕ ਕਬਜ਼ੇ ਦੀ ਮਿਤੀ |
|---|---|---|
| 1. ਅਜੇ ਗੌਂਧੀ ਪੁੱਤਰ ਸੁਰਿੰਦਰ ਗੌਂਧੀ (ਕਰਜ਼ਦਾਰ)<br>2. ਊਸ਼ਾ ਰਾਣੀ ਪਤਨੀ ਸੁਰਿੰਦਰ ਕੁਮਾਰ (ਸਹਿ-ਕਰਜ਼ਦਾਰ) ਦੋਵੇਂ ਵਾਸੀ : ਨੇੜੇ ਸਤਸੰਗ ਘਰ, ਸਤਗੁਰੂ ਨਗਰ, ਲੋਹਾਰਾ ਲੁਧਿਆਣਾ-141016, ਨਾਲ ਹੀ : ਗਲੀ ਨੰ. 2, ਹਰਗੋਬਿੰਦ ਨਗਰ, ਡਾਬਾ ਰੋਡ, ਹਰਿਕ੍ਰਿਸ਼ਨ ਸਕੂਲ, ਲੁਧਿਆਣਾ ਪੰਜਾਬ-141016<br>ਕਰਜ਼ਾ ਨੰ. ਐੱਲ ਐਕਸ ਐੱਲ ਯੂ ਡੀ02922-230023060<br>ਕਰਜ਼ਾ ਇਕਰਾਰਨਾਮਾ ਮਿਤੀ 28.02.2023<br>ਕਰਜ਼ਾ ਰਕਮ ਰੁਪਏ : ਰੁ. 1156000/- | 13 ਫਰਵਰੀ 2025<br>ਬਕਾਇਆ ਰਕਮ ਰੁਪਏ 'ਚ<br>13 ਫਰਵਰੀ 2025 ਨੂੰ ਰੁ. 1,177,124.01/- (ਗਿਆਰਾਂ ਲੱਖ ਸਤੱਤਰ ਹਜ਼ਾਰ ਇੱਕ ਸੌ ਚੌਵੀ ਰੁਪਏ ਅਤੇ ਇੱਕ ਪੈਸਾ ਕੇਵਲ) ਜਮ੍ਹਾਂ 14 ਫਰਵਰੀ 2025 ਤੋਂ ਭਵਿੱਖੀ ਵਿਆਜ ਅਤੇ ਹੋਰ ਚਾਰਜਿਜ਼ | 29 ਅਪ੍ਰੈਲ 2025 |

ਸਕਿਓਰਡ ਐੱਸਟ ਦੇ ਵੇਰਵੇ : ਜਾਇਦਾਦ ਰਕਬਾ 60 ਵਰਗ ਗਜ਼, ਖਸਰਾ ਨੰ. 371/1//2, ਖੱਤਾ ਨੰ. 477/588, ਜਮ੍ਹਾਂਬੰਦੀ ਸਾਲ 2009-2010, ਪਿੰਡ ਲੋਹਾਰਾ, ਹਦਬਸਤ ਨੰ. 260, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ ਨਾਲ ਸੰਬੰਧਤ ਸਭ ਕੁਝ। ਹੱਦਾਂ : ਪੂਰਬ : ਗੁਆਂਢ, ਪੱਛਮ : ਗੁਰਪ੍ਰੀਤ ਸਿੰਘ, ਉੱਤਰ : ਖਾਲੀ ਪਲਾਟ, ਦੱਖਣ : ਗਲੀ।

ਮਿਤੀ : 04.05.2025 — ਅਧਿਕਾਰਤ ਅਫਸਰ, ਸ੍ਰੀ ਗੌਰਵ ਤ੍ਰਿਪਾਠੀ ਮੋਬਾਇਲ-96500-55701
ਸਥਾਨ : ਗੁਰੂਗ੍ਰਾਮ, ਹਰਿਆਣਾ — ਉਮੀਦ ਹਾਊਸਿੰਗ ਫਾਈਨਾਂਸ ਪ੍ਰਾਈ. ਲਿਮ.

## ਉੱਤਰ ਰੇਲਵੇ

**ਈ-ਨਿਵਿਦਾ ਸੂਚਨਾ**

ਮੰਡਲ ਇੰਜੀਨੀਅਰ-ਤੀਜਾ, ਫਿਰੋਜਪੁਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਹੇਠਾਂ ਲਿਖਤ ਈ-ਟੈਂਡਰ ਬੋਲੀ ਅੰਤਮ ਮਿਤੀ 23.05.2025 ਸਮਾਂ 15:00 ਵਜੇ ਤਕ www.ireps.gov.in ਤੇ ਮੰਗ ਕੀਤੀ ਜਾਂਦੀ ਹੈ। ਨਿਵਿਦਾਕਰਤਾ ਆਪਣੇ ਮੂਲ/ਸੰਸ਼ੋਧਿਤ ਟੈਂਡਰ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ। ਮੈਨੂੰਅਲ ਪ੍ਰਸਤਾਵ ਇਸ ਟੈਂਡਰ ਦੇ ਲਈ ਮਾਨਯ ਨਹੀਂ ਹਨ ਅਤੇ ਐਸੇ ਕਿਸੇ ਵੀ ਪ੍ਰਸਤਾਵ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ। ਠੇਕੇਦਾਰ ਟੈਂਡਰ ਫਾਰਮ ਦੀ ਬਿਆਨਾ ਰਾਸ਼ੀ ਦੀ ਜਗ੍ਹਾ ਦਾ ਭੁਗਤਾਨ www.ireps.gov.in ਪੋਰਟਲ 'ਤੇ ਉਪਲਬਧ ਆਨ ਲਾਈਨ ਸਾਧਨਾਂ ਦੇ ਮਾਧਿਅਮ ਨਾਲ ਜਿਵੇਂ ਨੈਟ ਬੈਂਕਿੰਗ, ਡੇਬਿਟ ਕਾਰਡ ਕਰੈਡਿਟ ਕਾਰਡ ਆਦਿ ਦੇ ਭੁਗਤਾਨ ਨਾਲ ਕਰ ਸਕਦੇ ਹਨ। ਡਿਮਾਂਡ ਡ੍ਰਾਫਟ, ਬੈਂਕਰਸ ਚੈਕ, ਐਫ.ਡੀ.ਆਰ. ਤੇ ਰਸੀਦਾਂ ਆਦਿ ਦੇ ਮਾਧਿਅਮ ਨਾਲ ਭੁਗਤਾਨ ਦੀ ਇਜਾਜਤ ਨਹੀਂ ਹੈ।

| ਨਿਵਿਦਾ ਪ੍ਰਕਾਰ | ਨਿਵਿਦਾ ਅਨੁਭਾਗ | ਬੋਲੀ ਪ੍ਰਣਾਲੀ |
|---|---|---|
| ਖੁਲ੍ਹਾ | ਕੰਮ | ਏਕਲ ਬੋਲੀ ਪ੍ਰਣਾਲੀ |
| **ਟੈਂਡਰ ਅਪਲੋਡ ਕਰਨ ਦੀ ਮਿਤੀ** | **ਬੋਲੀ ਸ਼ੁਰੂ ਦੀ ਮਿਤੀ** | **ਬੋਲੀ ਸਮਾਪਨ ਦੀ ਮਿਤੀ ਅਤੇ ਸਮਾਂ** |
| 30.04.2025 | 09.05.2025 | 23.05.2025 15:00 ਵਜੇ |

| ਲੜੀ ਨੰਬਰ | ਨਿਵਿਦਾ ਨੰਬਰ | ਨਿਵਿਦਾ ਦਾ ਵੇਰਵਾ |
|---|---|---|
| 1. | 10-2025-26-ADEN-II-ASR | ਸਹਾਇਕ ਮੰਡਲ ਇੰਜੀਨੀਅਰ-ਸੈਕਿੰਡ/ ਅੰਮ੍ਰਿਤਸਰ ਦੇ ਤਹਿਤ ਜਲੰਧਰ ਸ਼ਹਿਰ-ਅੰਮ੍ਰਿਤਸਰ ਤੇ ਗੈਂਗ ਨੰਬਰ 25/26 ਦੇ ਪੁਰਾਣੇ ਖਰਾਬ ਅਤੇ ਪਰਿਤਯਕਤ ਕਵਾਟਰ ਦੇ ਸਥਾਨ ਤੇ 5 ਯੂਨਿਟ ਟਾਈਪ-ਸੈਕਿੰਡ ਕਵਾਟਰਾਂ ਦੀ ਉਸਾਰੀ ਅਤੇ ਅੰਮ੍ਰਿਤਸਰ-ਖੇਮਕਰਨ ਸੈਕਸ਼ਨ ਉਤੇ ਬੋਪਾਰਾਯ ਵਿਚ 5 ਨੰਬਰ ਕਵਾਟਰਾਂ ਦੀ ਉਸਾਰੀ ਦਾ ਕੰਮ। |

| ਵਿਗਿਆਪਨ ਮੁੱਲ (ਰੁ) | ਬਿਆਨਾ ਰਾਸ਼ੀ | ਆਫਰ ਦੀ ਵੈਲੇਡਿਟੀ | ਸਮਾਪਤੀ ਦਾ ਸਮਾਂ |
|---|---|---|---|
| 2,15,64,571.64/- | 2,57,800.00/- | 60 ਦਿਨ | 06 ਮਹੀਨੇ |

ਸਮਾਨ ਨੇਚਰ ਦਾ ਕੰਮ : – "ਭਵਨ/ਕਵਾਟਰਾਂ ਦੀ ਉਸਾਰੀ।"

ਨੋਟ : 1. ਨਿਵਿਦਾ ਪਾਉਣ ਤੋਂ ਪਹਿਲਾਂ ਨਿਵਿਦਾਕਰਤਾ ਨਿਵਿਦਾ ਦੇ ਸਬੰਧ ਵਿਚ ਜਾਰੀ ਕੀਤੇ ਗਏ ਕਿਸੇ ਵੀ ਸ਼ੁਧੀਪੱਤਰ ਦੀ ਜਾਂਚ ਕਰਨਗੇ। 2. ਹਿੰਦੀ ਵਿਚ ਕਿਸੇ ਵੀ ਗਲਤੀ ਲਈ ਅੰਗ੍ਰੇਜ਼ੀ ਵਰਜਨ ਦਾ ਅਵਲੋਕਨ ਕਰੋ, ਅਤੇ ਅੰਗ੍ਰੇਜ਼ੀ ਵਰਜਨ ਹੀ ਮਾਨਯ ਹੋਣਗੇ। **ਨਿਵਿਦਾ ਸੂਚਨਾ ਪੱਤਰ ਨੰ.:-10-2025-26-ADEN-II-ASR ਤਾਰੀਕ 01.05.2025** 1306/2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ




### ਆਮ ਸੂਚਨਾ

ਟਿਊਬਵੈੱਲ ਕੁਨੈਕਸ਼ਨ ਖਾਤਾ ਨੰਬਰ **AP/33/1039/HP3** ਜੋ ਕਿ ਪਿੰਡ ਮੱਲੋਵਾਲ ਤਹਿਸੀਲ ਦੀਨਾਨਗਰ ਜ਼ਿਲ੍ਹਾ ਗੁਰਦਾਸਪੁਰ ਵਿੱਚ ਬਲਦੇਵ ਲਾਲ ਉਰਫ ਮਦਨ ਲਾਲ ਦੇ ਨਾਮ ਹੈ, ਜਿਸ ਦੀ ਮੌਤ ਹੋ ਚੁੱਕੀ ਹੈ ਤੇ ਹੁਣ ਇਹ ਕੁਨੈਕਸ਼ਨ ਰਾਜਵਿੰਦਰ ਕੌਰ ਪਤਨੀ ਬਲਵਿੰਦਰ ਸਿੰਘ ਬਾਬਾ ਟਹਿਲ ਸਿੰਘ ਕਲੋਨੀ ਜ਼ਿਲ੍ਹਾ ਗੁਰਦਾਸਪੁਰ ਦੇ ਨਾਮ ਤਬਦੀਲ ਕੀਤਾ ਜਾਣਾ ਹੈ। ਕਿਸੇ ਨੂੰ ਇਸ ਕੁਨੈਕਸ਼ਨ ਦੇ ਤਬਦੀਲ ਹੋਣ ਤੇ ਇਤਰਾਜ ਹੋਵੇ ਤਾਂ 30 ਦਿਨਾਂ ਦੇ ਅੰਦਰ-ਅੰਦਰ ਉਪ ਮੰਡਲ ਅਫਸਰ, ਪੀ. ਐੱਸ. ਪੀ. ਸੀ. ਐੱਲ ਸਬ ਡਿਵੀਜ਼ਨ ਤਾਲਬਪੁਰ ਪੰਡੋਰੀ (ਗੁਰਦਾਸਪੁਰ) ਨੂੰ ਸੂਚਿਤ ਕਰੇ।

ਮੈਂ, ਕੁਲਦੀਪ ਕੌਰ ਪਤਨੀ ਸ੍ਰੀ ਅਵਤਾਰ ਸਿੰਘ ਵਾਸੀ ਪਿੰਡ ਸੰਧੂਆ, ਤਹਿਸੀਲ ਵਾ ਜ਼ਿਲ੍ਹਾ ਰੂਪਨਗਰ, ਪੰਜਾਬ-140112 ਬਿਆਨ ਕਰਦੀ ਹਾਂ ਕਿ ਮੈਂ ਆਪਣੀ ਲੜਕੀ ਹਰਵਿੰਦਰ ਕੌਰ ਨੂੰ ਅਪ੍ਰੈਲ 2023 ਵਿੱਚ ਬੇਦਖਲ ਕੀਤਾ ਸੀ। ਹੁਣ ਮੈਂ ਉਹ ਬੇਦਖਲੀ ਨੋਟਿਸ ਵਾਪਸ ਲੈਂਦੀ ਹਾਂ। ਹੁਣ ਮੈਨੂੰ ਉਸ ਨਾਲ ਕੋਈ ਸ਼ਿਕਾਇਤ ਨਹੀਂ ਹੈ। ਸੰਬੰਧਤ ਨੋਟ ਕਰਨ।

### ਬੇਦਖਲੀ ਨੋਟਿਸ

ਮੈਂ ਸੁੱਚਾ ਮਸੀਹ ਪੁੱਤਰ ਗੁਲਜਾਰ ਮਸੀਹ ਵਾਸੀ ਪਿੰਡ ਗੁਰਚੱਕ ਤਹਿਸੀਲ ਡੇਰਾ ਬਾਬਾ ਨਾਨਕ ਜ਼ਿਲ੍ਹਾ ਗੁਰਦਾਸਪੁਰ ਬਿਆਨ ਹਲਫੀਆ ਕਰਦਾ ਹਾਂ ਕਿ ਮੇਰਾ ਪੁੱਤਰ ਕਰਨਦੀਪ ਮਸੀਹ, ਜੋ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਉਹ ਬੁਰੀ ਸੰਗਤ ਵਿੱਚ ਪੈ ਚੁੱਕਾ ਹੈ। ਮੈਂ ਆਪਣੇ ਪੁੱਤਰ ਕਰਨਦੀਪ ਮਸੀਹ ਨੂੰ ਆਪਣੀ ਚੱਲ ਅਤੇ ਅਚੱਲ ਜਾਇਦਾਦ ਤੋਂ ਬੇਦਖ਼ਲ ਕਰਦਾ ਹਾਂ। ਉਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈ ਸਤੀਸ਼ ਕੁਮਾਰਪੁੱਤਰਪ੍ਰਕਾਸ਼ ਚੰਦ ਵਾਸੀ ਮੂਨਕ ਤਹਿ ਮੂਨਕ ਜਿਲਾ ਸੰਗਰੂਰ, ਮੇਰਾ ਹਕੀਕ ਲੜਕਾਰਿਤਕ ਸਿੰਗਲਾ ਜੋ ਕਿ ਗਲਤ ਸੰਗਤ ਵਿੱਚ ਪੈ ਗਿਆ ਹਨ। ਜੋ ਮੇਰੇ ਕਹਿਣੇ ਤੋਂ ਬਾਹਰ ਹਨ,ਇਸ ਨੂੰਮੈ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾ। ਜੋ ਵੀ ਇਨਾਂ ਨਾਲ ਲੈਣ ਦੇਣ ਕਰੇਗਾ ਉਹ ਖੁਦ ਜਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

ਮੈਂ, ਕਰਮਜੀਤ ਸਿੰਘ ਪੁੱਤਰ ਸੁਖਦੇਵ ਸਿੰਘ, ਪਿੰਡ ਹਰਚੰਦਪੁਰ (ਸੰਗਰੂਰ) ਆਪਣੇ ਲੜਕੇ ਗੁਰਪ੍ਰੀਤ ਸਿੰਘ ਨੂੰ ਕਹਿਣੇ ਤੋਂ ਬਾਹਰ ਹੋਣ ਕਾਰਨ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣਦੇਣ ਕਰਨ ਅਤੇ ਸੰਬੰਧ ਰੱਖਣ ਵਾਲੇ ਖੁੱਦ ਜਿੰਮੇਵਾਰ ਹੋਣਗੇ।

ਮੈਂ, ਮੇਹਰ ਚੰਦ ਪੁੱਤਰ ਸ਼੍ਰੀ ਬਚਨਾ ਰਾਮ ਵਾਸੀ ਪਿੰਡ ਤੇ ਡਾਕਖਾਨਾ ਮਾਣਕਰਾਏ ਤਹਿਸੀਲ ਆਦਮਪੁਰ ਜਿਲਾ ਜਲੰਧਰ,ਪੰਜਾਬ ਬਿਆਨੀ ਹਾਂ ਕਿ ਮੇਰਾ ਲੜਕਾ ਦੀਪਕ ਅਤੇ ਨੂੰਹ ਰੂਬੀ ਰਾਣੀ ਮੇਰੇ ਕਹਿਣੇਂ ਤੋਂ ਬਾਹਰ ਹੋਣ ਕਰਕੇ ਮੈਂ ਉਹਨਾਂ ਨੂੰ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰ ਦਿੱਤਾ ਹੈ। ਉਹਨਾਂ ਨਾਲ ਲੈਣ ਦੇਣ ਕਰਨ ਵਾਲਾ ਖੁੱਦ ਜਿੰਮੇਵਾਰ ਹੋਵੇਗਾ।

ਮੈਂ ਬਿੰਦਰ ਸਿੰਘ ਪੁੱਤਰ ਕਰਮ ਸਿੰਘ ਵਾਸੀ ਪਿੰਡ ਬਰਨ ਤਹਿਸੀਲ ਫਗਵਾੜਾ ਜ਼ਿਲਾਂ ਕਪੂਰਥਲਾ ਦਾ ਸੂਚਿਤ ਕਰਦਾ ਹਾਂ ਮੇਰਾ ਲੜਕਾ ਹਰਪ੍ਰੀਤ ਸਿੰਘ ਉਰਫ ਸ਼ੀਪਾ ਉਸਦੀ ਪਤਨੀ ਪਲਵੀ ਬੁਰੀ ਸੰਗਤ ਵਿੱਚ ਪੈ ਗਏ ਹਨ। ਮੇਰੇ ਕਹਿਣੇ ਵਿੱਚ ਨਹੀ ਹਨ। ਮੈ ਇਹਨਾਂ ਨੂੰ ਆਪਣੀ ਚੱਲ ਅੱਚਲ ਜਾਇਦਾਦ ਵਿੱਚੋਂ ਬੇਦਖਲ ਕਰ ਦਿੱਤਾ ਹੈ। ਇਹਨਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ ਸੰਤੋਸ਼ ਕੁਮਾਰੀ ਅਧਾਰ ਨੰਬਰ 995192146819 ਪੁੱਤਰ ਕੇਵਲ ਕਿਸ਼ਨ ਵਾਸੀ ਪਿੰਡ ਬਜੀਦ ਚੱਕ ਤਹਿਸੀਲ ਵਾ ਜ਼ਿਲ੍ਹਾ ਗੁਰਦਾਸਪੁਰ ਦੀ ਰਹਿਣ ਵਾਲੀ ਹਾਂ। ਮੈ ਬਿਆਨ ਕਰਦੀ ਹਾਂ ਕਿ ਮੇਰਾ ਪੁੱਤਰ ਨਰਿੰਦਰ ਪਾਲ ਹਰ ਰੋਜ ਲੜਾਈ ਝਗੜਾ ਕਰਦਾ ਹੈ ਅਤੇ ਅਕਸਰ ਘਰੋਂ ਬਾਹਰ ਰਹਿੰਦਾ ਹੈ ਅਤੇ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਕੁਆਰਾ ਹੈ। ਮੈਂ ਆਪਣੇ ਪੁੱਤਰ ਨਰਿੰਦਰ ਪਾਲ ਤੋਂ ਬਹੁਤ ਪਰੇਸ਼ਾਨ ਹਾਂ। ਮੈਂ ਆਪਣੇ ਪੁੱਤਰ ਨਰਿੰਦਰ ਪਾਲ ਨੂੰ ਆਪਣੀ ਸਮੁੱਚੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਜਿਹੜਾ ਵੀ ਉਸ ਨਾਲ ਕੋਈ ਲੈਣ-ਦੇਣ ਕਰੇਗਾ, ਤਾਂ ਉਹ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ ਕੁਲਦੀਪ ਸਿੰਘ ਪੁੱਤਰ ਸ. ਕੁਲਵੰਤ ਸਿੰਘ, ਵਾਸੀ 254, ਭਾਈ ਵੀਰ ਸਿੰਘ ਕਲੋਨੀ, ਮੁਲੇ ਚੱਕ, ਜਿਲਾ ਅੰਮ੍ਰਿਤਸਰ ਇਹ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਸਿਮਰਨਜੀਤ ਸਿੰਘ ਜੋ ਕਿ ਮੇਰੇ ਕਹਿਣੇ ਤੋ ਬਾਹਰ ਹੈ। ਇਸ ਨੂੰ ਮੈ ਆਪਣੀ ਚੱਲ ਅਚੱਲ ਜਮੀਨ ਜਾਇਦਾਦ ਤੋ ਬੇਦਖਲ ਕਰਦਾ ਹਾਂ। ਇਸ ਦੇ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਇਸ ਨਾਲ ਮੇਰਾ ਅਤੇ ਮੇਰੇ ਪਰਿਵਾਰ ਦਾ ਕੋਈ ਤਲਕ ਵਾਸਤਾ ਨਹੀ ਹੋਵੇਗਾ।

ਮੈਂ, ਘਨਿਆ ਰਾਮ ਪੁੱਤਰ ਭਾਗੀਰਥ ਰਾਮ ਵਾਸੀ ਮਕਾਨ ਨੰ. 467, ਗਲੀ ਨੰ. 18, ਕੋਟ ਖਾਲਸਾ, ਇੰਦਰਾ ਕਾਲੋਨੀ, ਤਹਿਸੀਲ ਵਾ ਜ਼ਿਲ੍ਹਾ ਅੰਮ੍ਰਿਤਸਰ ਸੂਚਿਤ ਕਰਦਾ ਹਾਂ ਕਿ ਮੇਰੀ ਲੜਕੀ ਪ੍ਰਿਅੰਕਾ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

### ਬੇਦਖਲੀ ਨੋਟਿਸ

ਮੈਂ, ਦਾਨੀ ਮਸੀਹ ਪੁੱਤਰ ਗਾਮਾ ਮਸੀਹ ਵਾਸੀ ਵਿੰਝਵਾ, ਡਾਕ: ਭੁੱਲਰ, ਤਹਿਸੀਲ ਬਟਾਲਾ, ਜ਼ਿਲ੍ਹਾ ਗੁਰਦਾਸਪੁਰ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਗੁਲਸ਼ਨ ਅਤੇ ਮੇਰੀ ਨੂੰਹ ਮੀਨੂੰ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਿਤ ਨੋਟ ਕਰਨ।

ਮੈਂ, ਗੁਰਪਾਲ ਸਿੰਘ ਪੁੱਤਰ ਨਿਰਮਲ ਸਿੰਘ ਵਾਸੀ ਪਿੰਡ ਭਟੋਲਿਆ, ਡਾਕਖਾਨਾ ਭੂੰਗਾ, ਤਹਿਸੀਲ ਅਤੇ ਜ਼ਿਲ੍ਹਾ ਹੁਸ਼ਿਆਰਪੁਰ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਸੁਰਿੰਦਰ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਤਜਿੰਦਰ ਸਿੰਘ ਪੁੱਤਰ ਸਰਵਨ ਸਿੰਘ ਵਾਸੀ ਪਿੰਡ ਟਾਂਡੀ, ਡਾਕਖਾਨਾ ਲੜੋਆ, ਤਹਿਸੀਲ ਅਤੇ ਜ਼ਿਲ੍ਹਾ ਜਲੰਧਰ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਸੱਤਵਿੰਦਰ ਸਿੰਘ ਅਤੇ ਮੇਰੀ ਨੂੰਹ ਖੁਸ਼ਪ੍ਰੀਤ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਅਸੀਂ, ਸਰਵਨ ਸਿੰਘ ਪੁੱਤਰ ਜਰਨੈਲ ਸਿੰਘ ਅਤੇ ਭੁਪਿੰਦਰ ਕੌਰ ਪਤਨੀ ਸਰਵਨ ਸਿੰਘ ਵਾਸੀਆਨ ਮਕਾਨ ਨੰ. 2, ਗਲੀ ਨੰ. 4, ਲੈਦਰ ਕੰਪਲੈਕਸ, ਪਾਰਸ ਅਸਟੇਟ, ਬਸਤੀ ਬਾਵਾ ਖੇਲ, ਜਲੰਧਰ ਸੂਚਿਤ ਕਰਦੇ ਹਾਂ ਕਿ ਸਾਡਾ ਲੜਕਾ ਪ੍ਰਭਦੀਪ ਸਿੰਘ ਸਾਡੇ ਕਹਿਣੇ ਤੋਂ ਬਾਹਰ ਹੈ। ਇਸ ਲਈ ਅਸੀਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਜਾਂ ਸਾਡੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਅਸੀਂ, ਸੋਮ ਨਾਥ ਪੁੱਤਰ ਸ਼ੰਕਰ ਦਾਸ ਤੇ ਬਿਮਲਾ ਦੇਵੀ ਪਤਨੀ ਸੋਮ ਨਾਥ ਵਾਸੀ ਪਿੰਡ ਤੇ ਡਾਕਖਾਨਾ ਬੱਲ, ਤਹਿਸੀਲ ਤੇ ਜ਼ਿਲ੍ਹਾ ਜਲੰਧਰ ਸੂਚਿਤ ਕਰਦੇ ਹਾਂ ਕਿ ਸਾਡਾ ਲੜਕਾ ਧਰਮਵੀਰ ਸ਼ੌਕੀ ਅਤੇ ਉਸ ਦੀ ਪਤਨੀ ਅਮਨਦੀਪ ਸਾਡੇ ਕਹਿਣੇ ਤੋਂ ਬਾਹਰ ਹਨ। ਇਸ ਲਈ ਅਸੀਂ ਉਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਉਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਜਾਂ ਸਾਡੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਅਸੀਂ, ਜਸਵਿੰਦਰ ਸਿੰਘ ਪੁੱਤਰ ਦਰਸ਼ਨ ਸਿੰਘ ਅਤੇ ਸੁਖਵਿੰਦਰ ਕੌਰ ਪਤਨੀ ਜਸਵਿੰਦਰ ਸਿੰਘ ਵਾਸੀ ਪਿੰਡ ਤੇ ਡਾਕਖਾਨਾ ਧੁਤ ਕਲਾਂ, ਤਹਿਸੀਲ ਅਤੇ ਜ਼ਿਲ੍ਹਾ ਹੁਸ਼ਿਆਰਪੁਰ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਗੁਰਵਿੰਦਰ ਸਿੰਘ ਅਤੇ ਉਸ ਦੀ ਪਤਨੀ ਹਰਪ੍ਰੀਤ ਕੌਰ ਸਾਡੇ ਕਹਿਣੇ ਤੋਂ ਬਾਹਰ ਹਨ। ਅਸੀਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

ਮੈਂ, ਨਰੇਸ਼ ਕੁਮਾਰ ਪੁੱਤਰ ਅੰਮ੍ਰਿਤ ਸਾਗਰ ਵਾਸੀ ਗੁਰੂ ਨਾਨਕ ਨਗਰ, ਅੰਮ੍ਰਿਤਸਰ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਜਤਿਨ ਸ਼ਰਮਾ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਸਮੁੰਦਰ ਸਿੰਘ ਪੁੱਤਰ ਨੀਲਾ ਸਿੰਘ ਵਾਸੀ ਮਨੋਹਰ ਬਸਤੀ, ਨਿਹਾਲ ਸਿੰਘ ਵਾਲਾ, ਤਹਿਸੀਲ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਦਵਿੰਦਰ ਸਿੰਘ ਸਹੋਤਾ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਅਸੀਂ, ਬਲਜਿੰਦਰ ਸਿੰਘ ਪੁੱਤਰ ਤੇਜਾ ਸਿੰਘ ਵਾ ਗੁਰਮੀਤ ਕੌਰ ਪਤਨੀ ਬਲਜਿੰਦਰ ਸਿੰਘ ਵਾਸੀਆਨ ਧੂੜਕੋਟ ਰਣਸੀਂਹ, ਤਹਿਸੀਲ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ ਸੂਚਿਤ ਕਰਦੇ ਹਾਂ ਕਿ ਸਾਡਾ ਲੜਕਾ ਹਰਪਾਲ ਸਿੰਘ ਸਾਡੇ ਕਹਿਣੇ ਤੋਂ ਬਾਹਰ ਹੈ। ਇਸ ਲਈ ਅਸੀਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਜਾਂ ਸਾਡੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

### Change of Name

I,Rumeet Singh S/O Inderpal Singh R/O 43,Lane Number 11,A Block,Guru Amardass Avenue, Amritsar,Punjab have changed my name from Rumeet Singh to Rumeet Batheja.Concerned note.

I,Komal W/O Gourav Mahajan R/O H.No.154, Gali No.3,Tandon Nagar, Batala Road, Amritsar,Punjab have changed my name from Komal to Komal Mahajan.Concerned note.

I,Gourav S/O Subash Chander R/O H.No.154,Gali No.3,Tandon Nagar, Batala Road, Amritsar, Punjab have changed my name from Gourav to Gourav Mahajan.Concerned note.

I, Suman Sharma W/o Nand Kishore Sharma R/o Sharma Niwas, Jadgambay Colony, Behind Kesho Mandir, Nai Abadi, Hoshiarpur Punjab declare that Suman Sharma and Rama Rani is one and the same person Concerned note.

I, Bibhuti Bhushan Bihari S/o Kailash Bihari R/o House No. 147, Tilak Nagar, Jalandhar, Punjab have changed my name from Bibhuti Bihari to Bibhuti Bhushan Bihari. Please Note.

I, Ritu Bhatia W/o Abhay Bhatia R/o 238-A, Street No.11-A, Ganda Singh Colony, Amritsar have changed my name from Ritu Bhatia to Ritu Randhawa

I, Gurmej Singh S/o Baljit Singh R/o Harar Khurd Amritsar have declare that Gurmej is my Given name and Singh is my Surname

I, Rekha Alias Rekha Narang W/o Amardeep Singh R/o 232 B, Guru Teg Bahadur (GBT) Nagar, Mall Mandi Amritsar have changed my name from Rekha Alias Rekha Narang to Rinku

I, Sagar Vohra S/o Vinod Vohra R/o H.No.1128/10, Sai Dass Road, Near Neta Bhawan, B.K Dutt Gate Amritsar have changed my minor Daughter's name from Bhargavi to Bhargavi Vohra

I, Gurdev Singh S/o Bawa Ram R/o VPO Khilchian Tehsil Baba Bakala District Amritsar have declare that Gurdev is my Given name and Singh is my Surname

I, Jagdip Singh S/o Harjinder Singh R/o Village Varnali, P.O. Harse Chhina, Tehsil Ajnala, District Amritsar have changed my name from Jagdip Singh to Jagdeep Singh All Concerned To Be Noted.

I, Harbinder Kaur Randhawa W/o Davinder Singh Randhawa R/o 27, Gali No.11, Gurdwara Plah Sahib Road, Hargobind Avenue, Amritsar have changed my name from Harbinder Kaur Randhawa to Harbinder Kaur

I, Mulakh Raj s/o Khilu Ram Sachdeva R/o H.no. 61, Professor Colony, Amritsar-143001(pb) have changed my name from Mulakh Raj to Mulkh Raj Sachdeva, plz note

I, Amarjeet Kaur W/o Mohinder Singh Vpo Kaleke, Tehsil Baba Bakala, Distt Amritsar declare that Amarjeet is my Given name and Kaur is my Surname

I, Vivak Aggarwal S/o Sudershan Kumar Aggarwal R/o H.No. 2502/8, Tunda Talab, Near Power House, Amritsar, Punjab have changed my name from Vivak Aggarwal to Vivek Aggarwal.


# ਪੰਜਾਬ ਵੱਲੋਂ ਬੀ ਬੀ ਐੱਮ ਬੀ ਦੀ ਮੀਟਿੰਗ ਦਾ ਬਾਈਕਾਟ



ਚੰਡੀਗੜ੍ਹ : ਪੰਜਾਬ ਦੇ ਜਲ ਸਰੋਤ ਅਤੇ ਭੂਮੀ ਅਤੇ ਜਲ ਸੰਭਾਲ ਮੰਤਰੀ ਬਰਿੰਦਰ ਕੁਮਾਰ ਗੋਇਲ ਨੇ ਦੱਸਿਆ ਕਿ ਪੰਜਾਬ ਸਰਕਾਰ ਨੇ ਭਾਖੜਾ ਬਿਆਸ ਪ੍ਰਬੰਧਨ ਬੋਰਡ (ਬੀ ਬੀ ਐੱਮ ਬੀ) ਵੱਲੋਂ ਸ਼ਨੀਵਾਰ ਰੱਖੀ ਗਈ ਮੀਟਿੰਗ ਦਾ ਬਾਈਕਾਟ ਕੀਤਾ। ਮੀਟਿੰਗ ਨੂੰ ਪੂਰੀ ਤਰ੍ਹਾਂ ਗ਼ੈਰ-ਸੰਵਿਧਾਨਕ ਅਤੇ ਗ਼ੈਰ-ਕਾਨੂੰਨੀ ਕਰਾਰ ਦਿੰਦਿਆਂ ਗੋਇਲ ਨੇ ਦੱਸਿਆ ਕਿ 255ਵੀਂ ਵਿਸ਼ੇਸ਼ ਮੀਟਿੰਗ ਸੱਦਣ ਲਈ ਢੁਕਵੇਂ ਪ੍ਰੋਟੋਕੋਲ ਦੀ ਉਲੰਘਣਾ ਕੀਤੀ ਗਈ ਹੈ। ਉਨ੍ਹਾ ਕਿਹਾ—1976 ਦੇ ਰੈਗੂਲੇਸ਼ਨਜ਼ ਦੇ ਰੈਗੂਲੇਸ਼ਨ-3 ਤਹਿਤ ਬੀ ਬੀ ਐੱਮ ਬੀ ਨੂੰ ਮੀਟਿੰਗ ਰੱਖਣ ਤੋਂ ਪਹਿਲਾਂ ਸੱਤ ਦਿਨਾਂ ਦਾ ਨੋਟਿਸ ਦੇਣਾ ਲਾਜ਼ਮੀ ਹੈ। ਉਨ੍ਹਾ ਕਿਹਾ ਕਿ ਅਸੀਂ ਮੀਟਿੰਗ ਵਿੱਚ ਉਦੋਂ ਤੱਕ ਹਿੱਸਾ ਨਹੀਂ ਲਵਾਂਗੇ, ਜਦੋਂ ਤੱਕ ਬੀ ਬੀ ਐੱਮ ਬੀ ਢੁਕਵੀਆਂ ਪ੍ਰਕਿਰਿਆਵਾਂ ਦੀ ਪਾਲਣਾ ਨਹੀਂ ਕਰਦਾ।

ਬੀ ਬੀ ਐੱਮ ਬੀ ਦੇ ਚੇਅਰਮੈਨ ਨੂੰ ਸਖ਼ਤ ਸ਼ਬਦਾਂ ਵਿੱਚ ਲਿਖੇ ਪੱਤਰ ਵਿੱਚ ਪੰਜਾਬ ਸਰਕਾਰ ਨੇ ਮੀਟਿੰਗ ਤੋਂ ਪਹਿਲਾਂ ਬੀ ਬੀ ਐੱਮ ਬੀ ਨੂੰ ਆਪਣਾ ਪੱਖ ਸਪੱਸ਼ਟ ਕਰ ਦਿੱਤਾ ਸੀ। ਸੂਬਾ ਸਰਕਾਰ ਨੇ ਲਿਖਿਆ ਕਿ ਇਹ ਮੀਟਿੰਗ ਗ਼ੈਰ-ਵਾਜਬ ਤਰੀਕੇ ਅਤੇ ਸਥਾਪਤ ਨਿਯਮਾਂ ਦੀ ਉਲੰਘਣਾ ਕਰਕੇ ਸੱਦੀ ਗਈ ਹੈ।

# ਚੇਅਰਮੈਨ ਪਨੂੰ ਨੇ ਸਕੂਲਾਂ 'ਚ ਨਵੇਂ ਬਣੇ ਕਲਾਸ ਰੂਮਾਂ, ਚਾਰਦੀਵਾਰੀਆਂ ਤੇ ਕਮਰਿਆਂ ਦਾ ਕੀਤਾ ਉਦਘਾਟਨ



ਬਟਾਲਾ ( ਡਾ. ਮਲਵਿੰਦਰ ਸਿੰਘ)-ਭਗਵੰਤ ਸਿੰਘ ਮਾਨ ਮੁੱਖ ਮੰਤਰੀ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਰਾਜ ਦੇ ਸਕੂਲਾਂ ਨੂੰ ਇਸ ਕਦਰ ਸਮਰੱਥ ਤੇ ਵਿਕਸਤ ਬਣਾ ਦਿੱਤਾ ਗਿਆ ਹੈ ਕਿ ਹੁਣ ਸਾਡੇ ਸਰਕਾਰੀ ਸਕੂਲ ਵਿਦਿਆਰਥੀਆਂ ਵੱਲੋਂ ਲਏ ਗਏ ਸੁਨਹਿਰੇ ਭਵਿੱਖ ਦੇ ਸੁਪਨੇ ਸਾਕਾਰ ਕਰਨ ਲਈ ਰਾਹ ਦਸੇਰੇ ਸਾਬਤ ਹੋਣਗੇ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਬਲਬੀਰ ਸਿੰਘ ਪਨੂੰ, ਚੇਅਰਮੈਨ ਪਨਸਪ ਪੰਜਾਬ ਵਲੋਂ ਵੱਖ-ਵੱਖ ਸਕੂਲਾਂ ਵਿੱਚ ਨਵੇਂ ਕਲਾਸ ਰੂਮਾਂ, ਚਾਰਦੀਵਾਰੀਆਂ, ਕਮਰਿਆਂ ਦਾ ਨਵੀਨੀਕਰਨ ਸਮੇਤ ਹੋਰ ਵਿਕਾਸ ਕਾਰਜਾਂ ਦਾ ਉਦਘਾਟਨ ਕਰਨ ਉਪਰੰਤ ਕੀਤਾ।

ਉਨ੍ਹਾਂ ਸਰਕਾਰੀ ਪ੍ਰਾਇਮਰੀ ਸਕੂਲ ਤਲਵੰਡੀ ਝਿਊਰਾਂ ਵਿਖੇ 15 ਲੱਖ 67 ਹਜ਼ਾਰ ਰੁਪਏ ਦੀ ਲਾਗਤ ਨਾਲ ਨਵੀਂ ਚਾਰਦੀਵਾਰੀ ਤੇ ਨਵਾਂ ਕਲਾਸ ਰੂਮ, ਪਿੰਡ ਕੋਟਲਾ ਸ਼ਾਹੀਆਂ ਵਿਖੇ 4 ਲੱਖ 59 ਹਜ਼ਾਰ ਰੁਪਏ ਦੀ ਲਾਗਤ ਨਾਲ ਕਲਾਸ ਰੂਮ, ਹਰਸੀਆਂ ਵਿਖੇ 15 ਲੱਖ 30 ਹਜ਼ਾਰ ਲੱਖ ਰੁਪਏ ਅਤੇ ਬਹਾਦਰਪੁਰ ਵਿਖੇ ਇਕ ਲੱਖ 30 ਹਜ਼ਾਰ ਦੀ ਲਾਗਤ ਨਾਲ ਕਰਵਾਏ ਵਿਕਾਸ ਕਾਰਜਾਂ ਦੇ ਉਦਘਾਟਨ ਕੀਤੇ।ਇਸ ਮੌਕੇ ਬੀਪੀਈਓ ਜਸਵਿੰਦਰ ਸਿੰਘ, ਤਰੁਨਪ੍ਰੀਤ ਸਿੰਘ ਕਲਸੀ ਸਰਪੰਚ ਪਿੰਡ ਕੋਟਲਾ ਸ਼ਾਹੀਆਂ, ਨਵਦੀਪ ਸਿੰਘ, ਸਰਪੰਚ ਸਰਬਜੀਤ ਕੌਰ, ਬਲਾਕ ਪ੍ਰਧਾਨ ਸ਼ਮਸ਼ੇਰ ਸਿੰਘ, ਮਲਜਿੰਦਰ ਸਿੰਘ, ਜਤਿੰਦਰ ਸਿੰਘ ਹਰਸੀਆ, ਦਵਿੰਦਰ ਸਿੰਘ ਕਾਲੇ ਨੰਗਲ, ਮਾਸਟਰ ਬਲਜੀਤ ਸਿੰਘ, ਦੀਪਕ ਕੁਮਾਰ, ਸੰਦੀਪ ਕੁਮਾਰ, ਮਨਪ੍ਰੀਤ ਕੌਰ, ਬਲਾਕ ਪ੍ਰਧਾਨ ਹਰਦੀਪ ਸਿੰਘ, ਹਲਕਾ ਯੂਥ ਪ੍ਰਧਾਨ ਗੁਰਬਿੰਦਰ ਸਿੰਘ ਕਾਦੀਆਂ ਦੇ ਹਲਕਾ ਕੋਡੀਨੇਟਰ ਐਜੂਕੇਸ਼ਨ ਰਘਬੀਰ ਸਿੰਘ ਅਠਵਾਲ, ਬਲਾਕ ਪ੍ਰਧਾਨ ਜਗਜੀਤ ਸਿੰਘ, ਬਲਾਕ ਪ੍ਰਧਾਨ ਹਰਪ੍ਰੀਤ ਸਿੰਘ, ਗਗਨਦੀਪ ਸਿੰਘ ਕੋਟਲਾ ਬਾਮਾ, ਕਰਨ ਬਾਠ, ਗੁਰ ਪ੍ਰਤਾਪ ਸਿੰਘ ਅਤੇ ਹੋਰ ਹਾਜ਼ਰ ਸਨ।

# ਅਨੰਤ ਨੈਸ਼ਨਲ 'ਵਰਸਿਟੀ ਦੇ ਪ੍ਰੋਵੋਸਟ ਡਾ. ਅਨੁਨਯ ਚੌਬੇ ਨੇ ਕੀਤਾ ਪੰਜਾਬ ਦਾ ਪੰਜ ਦਿਨਾ ਦੌਰਾ

ਜਲੰਧਰ : ਅਨੰਤ ਨੈਸ਼ਨਲ ਯੂਨੀਵਰਸਿਟੀ ਦੇ ਪ੍ਰੋਵੋਸਟ ਡਾ. ਅਨੁਨਯ ਚੌਬੇ 17 ਤੋਂ 21 ਅਪ੍ਰੈਲ 2025 ਤੱਕ ਪੰਜਾਬ ਦੇ ਪੰਜ ਦਿਨਾ ਦੌਰੇ 'ਤੇ ਸਨ।ਇਸ ਦੌਰੇ ਦਾ ਉਦੇਸ਼ ਵਿਦਿਆਰਥੀਆਂ ਅਤੇ ਅਧਿਆਪਕਾਂ ਵਿੱਚ ਡਿਜ਼ਾਈਨਡ ਸੋਚ ਅਤੇ ਡਿਜ਼ਾਈਨ ਨੂੰ ਇੱਕ ਅਨੁਸ਼ਾਸਨ ਵਜੋਂ ਸਮਝਣ ਬਾਰੇ ਜਾਗਰੂਕਤਾ ਫੈਲਾਉਣਾ ਸੀ।ਡਾ. ਚੌਬੇ ਨੇ ਪ੍ਰਭਾਵਸ਼ਾਲੀ ਵਰਕਸ਼ਾਪਾਂ ਅਤੇ ਇੰਟਰਐਕਟਿਵ ਸੈਸ਼ਨਾਂ ਰਾਹੀਂ ਡਿਜ਼ਾਈਨ ਸਿੱਖਿਆ, ਸਥਿਰਤਾ ਅਤੇ ਨਵੀਨਤਾ ਦੇ ਖੇਤਰ ਵਿੱਚ ਅਨੰਤ ਨੈਸ਼ਨਲ ਯੂਨੀਵਰਸਿਟੀ ਦੇ ਮੋਹਰੀ ਦ੍ਰਿਸ਼ਟੀਕੋਣ ਨੂੰ ਉਜਾਗਰ ਕੀਤਾ।ਆਪਣੀ ਫੇਰੀ ਦੌਰਾਨ ਡਾ. ਚੌਬੇ ਨੇ ਲੁਧਿਆਣਾ ਦੇ ਪ੍ਰਮੁੱਖ ਸਕੂਲਾਂ ਵਿੱਚ ਕਈ ਪ੍ਰੈਕਟੀਕਲ ਵਰਕਸ਼ਾਪਾਂ ਦਾ ਆਯੋਜਨ ਕੀਤਾ ਜਿਨ੍ਹਾਂ ਵਿੱਚ ਸਤਪਾਲ ਮਿੱਤਲ ਸਕੂਲ, ਸ਼ੇਰਪੁਰ ਕਲਾਂ, ਰੌਣੀ, ਝਨੇੜੀ, ਫੱਤੂ ਭੀਲਾ ਅਤੇ ਚੋਗਾਵਾਂ ਵਿਖੇ ਸੱਤਿਆ ਭਾਰਤੀ ਸਕੂਲ ਸ਼ਾਮਲ ਹਨ। ਇਸਦਾ ਉਦੇਸ਼ ਵਿਦਿਆਰਥੀਆਂ ਵਿੱਚ ਇੱਕ ਹੱਲ-ਮੁਖੀ ਪਹੁੰਚ ਵਿਕਸਤ ਕਰਨਾ ਸੀ ਤਾਂ ਜੋ ਉਹ ਨੌਕਰੀ ਲੱਭਣ ਵਾਲਿਆਂ ਦੀ ਬਜਾਏ ਨੌਕਰੀ ਪ੍ਰਦਾਨ ਕਰਨ ਵਾਲੇ ਬਣ ਸਕਣ।


### Change of Name

I, Sharda Devi W/o Rajinder Kumar Shoor R/o 101, Rasila Nagar, Jalandhar, Punjab declare that Sharda Devi and Sharda Shoor both names are one and the same person. Concerned Note.



### ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

4 May Page-7.qxd 5/3/2025 11:13 PM Page 1



# ਸਥਾਨਕ ਸਰਕਾਰਾਂ ਮੰਤਰੀ ਦੀ ਅਗਵਾਈ 'ਚ ਕੇਂਦਰ ਸਰਕਾਰ ਦਾ ਫੂਕਿਆ ਪੁਤਲਾ



**ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ)**- ਪੰਜਾਬ ਦੇ ਪਾਣੀ 'ਤੇ ਹਰਿਆਣਾ ਅਤੇ ਕੇਂਦਰ ਸਰਕਾਰ ਦੀ ਦਖਲਅੰਦਾਜ਼ੀ ਅਤੇ ਬੀ ਬੀ ਐਮ ਬੀ ਵੱਲੋਂ ਰਾਜ ਦੇ ਹਿੱਤਾਂ ਦੀ ਅਣਦੇਖੀ ਦੇ ਖਿਲਾਫ ਅੱਜ ਕਸਬਾ ਹਰਿਆਣਾ ਦੇ ਬੱਸ ਅੱਡੇ ਨੇੜੇ ਪੰਜਾਬ ਸਰਕਾਰ ਦੇ ਸਥਾਨਕ ਸਰਕਾਰਾਂ ਦੇ ਮੰਤਰੀ ਡਾ. ਰਵਜੋਤ ਸਿੰਘ ਦੀ ਅਗਵਾਈ ਹੇਠ ਜ਼ੋਰਦਾਰ ਰੋਸ ਪ੍ਰਦਰਸ਼ਨ ਕੀਤਾ ਗਿਆ। ਇਸ ਮੌਕੇ ਕੇਂਦਰ ਸਰਕਾਰ ਦਾ ਪੁਤਲਾ ਸਾੜ ਕੇ ਆਪਣੇ ਗੁੱਸੇ ਦਾ ਇਜ਼ਹਾਰ ਵੀ ਕੀਤਾ ਗਿਆ। ਡਾ. ਰਵਜੋਤ ਸਿੰਘ ਨੇ ਕਿਹਾ ਕਿ ਪੰਜਾਬ ਕੋਲ ਕਿਸੇ ਹੋਰ ਰਾਜ ਨੂੰ ਦੇਣ ਲਈ ਇਕ ਵੀ ਬੂੰਦ ਵਾਧੂ ਪਾਣੀ ਨਹੀਂ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਪਾਣੀ ਦਾ ਹੱਕ ਸਿਰਫ ਪੰਜਾਬ ਨੂੰ ਹੈ ਅਤੇ ਜ਼ਬਰਦਸਤੀ ਇਸ ਨੂੰ ਹੋਰ ਰਾਜਾਂ ਵੱਲ ਮੋੜਨ ਦੀ ਕੋਸ਼ਿਸ਼ ਕਾਨੂੰਨੀ ਅਤੇ ਨੈਤਿਕ ਦੋਹਾਂ ਪੱਧਰਾਂ 'ਤੇ ਗਲਤ ਹੈ। ਉਨ੍ਹਾਂ ਕੇਂਦਰ ਸਰਕਾਰ ਉੱਤੇ ਦੋਸ਼ ਲਾਏ ਕਿ ਇਹ ਬੀ ਬੀ ਐਮ ਬੀ ਵਰਗੀਆਂ ਸੰਸਥਾਵਾਂ ਰਾਹੀਂ ਪੰਜਾਬ ਦੀ ਆਵਾਜ਼ ਨੂੰ ਦਬਾਉਣ ਅਤੇ ਰਾਜ ਨੂੰ ਉਸ ਦੇ ਸੰਵਿਧਾਨਕ ਅਧਿਕਾਰਾਂ ਤੋਂ ਵੰਚਿਤ ਕਰਨ ਦੀ ਸਾਜਿਸ਼ ਕਰ ਰਹੀ ਹੈ। ਡਾ. ਰਵਜੋਤ ਸਿੰਘ ਨੇ ਸਵਾਲ ਉਠਾਇਆ ਕਿ ਜਦ ਭਾਖੜਾ ਅਤੇ ਪੌਂਗ ਡੈਮ ਵਿੱਚ ਪਾਣੀ ਦਾ ਪੱਧਰ ਪਹਿਲਾਂ ਹੀ ਚਿੰਤਾਜਨਕ ਤਰੀਕੇ ਨਾਲ ਘੱਟ ਹੈ, ਤਾਂ ਫਿਰ ਹਰਿਆਣਾ ਦੀ 8500 ਕਿਊਸਿਕ ਵਾਧੂ ਪਾਣੀ ਦੀ ਮੰਗ ਕਿਵੇਂ ਪੂਰੀ ਕੀਤੀ ਜਾ ਸਕਦੀ ਹੈ? ਉਨ੍ਹਾਂ ਨੇ ਕਿਹਾ ਕਿ ਪੰਜਾਬ ਪਹਿਲਾਂ ਹੀ ਸਾਫ ਪੀਣ ਵਾਲੇ ਪਾਣੀ ਦੀ ਘਾਟ ਨਾਲ ਜੂਝ ਰਿਹਾ ਹੈ ਅਤੇ ਨਦੀਆਂ ਵਿੱਚ ਪਾਣੀ ਦੇ ਵਹਾਅ 'ਚ ਕਮੀ ਕਾਰਨ ਸਿੰਚਾਈ ਵਾਸਤੇ ਵਰਤੇ ਜਾਣ ਵਾਲੇ ਪਾਣੀ ਦੀ ਸਮੱਸਿਆ ਗੰਭੀਰ ਹੋ ਰਹੀ ਹੈ। ਉਨ੍ਹਾਂ ਚੇਤਾਵਨੀ ਦਿੱਤੀ ਕਿ ਭਾਜਪਾ ਦੀ ਕੇਂਦਰੀ ਸਰਕਾਰ ਵੱਲੋਂ ਹਰਿਆਣਾ ਨੂੰ ਗੈਰ-ਕਾਨੂੰਨੀ ਤਰੀਕੇ ਨਾਲ ਪਾਣੀ ਦਿਵਾਉਣ ਲਈ ਪੰਜਾਬ ਉੱਤੇ ਜਿਹੜਾ ਦਬਾਅ ਬਣਾਇਆ ਜਾ ਰਿਹਾ ਹੈ, ਉਹ ਰਾਜਾਂ ਦੇ ਹੱਕਾਂ ਉੱਤੇ ਸਿੱਧਾ ਹਮਲਾ ਹੈ ਅਤੇ ਇਹ ਕਦੇ ਵੀ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

# ਰਾਹੁਲ ਦੀ ਬਦੌਲਤ ਕੇਂਦਰ ਨੇ ਕੀਤਾ ਜਾਤੀ ਜਨਗਣਨਾ ਦਾ ਐਲਾਨ : ਧਾਲੀਵਾਲ

**ਫਗਵਾੜਾ (ਡਾ. ਰਮਨ)** ਜ਼ਿਲ੍ਹਾ ਕਪੂਰਥਲਾ ਕਾਂਗਰਸ ਕਮੇਟੀ ਦੇ ਅਹੁਦੇਦਾਰਾਂ ਦੀ ਇੱਕ ਮੀਟਿੰਗ ਸਥਾਨਕ ਰਿਜ਼ੋਰਟ ਵਿਖੇ ਜ਼ਿਲ੍ਹਾ ਕਾਂਗਰਸ ਪ੍ਰਧਾਨ ਬਲਵਿੰਦਰ ਸਿੰਘ ਧਾਲੀਵਾਲ ਐਮ.ਐਲ.ਏ. ਫਗਵਾੜਾ ਦੀ



ਪ੍ਰਧਾਨਗੀ ਹੇਠ ਹੋਈ। ਜਿਸ ਵਿਚ ਅੰਮ੍ਰਿਤਸਰ ਤੋਂ ਕਾਂਗਰਸੀ ਸੰਸਦ ਮੈਂਬਰ ਅਤੇ 11 ਮਈ ਨੂੰ ਸੰਗਰੂਰ ਵਿੱਚ ਹੋਣ ਵਾਲੀ ਕਾਂਗਰਸ ਪਾਰਟੀ ਦੀ ਸੰਵਿਧਾਨ ਬਚਾਓ ਰੈਲੀ ਦੇ ਇੰਚਾਰਜ ਗੁਰਜੀਤ ਸਿੰਘ ਔਜਲਾ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ।ਔਜਲਾ ਨੇ ਸਮੂਹ ਕਾਂਗਰਸ ਅਹੁਦੇਦਾਰਾਂ ਨੂੰ ਸੰਵਿਧਾਨ ਬਚਾਓ ਰੈਲੀ ਵਿੱਚ ਵੱਡੇ ਜੱਥਿਆਂ ਸਮੇਤ ਹਾਜਰੀ ਲਗਵਾਉਣ ਦਾ ਸੱਦਾ ਦਿੱਤਾ ਅਤੇ ਕਿਹਾ ਕਿ ਕਾਂਗਰਸ ਦੀ ਇਹ ਸੂਬਾ ਪੱਧਰੀ ਵਿਸ਼ਾਲ ਰੈਲੀ ਕੇਂਦਰ ਦੀ ਮੋਦੀ ਸਰਕਾਰ ਨੂੰ ਹਿਲਾ ਕੇ ਰੱਖ ਦੇਵੇਗੀ। ਇਸ ਰੈਲੀ ਵਿੱਚ ਪੰਜਾਬ ਕਾਂਗਰਸ ਦੇ ਇੰਚਾਰਜ ਭੁਪੇਸ਼ ਬਘੇਲ ਸਮੇਤ ਰਾਸ਼ਟਰੀ ਪੱਧਰ ਦੀ ਕਾਂਗਰਸ ਲੀਡਰਸ਼ਿਪ ਹਿੱਸਾ ਲਵੇਗੀ। ਉਨ੍ਹਾਂ ਕਿਹਾ ਕਿ ਜਦੋਂ ਤੋਂ ਮੋਦੀ ਸਰਕਾਰ ਨੇ ਦੇਸ਼ ਵਿੱਚ ਸੱਤਾ ਸੰਭਾਲੀ ਹੈ, ਦੇਸ਼ ਦਾ ਸੰਵਿਧਾਨ ਖ਼ਤਰੇ ਵਿੱਚ ਪੈ ਗਿਆ ਹੈ। ਘੱਟ ਗਿਣਤੀਆਂ ਅਤੇ ਅਨੁਸੂਚਿਤ ਜਾਤੀਆਂ ਦੇ ਸੰਵਿਧਾਨਕ ਅਧਿਕਾਰਾਂ ਨਾਲ ਛੇੜਛਾੜ ਕੀਤੀ ਜਾ ਰਹੀ ਹੈ। ਸੰਸਦ ਵਿੱਚ ਬਹੁਮਤ ਦਾ ਫਾਇਦਾ ਉਠਾਉਂਦੇ ਹੋਏ, ਅਜਿਹੇ ਬਿੱਲ ਪਾਸ ਕੀਤੇ ਜਾ ਰਹੇ ਹਨ ਜੋ ਦੇਸ਼ ਦੀ ਏਕਤਾ ਅਤੇ ਅਖੰਡਤਾ ਨੂੰ ਖ਼ਤਰੇ ਵਿੱਚ ਪਾ ਸਕਦੇ ਹਨ। ਇਸ ਲਈ, ਸੰਗਰੂਰ ਵਿੱਚ ਸੰਵਿਧਾਨ ਬਚਾਓ ਰੈਲੀ ਵਿੱਚ ਭਾਰੀ ਮੌਜੂਦਗੀ ਨਾਲ ਕੇਂਦਰ ਨੂੰ ਇੱਕ ਮਜ਼ਬੂਤ ਸੰਦੇਸ਼ ਦਿੱਤਾ ਜਾਵੇਗਾ। ਜ਼ਿਲ੍ਹਾ ਕਾਂਗਰਸ ਪ੍ਰਧਾਨ ਅਤੇ ਵਿਧਾਇਕ ਬਲਵਿੰਦਰ ਸਿੰਘ ਧਾਲੀਵਾਲ ਨੇ ਕੇਂਦਰ ਸਰਕਾਰ ਦੇ ਜਾਤੀ ਜਨਗਣਨਾ ਦੇ ਫੈਸਲੇ ਦਾ ਸਵਾਗਤ ਕੀਤਾ ਅਤੇ ਕਿਹਾ ਕਿ ਕਾਂਗਰਸ ਆਗੂ ਰਾਹੁਲ ਗਾਂਧੀ ਨੇ ਇਸ ਮੁੱਦੇ ਨੂੰ ਰਾਸ਼ਟਰੀ ਪੱਧਰ 'ਤੇ ਮਜ਼ਬੂਤੀ ਨਾਲ ਚੁੱਕਿਆ ਅਤੇ ਅਖੀਰ ਮੋਦੀ ਸਰਕਾਰ ਨੂੰ ਝੁਕਣ ਲਈ ਮਜਬੂਰ ਕਰ ਦਿੱਤਾ ਹੈ। ਪ੍ਰਧਾਨ ਮੰਤਰੀ ਜੋ ਹਰ ਪਲੇਟਫਾਰਮ ਤੋਂ ਕਹਿੰਦੇ ਸਨ ਕਿ ਭਾਰਤ ਵਿੱਚ ਸਿਰਫ ਚਾਰ ਜਾਤਾਂ ਹਨ - ਅਮੀਰ, ਗਰੀਬ, ਔਰਤਾਂ ਅਤੇ ਮਰਦ, ਉਨ੍ਹਾਂ ਨੂੰ ਆਖਰਕਾਰ ਇਹ ਸਵੀਕਾਰ ਕਰਨਾ ਪਿਆ ਕਿ ਦੇਸ਼ ਵਿੱਚ ਐਸ ਸੀ, ਐਸ ਟੀ, ਬੀ ਸੀ, ਓ ਬੀ ਸੀ ਵਰਗ ਦੀਆਂ ਬਹੁਤ ਸਾਰੀਆਂ ਜਾਤਾਂ ਹਨ ਜਿਨ੍ਹਾਂ ਦੀ ਜਨਗਣਨਾ ਸਮੇਂ ਦੀ ਲੋੜ ਹੈ ਤਾਂ ਜੋ ਉਨ੍ਹਾਂ ਦੀ ਉੱਨਤੀ ਲਈ ਰਾਸ਼ਟਰੀ ਪੱਧਰ 'ਤੇ ਭਲਾਈ ਨੀਤੀਆਂ ਬਣਾਈਆਂ ਜਾ ਸਕਣ।ਮੀਟਿੰਗ ਵਿੱਚ ਫਗਵਾੜਾ ਤੋਂ ਇਲਾਵਾ ਕਪੂਰਥਲਾ, ਭੁੱਲਥ ਅਤੇ ਸੁਲਤਾਨਪੁਰ ਲੋਧੀ ਵਿਧਾਨ ਸਭਾ ਹਲਕਿਆਂ ਦੇ ਕਾਂਗਰਸ ਪਾਰਟੀ ਦੇ ਵੱਖ-ਵੱਖ ਸੈੱਲਾਂ ਦੇ ਅਹੁਦੇਦਾਰ ਮੌਜੂਦ ਸਨ।

# ਪੰਜਾਬ ਨਾਲ ਕੇਂਦਰ ਦੀ ਧੱਕੇਸ਼ਾਹੀ ਨਹੀਂ ਕਰਾਂਗੇ ਬਰਦਾਸ਼ਤ : ਦੀਪਕ ਬਾਲੀ



**ਜਲੰਧਰ (ਸ਼ੈਲੀ ਐਲਬਰਟ)**- ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਅਤੇ ਪੰਜਾਬ ਟੂਰਿਜ਼ਮ ਅਤੇ ਸਭਿਆਚਾਰਕ ਬੋਰਡ ਦੇ ਸਲਾਹਕਾਰ ਦੀਪਕ ਬਾਲੀ ਨੇ ਬੀਬੀਐਮਬੀ ਵੱਲੋਂ ਹਰਿਆਣਾ ਨੂੰ 8500 ਕਿਊਸਿਕ ਵਾਧੂ ਪਾਣੀ ਦੇਣ ਦੇ ਫੈਸਲੇ ਦੀ ਸਖ਼ਤ ਨਿੰਦਾ ਕੀਤੀ ਹੈ।ਦੀਪਕ ਬਾਲੀ ਨੇ ਇਸ ਮੁੱਦੇ 'ਤੇ ਇੱਥੇ ਇਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕੀਤਾ। ਉਨ੍ਹਾਂ ਨਾਲ 'ਆਪ' ਜ਼ਿਲ੍ਹਾ ਯੋਜਨਾ ਕਮੇਟੀ ਦੇ ਚੇਅਰਮੈਨ ਅੰਮ੍ਰਿਤਪਾਲ ਸਿੰਘ, ਚੰਦਨ ਗਰੇਵਾਲ, ਤਰਨਦੀਪ ਸਿੰਘ ਸਨੀ, ਹਰਸਿਮਰਨਜੀਤ ਸਿੰਘ ਅਤੇ ਆਈ ਐਸ ਬੱਗਾ ਮੌਜੂਦ ਸਨ। ਮੀਡੀਆ ਨੂੰ ਸੰਬੋਧਨ ਕਰਦਿਆਂ ਬਾਲੀ ਨੇ ਕਿਹਾ ਕਿ ਕੇਂਦਰ ਸਰਕਾਰ ਪੰਜ ਦਰਿਆਵਾਂ ਦੀ ਧਰਤੀ ਪੰਜਾਬ ਨਾਲ ਲਗਾਤਾਰ ਧੱਕਾ ਕਰ ਰਹੀ ਹੈ। ਸਿਰਫ਼ ਭਾਜਪਾ ਹੀ ਨਹੀਂ, ਸਗੋਂ ਕੇਂਦਰ ਵਿੱਚ ਸੱਤਾ ਵਿੱਚ ਆਈ ਹਰ ਪਾਰਟੀ ਨੇ ਹਮੇਸ਼ਾ ਪੰਜਾਬ ਨਾਲ ਧੋਖਾ ਕੀਤਾ ਹੈ।ਉਨ੍ਹਾਂ ਕਿਹਾ ਕਿ ਹਰਿਆਣਾ ਅਤੇ ਕੇਂਦਰ ਦੋਵਾਂ ਥਾਵਾਂ 'ਤੇ ਭਾਜਪਾ ਦੀ ਸਰਕਾਰ ਹੈ। ਇਸ ਲਈ, ਹਰਿਆਣਾ ਸਰਕਾਰ ਨੇ ਕੇਂਦਰ ਸਰਕਾਰ ਨਾਲ ਮਿਲ ਕੇ ਬੀਬੀਐਮਬੀ ਤੋਂ ਹਰਿਆਣਾ ਨੂੰ ਵਾਧੂ ਪਾਣੀ ਦੇਣ ਦਾ ਹੁਕਮ ਪਾਸ ਕਰਵਾਇਆ ਜੋ ਕਿ ਪੰਜਾਬ ਲਈ ਸਰਾਸਰ ਧੱਕਾ ਹੈ। ਜਦੋਂ ਕਿ ਪੰਜਾਬ ਕੋਲ ਬਿਲਕੁਲ ਵੀ ਵਾਧੂ ਪਾਣੀ ਨਹੀਂ ਹੈ। ਉਨ੍ਹਾਂ ਕਿਹਾ ਕਿ ਪਹਿਲਗਾਮ ਵਿੱਚ ਹੋਏ ਹਮਲੇ ਤੋਂ ਬਾਅਦ, ਕੇਂਦਰ ਨੇ ਪਾਕਿਸਤਾਨ ਨੂੰ ਪਾਣੀ ਦੀ ਸਪਲਾਈ ਬੰਦ ਕਰ ਦਿੱਤੀ ਹੈ ਜੋ ਸਿਰਫ਼ ਖ਼ਬਰਾਂ ਵਿੱਚ ਹੈ। ਜੇਕਰ ਇਹ ਸੱਚਮੁੱਚ ਬੰਦ ਹੈ ਤਾਂ ਕੇਂਦਰ ਸਰਕਾਰ ਨੂੰ ਸਿੰਧੂ ਨਦੀ ਦਾ ਪਾਣੀ ਪਾਕਿਸਤਾਨ ਨੂੰ ਦੇਣ ਦੀ ਬਜਾਏ ਹਰਿਆਣਾ ਨੂੰ ਦੇਣਾ ਚਾਹੀਦਾ ਹੈ ਅਤੇ ਯਮੁਨਾ ਦਾ ਪਾਣੀ ਵੀ ਹਰਿਆਣਾ ਨੂੰ ਦੇਣਾ ਚਾਹੀਦਾ ਹੈ। ਸਾਨੂੰ ਕੋਈ ਇਤਰਾਜ਼ ਨਹੀਂ, ਪਰ ਕੇਂਦਰ ਸਰਕਾਰ ਕਦੇ ਵੀ ਅਜਿਹਾ ਨਹੀਂ ਕਰੇਗੀ, ਉਹ ਤਾਂ ਸਿਰਫ਼ ਪੰਜਾਬ ਦੇ ਹੱਕ ਖੋਹਣ ਦੀ ਕੋਸ਼ਿਸ਼ ਕਰਦੀ ਹੈ।

# ਨਸ਼ਿਆਂ ਵਿਰੁੱਧ ਲੜਾਈ 'ਚ ਪੰਜਾਬ ਰਾਹ-ਦਸੇਰਾ ਬਣ ਕੇ ਉਭਰੇਗਾ : ਡਾ. ਬਲਬੀਰ ਸਿੰਘ

**ਐਸ ਏ ਐਸ ਨਗਰ (ਗੁਰਜੀਤ ਬਿੱਲਾ)**- ਭਗਵੰਤ ਸਿੰਘ ਮਾਨ ਸਰਕਾਰ ਨੇ ਆਪਣੀ ਚੱਲ ਰਹੀ ਮੁਹਿੰਮ ਯੁੱਧ ਨਸ਼ਿਆਂ ਵਿਰੁੱਧ ਦੇ ਹਿੱਸੇ ਵਜੋਂ ਇੱਕ ਹੋਰ ਨਵਾਂ ਰਾਹ ਦਸੇਰਾ ਕਦਮ ਚੁੱਕਦੇ ਹੋਏ ਸੈਕਟਰ 66 ਮੋਹਾਲੀ ਵਿਖੇ, ਅੱਪਗ੍ਰੇਡ ਕੀਤੇ ਅਤੇ ਨਵੀਨੀਕਰਨ ਕੀਤੇ ਨਸ਼ਾ ਮੁਕਤੀ ਕੇਂਦਰਦੀ ਸ਼ੁਰੂਆਤ ਕੀਤੀ। ਇਸ ਵਿੱਚ ਬਿਸਤਰਿਆਂ ਦੀ ਸਮਰੱਥਾ 100 ਤੱਕ ਵਧਾ ਦਿੱਤੀ ਗਈ ਹੈ ਅਤੇ ਸਨ ਫਾਊਂਡੇਸ਼ਨ ਦੀ ਮਦਦ ਨਾਲ ਹੁਨਰ ਸਿਖਲਾਈ ਕੋਰਸਾਂ ਨੂੰ ਸ਼ੁਰੂ ਕੀਤਾ ਗਿਆ ਹੈ। ਜਲਦੀ ਹੀ ਇੱਥੇ ਇੱਕ ਹੋਰ ਮੰਜ਼ਿਲ ਬਣਾ ਕੇ ਬਿਸਤਰਿਆਂ ਦੀ ਸਮਰੱਥਾ 200 ਤੱਕ ਵਧਾ ਦਿੱਤੀ ਜਾਵੇਗੀ।ਪੰਜਾਬ, ਸਿਹਤ ਅਤੇ ਪਰਵਾਰ ਭਲਾਈ ਮੰਤਰੀ, ਡਾ. ਬਲਬੀਰ ਸਿੰਘ ਨੇ ਰਾਜ ਸਭਾ ਮੈਂਬਰ ਅਤੇ ਸਨ ਫਾਊਂਡੇਸ਼ਨ ਦੇ ਸਰਪ੍ਰਸਤ ਵਿਕਰਮਜੀਤ ਸਿੰਘ ਸਾਹਨੀ ਅਤੇ ਐਸ ਏ ਐਸ ਨਗਰ ਦੇ ਵਿਧਾਇਕ ਕੁਲਵੰਤ ਸਿੰਘ ਦੀ ਮੌਜੂਦਗੀ ਵਿੱਚ ਇਸ ਨਵੀਨੀਕਰਨ ਬੁਨਿਆਦੀ ਢਾਂਚੇ ਦਾ ਉਦਘਾਟਨ ਕੀਤਾ।ਮੀਡੀਆ ਨੂੰ ਸੰਬੋਧਨ ਕਰਦੇ ਹੋਏ ਡਾ. ਬਲਬੀਰ ਸਿੰਘ ਨੇ ਕਿਹਾ ਕਿ ਆਪ ਦੇ ਰਾਸ਼ਟਰੀ ਕਨਵੀਨਰ ਅਰਵਿੰਦ ਕੇਜਰੀਵਾਲ ਦੇ ਦੂਰਦਰਸ਼ੀ ਦ੍ਰਿਸ਼ਟੀਕੋਣ ਨਾਲ ਅਤੇ ਮੁੱਖ ਮੰਤਰੀ ਭਗਵੰਤ



ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਜਲਦੀ ਹੀ ਨਸ਼ਿਆਂ ਵਿਰੁੱਧ ਲੜਾਈ ਵਿੱਚ ਦੁਨੀਆ ਭਰ ਵਿੱਚ ਇੱਕ ਮਾਰਗ ਦਰਸ਼ਕ ਮਾਡਲ ਵਜੋਂ ਉਭਰੇਗਾ। ਉਨ੍ਹਾਂ ਕਿਹਾ ਕਿ ਨਸ਼ਿਆਂ ਦੀ ਦੁਰਵਰਤੋਂ ਵਿਸ਼ਵ ਦੀ ਸਾਂਝੀ ਸਮੱਸਿਆ ਹੈ ਅਤੇ ਹਰ ਕੋਈ ਆਪਣੇ ਨਾਗਰਿਕਾਂ ਦੀ ਰੱਖਿਆ ਲਈ ਇਸ ਤੋਂ ਛੁਟਕਾਰਾ ਪਾਉਣ ਲਈ ਸਖ਼ਤ ਮਿਹਨਤ ਕਰ ਰਿਹਾ ਹੈ।ਹੁਣ, ਸੂਬੇ ਵਿੱਚ ਨਸ਼ਿਆਂ ਦੇ ਆਦੀ ਹੋ ਚੁੱਕੇ ਨੌਜਵਾਨਾਂ ਨੂੰ ਬਚਾਉਣ ਲਈ ਇਲਾਜ ਅਤੇ ਪੁਨਰਵਾਸ ਹਿੱਸੇ ਨੂੰ ਮਜ਼ਬੂਤ ਕੀਤਾ ਜਾ ਰਿਹਾ ਹੈ। ਪੰਜਾਬ ਨੇ ਨਸ਼ਾ ਛੁਡਾਊ ਕੇਂਦਰਾਂ ਵਿੱਚ ਮੌਜੂਦਾ 1500 ਤੋਂ 5000 ਬਿਸਤਰਿਆਂ ਨੂੰ ਵਧਾ ਦਿੱਤਾ ਹੈ ਅਤੇ ਵੱਖ-ਵੱਖ ਐਨ ਜੀ ਓਜ਼ ਦੀ ਮਦਦ ਨਾਲ ਮੁੜ ਵਸੇਬਾ ਕੇਂਦਰਾਂ ਵਿੱਚ ਹੁਨਰ ਸਿਖਲਾਈ ਕੋਰਸਾਂ ਨੂੰ ਸ਼ੁਰੂ ਕੀਤਾ ਗਿਆ ਹੈ।ਸਿਹਤ ਮੰਤਰੀ ਨੇ ਕਿਹਾ ਕਿ ਓ.ਓ.ਏ.ਟੀ. ਸੈਂਟਰਾਂ (ਹੁਣ ਤੋਂ ਨਸ਼ਾ ਮੁਕਤੀ ਦਵਾਈ ਕੇਂਦਰ ਵਜੋਂ ਜਾਣੇ ਜਾਣਗੇ) ਦੀ ਗਿਣਤੀ ਵਧਾ ਕੇ 565 ਕਰ ਦਿੱਤੀ ਗਈ ਹੈ ਅਤੇ ਇਨ੍ਹਾਂ ਸੈਂਟਰਾਂ ਰਾਹੀਂ ਦਵਾਈਆਂ ਦੀ ਵੰਡ ਦਾ ਰਿਕਾਰਡ ਡਿਜੀਟਾਈਜ਼ ਕੀਤਾ ਗਿਆ ਹੈ। ਡਾ. ਬਲਬੀਰ ਸਿੰਘ ਨੇ ਕਿਹਾ ਕਿ ਸਾਰੇ ਪ੍ਰਾਈਵੇਟ ਮੈਡੀਕਲ ਕਾਲਜਾਂ ਅਤੇ ਨਰਸਿੰਗ ਕਾਲਜਾਂ ਨੂੰ ਪੰਜਾਬ ਨੂੰ ਨਸ਼ਾ ਮੁਕਤ ਬਣਾਉਣ ਲਈ ਯੁੱਧ ਨਸ਼ਾ ਵਿਰੁੱਧ ਮੁਹਿੰਮ ਦਾ ਹਿੱਸਾ ਬਣਨ ਲਈ ਕਿਹਾ ਗਿਆ ਹੈ।ਨਸ਼ਿਆਂ ਵਿਰੁੱਧ ਸਾਂਝੀ ਲੜਾਈ ਦਾ ਸੱਦਾ ਦਿੰਦੇ ਹੋਏ ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਕਿਹਾ ਕਿ ਹੁਣ ਸਮਾਂ ਆ ਗਿਆ ਹੈ ਕਿ ਪੰਜਾਬ ਨੂੰ ਰੰਗਲਾ ਪੰਜਾਬ ਬਣਾਉਣ ਲਈ ਨਾਰਕੋ ਅੱਤਵਾਦ ਅਤੇ ਗੈਂਗਸਟਰਵਾਦ ਨੂੰ ਖਤਮ ਕੀਤਾ ਜਾਵੇ।

# ਆਰਟਿਸਟ ਰਾਈਟਰਜ਼ ਵੈੱਲਫੇਅਰ ਐਸੋਸੀਏਸ਼ਨ ਦੀ ਫਗਵਾੜਾ 'ਚ ਹੋਈ ਪਲੇਠੀ ਮੀਟਿੰਗ

**ਫਗਵਾੜਾ, ਮੇਹਟੀਆਣਾ (ਇੰਦਰਜੀਤ ਸਿੰਘ ਮਠਾੜੂ, ਡਾ.ਰਮਨ, ਜਗਤਾਰ ਸਿੰਘ ਭੁੰਗਰਨੀ)**- ਆਰਟਿਸਟ ਰਾਈਟਰਜ਼ ਵੈਲਫੇਅਰ ਐਸੋਸੀਏਸ਼ਨ ਦੀ ਪਲੇਠੀ ਮੀਟਿੰਗ ਸੰਸਥਾਪਕ ਪ੍ਰਧਾਨ ਗੀਤ ਪ੍ਰੀਤ ਪਾਲ ਸਿੰਘ ਦੀ ਅਗਵਾਈ ਹੇਠ ਸਥਾਨਕ ਰੈਸਟ ਹਾਊਸ ਫਗਵਾੜਾ ਵਿਖੇ ਹੋਈ। ਜਿਸ ਵਿੱਚ ਬਤੌਰ ਮੁੱਖ ਮਹਿਮਾਨ ਚਮਨ ਲਾਲ ਰਿਟਾ. ਏ.ਆਰ.ਓ. ਬੀ.ਡੀ.ਪੀ.ਓ. ਫਗਵਾੜਾ ਅਤੇ ਵਿਸ਼ੇਸ਼ ਮਹਿਮਾਨ ਵਜੋਂ ਨਵਾਂਸ਼ਹਿਰ ਤੋਂ ਪਹੁੰਚੇ ਪ੍ਰੋਡਿਊਸਰ ਡਾਇਰੈਕਟਰ ਸੁਰਜੀਤ ਸਿੰਘ ਮਯੂਰ ਨੇ ਸ਼ਿਰਕਤ ਕੀਤੀ। ਮੀਟਿੰਗ ਦੌਰਾਨ ਹਾਜਰੀਨ ਨੂੰ ਸੰਬੋਧਨ ਕਰਦਿਆਂ ਗੀਤ ਪ੍ਰੀਤ ਪਾਲ ਸਿੰਘ ਨੇ ਦੱਸਿਆ ਕਿ ਇਹ ਜੱਥੇਬੰਦੀ ਕਲਾਕਾਰਾਂ ਅਤੇ ਫਿਲਮੀ ਲੇਖਕਾਂ ਦੀ ਭਲਾਈ ਲਈ ਗਠਿਤ ਕੀਤੀ ਗਈ ਹੈ। ਉਹਨਾਂ ਦੱਸਿਆ ਕਿ ਸੰਸਥਾਪਕ ਮੈਂਬਰਾਂ ਵਿਚ ਸਲਵਿੰਦਰ ਸਿੰਘ ਜੱਸੀ ਜਨਰਲ ਸਕੱਤਰ, ਬਲਵਿੰਦਰ ਸਿੰਘ ਪਲਾਹੀ ਸੀਨੀਅਰ ਮੀਤ ਪ੍ਰਧਾਨ, ਨੀਲਮ ਹਾਂਡਾ ਮੀਤ ਪ੍ਰਧਾਨ, ਮੱਖਣ ਰੱਤੂ ਕੈਸ਼ੀਅਰ, ਕਮਲਜੀਤ ਸਿੰਘ ਸਕੱਤਰ ਅਤੇ ਐਡਵੋਕੇਟ ਕੁਲਦੀਪ ਭੱਟੀ ਕਾਨੂੰਨੀ ਸਲਾਹਕਾਰ ਸ਼ਾਮਲ ਹਨ। ਮੀਟਿੰਗ ਦੌਰਾਨ ਸਰਬ ਸੰਮਤੀ ਨਾਲ ਸੁਰਜੀਤ ਸਿੰਘ ਮਯੂਰ ਨੂੰ ਜੱਥੇਬੰਦੀ ਦਾ ਸਰਪ੍ਰਸਤ ਐਲਾਨਿਆ ਗਿਆ। ਮੀਟਿੰਗ ਦੌਰਾਨ ਆਰ.ਜੇ. ਫਿਲਮਜ਼ ਪ੍ਰੋਡਕਸ਼ਨ ਹਾਊਸ ਦੇ ਬੈਨਰ ਹੇਠ ਬਣੀ ਟੈਲੀ ਫਿਲਮ ਗੁਲਾਬ ਸਿੰਘ ਦਾ ਪੋਸਟਰ ਵੀ ਰਿਲੀਜ਼ ਕੀਤਾ ਗਿਆ। ਫਿਲਮ ਦੇ ਪ੍ਰੋਡਿਊਸਰ ਸਲਵਿੰਦਰ ਸਿੰਘ ਜੱਸੀ ਨੇ ਦੱਸਿਆ ਕਿ ਵੀਹ ਮਿੰਟ ਦੀ





ਇਹ ਫਿਲਮ ਬੁਰਾਈ ਦਾ ਅੰਤ ਬੁਰਾ ਹੋਣ ਦਾ ਸੰਦੇਸ਼ ਦਿੰਦੀ ਹੈ। ਫਿਲਮ ਦਾ ਪਰੋਮੋ ਯੂ.ਟਯੂਬ 'ਤੇ ਦੇਖਿਆ ਜਾ ਸਕਦਾ ਹੈ ਅਤੇ ਜਲਦੀ ਹੀ ਫਿਲਮ ਵੀ ਰਿਲੀਜ਼ ਕੀਤੀ ਜਾਵੇਗੀ। ਉਹਨਾਂ ਦੱਸਿਆ ਕਿ ਮੁੱਖ ਕਿਰਦਾਰ ਗੁਲਾਬ ਸਿੰਘ ਦੀ ਭੂਮਿਕਾ ਗੀਤ ਪ੍ਰੀਤ ਪਾਲ ਸਿੰਘ ਅਤੇ ਬਬਿਤਾ ਬਾਂਸਲ ਵਲੋਂ ਨਿਭਾਈ ਗਈ ਹੈ। ਬਾਕੀ ਸਟਾਰ ਕਾਸਟ 'ਚ ਮਨਵੰਤ ਸਿੰਘ, ਸਤੀਸ਼ ਹਾਂਡਾ, ਹਰਬੰਸ ਲਾਲ ਵਿਰਕ, ਚੇਤ ਰਾਮ, ਰਜਨੀ, ਦੇਵ ਵਿਰਕ, ਹਰਦੀਪ ਸਿੰਘ ਰੱਤੂ, ਸ਼ਿਵ ਸ਼ਰਮਾ, ਸੱਤ ਪ੍ਰਕਾਸ਼ ਸੱਗੂ, ਵਿਜੇ ਸ਼ਰਮਾ, ਅਜੇ ਸ਼ਰਮਾ, ਰਸ਼ਪਾਲ ਸਿੰਘ ਸਿੱਧੂ, ਕਮਲ ਰਾਮਗੜ੍ਹੀਆ, ਗੁਰਦੀਪ ਸਿੰਘ, ਚਰਨਪ੍ਰੀਤ ਸਿੰਘ, ਸੁਮਿਤ੍ਰ ਸ਼ਾਮਲ ਹਨ। ਵੀਡੀਓ ਡਾਇਰੈਕਟਰ ਰਾਜੇਸ਼ ਅਧਿਆਏ ਜਦਕਿ ਫਿਲਮ ਦਾ ਨਿਰਦੇਸ਼ ਵੀ ਗੀਤ ਪ੍ਰੀਤ ਪਾਲ ਸਿੰਘ ਵਲੋਂ ਕੀਤਾ ਗਿਆ ਹੈ। ਇਸ ਮੌਕੇ ਫਿਲਮ ਦੇ ਪੋਸਟਰ ਡਿਜ਼ਾਇਨਰ ਵਿਜੇ ਸ਼ਰਮਾ ਵੀ ਹਾਜ਼ਰ ਸਨ।

# 55 ਨਸ਼ੀਲੀਆਂ ਗੋਲੀਆਂ ਸਮੇਤ ਕਾਬੂ

**ਸੁਲਤਾਨਪੁਰ ਲੋਧੀ (ਬਲਵੀਰ ਸ਼ਾਲ੍ਹਪੁਰੀ)**- ਗੌਰਵ ਤੂਰਾ ਸੀਨੀਅਰ ਪੁਲਸ ਕਪਤਾਨ ਵਲੋਂ ਨਸ਼ੇ ਦਾ ਕਾਰੋਬਾਰ ਅਤੇ ਮਾੜੇ ਅਨਸਰਾਂ ਵਿਰੁੱਧ ਚਲਾਈ ਗਈ ਵਿਸ਼ੇਸ਼ ਮੁਹਿੰਮ ਤਹਿਤ ਪ੍ਰਭਜੀਤ ਸਿੰਘ ਪੁਲਸ ਕਪਤਾਨ



ਤਫਤੀਸ਼ ਕਪੂਰਥਲਾ ਅਤੇ ਗੁਰਮੀਤ ਸਿੰਘ ਡੀ.ਐਸ.ਪੀ ਸੁਲਤਾਨਪੁਰ ਲੋਧੀ ਦੀ ਅਗਵਾਈ ਹੇਠ ਨਸ਼ਿਆਂ ਵਿਰੁੱਧ ਛੇੜੀ ਮੁਹਿੰਮ ਦੌਰਾਨ ਥਾਣਾ ਸੁਲਤਾਨਪੁਰ ਲੋਧੀ ਦੀ ਪੁਲਸ ਨੂੰ ਭਾਰੀ ਸਫ਼ਲਤਾ ਹਾਸਲ ਹੋਈ ਜਦੋਂ ਹਰਗੁਰਦੇਵ ਸਿੰਘ ਐਸ.ਐਚ.ਓ ਥਾਣਾ ਸੁਲਤਾਨਪੁਰ ਲੋਧੀ ਦੀ ਅਗਵਾਈ ਹੇਠ ਐਸ.ਆਈ ਗੁਰਮੀਤ ਸਿੰਘ ਚੌਂਕੀ ਇੰਚਾਰਜ ਡੱਲਾ ਥਾਣਾ ਸੁਲਤਾਨਪੁਰ ਲੋਧੀ ਸਮੇਤ ਪੁਲਸ ਪਾਰਟੀ ਦੇ ਸੁਖਵਿੰਦਰ ਸਿੰਘ ਉਰਫ਼ ਸੁੱਖਾ ਪੁੱਤਰ ਬਲਵੀਰ ਸਿੰਘ ਵਾਸੀ ਮੁਹੱਲਾ ਜੱਟਾ ਨੇੜੇ ਵੱਡਾ ਗੁਰਦੁਆਰਾ ਸਾਹਿਬ ਫੱਤੂਢੀਂਗਾ ਥਾਣਾ ਫੱਤੂਢੀਂਗਾ ਜ਼ਿਲ੍ਹਾ ਕਪੂਰਥਲਾ ਨੂੰ ਕਾਬੂ ਕਰਕੇ ਉਸ ਪਾਸੋਂ 55 ਨਸ਼ੀਲੀਆਂ ਗੋਲੀਆਂ ਬਰਾਮਦ ਹੋਣ 'ਤੇ ਮੁਕੱਦਮਾ ਥਾਣਾ ਸੁਲਤਾਨਪੁਰ ਲੋਧੀ ਜ਼ਿਲ੍ਹਾ ਕਪੂਰਥਲਾ ਰਜਿਸਟਰ ਕੀਤਾ ਗਿਆ। ਮੁਲਜ਼ਮ ਸੁਖਵਿੰਦਰ ਸਿੰਘ ਨੂੰ ਮਾਣਯੋਗ ਅਦਾਲਤ ਵਿੱਚ ਪੇਸ਼ ਕਰਕੇ ਪੁਲਿਸ ਰਿਮਾਂਡ ਹਾਸਲ ਕੀਤਾ ਜਾਵੇਗਾ।

# ਡਰਾਈ ਡੇ ਸੰਬੰਧੀ ਜਾਗਰੂਕ ਕੀਤਾ

**ਬਲਾਚੌਰ (ਜਸਵਿੰਦਰ ਬੈਂਸ)**- ਸਿਵਲ ਸਰਜਨ ਸ਼ਹੀਦ ਭਗਤ ਸਿੰਘ ਨਗਰ ਡਾ. ਗੁਰਿੰਦਰਜੀਤ ਸਿੰਘ ਅਤੇ ਐਪੀਡੀਮੋਲੋਜਿਸਟ ਡਾ. ਰਕੇਸ਼ ਪਾਲ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਅਤੇ ਸੀਨੀਅਰ ਮੈਡੀਕਲ ਅਫ਼ਸਰ



ਸੜੋਆ ਡਾ. ਨਵਰੀਤ ਕੌਰ ਦੀ ਯੋਗ ਅਗਵਾਈ ਹੇਠ ਪਿੰਡ ਸਿੰਘਪੁਰ ਵਿਖੇ ਸਿਹਤ ਵਿਭਾਗ ਦੇ ਕਰਮਚਾਰੀ ਕਰਾਂਤੀ ਪਾਲ ਸਿੰਘ ਰੌੜੀ ਵਲੋਂ ਮਲੇਰੀਆ, ਡੇਂਗੂ, ਚਿਕਨਗੁਨੀਆ ਦੇ ਲੱਛਣਾਂ ਅਤੇ ਬਚਾਓ ਸੰਬੰਧੀ ਜਾਣਕਾਰੀ ਦਿੱਤੀ ਗਈ ਜਿਵੇਂ ਹਫਤੇ ਵਿੱਚ ਇੱਕ ਦਿਨ ਹਰੇਕ ਸ਼ੁੱਕਰਵਾਰ ਡਰਾਈ ਡੇ ਮਨਾਇਆ ਜਾਵੇ। ਜਿਸ ਦੌਰਾਨ ਅਪਣੇ ਘਰ ਆਲੇ ਦੁਆਲੇ ਸਾਫ ਸਫਾਈ ਦਾ ਖਾਸ ਖਿਆਲ ਰੱਖਿਆ ਜਾਵੇ ਜਿਵੇਂ ਕੂਲਰਾਂ, ਗਮਲਿਆਂ, ਪੁਰਾਣੇ ਟਾਇਰਾਂ ਵਿੱਚ ਪਾਣੀ ਨਾ ਖੜ੍ਹਨ ਦਿੱਤਾ ਜਾਵੇ। ਅਗਰ ਕਿਸੇ ਨੂੰ ਸਿਹਤ ਸਬੰਧੀ ਕੋਈ ਮੁਸ਼ਕਲ ਆਵੇ ਤਾਂ ਨੇੜੇ ਦੇ ਸਿਹਤ ਕੇਂਦਰ ਨਾਲ ਸੰਪਰਕ ਕਰੇ। ਇਸ ਮੌਕੇ ਬਿੰਦਰ ਪੰਚ, ਸੁਮਨ ਆਸ਼ਾ ਵਰਕਰ ਅਤੇ ਪਿੰਡ ਵਾਸੀ ਹਾਜ਼ਰ ਸਨ।

# ਸੰਤ ਬਾਬਾ ਜਵਾਹਰ ਦਾਸ ਦਾ ਯਾਦਗਾਰੀ ਸਮਾਗਮ ਕਰਵਾਇਆ

**ਅੱਡਾ ਸਰਾਂ (ਜਸਵੀਰ ਕਾਜਲ)**- ਪਿੰਡ ਨਰਿਆਲਾ ਮੁਰਾਦਪੁਰ ਵਿਖੇ ਸਥਿਤ ਸੰਤ ਬਾਬਾ ਜਵਾਹਰ ਦਾਸ ਜੀ ਨਰਿਆਲਾ ਵਾਲਿਆਂ ਦੀ 97ਵੀਂ ਬਰਸੀ ਨੂੰ ਸਮਰਪਿਤ ਸਾਲਾਨਾ ਗੁਰਮਤਿ ਸਮਾਗਮ 1 ਮਈ ਨੂੰ ਕਰਵਾਇਆ ਗਿਆ ਜਿਸ ਦੌਰਾਨ ਵੱਡੀ ਗਿਣਤੀ ਵਿੱਚ ਸੰਗਤਾਂ ਨੇ ਹਾਜ਼ਰੀ ਲਗਵਾਈ। ਗੁਰਦੁਆਰਾ ਪ੍ਰਬੰਧਕ ਕਮੇਟੀ, ਪ੍ਰਵਾਸੀ ਭਾਰਤੀਆਂ ਤੇ ਨਗਰ



ਨਿਵਾਸੀਆਂ ਦੇ ਸਹਿਯੋਗ ਨਾਲ ਸਵੇਰੇ 10 ਵਜੇ ਤੋਂ ਸ਼ਾਮ 4 ਵਜੇ ਤੱਕ ਕਰਵਾਏ ਗਏ ਸਮਾਗਮ ਸਭ ਤੋਂ ਪਹਿਲਾਂ ਰੱਖੇ ਗਏ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ ਉਪਰੰਤ ਸਜਾਏ ਗਏ ਖੁੱਲ੍ਹੇ ਪੰਡਾਲ ਦੇ ਦੀਵਾਨ ਵਿੱਚ ਭਾਈ ਹਰਪਾਲ ਸਿੰਘ ਫਤਿਹਗੜ੍ਹ ਸਾਹਿਬ ਵਾਲੇ, ਭਾਈ ਰਵਿੰਦਰ ਸਿੰਘ ਜੋਨੀ ਬਾਬਾ ਨਾਨਕਸਰ ਵਾਲੇ, ਕੀਰਤਨੀ ਜਥਾ ਭਾਈ ਹਰਵਿੰਦਰ ਸਿੰਘ ਦਸੂਹੇ ਵਾਲੇ, ਕਵੀਸ਼ਰੀ ਜਥਾ ਭਾਈ ਸਤਨਾਮ ਸਿੰਘ ਪੰਡੋਰੀ ਨਕੋਦਰ ਵਾਲੇ, ਢਾਡੀ ਜਥਾ ਭਾਈ ਗੁਰਪ੍ਰਤਾਪ ਸਿੰਘ ਪਦਮ, ਸ੍ਰੀ ਅੰਮ੍ਰਿਤਸਰ ਸਾਹਿਬ ਵਾਲੇ, ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਪੰਡੋਰੀ ਖਜੂਰ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਪਬਲਿਕ ਸਕੂਲ ਨੈਨੋਵਾਲ ਵੈਦ ਦੇ ਵਿਦਿਆਰਥੀਆਂ ਸਮੂਹ ਸੰਗਤ ਨੂੰ ਗੁਰਬਾਣੀ ਕੀਰਤਨ ਅਤੇ ਗੁਰਮਤਿ ਵਿਚਾਰਾਂ ਦੁਆਰਾ ਨਿਹਾਲ ਕਰਦੇ ਹੋਏ ਗੁਰੂ ਚਰਨਾਂ ਨਾਲ ਜੋੜਿਆ। ਸਮਾਗਮ ਦੌਰਾਨ ਸਕੱਤਰ ਦੀ ਭੂਮਿਕਾ ਨਿਭਾ ਰਹੇ ਭਾਈ ਅਕਬਰ ਸਿੰਘ ਬੂਰੇ ਜੱਟਾਂ ਨੇ ਜਿੱਥੇ ਸੰਤ ਬਾਬਾ ਜਵਾਹਰ ਦਾਸ ਦੇ ਜੀਵਨ 'ਤੇ ਚਾਨਣਾ ਪਾਇਆ ਉੱਥੇ ਹੀ ਉਹਨਾਂ ਨੇ ਸਮੂਹ ਸੰਗਤ ਨੂੰ ਸੰਤਾਂ ਮਹਾਂਪੁਰਸ਼ਾਂ ਦੇ ਜੀਵਨ ਤੋਂ ਪ੍ਰੇਰਨਾ ਲੈ ਕੇ ਸੇਵਾ ਤੇ ਸਿਮਰਨ ਨਾਲ ਜੁੜਨ ਲਈ ਕਿਹਾ। ਇਸ ਮੌਕੇ ਮੁੱਖ ਸੇਵਾਦਾਰ ਭਾਈ ਮੱਖਣ ਸਿੰਘ, ਭਾਈ ਹਰ ਅਵਤਾਰ ਸਿੰਘ ਸੀਕਰੀ, ਮੰਗਤ ਸਿੰਘ, ਬਲਵਿੰਦਰ ਸਿੰਘ, ਬਲਵੀਰ ਸਿੰਘ, ਬਲਕਾਰ ਸਿੰਘ ਨਰਿਆਲ , ਜਗਜੀਤ ਸਿੰਘ ਸੋਡੀ,ਨਰਿੰਦਰ ਸਿੰਘ, ਹਰਪ੍ਰੀਤ ਸਿੰਘ, ਸੁਦਾਗਰ ਸਿੰਘ,ਬਲਵੀਰ ਸਿੰਘ ਨਰਿਆਲ, ਜਗਰੂਪ ਸਿੰਘ, ਬਲਰੂਪ ਸਿੰਘ, ਮੱਖਣ ਸਿੰਘ ਮੁਰਾਦਪੁਰ ਨਰਿਆਲ ਤੋਂ ਇਲਾਵਾ ਇਲਾਕੇ ਭਰ ਦੀਆਂ ਸੰਗਤਾਂ ਹਾਜ਼ਰ ਸਨ। ਇਸ ਮੌਕੇ ਚਾਹ ਪਕੌੜੇ, ਠੰਢੇ ਮਿੱਠੇ ਜਲ ਦੀ ਛਬੀਲ ਤੇ ਗੁਰੂ ਦੇ ਲੰਗਰ ਅਤੁੱਟ ਵਰਤਾਏ ਗਏ।

# ਸੰਤ ਬਾਬਾ ਭਾਗ ਸਿੰਘ 'ਵਰਸਿਟੀ ਖਿਆਲਾ 'ਚ ਸਕਾਊਟਿੰਗ 'ਤੇ ਸੈਮੀਨਾਰ




**ਆਦਮਪੁਰ (ਪਰਮਜੀਤ ਸਿੰਘ)**- ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ ਖਿਆਲਾ ਦੇ ਸਤਿਕਾਰ ਯੋਗ ਸੰਤ ਬਾਬਾ ਮਲਕੀਤ ਸਿੰਘ (ਬਾਨੀ ਚਾਂਸਲਰ) ਅਤੇ ਸੰਤ ਬਾਬਾ ਦਿਲਾਵਰ ਸਿੰਘ (ਬ੍ਰਹਮ ਜੀ) ਦੇ ਆਸ਼ੀਰਵਾਦ ਨਾਲ ਚਾਂਸਲਰ ਸੰਤ ਮਨਮੋਹਨ ਸਿੰਘ ਅਤੇ ਉਪ-ਕੁਲਪਤੀ ਡਾ. ਧਰਮਜੀਤ ਸਿੰਘ ਪਰਮਾਰ, ਹਰਦਮਨ ਸਿੰਘ ਮਿਨਹਾਸ (ਸਕੱਤਰ) ਦੇ ਦਿਸ਼ਾ ਨਿਰਦੇਸ਼ ਤਹਿਤ 28 ਅਪ੍ਰੈਲ ਨੂੰ 'ਜਾਇਨ ਸਕਾਊਟਿੰਗ ਐਂਡ ਚੇਂਜ ਯੂਅਰ ਲਾਈਫ' ਵਿਸ਼ੇ ਉੱਤੇ ਸੈਮੀਨਾਰ ਕਰਵਾਇਆ ਗਿਆ।ਇਸ ਮੌਕੇ ਯੂਨੀਵਰਸਿਟੀ ਦੇ ਡੀਨ ਅਕਾਦਮਿਕਸ ਡਾ. ਵਿਜੈ ਧੀਰ ਨੇ ਆਪਣੇ ਸੰਬੋਧਨ ਵਿਚ ਆਏ ਹੋਏ ਮੁਖ ਮਹਿਮਾਨ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਸਕਾਊਟਿੰਗ ਵਰਗੀਆਂ ਸਰਗਰਮੀਆਂ ਵਿਦਿਆਰਥੀਆਂ ਵਿੱਚ ਨਾ ਸਿਰਫ਼ ਆਤਮ ਵਿਸ਼ਵਾਸ ਵਧਾਉਂਦੀਆਂ ਹਨ ਬਲਕਿ ਉਨ੍ਹਾਂ ਨੂੰ ਸਮਾਜ ਲਈ ਜ਼ਿੰਮੇਵਾਰ ਬਣਾਉਣ ਵਿੱਚ ਵੀ ਸਹਾਇਕ ਹੁੰਦੀਆਂ ਹਨ।ਸੈਮੀਨਾਰ ਵਿੱਚ ਵਿਦਿਆਰਥੀਆਂ ਨੂੰ ਸਕਾਊਟਿੰਗ ਦੇ ਮਹੱਤਵ, ਆਤਮ-ਨਿਰਭਰਤਾ ਅਤੇ ਸੇਵਾ ਭਾਵਨਾ ਵੱਲ ਉਤਸ਼ਾਹਿਤ ਕੀਤਾ ਗਿਆ। ਮੁੱਖ ਵਕਤਾ ਵਜੋਂ ਪ੍ਰਸਿੱਧ ਸਕਾਊਟਿੰਗ ਮਾਹਿਰ ਓਂਕਾਰ ਸਿੰਘ ਨੇ ਆਪਣੇ ਵਿਚਾਰ ਸਾਂਝੇ ਕੀਤੇ।ਉਨ੍ਹਾਂ ਨੇ ਕਿਹਾ ਸਕਾਊਟਿੰਗ ਸਿਰਫ਼ ਇੱਕ ਗਤੀਵਿਧੀ ਨਹੀਂ ਬਲਕਿ ਇੱਕ ਜੀਵਨ ਜੀਉਣ ਦੀ ਕਲਾ ਹੈ ਜੋ ਵਿਅਕਤੀ ਨੂੰ ਆਤਮ-ਨਿਰਭਰ ਅਤੇ ਜ਼ਿੰਮੇਵਾਰ ਨਾਗਰਿਕ ਬਣਾਉਂਦੀ ਹੈ।ਇਸ ਮੌਕੇ ਪਵਨ ਕੁਮਾਰ ਡੀ.ਓ.ਸੀ ਨਵਾਂਸ਼ਹਿਰ ਯੂਨੀਵਰਸਿਟੀ ਦੇ ਰਜਿਸਟਰਾਰ ਡਾ. ਵਿਕਾਸ ਸ਼ਰਮਾ, ਰੂਪ ਸਿੰਘ (ਡਿਪਟੀ ਰਜਿਸਟਰਾਰ) ਸਰੀਰਕ ਸਿੱਖਿਆ ਅਤੇ ਖੇਡ ਵਿਭਾਗ ਵਿਭਾਗ ਦੇ ਡਾਇਰੈਕਟਰ ਡਾ.ਅਮਰਜੀਤ ਸਿੰਘ ਐਸੋਸੀਏਟ ਪ੍ਰੋ. ਕੇ. ਪੀ.ਐਸ ਮਾਹੀ ਅਤੇ ਵੱਖ-ਵੱਖ ਵਿਭਾਗਾਂ ਦੇ ਡੀਨ ਪ੍ਰੋਫੈਸਰ ਸਹਿਬਾਨ ਵੀ ਹਾਜ਼ਰ ਸਨ। ਇਹ ਸੈਮੀਨਾਰ ਐਸੋਸੀਏਟ ਪ੍ਰੋ. ਡਾ.ਸੁਰਿੰਦਰ ਕੌਰ ਮਾਹੀ ਦੀ ਨਿਗਰਾਨੀ ਹੇਠ ਹੋਇਆ। ਡਾ.ਸਰਬਜੀਤ ਸਿੰਘ ਨੇ ਮੰਚ ਸੰਚਾਲਨ ਦੀ ਭੂਮਿਕਾ ਨਿਭਾਈ।

# ਵਿਰੋਧ ਪ੍ਰਦਰਸ਼ਨ ਨੇ ਡੈਮ ਦੀ ਰੱਖਿਆ ਲਈ ਖ਼ਤਰਾ ਪੈਦਾ ਕੀਤਾ : ਤਲਵਾੜ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**— ਭਾਰਤ ਅਤੇ ਪਾਕਿਸਤਾਨ ਵਿਚਕਾਰ ਤਣਾਅ ਦੇ ਕਾਰਨ, ਸਰਹੱਦੀ ਰਾਜ ਪੰਜਾਬ ਦੇ ਸਾਰੇ ਡੈਮ ਅਤੇ ਜਲ ਭੰਡਾਰ ਦੁਸ਼ਮਣ ਦੇ ਨਿਸ਼ਾਨੇ 'ਤੇ



ਰਹਿੰਦੇ ਹਨ, ਇਸ ਲਈ ਸਰਕਾਰ ਉਨ੍ਹਾਂ ਦੇ ਸੁਰੱਖਿਆ ਪ੍ਰਬੰਧਾਂ ਦਾ ਧਿਆਨ ਰੱਖਦੀ ਹੈ, ਇੱਥੋਂ ਤੱਕ ਕਿ ਕੋਈ ਆਮ ਆਦਮੀ ਇਸ ਖੇਤਰ ਵਿੱਚ ਫੋਟੋਗ੍ਰਾਫੀ ਨਹੀਂ ਕਰ ਸਕਦਾ ਜਾਂ ਆਪਣਾ ਵਾਹਨ ਖੜ੍ਹਾ ਨਹੀਂ ਕਰ ਸਕਦਾ, ਪਰ ਬੀਤੇ ਕੱਲ੍ਹ ਮੌਜੂਦਾ ਮੁੱਖ ਮੰਤਰੀ ਪੰਜਾਬ ਨੇ ਪਾਣੀ ਦੇ ਮੁੱਦੇ 'ਤੇ ਡੈਮ 'ਤੇ ਵਿਰੋਧ ਪ੍ਰਦਰਸ਼ਨ ਕੀਤਾ ਅਤੇ ਉਨ੍ਹਾਂ ਦੇ ਵਰਕਰਾਂ ਨੇ ਲਾਈਵ ਕਵਰੇਜ ਰਾਹੀਂ ਸੋਸ਼ਲ ਮੀਡੀਆ 'ਤੇ ਸਾਰੀ ਜਾਣਕਾਰੀ ਸਾਂਝੀ ਕੀਤੀ, ਜਿਸ ਕਾਰਨ ਕੋਈ ਵੀ ਸ਼ਰਾਰਤੀ ਅਨਸਰ ਸੋਸ਼ਲ ਮੀਡੀਆ ਰਾਹੀਂ ਡੈਮ ਦੇ ਹਰ ਕੋਨੇ ਬਾਰੇ ਜਾਣਕਾਰੀ ਪ੍ਰਾਪਤ ਕਰ ਸਕਦਾ ਹੈ। ਇਹ ਰਾਸ਼ਟਰੀ ਸੁਰੱਖਿਆ ਵਿੱਚ ਇੱਕ ਬਹੁਤ ਵੱਡੀ ਗਲਤੀ ਹੈ ਅਤੇ ਇਸ ਵੱਲ ਧਿਆਨ ਦੇਣਾ ਜ਼ਰੂਰੀ ਹੈ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਸੀਨੀਅਰ ਆਗੂ ਸੰਜੀਵ ਤਲਵਾੜ ਨੇ ਕੀਤਾ।

# ਕਣਕ ਦੀ ਸੰਭਾਲ ਲਈ ਤਰਪਾਲਾਂ ਦਾ ਲੋੜੀਂਦਾ ਪ੍ਰਬੰਧ : ਡਿਪਟੀ ਕਮਿਸ਼ਨਰ

**ਐਸ ਏ ਐਸ ਨਗਰ (ਗੁਰਜੀਤ ਬਿੱਲਾ)**— ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨੇ ਦੱਸਿਆ ਜ਼ਿਲ੍ਹੇ ਵਿੱਚ ਕਣਕ ਦੀ ਸਰਕਾਰੀ ਖਰੀਦ ਦੀ ਪ੍ਰਕਿਰਿਆ ਸੁਚੱਜੇ ਢੰਗ ਨਾਲ ਚੱਲ ਰਹੀ ਹੈ ਅਤੇ ਕਿਸਾਨਾਂ ਦੇ ਖਾਤਿਆਂ ਵਿੱਚ ਕਣਕ ਦੀ ਅਦਾਇਗੀ ਦੇ 254.76 ਕਰੋੜ ਰੁਪਏ ਪਾ ਦਿੱਤੇ ਗਏ ਹਨ। ਉਨ੍ਹਾਂ ਦੱਸਿਆ



ਕਿ ਜ਼ਿਲ੍ਹੇ ਵਿੱਚ ਹੁਣ ਤੱਕ ਖਰੀਦੀ ਗਈ ਕਣਕ ਦੀ ਅਦਾਇਗੀ ਦੇ ਰੂਪ ਵਜੋਂ ਕਿਸਾਨਾ ਨੂੰ 48 ਘੰਟੇ ਮੁਤਾਬਿਕ 102 ਫੀਸਦੀ ਦੀ ਅਦਾਇਗੀ ਕੀਤੀ ਜਾ ਚੁੱਕੀ ਹੈ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਖ਼ਰਾਬ ਮੌਸਮ ਕਾਰਨ ਕਣਕ ਨੂੰ ਭਿੱਜਣ ਤੋਂ ਬਚਾਉਣ ਲਈ ਸਾਰੇ ਖਰੀਦ ਕੇਂਦਰਾਂ ਵਿੱਚ ਮਾਰਕੀਟ ਕਮੇਟੀਆਂ, ਸਮੂਹ ਖਰੀਦ ਏਜੰਸੀਆਂ, ਆੜ੍ਹਤੀਆਂ ਅਤੇ ਕਿਸਾਨਾਂ ਵੱਲੋਂ ਤਰਪਾਲਾਂ ਆਦਿ ਦੇ ਸੁਚੱਜੇ ਪ੍ਰਬੰਧ ਵੀ ਕੀਤੇ ਗਏ ਹਨ ਅਤੇ ਬਾਰਿਸ਼ ਕਾਰਨ ਕਣਕ ਨੂੰ ਕੋਈ ਜ਼ਿਆਦਾ ਨੁਕਸਾਨ ਨਹੀਂ ਹੋਇਆ ਹੈ।ਡਿਪਟੀ ਕਮਿਸ਼ਨਰ ਸ਼੍ਰੀਮਤੀ ਕੋਮਲ ਮਿੱਤਲ ਨੇ ਦੱਸਿਆ ਕਿ ਜ਼ਿਲ੍ਹੇ ਦੀਆਂ ਮੰਡੀਆਂ 'ਚ ਹੁਣ ਤੱਕ 1,31,120 ਮੀਟ੍ਰਿਕ ਟਨ ਕਣਕ ਦੀ ਆਮਦ ਹੋ ਚੁੱਕੀ ਹੈ, ਜਿਸਦੀ 100 ਫੀਸਦੀ ਖਰੀਦ ਕੀਤੀ ਜਾ ਚੁੱਕੀ ਹੈ, ਜਿਸ ਵਿਚੋਂ 76 ਫੀਸਦੀ ਕਣਕ ਦੀ ਲਿਫਟਿੰਗ ਹੋ ਚੁੱਕੀ ਹੈ। ਉਨ੍ਹਾਂ ਦੱਸਿਆ ਕਿ ਪਨਗਰੇਨ ਵੱਲੋਂ 30,886 ਮੀਟ੍ਰਿਕ ਟਨ, ਮਾਰਕਫੈੱਡ ਵੱਲੋਂ 24,270 ਮੀਟ੍ਰਿਕ ਟਨ, ਪਨਸਪ ਵੱਲੋਂ 24, 957 ਮੀਟ੍ਰਿਕ ਟਨ, ਪੰਜਾਬ ਸਟੇਟ ਵੇਅਰ ਹਾਊਸ ਕਾਰਪੋਰੇਸ਼ਨ ਵੱਲੋਂ 15, 585 ਮੀਟ੍ਰਿਕ ਟਨ ਅਤੇ ਐਫ.ਸੀ.ਆਈ. ਵੱਲੋਂ 10, 382 ਮੀਟ੍ਰਿਕ ਟਨ ਅਤੇ ਵਪਾਰੀ ਵਰਗ ਵੱਲੋਂ 25,240 ਮੀਟਰਕ ਟਨ ਕਣਕ ਦੀ ਖਰੀਦ ਕੀਤੀ ਗਈ ਹੈ।ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਹੁਣ ਹਾੜ੍ਹੀ ਦਾ ਸੀਜ਼ਨ ਆਪਣੇ ਅੰਤਮ ਪੜਾਅ ਵੱਲ ਵੱਧ ਰਿਹਾ ਹੈ ਜਿਸ ਕਰਕੇ ਸਰਕਾਰੀ ਖਰੀਦ ਏਜੰਸੀਆਂ ਨੂੰ ਹੁਣ ਜਲਦ ਤੋਂ ਜਲਦ ਲਿਫ਼ਟਿੰਗ ਕਰਨ ਦੀ ਹਦਾਇਤ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਕਣਕ ਦੀ ਖਰੀਦ ਸੀਜ਼ਨ ਦੇ ਅਖੀਰ ਤੱਕ ਇਸੇ ਤਰ੍ਹਾਂ ਹੀ ਪ੍ਰਭਾਵਸ਼ਾਲੀ ਸੇਵਾਵਾਂ ਦਿੱਤੀਆਂ ਜਾਣਗੀਆਂ ਅਤੇ ਜ਼ਿਲ੍ਹੇ ਦੀ ਕਿਸੇ ਵੀ ਮੰਡੀ ਵਿੱਚ ਕਿਸਾਨਾਂ ਨੂੰ ਪਰੇਸ਼ਾਨੀ ਦਾ ਸਾਹਮਣਾ ਨਹੀਂ ਕਰਨ ਦਿੱਤਾ ਜਾਵੇਗਾ।

# ਸਤਵੰਤ ਸਿੰਘ ਸਿਆਣ ਬਣੇ ਨਸ਼ਾ ਮੁਕਤੀ ਮੋਰਚਾ ਦੇ ਜ਼ਿਲ੍ਹਾ ਕੋਆਰਡੀਨੇਟਰ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਪੰਜਾਬ ਦੀ ਆਮ ਆਦਮੀ ਪਾਰਟੀ ਸਰਕਾਰ ਵੱਲੋਂ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਹੋਰ ਪ੍ਰਭਾਵਸ਼ਾਲੀ ਬਣਾਉਣ ਲਈ



ਜ਼ਿਲ੍ਹਾ ਪੱਧਰੀ ਨਸ਼ਾ ਮੁਕਤੀ ਮੋਰਚਾ ਦਾ ਗਠਨ ਕੀਤਾ ਗਿਆ ਹੈ ਜਿਸ ਅਧੀਨ ਜ਼ਿਲ੍ਹਾ ਹੁਸ਼ਿਆਰਪੁਰ ਦੇ ਕੋਆਰਡੀਨੇਟਰ ਵੱਜੋਂ ਸੀਨੀਅਰ ਆਪ ਆਗੂ ਤੇ ਸੂਬਾ ਸਕੱਤਰ ਸਤਵੰਤ ਸਿੰਘ ਸਿਆਣ ਨੂੰ ਜ਼ਿੰਮੇਵਾਰੀ ਸੌਂਪੀ ਗਈ ਹੈ। ਸਿਆਣ ਨੇ ਦੱਸਿਆ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਵੱਲੋਂ ਪਾਰਟੀ ਪ੍ਰਧਾਨ ਅਰਵਿੰਦ ਕੇਜਰੀਵਾਲ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਪੰਜਾਬ ਨੂੰ ਨਸ਼ਾ ਮੁਕਤ ਕਰਨ ਦੇ ਮੰਤਵ ਨੂੰ ਲੈ ਕੇ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਚਲਾਈ ਗਈ ਹੈ ਜਿਸ ਦੇ ਵਧੀਆ ਨਤੀਜੇ ਸਾਹਮਣੇ ਆ ਰਹੇ ਹਨ। ਸਮੁੱਚੇ ਪੰਜਾਬ ਇਸ ਮੁਹਿੰਮ ਨੂੰ ਹੋਰ ਪ੍ਰਭਾਵਸ਼ਾਲੀ ਬਣਾਉਣ ਲਈ ਨਸ਼ਾ ਮੁਕਤੀ ਮੋਰਚਿਆਂ ਦਾ ਗਠਨ ਕੀਤਾ ਗਿਆ ਹੈ। ਉਹਨਾਂ ਦੱਸਿਆ ਕਿ ਪਾਰਟੀ ਪ੍ਰਧਾਨ ਅਮਨ ਅਰੋੜਾ ਕੈਬਨਿਟ ਮੰਤਰੀ ਅਤੇ ਕਾਰਜਕਾਰੀ ਪ੍ਰਧਾਨ ਅਮਨ ਸ਼ੇਰ ਸਿੰਘ ਕਲਸੀ ਵਿਧਾਇਕ ਬਟਾਲਾ ਵੱਲੋਂ ਉਹਨਾਂ ਨੂੰ ਜ਼ਿਲ੍ਹਾ ਹੁਸ਼ਿਆਰਪੁਰ ਦੇ ਕੋਆਰਡੀਨੇਟਰ ਵੱਜੋਂ ਜਿੰਮੇਵਾਰੀ ਸੌਂਪੀ ਗਈ ਹੈ ਜਿਸ ਨੂੰ ਉਹ ਪੂਰੀ ਤਨਦੇਹੀ ਨਾਲ ਨਿਭਾਉਣਗੇ ਅਤੇ ਜ਼ਿਲੇ ਦੇ ਹਰ ਵਿਧਾਨ ਸਭਾ ਹਲਕਿਆਂ, ਤਹਿਸੀਲ, ਬਲਾਕ ਅਤੇ ਵਾਰਡ ਪੱਧਰ ਤੇ ਇਸ ਮੁਕਤੀ ਮੋਰਚਾ ਦੇ ਜਥੇਬੰਦਕ ਢਾਂਚੇ ਦਾ ਗਠਨ ਕੀਤਾ ਜਾਵੇਗਾ ਤਾਂ ਜੋ ਪੁਲਸ ਅਤੇ ਸਿਵਲ ਪ੍ਰਸ਼ਾਸਨ ਦੇ ਕੋਆਰਡੀਨੇਸ਼ਨ ਦੇ ਨਾਲ ਪੰਜਾਬ ਸਰਕਾਰ ਦੀ ਯੁੱਧ ਨਸ਼ਿਆਂ ਵਿਰੁੱਧ ਇਸ ਮੁਹਿੰਮ ਨੂੰ ਸਫਲ ਬਣਾਇਆ ਜਾ ਸਕੇ ।

# ਸਿਲਵਰ ਓਕ ਸਕੂਲ 'ਚ ਵਿਦਿਆਰਥੀ ਕੌਂਸਲ ਦੀ ਚੋਣ



**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਓਂਕਾਰ ਸਿੰਘ)**- ਇਲਾਕੇ ਦੀ ਪ੍ਰਮੁੱਖ ਸਿੱਖਿਆ ਸੰਸਥਾ ਸਿਲਵਰ ਓਕ ਇੰਟਰਨੈਸ਼ਨਲ ਸੀਨੀਅਰ ਸੈਕੰਡਰੀ ਸਕੂਲ, ਸ਼ਾਹਬਾਜ਼ਪੁਰ ਵਿੱਚ ਬੜੀ ਸ਼ਾਨੋ-ਸ਼ੌਕਤ ਨਾਲ ਵਿਦਿਆਰਥੀ ਕੌਂਸਲ ਦੀ ਚੋਣ ਹੋਈ। ਸੰਸਥਾ ਦੀ ਪ੍ਰਿੰਸੀਪਲ ਮੁਨੀਸ਼ਾ ਸੰਗਰ ਦੀ ਅਗਵਾਈ ਵਿਚ ਇਹ ਪ੍ਰੋਗਰਾਮ ਬੜੀ ਸਫਲਤਾ ਪੂਰਵਕ ਨੇਪਰੇ ਚੜ੍ਹਿਆ। ਪ੍ਰਿੰਸੀਪਲ ਮੁਨੀਸ਼ਾ ਸੰਗਰ ਨੇ ਦੱਸਿਆ ਤੇ ਇਸ ਖਾਸ ਮੌਕੇ ਤੇ ਮੁੱਖ ਮਹਿਮਾਨ ਵਜੋਂ ਸੰਸਥਾ ਦੇ ਚੇਅਰਮੈਨ ਤਰਲੋਚਨ ਸਿੰਘ ਨੇ ਸ਼ਿਰਕਤ ਕੀਤੀ। ਪ੍ਰਿੰਸੀਪਲ ਨੇ ਵਿਦਿਆਰਥੀ ਕੌਂਸਲ ਦੀ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਸਕੂਲ ਦੇ ਹੋਣਹਾਰ ਵਿਦਿਆਰਥੀਆਂ ਗੁਰਜੋਤ ਸਿੰਘ ਅਤੇ ਅਸ਼ਨੂਰ ਹੁੰਦਲ ਨੇ ਸਕੂਲ ਕੈਪਟਨ ਵਜੋਂ ਜ਼ਿੰਮੇਵਾਰੀ ਸੰਭਾਲੀ। ਸਿਮਰਦੀਪ ਸਿੰਘ ਅਤੇ ਅਵਨੀਤ ਕੌਰ ਔਲਖ ਵਾਈਸ ਕੈਪਟਨ ਬਣੇ। ਵਿਸ਼ਵਪ੍ਰੀਤ ਸਿੰਘ ਭੇਲਾ, ਤਰਨਪ੍ਰੀਤ ਸਿੰਘ, ਅਮਿਤਜੋਤ ਸਿੰਘ, ਗੁਰਸੇਵਕ ਸਿੰਘ, ਜਸਕਰਨ ਸਿੰਘ, ਟਵਿੰਕਲ ਸੈਣੀ, ਗੀਤੀ ਪੰਡਿਤ, ਮਨਜੋਤ ਕੌਰ, ਨਵਨੀਤ ਕੌਰ ਅਤੇ ਵੰਸ਼ਿਕਾ ਨੇ ਡਿਸਿਪਲਨ ਕੈਪਟਨ ਦੀ ਜ਼ਿੰਮੇਵਾਰੀ ਸਾਂਭੀ। ਸੰਦੀਪ ਕੌਰ, ਸ਼ਨਮੀਤ ਕੌਰ, ਰਮਨਪ੍ਰੀਤ ਕੌਰ ਸਪੋਰਟਸ ਕੈਪਟਨ ਚੁਣੇ ਗਏ। ਅੰਮ੍ਰਿਤਪ੍ਰੀਤ ਕੌਰ, ਰਿਤਿਕਾ ਅਤੇ ਨਮੀਸ਼ਾ ਜੈਨ ਨੇ ਸੀਸੀਏ ਕੈਪਟਨਸ਼ਿਪ ਦੀ ਜ਼ਿੰਮੇਵਾਰੀ ਸੰਭਾਲੀ। ਇਸ ਮੌਕੇ ਮੁੱਖ ਮਹਿਮਾਨ ਤਰਲੋਚਨ ਸਿੰਘ ਨੇ ਬੱਚਿਆਂ ਨੂੰ ਮੁਬਾਰਕਬਾਦ ਦਿੰਦੇ ਹੋਏ ਕਿਹਾ ਕਿ ਸਕੂਲ ਕੈਪਟਨ ਦੀ ਚੋਣ ਇੱਕ ਬਹੁਤ ਵੱਡੀ ਜ਼ਿੰਮੇਵਾਰੀ ਹੁੰਦੀ ਹੈ। ਇਸ ਮੌਕ ਮੈਨੇਜਰ ਗਜਿੰਦਰ ਪਾਲ ਸਿੰਘ, ਤਰਨ ਸੈਣੀ, ਬਿਕਰਮਜੀਤ ਸਿੰਘ ਭੇਲਾ, ਸੰਜੀਵ ਕੁਮਾਰ ਸ਼ਰਮਾ, ਅਮਰਜੀਤ ਕੌਰ ਸੈਣੀ, ਜਗਬੰਧਨ ਸਿੰਘ, ਰਾਜਵੀਰ ਕੌਰ, ਰਾਜਵਿੰਦਰ ਕੌਰ, ਗੁਰਪ੍ਰੀਤ, ਵਿਸ਼ਾਲੀ, ਸੁਮੀਤ, ਪਰਮਜੀਤ, ਕੰਚਨ ਖੁਰਾਨਾ, ਹਰਜੀਤ ਅਤੇ ਬਾਕੀ ਸਟਾਫ਼ ਵੀ ਮੌਜੂਦ ਸੀ।

# ਵਿਧਾਇਕ ਨੇ ਠੱਕਰਵਾਲ ਦੇ ਪੰਚਾਇਤ ਘਰ ਤੇ ਜਿੰਮ ਨਿਰਮਾਣ ਕੰਮਾਂ ਦਾ ਲਿਆ ਜਾਇਜ਼ਾ

**ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ)** "ਮੈਂ ਆਪਣੇ ਹਲਕਾ ਚੱਬੇਵਾਲ ਦੇ ਹਰ ਪਿੰਡ ਦੇ ਸਰਵਪੱਖੀ ਵਿਕਾਸ ਦੇ ਲਕਸ਼ ਨਾਲ ਕੰਮ ਕਰ ਰਿਹਾ ਹਾਂ," ਇਹ ਵਿਚਾਰ ਚੱਬੇਵਾਲ ਵਿਧਾਨ ਸਭਾ ਹਲਕੇ ਦੇ ਵਿਧਾਇਕ ਡਾ. ਈਸ਼ਾਂਕ ਨੇ ਪਿੰਡ ਠੱਕਰਵਾਲ ਦੇ ਦੌਰੇ ਦੌਰਾਨ ਉੱਥੇ ਚੱਲ



ਰਹੇ ਵਿਕਾਸ ਕਾਰਜਾਂ ਦੀ ਜਾਂਚ ਕਰਦਿਆਂ ਪ੍ਰਗਟ ਕੀਤੇ। ਡਾ. ਈਸ਼ਾਂਕ ਨੇ ਪਿੰਡ ਵਿੱਚ ਬਣ ਰਹੇ ਪੰਚਾਇਤ ਘਰ ਦੀ ਸਾਈਟ ਦਾ ਦੌਰਾ ਕੀਤਾ ਅਤੇ ਨਿਰਮਾਣ ਸਥਲ 'ਤੇ ਚੱਲ ਰਹੇ ਕੰਮ ਦੀ ਪ੍ਰਗਤੀ ਬਾਰੇ ਜਾਣਕਾਰੀ ਲਈ ਅਤੇ ਨਾਲ ਹੀ ਉਨ੍ਹਾਂ ਨੇ ਪਿੰਡ ਵਿੱਚ ਬਣ ਰਹੇ ਨਵੇਂ ਜਿਮ ਦੀ ਨਿਰਮਾਣ ਪ੍ਰਕਿਰਿਆ ਦਾ ਵੀ ਜਾਇਜ਼ਾ ਲਿਆ। ਇਸ ਮੌਕੇ 'ਤੇ ਪਿੰਡ ਦੇ ਸਰਪੰਚ ਜਸਵਿੰਦਰ ਸਿੰਘ ਵੀ ਮੌਜੂਦ ਸਨ। ਉਨ੍ਹਾਂ ਨੇ ਵਿਧਾਇਕ ਨੂੰ ਦੱਸਿਆ ਕਿ ਪੰਚਾਇਤ ਘਰ ਬਨਣ ਨਾਲ ਗ੍ਰਾਮੀਣ ਗਤੀਵਿਧੀਆਂ ਨੂੰ ਇੱਕ ਬਿਹਤਰ ਥਾਂ ਮਿਲੇਗੀ ਅਤੇ ਸਰਕਾਰੀ ਯੋਜਨਾਵਾਂ ਦੀ ਲਾਗੂ ਕਰਨ ਦੀ ਪ੍ਰਕਿਰਿਆ ਹੋਰ ਪ੍ਰਭਾਵਸ਼ਾਲੀ ਹੋਵੇਗੀ। ਡਾ. ਈਸ਼ਾਂਕ ਨੇ ਕਿਹਾ ਕਿ "ਪਿੰਡਾਂ ਦਾ ਵਿਕਾਸ ਹੀ ਅਸਲ ਤਰੱਕੀ ਹੈ"। ਵਿਧਾਇਕ ਨੇ ਕਿਹਾ ਕਿ ਨੌਜਵਾਨਾਂ ਨੂੰ ਖੇਡ ਅਤੇ ਫਿਟਨੈਸ ਵੱਲ ਪ੍ਰੇਰਿਤ ਕਰਨਾ ਸਰਕਾਰ ਦੀ ਪ੍ਰਾਥਮਿਕਤਾ ਹੈ। ਜਿਮ ਦੇ ਨਿਰਮਾਣ ਨਾਲ ਪਿੰਡ ਦੇ ਨੌਜਵਾਨਾਂ ਨੂੰ ਸਿਹਤ ਪ੍ਰਤੀ ਜਾਗਰੂਕ ਹੋਣ ਦਾ ਮੌਕਾ ਮਿਲੇਗਾ ਅਤੇ ਉਹ ਨਸ਼ਿਆਂ ਵਰਗੀਆਂ ਬੁਰਾਈਆਂ ਤੋਂ ਦੂਰ ਰਹਿਣਗੇ। ਡਾ. ਈਸ਼ਾਂਕ ਨੇ ਪਿੰਡ ਵਾਸੀਆਂ ਨਾਲ ਸੰਵਾਦ ਕਰਦਿਆਂ ਉਨ੍ਹਾਂ ਦੀਆਂ ਸਮੱਸਿਆਵਾਂ ਸੁਣੀਆਂ ਅਤੇ ਭਰੋਸਾ ਦਿੱਤਾ ਕਿ ਹਰ ਮੁੱਦੇ ਦਾ ਹੱਲ ਤਰਜੀਹ ਦੇ ਕੇ ਕੀਤਾ ਜਾਵੇਗਾ।

# ਗੁਰਮਤਿ ਸਮਾਗਮ ਕਰਵਾਇਆ

**ਮੋਹਾਲੀ ( .ਗੁਰਜੀਤ ਬਿੱਲਾ)**- ਇੱਥੋਂ ਨੇੜਲੇ ਪਿੰਡ ਸੋਹਾਣਾ ਦੇ ਇਤਿਹਾਸਕ ਗੁਰਦੁਆਰਾ ਸਿੰਘ ਸ਼ਹੀਦਾਂ ਵਿਖੇ ਪੰਜਵੇਂ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਗੁਰਮਤਿ ਸਮਾਗਮ ਦਾ ਆਯੋਜਨ ਬੜੀ ਸ਼ਰਧਾ ਭਾਵਨਾ ਨਾਲ ਉਤਸ਼ਾਹ ਪੂਰਵਕ ਕੀਤਾ ਗਿਆ । ਇਸ ਦਿਨ ਸਵੇਰੇ 9:00 ਵਜੇ ਸ੍ਰੀ ਸਹਿਜ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ, ਇਸ ਉਪਰੰਤ ਸਾਰਾ ਦਿਨ ਗੁਰਮਤਿ ਸਮਾਗਮ ਦਾ ਆਯੋਜਨ ਕੀਤਾ ਗਿਆ । ਇਸ ਗੁਰਮਤਿ




ਸਮਾਗਮ ਵਿੱਚ ਭਾਈ ਗੁਰਦੇਵ ਸਿੰਘ ਦੇ ਇੰਟਰਨੈਸ਼ਨਲ ਪੰਥਕ ਢਾਡੀ ਜੱਥੇ ਨੇ ਪੰਜਵੇਂ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਜੀਵਨ ਬ੍ਰਿਤਾਂਤ ਅਤੇ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਉਸਾਰੀ ਕਰਵਾਉਣ ਬਾਰੇ ਸੰਗਤਾਂ ਨੂੰ ਵਿਸਥਾਰ ਸਹਿਤ ਦੱਸਿਆ । ਭਾਈ ਸਵਿੰਦਰ ਸਿੰਘ ਦੇ ਜੱਥੇ ਨੇ ਆਪਣੇ ਰਸ ਭਿੰਨੇ ਕੀਰਤਨ ਨਾਲ ਸੰਗਤਾਂ ਨੂੰ ਇਲਾਹੀ ਬਾਣੀ ਨਾਲ ਗਵਾ ਕੇ ਗੁਰੂ ਨਾਲ ਜੋੜਨ ਦਾ ਉਪਰਾਲਾ ਕੀਤਾ । ਸ਼੍ਰੋਮਣੀ ਪ੍ਰਚਾਰਕ ਭਾਈ ਸੰਦੀਪ ਸਿੰਘ ਜੀ ਸ੍ਰੀ ਅਨੰਦਪੁਰ ਸਾਹਿਬ ਵਾਲਿਆਂ ਨੇ ਆਪਣੇ ਪਵਚਨਾ ਰਾਹੀ ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਉਚਾਰਨ ਧੁਰ ਬਾਣੀ ਦੇ 30 ਰਾਗਾਂ ਵਿੱਚ 2218 ਸ਼ਬਦ, ਸ੍ਰੀ ਸੁਖਮਨੀ ਸਾਹਿਬ ਜੀ, ਸ੍ਰੀ ਬਾਰਹ ਮਾਹ ਜੀ, ਸ੍ਰੀ ਸ਼ਬਦ ਹਜ਼ਾਰੇ ਜੀ ਜੋ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਵਿੱਚ ਬਿਰਾਜਮਾਨ ਹਨ ਉਨਾਂ ਬਾਰੇ ਸੰਗਤਾਂ ਵਿਸਥਾਰ ਸਹਿਤ ਜਾਣੂ ਕਰਵਾਇਆ। ਇਸ ਤੋਂ ਇਲਾਵਾ ਭਾਈ ਓਂਕਾਰ ਸਿੰਘ, ਭਾਈ ਬਹਾਦਰ ਸਿੰਘ, ਭਾਈ ਅਮਰਜੀਤ ਸਿੰਘ, ਭਾਈ ਗੁਰਵਿੰਦਰ ਸਿੰਘ, ਸੁਖਮਨੀ ਸੇਵਾ ਸੁਸਾਇਟੀ ਦੀਆਂ ਬੀਬੀਆਂ, ਭਾਈ ਪ੍ਰਿਤਪਾਲ ਸਿੰਘ, ਭਾਈ ਗੁਰਦੀਪ ਸਿੰਘ, ਭਾਈ ਜੁਝਾਰ ਸਿੰਘ , ਭਾਈ ਬਲਜੀਤ ਸਿੰਘ ਦੇ ਜੱਥਿਆਂ ਇਲਾਵਾ ਗੁਰਦੁਆਰਾ ਸਿੰਘ ਸ਼ਹੀਦਾਂ ਦੇ ਹਜ਼ੂਰੀ ਜੱਥੇ ਭਾਈ ਨਿਤਿੰਨ ਸਿੰਘ, ਭਾਈ ਗੁਰਮੀਤ ਸਿੰਘ, ਭਾਈ ਇੰਦਰਜੀਤ ਸਿੰਘ ਅਤੇ ਭਾਈ ਸੁਖਵਿੰਦਰ ਸਿੰਘ ਨੇ ਕਥਾ, ਕੀਰਤਨ, ਕਵੀਸ਼ਰੀ ਅਤੇ ਗੁਰਮਤਿ ਵਿਚਾਰਾਂ ਰਾਹੀਂ ਸੰਗਤਾਂ ਨੂੰ ਸਾਰਾ ਦਿਨ ਹਰਿ ਜਸ ਸੁਣਾ ਕੇ ਨਿਹਾਲ ਕੀਤਾ । ਸਾਰੇ ਜੱਥਿਆਂ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਗੁਰੂ ਕਾ ਲੰਗਰ ਸੰਗਤਾਂ ਨੂੰ ਅਤੁੱਟ ਵਰਤਾਇਆ ਗਿਆ ।

# ਠੇਕੇ ਦਾ ਢਾਂਚਾ ਚੁਕਵਾਉਣ ਲਈ ਨਗਰ ਕੌਂਸਲ ਨੂੰ ਭਲਕ ਦਾ ਅਲਟੀਮੇਟਮ



**ਫਿਲੌਰ (ਨਿਰਮਲ)**- ਲੋਕ ਇਨਸਾਫ਼ ਮੰਚ ਤਹਿਸੀਲ ਫਿਲੌਰ ਦੀ ਟੀਮ ਵੱਲੋਂ ਬੱਸ ਸਟਾਪ ਫਿਲੌਰ ਵਿਖੇ ਪੰਜਾਬ ਸਰਕਾਰ ਦੇ ਆਗੂਆਂ ਦੀ ਸ਼ਹਿ 'ਤੇ ਸ਼ਰਾਬ ਮਾਫ਼ੀਆ ਵਲੋਂ ਬਣਾਏ ਜਾ ਰਹੇ ਗੈਰ ਕਾਨੂੰਨੀ ਸ਼ਰਾਬ ਦੇ ਠੇਕੇ ਦਾ ਚਲਦਾ ਕੰਮ ਬੰਦ ਕਰਵਾ ਦਿੱਤਾ ਗਿਆ ਸੀ ਤੇ ਠੇਕੇਦਾਰਾਂ ਵਲੋਂ ਧੱਕੇ ਨਾਲ਼ ਰੱਖੀ ਗੈਰਕਾਨੂੰਨੀ ਸ਼ਰਾਬ ਵੀ ਚੁਕਵਾ ਦਿੱਤੀ ਗਈ ਸੀ ਤੇ ਪ੍ਰਸ਼ਾਸ਼ਨ ਵਲੋਂ ਗੈਰ ਕਾਨੂੰਨੀ ਢਾਂਚਾ ਜਿਹੜਾ ਠੇਕੇਦਾਰਾਂ ਵਲੋਂ ਬਣਾਇਆ ਗਿਆ ਸੀ, ਨੂੰ, ਢਾਹੁਣ ਲਈ ਪ੍ਰਸ਼ਾਸਨ ਵੱਲੋਂ 24 ਘੰਟੇ ਲਏ ਸਨ ਪਰ ਹੁਣ ਕਈ ਦਿਨ ਬੀਤ ਗਏ ਹਨ। ਇਸ ਸੰਬੰਧੀ ਇੱਕ ਮੰਗ ਪੱਤਰ ਨਗਰ ਕੌਂਸਲ ਫਿਲੌਰ ਦੇ ਪ੍ਰਧਾਨ ਮਹਿੰਦਰ ਲਾਲ ਚੁੰਬਰ ਨੂੰ ਦਿੱਤਾ ਗਿਆ ਤੇ ਲਿਖਤੀ ਅਲਟੀਮੇਟਮ ਰਾਹੀਂ ਚੇਤਾਵਨੀ ਦਿੱਤੀ ਕਿ ਅਗਰ ਗੈਰ ਕਾਨੂੰਨੀ ਢਾਂਚਾ 05 ਮਈ ਤੱਕ ਨਾ ਢਾਹਿਆ ਗਿਆ ਤਾਂ ਨਗਰ ਕੌਂਸਲ ਫਿਲੌਰ ਤੇ ਸਥਾਨਕ ਪ੍ਰਸਾਸ਼ਨ ਵਿਰੁੱਧ ਸੰਘਰਸ਼ ਕੀਤਾ ਜਾਵੇਗਾ। ਇਸ ਮੌਕੇ ਲੋਕ ਇਨਸਾਫ਼ ਮੰਚ ਤਹਿਸੀਲ ਫਿਲੌਰ ਦੇ ਪ੍ਰਧਾਨ ਜਰਨੈਲ ਫਿਲੌਰ, ਸਕੱਤਰ ਪਰਸ਼ੋਤਮ ਫਿਲੌਰ, ਸੀਨੀਅਰ ਮੀਤ ਪ੍ਰਧਾਨ ਹੰਸ ਰਾਜ ਸੰਤੋਖਪੁਰਾ, ਕੈਸ਼ੀਅਰ ਡਾਕਟਰ ਸੰਦੀਪ ਫਿਲੌਰ, ਅਮਰਜੀਤ ਲਾਡੀ, ਜਸਵੰਤ ਬੋਧ, ਹਨੀ ਸੰਤੋਖਪੁਰਾ, ਸੁਨੀਲ ਕੁਮਾਰ ਗੰਨਾ ਪਿੰਡ, ਕੋਰ ਕਮੇਟੀ ਮੈਂਬਰ ਡਾਕਟਰ ਅਸ਼ੋਕ ਕੁਮਾਰ, ਕੁਲਦੀਪ ਲੰਬਰਦਾਰ, ਸੋਮ ਨਾਥ, ਰਾਜ ਕੁਮਾਰ, ਰਾਮ ਲੁਭਾਇਆ ਸਾਬਕਾ ਸਰਪੰਚ ਭੈਣੀ, ਪਰਮਜੀਤ ਭੁੱਟੋ, ਇਕਬਾਲ ਸਿੰਘ ਭੈਣੀ, ਰਜਨੀਸ਼ ਕੁਮਾਰ, ਸਰੂਪ ਕਲੇਰ ਅਤੇ ਮੱਖਣ ਰਾਮ ਸੰਤੋਖਪੁਰਾ ਆਦਿ ਆਗੂਆਂ ਨੇ ਖਦਸ਼ਾ ਵੀ ਜ਼ਾਹਿਰ ਕੀਤਾ ਕਿ ਪ੍ਰਸਾਸ਼ਨ ਸਰਕਾਰ ਦੇ ਆਗੂਆਂ ਦੀ ਸ਼ਹਿ 'ਤੇ ਸ਼ਰਾਬ ਮਾਫ਼ੀਆ ਵਲੋਂ ਕੀਤੀ ਗਈ ਗੈਰ ਕਾਨੂੰਨੀ ਉਸਾਰੀ ਨੂੰ ਜਾਣ ਬੁੱਝ ਕੇ ਨਹੀਂ ਢਾਹ ਰਿਹਾ ਤੇ ਮੌਕਾ ਮਿਲਦੇ ਹੀ ਦੁਬਾਰਾ ਠੇਕਾ ਖੋਲ੍ਹਣ ਦੀ ਤਾਕ ਵਿੱਚ ਹੈ।ਉਨ੍ਹਾਂ ਨੇ ਚੇਤਾਵਨੀ ਦਿੱਤੀ ਕਿ ਠੇਕਾ ਕਿਸੇ ਵੀ ਹਾਲਤ ਵਿੱਚ ਖੁੱਲਣ ਨਹੀਂ ਦਿੱਤਾ ਜਾਵੇਗਾ।

# 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਪ੍ਰਸ਼ਾਸਨ ਨੇ ਕਰਵਾਈ ਵਿਸ਼ਾਲ ਮੈਰਾਥਨ

**ਨਵਾਂਸ਼ਹਿਰ (ਮਨੋਜ ਲਾਡੀ)**- ਪੰਜਾਬ ਸਰਕਾਰ ਵੱਲੋਂ ਲੋਕਾਂ ਨੂੰ ਨਸ਼ੇ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕਰਨ ਲਈ ਚਲਾਈ ਜਾ ਰਹੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਅੱਜ ਜ਼ਿਲ੍ਹਾ ਪ੍ਰਸ਼ਾਸਨ, ਸ਼ਹੀਦ ਭਗਤ ਸਿੰਘ ਨਗਰ ਵੱਲੋਂ ਇਕ ਵਿਸ਼ਾਲ ਮੈਰਾਥਨ ਕਰਵਾਈ ਗਈ। ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਅਤੇ ਐਸ.ਐਸ.ਪੀ ਡਾ. ਮਹਿਤਾਬ ਸਿੰਘ ਦੀ ਅਗਵਾਈ ਹੇਠ



ਆਈ.ਟੀ.ਆਈ ਗਰਾਊਂਡ ਨਵਾਂਸ਼ਹਿਰ ਤੋਂ ਕਰਵਾਈ ਇਸ ਮੈਰਾਥਨ ਵਿਚ ਵਿਧਾਇਕ ਡਾ. ਸੁਖਵਿੰਦਰ ਕੁਮਾਰ ਸੁੱਖੀ ਅਤੇ ਜ਼ਿਲ੍ਹੇ ਦੀਆਂ ਉੱਘੀਆਂ ਸ਼ਖਸੀਅਤਾਂ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ, ਕਰਮਚਾਰੀਆਂ, ਵਿਦਿਆਰਥੀਆਂ, ਅਧਿਆਪਕਾਂ, ਖਿਡਾਰੀਆਂ, ਪਿੰਡਾਂ ਦੇ ਪੰਚ-ਸਰਪੰਚਾਂ, ਯੂਥ ਕਲੱਬਾਂ ਦੇ ਮੈਂਬਰਾਂ, ਵਲੰਟੀਅਰਾਂ, ਸੀ.ਐਮ ਯੋਗਸ਼ਾਲਾ ਦੇ ਟ੍ਰੇਨਰਾਂ ਅਤੇ ਜ਼ਿਲ੍ਹਾ ਵਾਸੀਆਂ ਨੇ ਵੱਡੀ ਗਿਣਤੀ ਵਿਚ ਸ਼ਮੂਲੀਅਤ ਕਰਕੇ ਨਸ਼ਿਆਂ ਦੇ ਖਿਲਾਫ਼ ਲੜਾਈ ਵਿਚ ਮੋਹਰੀ ਭੂਮਿਕਾ ਨਿਭਾਉਣ ਦਾ ਅਹਿਦ ਲੈਣ ਦੇ ਨਾਲ-ਨਾਲ ਨਸ਼ਿਆਂ ਦੇ ਮਾੜੇ ਅਸਰ ਬਾਰੇ ਜਾਗਰੂਕ ਕਰਨ ਲਈ ਵੀ ਆਪਣਾ ਫਰਜ਼ ਨਿਭਾਇਆ।ਸ਼ਿਵਾਲਿਕ ਪਬਲਿਕ ਸਕੂਲ ਦੇ ਵਿਦਿਆਰਥੀਆਂ ਦੇ ਬੈਂਡ ਦੀਆਂ ਧੁਨਾਂ ਨਾਲ ਆਈ.ਟੀ.ਆਈ ਗਰਾਊਂਡ ਨਵਾਂਸ਼ਹਿਰ ਤੋਂ ਸਵੇਰੇ 6.30 ਵਜੇ ਸ਼ੁਰੂ ਹੋਈ ਇਹ ਮੈਰਾਥਨ ਰਾਜਾ ਹਸਪਤਾਲ, ਬਾਰਾਦਰੀ ਬਾਗ਼, ਸਰਕਾਰੀ ਮੁੜ ਵਸੇਬਾ ਕੇਂਦਰ ਅਤੇ ਬਾਬਾ ਸਾਹਿਬ ਡਾ. ਬੀ. ਆਰ ਅੰਬੇਡਕਰ ਚੌਂਕ ਤੋਂ ਹੁੰਦੀ ਹੋਈ ਵਾਪਸ ਆਈ.ਟੀ.ਆਈ ਗਰਾਊਂਡ ਵਿਖੇ ਸਮਾਪਤ ਹੋਈ। ਵਿਧਾਇਕ ਡਾ. ਸੁੱਖੀ ਨੇ ਇਸ ਮੌਕੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਤੰਦਰੁਸਤ ਤੇ ਖੁਸ਼ਹਾਲ ਪੰਜਾਬ ਲਈ ਨੌਜਵਾਨਾਂ ਨੂੰ ਖੇਡਾਂ ਅਤੇ ਹੋਰਨਾਂ ਉਸਾਰੂ ਗਤੀਵਿਧੀਆਂ ਨਾਲ ਜੋੜਿਆ ਜਾ ਰਿਹਾ ਹੈ ਅਤੇ ਵੱਡੇ ਪੱਧਰ 'ਤੇ ਰੋਜ਼ਗਾਰ ਦੇ ਮੌਕੇ ਪੈਦਾ ਕੀਤੇ ਜਾ ਰਹੇ ਹਨ। ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਨੇ ਕਿਹਾ ਕਿ ਇਸ ਮੈਰਾਥਨ ਦਾ ਮੁੱਖ ਮਕਸਦ ਨੌਜਵਾਨਾਂ ਨੂੰ ਨਸ਼ਿਆਂ ਦੇ ਮਾੜੇ ਅਸਰ ਬਾਰੇ ਜਾਣੂ ਕਰਵਾਉਣ ਦੇ ਨਾਲ-ਨਾਲ ਸਮਾਜ ਦੀ ਨਸ਼ਿਆਂ ਖ਼ਿਲਾਫ਼ ਜੰਗ ਵਿਚ ਭਾਗੀਦਾਰੀ ਵਧਾਉਣਾ ਹੈ।ਐਸ.ਐਸ.ਪੀ ਡਾ. ਮਹਿਤਾਬ ਸਿੰਘ ਨੇ ਇਸ ਮੌਕੇ ਕਿਹਾ ਕਿ ਜ਼ਿਲ੍ਹਾ ਪੁਲਸ ਵੱਲੋਂ ਨਸ਼ਿਆਂ ਨੂੰ ਜੜ੍ਹੋਂ ਖਤਮ ਕਰਨ ਲਈ ਯੁੱਧ ਨਸ਼ਿਆਂ ਵਿਰੁੱਧ ਤਹਿਤ ਵੱਡੀ ਮੁਹਿੰਮ ਚਲਾਈ ਗਈ ਹੈ।ਇਸ ਦੌਰਾਨ ਮੈਰਾਥਨ ਦੇ ਜੇਤੂਆਂ ਨੂੰ ਤੋਹਫ਼ੇ ਦੇ ਕੇ ਸਨਮਾਨਤ ਕੀਤਾ ਗਿਆ। ਇਸ ਤੋਂ ਇਲਾਵਾ ਸਾਰੇ ਭਾਗੀਦਾਰਾਂ ਨੂੰ ਬੂਟੇ ਵੰਡੇ ਗਏ ਅਤੇ ਉਨ੍ਹਾਂ ਨੂੰ ਰਿਫਰੈਸ਼ਮੈਂਟ ਵੀ ਦਿੱਤੀ ਗਈ। ਇਸ ਮੌਕੇ ਪੰਜਾਬ ਰਾਜ ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਬੋਰਡ ਦੇ ਉੱਪ ਚੇਅਰਮੈਨ ਲਲਿਤ ਮੋਹਨ ਪਾਠਕ ਬੱਲੂ, ਪੰਜਾਬ ਜਲ ਸਰੋਤ ਪ੍ਰਬੰਧਨ ਤੇ ਵਿਕਾਸ ਕਾਰਪੋਰੇਸ਼ਨ ਦੇ ਉੱਪ ਚੇਅਰਮੈਨ ਕੁਲਜੀਤ ਸਿੰਘ ਸਰਹਾਲ, ਜ਼ਿਲ੍ਹਾ ਯੋਜਨਾ ਕਮੇਟੀ ਦੇ ਚੇਅਰਮੈਨ ਸਤਨਾਮ ਸਿੰਘ ਜਲਾਲਪੁਰ, ਮਾਰਕੀਟ ਕਮੇਟੀ ਨਵਾਂਸ਼ਹਿਰ ਦੇ ਚੇਅਰਮੈਨ ਗਗਨ ਅਗਨੀਹੋਤਰੀ, ਮਾਰਕੀਟ ਕਮੇਟੀ ਬਲਾਚੌਰ ਦੇ ਚੇਅਰਮੈਨ ਸੇਠੀ ਉਧਨਵਾਲ, ਮਾਰਕੀਟ ਕਮੇਟੀ ਬੰਗਾ ਦੇ ਚੇਅਰਮੈਨ ਬਲਬੀਰ ਕਰਨਾਣਾ, ਨਗਰ ਸੁਧਾਰ ਟਰੱਸਟ ਨਵਾਂਸ਼ਹਿਰ ਦੇ ਟਰੱਸਟੀ ਹਰਜੋਤ ਕੌਰ ਲੋਹਟੀਆ ਨੇ ਵੀ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਜ) ਰਾਜੀਵ ਵਰਮਾ, ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਅਵਨੀਤ ਕੌਰ, ਸਹਾਇਕ ਕਮਿਸ਼ਨਰ (ਜ) ਰੋਹਿਤ ਜਿੰਦਲ, ਸੀ.ਐਮ ਫੀਲਡ ਅਫ਼ਸਰ ਜਗਦੀਪ ਸਿੰਘ, ਡੀ.ਐਸ.ਪੀ ਰਾਜ ਕੁਮਾਰ, ਜ਼ਿਲ੍ਹਾ ਮਾਲ ਅਫ਼ਸਰ ਮਨਦੀਪ ਸਿੰਘ ਮਾਨ, ਜ਼ਿਲ੍ਹਾ ਖੇਡ ਅਫ਼ਸਰ ਵੰਦਨਾ ਚੌਹਾਨ, ਸਿਵਲ ਸਰਜਨ ਡਾ. ਗੁਰਿੰਦਰਜੀਤ ਸਿੰਘ, ਡਾ. ਸੁਰਿੰਦਰ ਪਾਲ ਅਗਨੀਹੋਤਰੀ ਤੋਂ ਇਲਾਵਾ ਸਿਵਲ ਤੇ ਪੁਲਿਸ ਅਧਿਕਾਰੀ, ਸਮਾਜ ਸੇਵੀ ਸੰਸਥਾਵਾਂ ਦੇ ਨੁਮਾਇੰਦੇ ਅਤੇ ਜ਼ਿਲ੍ਹਾ ਵਾਸੀ ਵੱਡੀ ਗਿਣਤੀ ਵਿਚ ਮੌਜੂਦ ਸਨ।

# 15000 ਰੁਪਏ ਰਿਸ਼ਵਤ ਲੈਂਦਾ ਏ ਐੱਸ ਆਈ ਕਾਬੂ

**ਜਲੰਧਰ (ਇਕਬਾਲ ਸਿੰਘ ਉਭੀ, ਸੁਰਿੰਦਰ ਕੁਮਾਰ)**- ਪੰਜਾਬ ਵਿਜੀਲੈਂਸ ਬਿਊਰੋ ਵਲੋਂ ਪੁਲਿਸ ਕਮਿਸ਼ਨਰੇਟ ਜਲੰਧਰ ਦੇ ਥਾਣਾ ਡਵੀਜ਼ਨ ਨੰ. 8 ਵਿਖੇ ਤਾਇਨਾਤ ਸਹਾਇਕ ਸਬ ਇੰਸਪੈਕਟਰ (ਏ.ਐਸ.ਆਈ.) ਸੰਜੇ ਕੁਮਾਰ ਨੂੰ 15,000 ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਗਿਆ। ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਇਹ ਗ੍ਰਿਫ਼ਤਾਰੀ ਜਲੰਧਰ ਦੇ ਪਿੰਡ ਰੇਰੂ ਦੇ ਵਸਨੀਕ ਦੀ ਸ਼ਿਕਾਇਤ ਦੇ ਆਧਾਰ 'ਤੇ ਕੀਤੀ ਗਈ ਹੈ।ਉਨ੍ਹਾਂ ਅੱਗੇ ਦੱਸਿਆ ਕਿ ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਕੋਲ ਪਹੁੰਚ ਕਰਕੇ ਦੋਸ਼ ਲਗਾਇਆ ਕਿ ਉਸ ਦੇ ਪੁੱਤਰ, ਜਿਸ ਵਿਰੁੱਧ ਉਕਤ ਥਾਣੇ ਵਿੱਚ ਪੁਲਸ ਕੇਸ ਦਰਜ ਸੀ, ਨੂੰ ਕਥਿਤ ਤੌਰ 'ਤੇ ਪਨਾਹ ਦੇਣ ਦੇ ਮਾਮਲੇ ਵਿੱਚ ਬੀ.ਐਨ.ਐਸ. ਦੀ ਧਾਰਾ 249 ਤਹਿਤ ਉਸ ਦਾ ਨਾਂ ਦੁਬਾਰਾ ਨਾਮਜ਼ਦ ਕਰਨ ਦੀ ਧਮਕੀ ਦੇ ਕੇ ਉਕਤ ਪੁਲਸ ਮੁਲਾਜ਼ਮ ਨੇ 50,000 ਰੁਪਏ ਰਿਸ਼ਵਤ ਦੀ ਮੰਗ ਕੀਤੀ ਹੈ। ਸ਼ਿਕਾਇਤਕਰਤਾ ਦਾ ਨਾਂਅ ਪਹਿਲਾਂ ਉਸ ਦੇ ਪੁੱਤਰ ਨੂੰ ਪਨਾਹ ਦੇਣ ਕਰਕੇ ਐਫ.ਆਈ.ਆਰ. ਵਿੱਚ ਸ਼ਾਮਲ ਕੀਤਾ ਗਿਆ ਸੀ ਪਰ ਬਾਅਦ ਵਿੱਚ ਪੁਲਸ ਜਾਂਚ ਉਪਰੰਤ ਉਸ ਦਾ ਨਾਂ ਕੱਢ ਦਿੱਤਾ ਗਿਆ ਸੀ ਪਰ ਉਕਤ ਏ.ਐਸ.ਆਈ. ਸ਼ਿਕਾਇਤਕਰਤਾ ਨੂੰ ਉਸੇ ਮਾਮਲੇ ਵਿੱਚ ਬੀ.ਐਨ.ਐਸ. ਦੀ ਧਾਰਾ 249 ਤਹਿਤ ਦੁਬਾਰਾ ਨਾਮਜ਼ਦ ਕਰਨ ਦੀ ਧਮਕੀ ਦੇ ਕੇ ਰਿਸ਼ਵਤ ਮੰਗ ਰਿਹਾ ਸੀ।ਬੁਲਾਰੇ ਨੇ ਅੱਗੇ ਕਿਹਾ ਕਿ ਇਸ ਸ਼ਿਕਾਇਤ ਉਪਰੰਤ ਵਿਜੀਲੈਂਸ ਬਿਊਰੋ ਦੀ ਟੀਮ ਨੇ ਜਾਲ ਵਿਛਾ ਕੇ ਉਕਤ ਏ.ਐਸ.ਆਈ. ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ ਸ਼ਿਕਾਇਤਕਰਤਾ ਤੋਂ 15000 ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕਰ ਲਿਆ। ਇਸ ਸਬੰਧੀ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਅਤੇ ਬੀ.ਐਨ.ਐਸ. ਦੀ ਧਾਰਾ 308 (2) ਤਹਿਤ ਥਾਣਾ ਵਿਜੀਲੈਂਸ ਬਿਊਰੋ, ਜਲੰਧਰ ਰੇਂਜ ਵਿਖੇ ਮੁਕੱਦਮਾ ਦਰਜ ਕੀਤਾ ਗਿਆ ਹੈ। ਮੁਲਜ਼ਮ ਨੂੰ ਭਲਕੇ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ ਅਤੇ ਇਸ ਮਾਮਲੇ ਦੀ ਹੋਰ ਜਾਂਚ ਜਾਰੀ ਹੈ।

4 May Page-8.qxd 5/3/2025 11:12 PM Page 1



# ਨਸ਼ਿਆਂ ਵਿਰੁੱਧ ਜੰਗ 'ਚ ਹਰ ਪੰਜਾਬੀ ਬਣੇ ਯੋਧਾ: ਬੈਂਸ

**ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ)** ਪੰਜਾਬ ਦੇ ਸਕੂਲ ਸਿੱਖਿਆ, ਉਚੇਰੀ ਸਿੱਖਿਆ, ਤਕਨੀਕੀ ਸਿੱਖਿਆ ਅਤੇ ਲੋਕ ਸੰਪਰਕ ਮੰਤਰੀ ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਨਸ਼ਿਆਂ ਵਿਰੁੱਧ ਜੰਗ ਵਿੱਚ ਹਰ ਪੰਜਾਬੀ ਨੂੰ ਯੋਧਾ ਬਣਨਾ ਪਵੇਗਾ ਤਾਂ ਹੀ ਰੰਗਲਾ ਪੰਜਾਬ ਦਾ ਸਾਡਾ ਸੁਪਨਾ ਸਾਕਾਰ ਹੋਵੇਗਾ। ਉਹ ਹੁਸ਼ਿਆਰਪੁਰ ਵਿੱਚ ਪੰਜਾਬ ਸਰਕਾਰ ਵੱਲੋਂ ਨਸ਼ਿਆਂ ਦੇ ਖ਼ਾਤਮੇ ਲਈ ਚਲਾਏ ਜਾ ਰਹੇ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਅਧੀਨ ਗਠਿਤ ਕਮੇਟੀਆਂ 'ਪਿੰਡ ਦੇ ਪਹਿਰੇਦਾਰ' ਦੇ ਜ਼ਿਲ੍ਹਾ ਪੱਧਰੀ ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਸੰਬੋਧਨ ਕਰ ਰਹੇ ਸਨ। ਇਸ ਦੌਰਾਨ ਉਨ੍ਹਾਂ ਨਾਲ ਕੈਬਨਿਟ ਮੰਤਰੀ ਡਾ. ਰਵਜੋਤ ਸਿੰਘ, ਡਿਪਟੀ ਸਪੀਕਰ ਜੈ ਕ੍ਰਿਸ਼ਨ ਸਿੰਘ ਰੌੜੀ, ਲੋਕ ਸਭਾ ਮੈਂਬਰ ਡਾ. ਰਾਜ ਕੁਮਾਰ ਚੱਬੇਵਾਲ, ਵਿਧਾਇਕ ਹੁਸ਼ਿਆਰਪੁਰ ਬ੍ਰਮ ਸ਼ੰਕਰ ਜਿੰਪਾ, ਵਿਧਾਇਕ ਟਾਂਡਾ ਉੜਮੁੜ ਜਸਵੀਰ ਸਿੰਘ ਰਾਜਾ ਗਿੱਲ, ਵਿਧਾਇਕ ਦਸੂਹਾ ਕਰਮਵੀਰ ਸਿੰਘ ਘੁੰਮਣ, ਵਿਧਾਇਕ ਚੱਬੇਵਾਲ ਡਾ. ਇਸ਼ਾਂਕ ਕੁਮਾਰ ਅਤੇ ਮੁਕੇਰੀਆਂ ਹਲਕਾ ਇੰਚਾਰਜ ਪ੍ਰੋ. ਜੀ.ਐਸ. ਮੁਲਤਾਨੀ ਵੀ ਮੌਜੂਦ ਸਨ।ਬੈਂਸ ਨੇ ਕਿਹਾ ਕਿ ਪੰਜਾਬ ਦੀ ਜਵਾਨੀ ਨੂੰ ਤਬਾਹ ਕਰਨ ਵਾਲੀਆਂ ਤਾਕਤਾਂ ਨੂੰ ਹਰਾਉਣ ਲਈ ਜਨ-ਜਨ ਦਾ ਸਹਿਯੋਗ ਜ਼ਰੂਰੀ ਹੈ। ਉਨ੍ਹਾਂ ਮੌਜੂਦ 'ਪਿੰਡਾਂ ਦੇ ਪਹਿਰੇਦਾਰਾਂ' ਨੂੰ ਸੰਬੋਧਨ ਕਰਦਿਆਂ ਕਿਹਾ ਕਿ ਉਹ ਸਰਕਾਰ ਦੇ ਪਹਿਲੀ ਲਾਈਨ ਆਫ਼ ਡਿਫੈਂਸ ਹਨ।ਉਨ੍ਹਾਂ ਕਿਹਾ ਕਿ ਹੁਣ ਸਾਡਾ ਟੀਚਾ ਹੈ ਕਿ ਨਸ਼ਿਆਂ ਵਿਰੁੱਧ ਇਹ ਮੁਹਿੰਮ ਹਰ ਘਰ ਤੱਕ ਪਹੁੰਚੇ। ਉਨ੍ਹਾਂ ਪਿਛਲੀਆਂ ਸਰਕਾਰਾਂ 'ਤੇ ਪੰਜਾਬ ਦੀ ਜਵਾਨੀ ਨੂੰ ਨਸ਼ਿਆਂ ਵੱਲ ਧੱਕਣ ਦਾ ਦੋਸ਼ ਲਾਉਂਦਿਆਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਿੱਚ ਸਰਕਾਰ ਇਸ ਦਾਗ ਨੂੰ ਮਿਟਾਉਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਵੱਲੋਂ ਪੰਜਾਬ ਪੁਲਸ ਨੂੰ ਪੂਰੀ ਤਾਕਤ ਦਿੰਦਿਆਂ ਹਦਾਇਤ ਕੀਤੀ ਗਈ ਹੈ ਕਿ ਨਸ਼ਿਆਂ ਦਾ ਕਾਰੋਬਾਰ ਕਰਨ ਵਾਲਿਆਂ ਨੂੰ ਕਿਸੇ ਵੀ ਹਾਲ ਵਿੱਚ ਬਖਸ਼ਿਆ ਨਾ ਜਾਵੇ।ਇਸ ਤੋਂ ਪਹਿਲਾਂ ਡਾ. ਰਵਜੋਤ ਸਿੰਘ ਨੇ ਕਿਹਾ, 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਅਧੀਨ ਪੰਜਾਬ ਸਰਕਾਰ ਇੱਕ ਨਿਰਣਾਇਕ ਜੰਗ ਲੜ ਰਹੀ ਹੈ ਅਤੇ ਕਿਸੇ ਵੀ ਹਾਲ ਵਿੱਚ ਨਸ਼ਾ ਤਸਕਰਾਂ ਨੂੰ ਬਖਸ਼ਿਆ ਨਹੀਂ ਜਾਵੇਗਾ।



# ਐ ਲਾਲ ਫਰੇਰੇ ਤੇਰੀ ਕਸਮ...

**ਲੁਧਿਆਣਾ :** ਪੰਜਾਬ ਲੋਕ ਸੱਭਿਆਚਾਰਕ ਮੰਚ ਵੱਲੋਂ ਪਹਿਲੀ ਮਈ ਕੌਮਾਂਤਰੀ ਮਜ਼ਦੂਰ ਦਿਹਾੜਾ ਨਾਟਕਾਂ ਅਤੇ ਗੀਤਾਂ ਭਰੀ ਰਾਤ ਨਾਲ, ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਅਤੇ ਹੋਰ ਜਥੇਬੰਦੀਆਂ ਦੇ ਸਹਿਯੋਗ ਨਾਲ ਅਕਾਡਮੀ ਵਿਖੇ ਮਨਾਇਆ ਗਿਆ। ਇਸ ਮੌਕੇ 'ਤੇ ਡਾ. ਸੁਰਿੰਦਰ ਧੰਜਲ, ਬੂਟਾ ਸਿੰਘ ਮਹਿਮੂਦਪੁਰ ਅਤੇ ਰੰਗ ਕਰਮੀ ਸੁਮਨ ਲਤਾ ਨੂੰ ਪਲਸ ਮੰਚ ਵੱਲੋਂ 'ਗੁਰਸ਼ਰਨ ਕਲਾ ਸਨਮਾਨ' ਪਲਸ ਮੰਚ ਦੇ ਅਹੁਦੇਦਾਰਾਂ ਵੱਲੋਂ ਸਨਮਾਨਿਤ ਕੀਤਾ ਗਿਆ। ਅਮੋਲਕ ਸਿੰਘ ਪ੍ਰਧਾਨ, ਕੰਵਲਜੀਤ ਖੰਨਾ ਜਨਰਲ ਸਕੱਤਰ, ਕਸਤੂਰੀ ਲਾਲ ਵਿੱਤ ਸਕੱਤਰ, ਹਰਕੇਸ਼ ਚੌਧਰੀ ਸਹਾਇਕ ਸਕੱਤਰ ਸੂਬਾ ਕਮੇਟੀ ਮੈਂਬਰ ਜਸਵਿੰਦਰ ਪੱਪੀ, ਹਰਵਿੰਦਰ ਦੀਵਾਨਾ ਤੋਂ ਇਲਾਵਾ ਪ੍ਰੋ. ਜਗਮੋਹਣ ਸਿੰਘ, ਡਾ. ਅਰੀਤ , ਰੰਗ ਕਰਮੀ ਮਨਜੀਤ ਕੌਰ ਔਲਖ ਅਤੇ ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਦੇ ਜਨਰਲ ਸਕੱਤਰ ਗੁਲਜ਼ਾਰ ਸਿੰਘ ਪੰਧੇਰ ਨੇ ਸਨਮਾਨਿਤ ਸ਼ਖ਼ਸੀਅਤਾਂ ਨੂੰ ਮੁਬਾਰਕਵਾਦ ਦਿੱਤੀ। ਸਮਾਗਮ ਦਾ ਆਰੰਭ ਜਗਮੋਹਣ ਜੋਸ਼ੀ ਦੀ ਰਚਨਾ 'ਐ ਲਾਲ ਫਰੇਰੇ ਤੇਰੀ ਕਸਮ' ਨਾਲ ਹੋਇਆ। ਲੋਕ ਮੰਚ ਮਾਨਸਾ ਦੀ ਟੀਮ ਨੇ ਸ਼ਹੀਦੀ ਗੁਲਾਮ ਕੌਰ ਦੀ ਗਾਥਾ 'ਤੇ ਅਧਾਰਤ ਨਾਟਕ 'ਤੂੰ ਚਰਖਾ ਘੁਕਦਾ ਰੱਖ ਜਿੰਦੇ', ਕੇਵਲ ਧਾਲੀਵਾਲ ਨੇ ਮੰਚ ਰੰਗ ਮੰਚ ਅੰਮ੍ਰਿਤਸਰ ਵੱਲੋਂ ਨਾਟਕ 'ਜਿਨ ਸੱਚ ਪੱਲੇ ਹੋਇ', ਪੀਪਲਜ਼ ਆਰਟ ਪਟਿਆਲਾ ਵੱਲੋਂ ਨਾਟਕ 'ਵਕਤ ਦੀ ਆਵਾਜ਼', ਚੇਤਨਾ ਕਲਾ ਕੇਂਦਰ ਬਰਨਾਲਾ ਵੱਲੋਂ ਨਾਟਕ 'ਕਾਲਖ਼ ਹਨੇਰੇ', ਲੋਕ ਕਲਾ ਮੰਚ ਮੰਡੀ ਮੁਲਾਂਪੁਰ ਵੱਲੋਂ 'ਮੈਂ ਕਿਤੇ ਨਹੀਂ ਗਿਆ' ਆਦਿ ਲੋਕ ਪੱਖੀ ਬਿਰਤਾਂਤ ਸਿਰਜਦੇ ਨਾਟਕ ਖੇਡੇ ਗਏ। ਉਪਰੰਤ ਲੋਕ ਸੰਗੀਤ ਮੰਡਲੀ ਭਦੌੜ, ਇਨਕਲਾਬੀ ਕਵੀਸ਼ਰੀ ਜੱਥਾ ਰਸੂਲਪੁਰ, ਇਨਕਲਾਬੀ ਸਭਿਆਚਾਰਕ ਮੰਚ 'ਦਸਤਕ' ਦੇ ਕਲਾਕਾਰ ਨੇ ਲੋਕ ਪੱਖੀ ਗਾਇਕੀ ਨਾਲ ਸਰੋਤਿਆਂ ਵਿੱਚ ਗਹਿਰਾ ਪ੍ਰਭਾਵ ਪਾਇਆ। ਅੰਤ ਵਿੱਚ ਜੰਗ ਛੇੜਨ ਦੇ ਯਤਨਾਂ ਖ਼ਿਲਾਫ਼, ਕਾਰਪੋਰੇਟ ਘਰਾਣਿਆਂ ਵੱਲੋਂ ਆਦਿਵਾਸੀਆਂ ਨੂੰ ਉਜਾੜਨ ਖ਼ਿਲਾਫ਼, ਕਤਲੇਆਮ ਖ਼ਿਲਾਫ਼, ਪੰਜਾਬ ਵਿੱਚ ਫੈਲ ਰਹੇ ਪੁਲਸ ਰਾਜ, ਜਬਰੀ ਜ਼ਮੀਨਾਂ ਖੋਹਣ, ਗੈਸ ਪਲਾਂਟ ਲਾਉਣ ਖ਼ਿਲਾਫ਼, ਫਲਸਤੀਨੀ ਲੋਕਾਂ ਦੇ ਨਸਲਘਾਤ ਖ਼ਿਲਾਫ਼, ਮੁਸਲਮਾਨ ਭਾਈਚਾਰੇ ਨੂੰ ਨਿਸ਼ਾਨਾ ਬਣਾਉਣ ਖ਼ਿਲਾਫ਼, ਜਿਉਂਦ, ਚਾਉਕੇ, ਅਖਾੜਾ, ਗੁਰਦਾਸਪੁਰ, ਚਮਕੌਰ ਸਾਹਿਬ ਵਿਖੇ ਜੂਝਦੇ ਲੋਕਾਂ ਦੀਆਂ ਮੰਗਾਂ ਪ੍ਰਵਾਨ ਕਰਨ, ਜੇਲ੍ਹਾਂ ਵਿੱਚ ਬੰਦ ਬੁੱਧੀਜੀਵੀਆਂ ਨੂੰ ਰਿਹਾਅ ਕਰਨ, ਅੱਗ ਲੱਗਣ ਅਤੇ ਕੁਦਰਤੀ ਆਫ਼ਤਾਂ ਦੀ ਮਾਰ ਪੈਣ ਤੇ ਪੀੜਤ ਪਰਿਵਾਰਾਂ ਦੀ ਸਰਕਾਰ ਵੱਲੋਂ ਮੱਦਦ ਕਰਨ ਆਦਿ ਆਦਿ ਮਤੇ ਭਰੇ ਪੰਡਾਲ ਨੇ ਹੱਥ ਖੜ੍ਹੇ ਕਰ ਕੇ ਪ੍ਰਵਾਨਗੀ ਦਿੱਤੀ। ਸਮਾਗਮ ਦਾ ਮੰਚ ਸੰਚਾਲਨ ਮੰਚ ਦੇ ਜਨਰਲ ਸਕੱਤਰ ਕੰਵਲਜੀਤ ਖੰਨਾ ਨੇ ਕੀਤਾ।



# ਡਭਿਆਣਾ ਖੁਰਦ 'ਚ ਮਨਰੇਗਾ ਵਰਕਰਾਂ ਨੇ ਧੀਮਾਨ ਦੀ ਅਗਵਾਈ 'ਚ ਮਨਾਇਆ ਮਈ ਦਿਵਸ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)-** ਲੇਬਰ ਪਾਰਟੀ ਵੱਲੋਂ ਪਿੰਡ ਡਭਿਆਣਾ ਖੁਰਦ ਵਿਖੇ ਮਨਰੇਗਾ ਵਰਕਰਾਂ ਨਾਲ ਮਈ ਦਿਵਸ ਮਨਾਇਆ ਅਤੇ ਮੌਕੇ 'ਤੇ ਲੇਬਰ ਪਾਰਟੀ ਦੇ ਪ੍ਰਧਾਨ ਜੈ ਗੋਪਾਲ ਧੀਮਾਨ ਅਤੇ ਪਿੰਡ ਦੇ ਸਰਪੰਚ ਕਮਲਜੀਤ ਕੌਰ ਨੇ ਵੀ ਦਿਵਸ ਸਬੰਧੀ ਆਪਣੇ ਵਿਚਾਰ ਰੱਖੇ। ਧੀਮਾਨ ਨੇ ਮਨਰੇਗਾ ਵਰਕਰਾਂ ਨੂੰ ਸੰਬੋਧਨ ਕਰਦਿਆਂ ਦੱਸਿਆ ਕਿ ਅਜ਼ਾਦੀ ਦੇ 76 ਸਾਲ ਬਾਅਦ ਵੀ ਮਜ਼ਦੂਰਾਂ ਦੀ ਆਰਥਿਕ ਹਾਲਤ ਅਤੀ ਘਟੀਆ ਦਰਜੇ ਦੀ ਹੋਣ ਕਾਰਨ ਉਨ੍ਹਾਂ ਦਾ ਰਹਿਣ ਸਹਿਣ ਬਹੁਤ ਹੀ ਤਰਸਯੋਗ ਹੈ।ਮਜ਼ਦੂਰਾਂ ਦੀ ਰੁਜ਼ਗਾਰ ਤੋਂ ਬਿਨਾਂ ਆਰਥਿਕ ਖੁਸ਼ਹਾਲੀ ਅਤੇ ਸਮਾਜਿਕ ਬਰਾਬਰਤਾ ਕਦੇ ਵੀ ਨਹੀਂ ਆ ਸਕਦੀ। ਮਜ਼ਦੂਰ ਹਾਲੇ ਵੀ ਝੁੱਗੀਆਂ ਵਿਚ ਗੁਜ਼ਾਰਾ ਕਰਦਾ ਹੈ, ਜਿਥੇ ਕੋਈ ਵੀ ਮੁਢਲੀ ਸਹੂਲਤ ਵੇਖਣ ਨੂੰ ਨਹੀਂ ਮਿਲਦੀ।ਧੀਮਾਨ ਨੇ ਕਿਹਾ ਕਿ ਕੋਈ ਕਿਸਮਤ ਵਾਲਾ ਹੀ ਪਿੰਡ ਹੋਵੇਗਾ ਜਿਥੇ ਸਾਰੇ ਮਨਰੇਗਾ ਵਰਕਰਾਂ ਨੂੰ 100 ਦਿਨਾਂ ਦਾ ਕੰਮ ਮਿਲਦਾ ਹੋਵਗਾ। ਧੀਮਾਨ ਨੇ ਸਰਕਾਰ ਤੋਂ ਮੰਗ ਕੀਤੀ ਕਿ ਹਰੇਕ ਮਨਰੇਗਾ ਵਰਕਰ ਨੂੰ 150 ਦਿਨਾਂ ਦਾ ਕੰਮ ਦਿੱਤਾ ਜਾਵੇ, ਲੇਬਰ ਐਕਟ ਨੂੰ ਲਾਗੂ ਕੀਤਾ ਜਾਵੇ ਤੇ ਮਨਰੇਗਾ ਵਰਕਰਾਂ ਦੇ ਹਰੇਕ ਪਰਵਾਰਕ ਮੈਂਬਰ ਨੂੰ ਪੱਕੀ ਜਾਬ ਦਿੱਤੀ ਜਾਵੇ।ਇਸ ਮੌਕੇ ਦਲੀਪ ਸਿੰਘ, ਸਤੇਸ਼ ਕੁਮਾਰੀ, ਕਮਲੇਸ਼ ਕੌਰ, ਕਮਲਾ ਦੇਵੀ, ਅਨੀਤਾ ਦੇਵੀ, ਤਾਜਿੰਦਰ ਕੌਰ, ਸੰਦੀਪ ਸਿੰਘ, ਹਰਬੰਸ ਕੌਰ, ਅਜੀਤ ਕੌਰ, ਕੁਲਵਿੰਦਰ ਕੌਰ, ਬਲਵਿੰਦਰ ਕੌਰ, ਜਗੀਰ ਕੌਰ, ਪ੍ਰਗੀਨ ਕੁਮਾਰੀ, ਨੀਲਮ, ਸਰਬਜੀਤ ਕੌਰ, ਗਿਆਨ ਕੌਰ, ਨਿਸ਼ਾ ਰਾਣੀ ਅਤੇ ਹਰਬੰਸ ਕੌਰ ਆਦਿ ਹਾਜ਼ਰ ਸਨ।



# ਸਿੱਖਿਆ ਕ੍ਰਾਂਤੀ ਨੇ ਬਦਲੀ ਸਰਕਾਰੀ ਸਕੂਲਾਂ ਦੀ ਨੁਹਾਰ : ਜੈ ਕਿਸ਼ਨ ਰੋੜੀ

**ਨੰਗਲ (ਸੁਰਜੀਤ ਸਿੰਘ)—** ਡਿਪਟੀ ਸਪੀਕਰ ਜੈ ਕਿਸ਼ਨ ਰੋੜੀ ਅਤੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਸਰਕਾਰੀ ਸਕੂਲਾਂ ਵਿੱਚ ਮੁਕੰਮਲ ਹੋਏ ਵਿਕਾਸ ਕਾਰਜਾਂ ਨੂੰ ਲੋਕ ਅਰਪਣ ਕੀਤਾ ਅਤੇ ਸਰਕਾਰੀ ਸਕੂਲਾਂ ਵਿੱਚ ਹੋਣ ਜਾ ਰਹੇ ਵਿਕਾਸ ਕਾਰਜਾਂ ਦੇ ਨੀਂਹ ਪੱਥਰ ਰੱਖੇ। ਉਨ੍ਹਾਂ ਨੇ ਪੰਜਾਬ ਵਿੱਚ ਚੱਲ ਰਹੀ ਸਿੱਖਿਆ ਕ੍ਰਾਂਤੀ ਦੀ ਲਹਿਰ ਲਈ ਸੂਬੇ ਦੇ ਲੋਕਾਂ ਦਾ ਧੰਨਵਾਦ ਕੀਤਾ, ਜਿਨ੍ਹਾਂ ਨੇ ਆਮ ਆਦਮੀ ਪਾਰਟੀ ਦੇ ਰਾਸ਼ਟਰੀ ਕਨਵੀਨਰ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਦੂਰ ਅੰਦੇਸ਼ੀ ਸੋਚ 'ਤੇ ਮੋਹਰ ਲਗਾਈ ਅਤੇ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਹੂੰਝਾ ਫੇਰੂ ਜਿੱਤ ਦਵਾ ਕੇ ਵਾਅਦੇ ਪੂਰੇ ਕਰਨ ਦਾ ਮੌਕਾ ਦਿੱਤਾ।ਨਾਨਗਰਾਂ, ਭਲਾਣ, ਭਨਾਮ ਦੇ ਵਿੱਚ ਸਰਕਾਰੀ ਸਕੂਲਾਂ ਦੇ ਦੌਰੇ 'ਤੇ ਆਏ ਸੂਬੇ ਦੇ ਸੀਨੀਅਰ ਆਗੂਆਂ ਨੇ ਵਿਦਿਆਰਥੀਆਂ, ਮਾਪਿਆਂ, ਅਧਿਆਪਕਾਂ ਤੇ ਪਤਵੰਤੇ ਲੋਕਾਂ ਦੇ ਭਰਵੇ ਤੇ ਪ੍ਰਭਾਵਸ਼ਾਲੀ ਇਕੱਠ ਨੂੰ ਸੰਬੋਧਨ ਕੀਤਾ ਅਤੇ ਭਵਿੱਖ ਵਿਚ ਪੰਜਾਬ ਲਈ ਮਾਨ ਸਰਕਾਰ ਵੱਲੋਂ ਕੀਤੇ ਜਾ ਰਹੇ ਉਪਰਾਲਿਆਂ ਦੀ ਚਰਚਾ ਕੀਤੀ। ਉਨ੍ਹਾਂ ਨੇ ਕਿਹਾ ਕਿ ਸਰਕਾਰੀ ਸਕੂਲਾਂ ਵਿਚ ਹੁਣ ਉੱਤਮ ਦਰਜੇ ਦੀਆਂ ਸਹੂਲਤਾਂ ਮਿਲ ਰਹੀਆਂ ਹਨ ਤੇ ਸਰਕਾਰੀ ਸਕੂਲਾਂ ਦੇ ਵਿਦਿਆਰਥੀ ਸਿੱਖਿਆ, ਖੇਡਾਂ ਦੇ ਖੇਤਰ ਵਿਚ ਵੱਡੀਆ ਮੱਲਾ ਮਾਰ ਰਹੇ ਹਨ। ਉਨ੍ਹਾਂ ਨੇ ਕਿਹਾ ਕਿ ਅਸੀ ਸਕੂਲਾਂ ਵਿੱਚ ਵੱਡੇ ਬਦਲਾਓ ਲਿਆਂਦੇ ਹਨ, ਜਿਸ ਨਾਲ ਵਿਦਿਆਰਥੀਆਂ ਨੂੰ ਵਿੱਦਿਆਂ ਲਈ ਢੁੱਕਵਾਂ ਵਾਤਾਵਰਣ ਮਿਲਿਆ ਹੈ। ਸਿੱਖਿਆ ਲਈ ਸਰਕਾਰ ਕੋਲ ਫੰਡਾਂ ਦੀ ਕੋਈ ਘਾਟ ਨਹੀ ਹੈ। ਉਨ੍ਹਾਂ ਸਰਕਾਰੀ ਹਾਈ ਸਕੂਲ ਨਾਨਗਰਾਂ ਵਿੱਚ ਬਾਸਕਿਟਵਾਲ, ਬੈਡਮਿੰਟਨ ਤੇ ਕਬੱਡੀ ਗਰਾਊਡ ਦੇ 9.7 ਲੱਖ ਨਾਲ ਮੁਕੰਮਲ ਹੋਏ ਕੰਮਾਂ ਨੂੰ ਲੋਕ ਅਰਪਣ ਕੀਤਾ, ਸਰਕਾਰੀ ਸੀਨੀ.ਸੈਕੰ.ਸਕੂਲ ਭਲਾਣ ਵਿੱਚ 14.3 ਲੱਖ ਨਾਲ ਤਿਆਰ ਚਾਰਦੀਵਾਰੀ ਤੇ 7.5 ਲੱਖ ਨਾਲ ਬਾਸਕਿਟਵਾਲ ਗਰਾਊਡ ਟਰੈਕ ਦਾ ਉਦਘਾਟਨ ਕੀਤਾ। ਸਰਕਾਰੀ ਪ੍ਰਾਇਮਰੀ ਸਕੂਲ ਨਾਨਗਰਾਂ ਵਿੱਚ 15.28 ਲੱਖ ਨਾਲ ਨਵੀ ਏ.ਸੀ.ਆਰ ਕੰਪਿਊਟਰ ਲੈਬ ਤੇ ਹੈਡ ਰੂਮ ਦਾ ਨੀਹ ਪੱਥਰ ਰੱਖਿਆ, ਸਰਕਾਰੀ ਪ੍ਰਾਇਮਰੀ ਸਕੂਲ ਭਨਾਮ ਵਿੱਚ 105.37 ਲੱਖ ਨਾਲ ਨਵੀ ਇਮਾਰਤ ਦਾ ਕੰਮ ਸੂਰੂ ਕਰਵਾਇਆ ਅਤੇ ਸਰਕਾਰੀ ਪ੍ਰਾਇਮਰੀ ਸਕੂਲ ਭਲਾਣ ਵਿੱਚ 15.28 ਲੱਖ ਨਾਲ ਤਿਆਰ ਹੋਣ ਵਾਲੇ ਨਵੇ ਏ.ਸੀ.ਆਰ ਕੰਪਿਊਟਰ ਲੈਬ ਤੇ ਹੈਡ ਰੂਮ ਦੇ ਕੰਮ ਦੀ ਸੁਰੂਆਤ ਕੀਤੀ। ਇਸ ਮੌਕੇ ਡਾ.ਸੰਜੀਵ ਗੌਤਮ ਚੇਅਰਮੈਨ ਗੁਰੂ ਰਵਿਦਾਸ ਆਯੂਰਵੈਦਿਕ ਯੂਨੀਵਰਸਿਟੀ, ਦੀਪਕ ਸੋਨੀ ਮੀਡੀਆ ਕੋਆਰਡੀਨੇਟਰ, ਨਿਤਿਨ ਪੁਰੀ ਭਲਾਣ, ਪ੍ਰੇਮ ਕੁਮਾਰ ਮਿੱਤਲ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ), ਸਮਸ਼ੇਰ ਸਿੰਘ ਜਿਲ੍ਹਾ ਸਿੱਖਿਆ ਅਫਸਰ (ਪ੍ਰਾ.), ਦਇਆ ਸਿੰਘ ਸਿੱਖਿਆ ਕੋਆਰਡੀਨੇਟਰ, ਸੁਰਿੰਦਰਪਾਲ ਸਿੰਘ ਉਪ ਜ਼ਿਲ੍ਹਾ ਸਿੱਖਿਆ ਅਫਸਰ, ਯੋਗਰਾਜ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ, ਰਾਕੇਸ਼ ਵਰਮਾ, ਹਰਪਾਲ ਪਾਲੀ ਸਰਪੰਚ, ਕੁਸ਼ਲ ਕੁਮਾਰ, ਦਲਜੀਤ ਸਿੰਘ ਕਾਕਾ ਨਾਨਗਰਾਂ, ਅਵਤਾਰ ਸਿੰਘ, ਗੁਰਜਿੰਦਰ ਸਿੰਘ, ਗਗਨ ਪੁਰੀ ਭਲਾਣ, ਰਛਪਾਲ ਰਾਣਾ ਤੋਂ ਇਲਾਵਾ ਪਿੰਡਾਂ ਦੇ ਸਰਪੰਚ, ਪੰਚ ਤੇ ਵੱਡੀ ਗਿਣਤੀ ਵਿਚ ਪਤਵੰਤੇ ਹਾਜ਼ਰ ਸਨ।



# ਸਰਪੰਚ ਬਲਵਿੰਦਰ ਕੁਮਾਰ ਬਘਾਣਾ ਦੀ ਅਗਵਾਈ 'ਚ ਮਈ ਦਿਵਸ ਮਨਰੇਗਾ ਵਰਕਰਾਂ ਨਾਲ ਮਨਾਇਆ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)-** ਸਰਪੰਚ ਬਲਵਿੰਦਰ ਕੁਮਾਰ ਬਘਾਣਾ ਦੀ ਅਗਵਾਈ ਹੇਠ ਮਈ ਦਿਵਸ ਮਨਰੇਗਾ ਵਰਕਰਾਂ ਦੇ ਨਾਲ ਪਿੰਡ ਬਘਾਣਾ ਵਿਖੇ ਮਨਾਇਆ ਗਿਆ।ਜਿਸ ਵਿੱਚ ਪੰਜਾਬ ਸਰਕਾਰ ਤੋਂ ਸਰਪੰਚ ਬਲਵਿੰਦਰ ਕੁਮਾਰ ਬਘਾਣਾ ਨੇ ਮੰਗ ਕੀਤੀ ਕਿ ਮਜ਼ਦੂਰਾਂ ਦੀ ਹਾਲਤ ਤਰਸਯੋਗ ਹੈ। ਮਨਰੇਗਾ ਵਰਕਰਾਂ ਨੂੰ ਕਿਰਤ ਵਿਭਾਗ ਵਿੱਚ ਰਜਿਸਟਰ ਕਰਕੇ ਉਨ੍ਹਾਂ ਨੂੰ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਭਲਾਈ ਸਕੀਮਾਂ ਦਾ ਲਾਭ ਦਿੱਤਾ ਜਾਵੇ।ਮਜ਼ਦੂਰ ਦਿਵਸ 1ਮਈ ਨੂੰ ਦੁਨੀਆ ਵਿੱਚ 1886 ਤੇ ਭਾਰਤ ਵਿੱਚ 1ਮਈ 1923 ਤੋਂ ਸ਼ੁਰੂ ਹੋਇਆ ਸੀ। ਜਿਸ ਵਿੱਚ 12 ਘੰਟੇ ਤੋਂ ਘਟਾ ਕੇ ਕੰਮ ਕਰਨ ਦੀ ਡਿਊਟੀ 8 ਘੰਟੇ ਕੀਤੀ ਸੀ। ਹਰ ਸਾਲ ਤਨਖਾਹਾਂ ਵਧਣਗੀਆਂ, ਮਜ਼ਦੂਰਾਂ ਨੂੰ ਪੈਨਸ਼ਨ ਯੋਜਨਾ ਦਾ ਲਾਭ ਦਿੱਤਾ ਜਾਵੇ।ਛੁੱਟੀ ਵਾਲੇ ਦਿਨ ਦੀ ਤਨਖ਼ਾਹ ਮਿਲੇਗੀ। ਮਹੀਨੇ ਵਿੱਚ ਦੋ ਐਮਰਜੈਂਸੀ ਛੁੱਟੀਆਂ ਕਰ ਸਕਦੇ ਹਨ। ਤਨਖਾਹ ਨਹੀਂ ਕੱਟ ਹੋਵਗੀ ਅਤੇ ਮਜ਼ਦੂਰਾਂ ਦਾ ਬੀਮਾ ਵੀ ਕਰਵਾਇਆ ਜਾਵੇਗਾ।ਇਸ ਮੌਕੇ ਸਰਪੰਚ ਬਲਵਿੰਦਰ ਕੁਮਾਰ ਨੇ ਕਿਹਾ ਕਿ ਮਨਰੇਗਾ ਮਜ਼ਦੂਰਾਂ ਦੀ ਦਿਹਾੜੀ ਵਿੱਚ ਵੀ ਵਾਧਾ ਕੀਤਾ ਜਾਵੇ। ਇਸ ਮੌਕੇ ਉਨ੍ਹਾਂ ਦੇ ਨਾਲ ਰਾਮ ਲੁਭਾਇਆ ਪੰਚ, ਸੁਰਜੀਤ ਕੌਰ ਪੰਚ, ਸਤਵਿੰਦਰਜੀਤ ਪਿੰਕੀ, ਪ੍ਰੋਫੈਸਰ ਅਮਰਜੀਤ, ਰਾਮ ਲਾਲ,ਰਮਨ ਮਹਿਤਾ, ਹਰੀਸ਼ ਕੁਮਾਰ, ਲਖਵੀਰ ਸਿੰਘ ਮੇਹਟ, ਹਰਮੇਸ਼ ਲਾਲ, ਸੁਰਜੀਤ ਕੌਰ, ਰਜਨੀ ਦੇਵੀ, ਹਰਜੀਤ ਲਾਲ, ਰੇਖਾ, ਸਤਪਾਲ, ਸੁਨੀਤਾ, ਸੁਖਵਿੰਦਰ ਸਿੰਘ, ਮਨਜੀਤ ਕੌਰ, ਕੁਸ਼ੱਲਿਆ, ਸੀਤਾ, ਪਿੰਕੀ ਬਾਲਾ, ਹਰਬੰਸ ਕੌਰ, ਰਾਜਵਿੰਦਰ ਕੌਰ, ਦਰਸ਼ਨਾਂ ਦੇਵੀ, ਰਾਜ ਰਾਣੀ ਪ੍ਰਵੀਨ ਕੁਮਾਰ, ਜੈਰਾਮ, ਬੁੱਧ ਰਾਜ ਹਰਮੇਸ਼ ਲਾਲ ਆਦਿ ਹਾਜ਼ਰ ਸਨ।

# ਕਾਰ 'ਚੋਂ ਨੌਜਵਾਨ ਦੀ ਲਾਸ਼ ਬਰਾਮਦ

**ਕਪੂਰਥਲਾ (ਬਲਵਿੰਦਰ ਸਿੰਘ ਧਾਲੀਵਾਲ)-** ਬੀਤੀ ਸ਼ਾਮ ਪਿੰਡ ਲਖਣ ਕੇ ਪੱਡਾ-ਗਡਾਣੀ ਰੋਡ 'ਤੇ ਸ਼ਮਸ਼ਾਨ ਘਾਟ ਨੇੜੇ ਕਾਰ ਚੋਂ ਸ਼ੱਕੀ ਹਾਲਾਤ 'ਚ ਇੱਕ ਨੌਜਵਾਨ ਦੀ ਲਾਸ਼ ਬਰਾਮਦ ਹੋਈ। ਇਸ ਸਬੰਧੀ ਪਿੰਡ ਲੱਖਣ ਕੇ ਪੱਡਾ ਵਾਸੀਆਂ ਨੂੰ ਪਤਾ ਲੱਗਣ 'ਤੇ ਉਹਨਾਂ ਨਡਾਲਾ ਪੁਲਸ ਨੂੰ ਸੂਚਿਤ ਕੀਤਾ ਤੇ ਉਹਨਾਂ ਦੇ ਪਰਵਾਰ ਤੱਕ ਪਹੁੰਚ ਕੀਤੀ ਗਈ। ਇਸ ਦੌਰਾਨ ਪਰਵਾਰਕ ਮੈਂਬਰ ਤੇ ਪੁਲਸ ਮੌਕੇ 'ਤੇ ਪੁੱਜੀ।ਮ੍ਰਿਤਕ ਨੌਜਵਾਨ ਦੀ ਪਹਿਚਾਣ ਗੁਰਕੀਰਤ ਸਿੰਘ ਗੋਰਾ, (19) ਪੁੱਤਰ ਜੋਗਿੰਦਰ ਸਿੰਘ ਵਾਸੀ ਸੈਤਪੁਰ ਵਜੋਂ ਹੋਈ ਹੈ। ।ਮਾਮਲੇ ਦੀ ਜਾਂਚ ਕਰ ਰਹੇ ਏ ਐਸ ਆਈ ਹਰਜਿੰਦਰ ਸਿੰਘ ਨੇ ਦੱਸਿਆ ਕਿ ਲਾਸ਼ ਨੂੰ ਕਬਜ਼ੇ 'ਚ ਲੈ ਕੇ ਕਪੂਰਥਲਾ ਮੋਰਚਰੀ 'ਚ ਰਖਵਾਇਆ ਜਾ ਰਿਹਾ ਹੈ। ਪੋਸਟ-ਮਾਰਟਮ ਰਿਪੋਰਟ ਤੋਂ ਬਾਅਦ ਹੀ ਮੌਤ ਦੇ ਕਾਰਨਾਂ ਦਾ ਪਤਾ ਲੱਗੇਗਾ। ਪਿੰਡ ਲਖਣ ਕੇ ਪੱਡਾ ਮੈਂਬਰ ਪੰਚਾਇਤ ਜਸਵੰਤ ਵਿਰਲੀ ਨੇ ਦੱਸਿਆ ਕਿ ਉਕਤ ਕਾਰ ਦੁਪਹਿਰ 12 ਵਜੇ ਦੀ ਗਡਾਣੀ ਰੋਡ ਸ਼ਮਸ਼ਾਨ ਘਾਟ ਕੋਲ ਖੜ੍ਹੀ ਸੀ ਅਤੇ ਦੇਰ ਸ਼ਾਮ ਗੱਡੀ ਉੱਥੇ ਖੜ੍ਹੀ ਹੋਣ 'ਤੇ ਉੱਥੇ ਜਾ ਕੇ ਜਾਂਚ ਕੀਤੀ ਤਾਂ ਪੁਲਸ ਨੂੰ ਦੱਸਿਆ ਗਿਆ।



# 'ਗਰੀਬ ਦਾ ਮੂੰਹ, ਗੁਰੂ ਦੀ ਗੋਲਕ' ਸੰਸਥਾ ਨੂੰ ਦਾਨੀ ਸੱਜਣ ਲਗਾਤਾਰ ਸਹਿਯੋਗ ਦੇ ਰਹੇ : ਜਥੇਦਾਰ ਅਜਨੋਹਾ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)-** ਜਥੇਦਾਰ ਅਕਾਲੀ ਬਾਬਾ ਫੂਲਾ ਸਿੰਘ ਜੀ, ਸਿੰਘ ਸਾਹਿਬ ਗਿਆਨੀ ਗੁਰਦਿਆਲ ਸਿੰਘ ਅਜਨੋਹਾ ਦਾ ਜੱਦੀ ਪਿੰਡ ਅਜਨੋਹਾ ਇਹਨਾਂ ਮਹਾਂਪੁਰਖਾਂ ਦੇ ਇਲਾਕੇ ਵਿੱਚ ਸਿਰਮੌਰ ਸੰਸਥਾ ਗਰੀਬ ਦਾ ਮੂੰਹ, ਗੁਰੂ ਦੀ ਗੋਲਕ ਸੰਸਥਾ ਰਜਿ ਅਜਨੋਹਾ ਪਿਛਲੇ ਕਈ ਸਾਲਾਂ ਤੋਂ ਲੋਕ ਭਲਾਈ ਦੇ ਕਾਰਜ ਕਰ ਰਹੀ ਹੈ। ਸੰਸਥਾ ਮੁਖੀ ਭਾਈ ਹਰਵਿੰਦਰ ਸਿੰਘ ਖਾਲਸਾ ਅਜਨੋਹਾ ਨੇ ਦੱਸਿਆ ਕਿ ਸੰਸਥਾ ਵਲੋਂ ਸ੍ਰੀ ਗੁਰੂ ਨਾਨਕ ਦੇਵ ਦੀ ਅਪਾਰ ਮਿਹਰ ਸਦਕਾ ਇਲਾਕਾ ਨਿਵਾਸੀ ਅਤੇ ਐਨ ਆਰ ਆਈ ਸੰਗਤਾਂ ਦੇ ਸਹਿਯੋਗ ਨਾਲ ਗੁਰੂ ਨਾਨਕ ਚੈਰੀਟੇਬਲ ਡਿਸਪੈਂਸਰੀ ਅਤੇ ਲੈਬੋਰਟਰੀ ਪਿੰਡ ਨਰੂੜ ਵਿਖੇ 4 ਜਨਵਰੀ 2023 ਤੋਂ ਚਲਾਈ ਜਾ ਰਹੀ ਹੈ। ਸੰਸਥਾ ਨੂੰ ਸੰਗਤਾਂ ਲਗਾਤਾਰ ਸਹਿਯੋਗ ਦੇ ਰਹੀਆ ਹਨ।ਇਸ ਮੌਕੇ ਹਾਜ਼ਰ ਸੰਸਥਾ ਮੁਖੀ ਭਾਈ ਹਰਵਿੰਦਰ ਸਿੰਘ ਖਾਲਸਾ ਅਜਨੋਹਾ, ਡਾ.ਤਰਸੇਮ ਸਿੰਘ, ਅਮਰਜੀਤ ਸਿੰਘ ਫਰਾਂਸ ਅਜਨੋਹਾ, ਲੈਬ ਟੈਕਨੀਸ਼ੀਅਨ ਗੁਰਪ੍ਰੀਤ ਸਿੰਘ, ਸੰਦੀਪ ਕੌਰ, ਲੈਬ ਟੈਕਨੀਸ਼ੀਅਨ ਲਵਪ੍ਰੀਤ ਕੌਰ, ਪਾਸ਼ਟਾਂ, ਪ੍ਰੀਆ ਨਰੂੜ, ਹਰਪ੍ਰੀਤ ਕੌਰ ਪਾਂਸ਼ਟਾਂ, ਬੀਬੀ ਕੁਲਦੀਪ ਕੌਰ ਅਤੇ ਹਰਜੀਤ ਕੌਰ ਆਦਿ ਹਾਜ਼ਰ ਸਨ।



# ਪਾਣੀਆਂ 'ਤੇ ਰੌਲਾ ਸਿਆਸੀ ਡਰਾਮੇਬਾਜ਼ੀ ਤੋਂ ਵੱਧ ਕੁਝ ਵੀ ਨਹੀਂ : ਸਿੰਗੜੀਵਾਲਾ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)—** ਭਾਖੜਾ ਬਿਆਸ ਮੈਨੇਜਮੈਂਟ ਬੋਰਡ ਦੁਆਰਾ ਆਪਣੇ ਹਿੱਸੇ ਦਾ ਜਾਰੀ ਕੀਤਾ ਪਾਣੀ ਹਰਿਆਣਾ ਸਰਕਾਰ ਮਾਰਚ ਮਹੀਨੇ ਵਿੱਚ ਹੀ ਖਤਮ ਕਰ ਚੁੱਕੀ ਹੈ ਅਤੇ ਉਹਨਾਂ ਵੱਲੋਂ ਹੋਰ ਪਾਣੀ ਦੀ ਮੰਗ ਕਰਨਾ ਕਾਨੂੰਨੀ ਅਤੇ ਅਖਲਾਕੀ ਤੌਰ 'ਤੇ ਜਾਇਜ਼ ਨਹੀਂ ਪਰ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦਾ ਇਹ ਬਿਆਨ ਕਿ ਹਰਿਆਣੇ ਨੂੰ ਇੱਕ ਬੂੰਦ ਵੀ ਪਾਣੀ ਨਹੀਂ ਦਿੱਤੀ ਜਾਵੇਗੀ ਪੰਜਾਬ ਦੇ ਲੋਕਾਂ ਨੂੰ ਗੁਮਰਾਹ ਕਰਨੇ ਵਾਲਾ ਹੈ ਕਿਉਂਕਿ ਪਿਛਲੇ ਤਿੰਨ ਸਾਲ ਤੋਂ ਭਗਵੰਤ ਮਾਨ ਸਰਕਾਰ ਅਤੇ ਪਿਛਲੀਆਂ ਸਰਕਾਰਾਂ ਵਾਧੂ ਪਾਣੀ ਦਿੰਦੀਆਂ ਆਈਆਂ ਹਨ ਫਿਰ ਹੁਣ ਮੁੱਖ ਮੰਤਰੀ ਭਗਵੰਤ ਮਾਨ ਦਾ ਬਿਆਨ ਸਿਆਸੀ ਡਰਾਮੇਬਾਜ਼ੀ ਤੋਂ ਵੱਧ ਕੁਝ ਵੀ ਨਹੀਂ ਤੇ ਪੰਜਾਬ ਦੇ ਹੱਕਾਂ ਨੂੰ ਸੁਰੱਖਿਤ ਕਰਨ ਵਾਲਾ ਨਹੀਂ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਗੁਰਨਾਮ ਸਿੰਘ ਸਿੰਗੜੀਵਾਲਾ ਜ਼ਿਲ੍ਹਾ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਦਿੱਤੇ ਬਿਆਨ ਦਾ ਸਖਤ ਨੋਟਿਸ ਲੈਂਦਿਆਂ ਹੋਇਆਂ ਕੀਤਾ। ਸਿੰਗੜੀਵਾਲਾ ਨੇ ਕਿਹਾ ਕਿ ਕੇਂਦਰੀ ਮੰਤਰੀ ਮਨੋਹਰ ਖੱਟੜ ਦੇ ਇਸ਼ਾਰਿਆਂ 'ਤੇ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਵਲੋਂ ਹਰਿਆਣਾ ਨੂੰ ਵਾਧੂ ਪਾਣੀ ਦੇਣ ਦੇ ਮਾਮਲੇ 'ਤੇ ਪੰਜਾਬ ਵਿੱਚ ਉੱਠੇ ਸਿਆਸੀ ਉਬਾਲ ਨੂੰ ਦੇਖਦਿਆਂ ਅਖੌਤੀ ਸਰਬ ਪਾਰਟੀਆਂ ਦੀਆਂ ਸਰਕਾਰਾਂ ਵੱਲੋਂ ਹਰਿਆਣਾ, ਰਾਜਸਥਾਨ ਆਦਿ ਨੂੰ ਵਾਧੂ ਪਾਣੀ ਦਿੱਤਾ ਜਾਂਦਾ ਸੀ ਦੁਆਰਾ ਸਰਬ ਪਾਰਟੀ ਮੀਟਿੰਗ 'ਚ ਇਹ ਕਹਿਣਾ ਕਿ ਜੇ ਪਿਆਰ ਨਾਲ ਮੰਗ ਲੈਂਦੇ ਤਾਂ ਦੇ ਦੇਣਾ ਸੀ ਸਿਆਸੀ ਡਰਾਮੇਬਾਜ਼ੀ ਤੋਂ ਵੱਧ ਕੁਝ ਵੀ ਨਹੀਂ ਜਿਸ ਨੂੰ ਪੰਜਾਬ ਦੇ ਲੋਕ ਬਿਲਕੁਲ ਬਰਦਾਸ਼ਤ ਨਹੀਂ ਕਰਨਗੇ ਤੇ ਇਸ ਡਰਾਮੇਬਾਜ਼ੀ ਸਬੰਧੀ ਪੰਜਾਬ ਦੇ ਲੋਕਾਂ ਨੂੰ ਜਾਗਰੂਕ ਕਰਨਗੇ ਤਾਂ ਜੋ ਇਸ ਸਰਕਾਰ ਦਾ ਅਸਲੀ ਚਿਹਰਾ ਲੋਕਾਂ ਸਾਹਮਣੇ ਆ ਸਕੇ।

# ਦਲ ਖਾਲਸਾ ਵੱਲੋਂ ਜੂਨ '84 ਹਮਲੇ ਦੀ ਯਾਦ 'ਚ ਗੁਰਮਤਿ ਸਮਾਗਮ ਅੱਜ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)-** ਆਜ਼ਾਦੀ ਪਸੰਦ ਜਥੇਬੰਦੀ ਦਲ ਖਾਲਸਾ ਨੇ ਘੱਲੂਘਾਰਾ ਜੂਨ 1984 ਦਰਬਾਰ ਸਾਹਿਬ ਹਮਲੇ ਅਤੇ ਸਿੱਖ ਸੰਘਰਸ਼ ਵਿੱਚ ਸ਼ਹੀਦ ਹੋਣ ਵਾਲੇ ਸਿੰਘ ਸਿੰਘਣੀਆਂ ਦੀ ਯਾਦ 4 ਮਈ ਨੂੰ ਗੁਰਦੁਆਰਾ ਗੁਰੂ ਤੇਗ ਬਹਾਦਰ ਸਾਹਿਬ ਜ਼ਿਲ੍ਹਾ ਹੁਸ਼ਿਆਰਪੁਰ ਦੇ ਟਾਂਡਾ ਸ਼ਹਿਰ ਵਿਖੇ ਮਨਾਉਣ ਦਾ ਐਲਾਨ ਕੀਤਾ ਹੈ। ਪਾਰਟੀ ਜਨਰਲ ਸਕੱਤਰ ਪਰਮਜੀਤ ਸਿੰਘ ਟਾਂਡਾ ਅਤੇ ਗੁਰਨਾਮ ਸਿੰਘ ਮੂਨਕ ਨੇ ਕਿਹਾ ਕਿ ਪਾਰਟੀ ਵਲੋਂ ਹਰ ਸਾਲ ਘੱਲੂਘਾਰੇ ਦੀ ਯਾਦ ਵਿੱਚ ਅਲੱਗ-ਅਲੱਗ ਥਾਵਾਂ 'ਤੇ ਸਮਾਗਮ ਕੀਤੇ ਜਾਂਦੇ ਹਨ ਅਤੇ ਇਸ ਵਾਰ ਇਹਨਾਂ ਸਮਾਗਮਾਂ ਦੀ ਸ਼ੁਰੂਆਤ ਟਾਂਡਾ ਸ਼ਹਿਰ ਤੋਂ ਕੀਤੀ ਜਾ ਰਹੀ ਹੈ ।ਉਹਨਾਂ ਦੱਸਦਿਆਂ ਕਿਹਾ ਕਿ ਇਸ ਸਮਾਗਮ ਵਿੱਚ ਦਲ ਖਾਲਸਾ ਅਤੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਪਾਰਟੀ ਦੀ ਸੀਨੀਅਰ ਲੀਡਰਸ਼ਿਪ ਸ਼ਿਰਕਤ ਕਰੇਗੀ ।ਉਹਨਾਂ ਇਹ ਵੀ ਦੱਸਿਆ ਕਿ ਇਹ ਸਮਾਗਮ ਸਿੱਖ ਸੰਘਰਸ਼ ਵਿੱਚ ਅਹਿਮ ਰੋਲ ਨਿਭਾਉਣ ਵਾਲੀ ਸਖਸ਼ੀਅਤ ਖਾਲਿਸਤਾਨੀ ਰਾਜਨੇਤਾ ਡਾ. ਜਗਜੀਤ ਸਿੰਘ ਚੌਹਾਨ ਨੂੰ ਸਮਰਪਿਤ ਹੋਵੇਗਾ ਅਤੇ ਉਹਨਾਂ ਦੇ ਸੰਘਸ਼ਮਈ ਜਿੰਦਗੀ ਤੋਂ ਇਲਾਕੇ ਦੀ ਸੰਗਤ ਨੂੰ ਜਾਣੂ ਕਰਵਾਇਆ ਜਾਵੇਗਾ।ਸਮਾਗਮ ਦੀ ਤਿਆਰੀ ਨੂੰ ਲੈ ਕੇ ਇੱਕ ਅਹਿਮ ਮੀਟਿੰਗ ਹੋਈ ਜਿਸ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਮਾ.ਕੁਲਦੀਪ ਸਿੰਘ ਮਸੀਤੀ ਕਾਰਜਕਾਰੀ ਪ੍ਰਧਾਨ ਹੁਸ਼ਿਆਰਪੁਰ ਅਤੇ ਜਸਵੰਤ ਸਿੰਘ ਫੌਜੀ ਸੀਨੀਅਰ ਮੀਤ ਪ੍ਰਧਾਨ ਹੁਸ਼ਿਆਰਪੁਰ ਵੀ ਸ਼ਾਮਿਲ ਸਨ ।ਦੋਹਾਂ ਪਾਰਟੀਆਂ ਦੇ ਆਗੂਆਂ ਨੇ ਸਾਂਝੇ ਤੌਰ 'ਤੇ ਦੱਸਿਆ ਕਿ ਭਾਰਤੀ ਸਟੇਟ ਅਤੇ ਪੰਜਾਬ ਦੀ ਆਜ਼ਾਦੀ ਦੇ ਵਿਰੋਧੀਆਂ ਵਲੋਂ ਪੰਜਾਬ ਅਤੇ ਭਾਰਤ ਦੇ ਲੋਕਾਂ ਦੇ ਮਨਾਂ ਅੰਦਰ ਜੋ ਸਿੱਖਾਂ ਅਤੇ ਸਿੱਖ ਸੰਘਰਸ਼ ਦੇ ਖਿਲਾਫ਼ ਝੂਠੇ ਅਤੇ ਬੇਬੁਨਿਆਦ ਸਵਾਲ ਅਤੇ ਪ੍ਰੋਪੇਗੰਡਾ ਕੀਤਾ ਹੋਇਆ ਹੈ ਉਹਨਾਂ ਸਵਾਲਾਂ ਦੇ ਜਵਾਬਾਂ ਲਈ ਇੱਕ ਲਹਿਰ ਸ਼ੁਰੂ ਕੀਤੀ ਗਈ ਹੈ ਜਿਸ ਨਾਲ ਲੋਕਾਂ ਦੇ ਮਨਾਂ ਵਿੱਚੋ ਭਰਮ ਭੁਲੇਖੇ ਦੂਰ ਕੀਤੇ ਜਾ ਸਕਣ । ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਯੂਥ ਆਗੂ ਸੰਦੀਪ ਸਿੰਘ ਖ਼ਾਲਸਾ, ਜਗਦੀਪ ਸਿੰਘ,ਗੁਰਪ੍ਰੀਤ ਸਿੰਘ ਖੁੱਡਾ, ਗੁਰਦੀਪ ਸਿੰਘ ਖੁੱਡਾ ਜਸਬੀਰ ਸਿੰਘ ਸਿਕਰੀ ਹਾਜ਼ਰ ਸਨ ।

# ਗ੍ਰਾਮ ਸੁਰੱਖਿਆ ਕਮੇਟੀਆਂ ਦਾ ਜ਼ਿਲ੍ਹਾ ਪੱਧਰੀ ਜਾਗਰੂਕਤਾ ਸਮਾਗਮ ਅੱਜ

**ਨਵਾਂਸ਼ਹਿਰ (ਮਨੋਜ ਲਾਡੀ)-** ਪੰਜਾਬ ਸਰਕਾਰ ਵੱਲੋਂ ਨਸ਼ਿਆਂ ਖਿਲਾਫ਼ ਸ਼ੁਰੂ ਕੀਤੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਨੂੰ ਹੋਰ ਪ੍ਰਭਾਵਸ਼ਾਲੀ ਬਣਾਉਣ ਦੇ ਉਦੇਸ਼ ਨਾਲ ਜ਼ਿਲ੍ਹਾ ਪ੍ਰਸ਼ਾਸਨ ਸ਼ਹੀਦ ਭਗਤ ਸਿੰਘ ਨਗਰ ਵੱਲੋਂ ਗ੍ਰਾਮ ਸੁਰੱਖਿਆ ਕਮੇਟੀਆਂ ਦਾ ਜ਼ਿਲ੍ਹਾ ਪੱਧਰੀ ਜਾਗਰੂਕਤਾ ਸਮਾਗਮ 4 ਮਈ ਨੂੰ ਏ. ਐਸ ਰਿਜ਼ੌਰਟ, ਚੰਡੀਗੜ੍ਹ ਰੋਡ, ਨਵਾਂਸ਼ਹਿਰ ਵਿਖੇ ਕਰਵਾਇਆ ਜਾਵੇਗਾ। ਇਹ ਜਾਣਕਾਰੀ ਵਧੀਕ ਡਿਪਟੀ ਕਮਿਸ਼ਨਰ (ਜ) ਰਾਜੀਵ ਵਰਮਾ ਨੇ ਸਮਾਗਮ ਦੀਆਂ ਤਿਆਰੀਆਂ ਦਾ ਜਾਇਜ਼ਾ ਲੈਣ ਲਈ ਅਧਿਕਾਰੀਆਂ ਨਾਲ ਸਾਂਝੀ ਕੀਤੀ। ਉਨ੍ਹਾਂ ਦੱਸਿਆ ਕਿ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਅਤੇ ਹੋਰ ਅਹਿਮ ਸ਼ਖ਼ਸੀਅਤਾਂ ਇਸ ਸਮਾਗਮ ਵਿਚ ਵਿਸ਼ੇਸ਼ ਤੌਰ 'ਤੇ ਪਹੁੰਚ ਰਹੀਆਂ ਹਨ।ਉਨ੍ਹਾਂ ਦੱਸਿਆ ਕਿ ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਦੀ ਅਗਵਾਈ ਹੇਠ ਕਰਵਾਏ ਜਾ ਰਹੇ ਇਸ ਪ੍ਰੋਗਰਾਮ ਰਾਹੀਂ ਜ਼ਿਲ੍ਹੇ ਵਿਚ ਬਣਾਈਆਂ ਗ੍ਰਾਮ ਸੁਰੱਖਿਆ ਕਮੇਟੀਆਂ ਨੂੰ ਉਨ੍ਹਾਂ ਦੇ ਫ਼ਰਜ਼ਾਂ ਅਤੇ ਜ਼ਿੰਮੇਵਾਰੀਆਂ ਪ੍ਰਤੀ ਜਾਗਰੂਕ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਪਿੰਡਾਂ ਨੂੰ ਨਸ਼ਾ ਮੁਕਤ ਬਣਾਉਣ ਵਿਚ ਇਨ੍ਹਾਂ ਕਮੇਟੀਆਂ ਦੀ ਭੂਮਿਕਾ ਬਹੁਤ ਮਹੱਤਵਪੂਰਨ ਹੈ ਅਤੇ ਇਸ ਲਈ ਉਨ੍ਹਾਂ ਨੂੰ ਸਹੀ ਸਿਖਲਾਈ ਅਤੇ ਮਾਰਗਦਰਸ਼ਨ ਪ੍ਰਦਾਨ ਕਰਨਾ ਜ਼ਰੂਰੀ ਹੈ।ਮੀਟਿੰਗ ਦੌਰਾਨ ਵਧੀਕ ਡਿਪਟੀ ਕਮਿਸ਼ਨਰ ਨੇ ਸਾਰੇ ਸਬੰਧਤ ਵਿਭਾਗਾਂ ਦੀਆਂ ਭੂਮਿਕਾਵਾਂ ਨੂੰ ਸਪੱਸ਼ਟ ਤੌਰ 'ਤੇ ਸਮਝਾਇਆ ਅਤੇ ਉਨ੍ਹਾਂ ਨੂੰ ਨਿਰਦੇਸ਼ ਦਿੱਤੇ ਕਿ ਉਹ ਪ੍ਰੋਗਰਾਮ ਦੀ ਸਫਲਤਾ ਨੂੰ ਯਕੀਨੀ ਬਣਾਉਣ ਲਈ ਆਪਸੀ ਤਾਲਮੇਲ ਨਾਲ ਕੰਮ ਕਰਨ।ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਅਵਨੀਤ ਕੌਰ, ਸਹਾਇਕ ਕਮਿਸ਼ਨਰ (ਜ) ਰੋਹਿਤ ਜਿੰਦਲ ਅਤੇ ਹੋਰ ਅਧਿਕਾਰੀ ਵੀ ਮੌਜੂਦ ਸਨ।

# ਸਤਨਾਮ ਚੇਚੀ ਜਲਾਲਪੁਰ ਵੱਲੋਂ ਵੱਖ-ਵੱਖ ਪਿੰਡਾਂ ਨੂੰ ਗ੍ਰਾਂਟਾਂ ਜਾਰੀ

**ਬਲਾਚੌਰ (ਜਸਵਿੰਦਰ ਬੈਂਸ)-** ਸ਼ਹੀਦ ਭਗਤ ਸਿੰਘ ਨਗਰ ਤੋਂ ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਅਤੇ ਜ਼ਿਲ੍ਹਾ ਯੋਜਨਾ ਬੋਰਡ ਦੇ ਚੇਅਰਮੈਨ ਸਤਨਾਮ ਚੇਚੀ ਜਲਾਲਪੁਰ ਨੇ ਆਪਣੇ ਅਖਤਿਆਰੀ ਕੋਟੇ ਵਿਚੋਂ ਬੰਗਾ ਹਲਕੇ ਦੇ ਅਲੱਗ ਅਲੱਗ ਪਿੰਡਾਂ ਨੂੰ ਲਗਭਗ ਅੱਠ ਲੱਖ, ਛੱਤੀ ਹਜ਼ਾਰ ਦੀਆਂ ਗਰਾਂਟਾਂ ਜਾਰੀ ਕੀਤੀਆਂ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸਤਨਾਮ ਜਲਾਲਪੁਰ ਨੇ ਕਿਹਾ ਕਿ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਵੱਖ-ਵੱਖ ਪਿੰਡਾਂ ਦਾ ਵਿਕਾਸ ਪਹਿਲ ਦੇ ਅਧਾਰ 'ਤੇ ਕਰਵਾਇਆ ਜਾ ਰਿਹਾ ਹੈ ਜਿੱਥੇ ਕਿ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਲਈ ਓਪਨ ਜਿੰਮ ਤੇ ਖੇਡਾਂ ਦਾ ਸਮਾਨ ਦਿੱਤਾ ਜਾ ਰਿਹਾ ਹੈ ਅਤੇ ਦੂਸਰੇ ਪਾਸੇ ਪਿੰਡ ਦੇ ਵਿਕਾਸ ਕਾਰਜਾਂ ਲਈ ਗਰਾਂਟਾਂ ਵੀ ਜਾਰੀ ਕੀਤੀਆਂ ਜਾ ਚੁੱਕੀਆਂ ਹਨ । ਇਸ ਸਮੇਂ ਉਨ੍ਹਾਂ ਨਾਲ ਐਮ ਐਲ ਏ ਬੰਗਾ ਡਾ. ਸੁਖਵਿੰਦਰ ਸੁੱਖੀ, ਹਲਕਾ ਇੰਚਾਰਜ ਬੰਗਾ ਕੁਲਜੀਤ ਸਿੰਘ ਸਰਹਾਲ ਅਤੇ ਪਿੰਡਾਂ ਦੇ ਸਰਪੰਚ, ਬਲਾਕ ਪ੍ਰਧਾਨ ਅਤੇ ਐਮ ਸੀ ਸਹਿਬਾਨ ਵੀ ਹਾਜ਼ਰ ਸਨ।ਬੰਗਾ ਦੇ ਵਾਰਡ ਨੰ:1 ਨੂੰ ਸ਼ਮਸ਼ਾਨ ਘਾਟ ਦੀ ਉਸਾਰੀ ਲਈ 2.36296 ਲੱਖ, ਲਧਾਣਾ ਝਿੱਕਾ ਦੀ ਗ੍ਰਾਮ ਪੰਚਾਇਤ ਨੂੰ ਖੇਡ ਗਰਾਊਂਡ ਲਈ 2 ਲੱਖ ਰੁਪਏ ਅਤੇ ਸਰਹਾਲ ਕਾਜ਼ੀਆਂ ਨੂੰ ਸ਼ਮਸ਼ਾਨ ਘਾਟ ਦੀ ਉਸਾਰੀ ਲਈ 4 ਲੱਖ ਦੀ ਗਰਾਂਟ ਦਿੱਤੀ ਗਈ।



# ਚੱਪੜਚਿੜੀ-ਮੋਹਾਲੀ ਸੜਕ ਦੀ ਹਾਲਤ ਅਤਿ ਮਾੜੀ : ਸੋਹਾਣਾ

**ਮੋਹਾਲੀ (ਗੁਰਜੀਤ ਬਿੱਲਾ)-** ਇਤਿਹਾਸਕ ਗੁਰਦੁਆਰਾ ਬਾਬਾ ਬੰਦਾ ਸਿੰਘ ਬਹਾਦਰ ਚੱਪੜਚਿੜੀ ਅਤੇ ਚੱਪੜ ਚਿੜੀ ਦੀ ਫਤਿਹ ਮਨਾਰ ਨੂੰ ਜੋੜਨ ਵਾਲੀ ਚੱਪੜਚਿੜੀ-ਮੋਹਾਲੀ ਸੜਕ ਦੀ ਹਾਲਤ ਅਤਿ ਮਾੜੀ ਹੈ। ਸ਼੍ਰੋਮਣੀ ਅਕਾਲੀ ਦਲ ਦੇ ਮੁੱਖ ਸੇਵਾਦਾਰ ਹਲਕਾ ਮੋਹਾਲੀ ਪਰਵਿੰਦਰ ਸਿੰਘ ਸੋਹਾਣਾ ਨੇ ਮੀਡੀਆ ਸਾਹਮਣੇ ਸਰਕਾਰ ਵਿਰੁੱਧ ਤਿੱਖਾ ਰੋਸ ਜਤਾਇਆ।ਸੁਹਾਣਾ ਨੇ ਕਿਹਾ ਕਿ ਇਤਿਹਾਸਕ ਧਰੋਹਰਾਂ ਦੇ ਮੂਹਰੇ ਸੜਕਾਂ ਦੀ ਇਹ ਹਾਲਤ ਪੰਜਾਬ ਸਰਕਾਰ ਦੀ ਕਾਰਗੁਜ਼ਾਰੀ 'ਤੇ ਸਵਾਲ ਚੁੱਕਦੀ ਹੈ। ਉਨ੍ਹਾਂ ਨੇ ਪਿੰਡ ਵਾਸੀਆਂ, ਗੁਰਦੁਆਰਾ ਪ੍ਰਬੰਧਕਾਂ ਅਤੇ ਸੀਨੀਅਰ ਅਕਾਲੀ ਆਗੂਆਂ ਦੀ ਮੌਜੂਦਗੀ ਵਿੱਚ ਪੱਤਰਕਾਰਾਂ ਨੂੰ ਸੜਕ ਦੀ ਮੌਕੇ 'ਤੇ ਹਕੀਕਤ ਦਿਖਾਈ। ਉਨ੍ਹਾਂ ਆਖਿਆ ਕਿ ਤਤਕਾਲੀ ਬਾਦਲ ਸਰਕਾਰ ਵੱਲੋਂ ਗੁਰਦੁਆਰਾ ਸਾਹਿਬ ਦੇ ਨੇੜੇ ਕਰੋੜਾਂ ਰੁਪਏ ਦੀ ਲਾਗਤ ਨਾਲ ਇਤਿਹਾਸਕ ਫਤਹਿ ਮੀਨਾਰ ਬਣਾਈ ਗਈ ਸੀ, ਜਿਸਦੇ ਦਰਸ਼ਨ ਲਈ ਰੋਜ਼ਾਨਾ ਸੈਂਕੜੇ ਸੰਗਤਾਂ ਆਉਂਦੀਆਂ ਹਨ। ਪਰ ਅਫ਼ਸੋਸਜਨਕ ਗੱਲ ਹੈ ਕਿ ਖਰੜ ਅਤੇ ਮੋਹਾਲੀ ਨੂੰ ਜੋੜਦੀ ਇਹ ਸੜਕ ਬਦਹਾਲੀ ਦਾ ਸ਼ਿਕਾਰ ਹੈ। ਉਹਨਾਂ ਕਿਹਾ ਕਿ ਸੜਕ ਦੀ ਮਾੜੀ ਹਾਲਤ ਕਾਰਨ ਦਿਨੋ-ਦਿਨ ਦੁਰਘਟਨਾਵਾਂ ਵਾਪਰ ਰਹੀਆਂ ਹਨ ਅਤੇ ਲੋਕਾਂ ਦੀ ਜਾਨ ਤੇ ਮਾਲ ਨੂੰ ਖਤਰਾ ਬਣ ਗਿਆ ਹੈ।12 ਮਈ ਨੂੰ ਬਾਬਾ ਬੰਦਾ ਸਿੰਘ ਬਹਾਦਰ ਦਾ ਸਾਲਾਨਾ ਉਰਸ ਮਨਾਇਆ ਜਾ ਰਿਹਾ ਹੈ, ਜਿਸ ਵਿੱਚ ਹਜ਼ਾਰਾਂ ਸੰਗਤਾਂ ਦੀ ਚੱਪੜਚਿੜੀ ਫਤਿਹ ਮੀਨਾਰ ਅਤੇ ਗੁਰਦੁਆਰਾ ਸਾਹਿਬ ਆਉਣ ਦੀ ਆਸ ਹੈ। ਉਨ੍ਹਾਂ ਦਾਅਵਾ ਕੀਤਾ ਕਿ ਸਥਾਨਕ ਵਿਧਾਇਕ ਨੂੰ ਕਈ ਵਾਰ ਯਾਦ-ਪੱਤਰ ਭੇਜੇ ਗਏ, ਪਰ ਤਿੰਨ ਸਾਲਾਂ ਤੋਂ ਕੋਈ ਕਾਰਵਾਈ ਨਹੀਂ ਹੋਈ। ਇਸ ਮੌਕੇ ਉਨ੍ਹਾਂ ਨਾਲ ਸਰਪੰਚ ਸੋਹਣ ਸਿੰਘ ਚੱਪੜਚਿੜੀ, ਬੁਲਾਰੇ ਸ਼ਮਸ਼ੇਰ ਪੁਰਖਾਲਵੀ, ਨਵਜੋਤ ਸਿੰਘ ਜੋਤੀ, ਸਰਪੰਚ ਗੁਰਪ੍ਰੀਤ ਸਿੰਘ ਤੰਗੋਰੀ, ਲੰਬੜਦਾਰ ਹਰਵਿੰਦਰ ਸਿੰਘ ਸੁਖਗੜ੍ਹ, ਕਰਮਜੀਤ ਸਿੰਘ ਮੌਲੀ ਅਤੇ ਕੁਲਦੀਪ ਸਿੰਘ ਵੀ ਮੌਜੂਦ ਸਨ।ਉਨ੍ਹਾਂ ਸੂਬਾ ਸਰਕਾਰ ਨੂੰ ਅਪੀਲ ਕੀਤੀ ਕਿ ਧਾਰਮਿਕ ਤੇ ਇਤਿਹਾਸਕ ਮਹੱਤਤਾ ਨੂੰ ਸਮਝਦਿਆਂ ਸੜਕ ਦੀ ਤੁਰੰਤ ਮੁਰੰਮਤ ਕਰਵਾਈ ਜਾਵੇ ਤਾਂ ਜੋ ਸੰਗਤਾਂ ਨੂੰ ਮੁਸੀਬਤਾਂ ਦਾ ਸਾਹਮਣਾ ਨਾ ਕਰਨਾ ਪਵੇ।



# ਪੰਜਾਬ ਸਰਕਾਰ ਤੇ ਸਨ ਫਾਊਂਡੇਸ਼ਨ ਨੇ ਮੁੜ-ਵਸੇਬੇ ਦਾ ਰਾਹ ਪੱਧਰਾ ਕਰਨ ਲਈ ਮਿਲਾਇਆ ਹੱਥ

**ਚੰਡੀਗੜ੍ਹ (ਕ੍ਰਿਸ਼ਨ ਗਰਗ, ਗੁਰਜੀਤ ਬਿੱਲਾ)** ਨਸ਼ਿਆਂ ਦੀ ਲਾਹਣਤ ਦੇ ਮੁਕੰਮਲ ਖ਼ਾਤਮੇ ਲਈ ਆਮ ਆਦਮੀ ਪਾਰਟੀ ਦੇ ਨੈਸ਼ਨਲ ਕਨਵੀਨਰ ਅਰਵਿੰਦ ਕੇਜਰੀਵਾਲ ਦੀ ਅਗਵਾਈ ਅਤੇ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਦੂਰਅੰਦੇਸ਼ ਸੋਚ ਅਨੁਸਾਰ ਚੱਲ ਰਹੀ ਮੁਹਿੰਮ "ਯੁੱਧ ਨਸ਼ਿਆਂ ਵਿਰੁੱਧ" ਦੌਰਾਨ, ਪੰਜਾਬ ਸਰਕਾਰ ਨੇ 'ਸਨ ਫਾਊਂਡੇਸ਼ਨ' ਨਾਲ ਭਾਈਵਾਲੀ ਕੀਤੀ ਹੈ ਤਾਂ ਜੋ ਰਾਜ ਭਰ ਦੇ ਸਾਰੇ 19 ਸਰਕਾਰੀ ਨਸ਼ਾ ਮੁੜ-ਵਸੇਬਾ ਕੇਂਦਰਾਂ ਵਿੱਚ ਹੁਨਰ ਵਿਕਾਸ ਨੂੰ ਹੋਰ ਬੜ੍ਹਾਵਾ ਦਿੱਤਾ ਜਾ ਸਕੇ। ਇੱਥੇ ਪੰਜਾਬ ਭਵਨ ਵਿਖੇ ਸਿਹਤ ਅਤੇ ਪਰਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਅਤੇ 'ਸਨ ਫਾਊਂਡੇਸ਼ਨ' ਦੇ ਚੇਅਰਮੈਨ ਤੇ ਸੰਸਦ ਮੈਂਬਰ ਵਿਕਰਮਜੀਤ ਸਿੰਘ ਸਾਹਨੀ ਦੀ ਮੌਜੂਦਗੀ ਵਿੱਚ ਇੱਕ ਐਮ.ਓ.ਯੂ. ਸਹੀਬੱਧ ਕੀਤਾ ਗਿਆ।ਇਸ ਮਹੱਤਵਪੂਰਨ ਤੇ ਨੇਕ ਕਾਰਜ ਪ੍ਰਤੀ ਆਪਣੇ ਸਮਰਪਣ ਨੂੰ ਉਜਾਗਰ ਕਰਦੇ ਹੋਏ, ਸੰਸਦ ਮੈਂਬਰ ਵਿਕਰਮਜੀਤ ਸਿੰਘ ਸਾਹਨੀ ਨੇ ਨਸ਼ਾ ਮੁੜ-ਵਸੇਬਾ ਕੇਂਦਰਾਂ ਨੂੰ ਮਜ਼ਬੂਤ ਕਰਨ ਲਈ ਆਪਣੇ ਐਮ.ਪੀ.ਐਲ.ਏ.ਡੀ. ਫੰਡਾਂ ਵਿੱਚੋਂ 1 ਕਰੋੜ ਰੁਪਏ ਦੇਣ ਦਾ ਐਲਾਨ ਕੀਤਾ। ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਸਾਹਨੀ ਦੇ ਇਸ ਯੋਗਦਾਨ ਨੂੰ ਸੂਬੇ ਦੀ "ਯੁੱਧ ਨਸ਼ਿਆਂ ਵਿਰੁੱਧ" ਪਹਿਲਕਦਮੀ ਲਈ ਮਹੱਤਵਪੂਰਨ ਦੱਸਿਆ ਅਤੇ ਨਸ਼ਾ ਮੁਕਤ ਪੰਜਾਬ ਬਣਾਉਣ ਵਿੱਚ ਸੁਹਿਰਦਤਾ ਨਾਲ ਅੱਗੇ ਆਉਣ ਲਈ ਸਾਹਨੀ ਦੀ ਸ਼ਲਾਘਾ ਕੀਤੀ। ਇਸ ਮੌਕੇ ਸਕੱਤਰ ਸਿਹਤ ਅਤੇ ਪਰਵਾਰ ਭਲਾਈ- ਕਮ- ਨੋਡਲ ਅਫ਼ਸਰ ਨਸ਼ਾ ਵਿਰੋਧੀ ਮੁਹਿੰਮ ਬਸੰਤ ਗਰਗ, ਡਾਇਰੈਕਟਰ ਡਾ. ਹਿਤਿੰਦਰ ਕੌਰ, ਸਹਾਇਕ ਡਾਇਰੈਕਟਰ ਡਾ. ਸੰਦੀਪ ਭੋਲਾ ਅਤੇ ਹੋਰ ਸੀਨੀਅਰ ਸਿਹਤ ਅਧਿਕਾਰੀ ਵੀ ਮੌਜੂਦ ਸਨ।



# ਪੰਜਾਬ ਦੇ ਕਿਸਾਨੀ ਭਵਿੱਖ ਨੂੰ ਬਰਬਾਦ ਕਰਨ 'ਤੇ ਤੁਲੀ ਕੇਂਦਰ ਸਰਕਾਰ : ਰਜਿੰਦਰ ਮਾਰਸ਼ਲ

**ਟਾਂਡਾ ਉੜਮੁੜ (ਜਸਵਿੰਦਰ ਸੰਧੂ)-** ਜਿੱਥੇ ਬੀ.ਬੀ.ਐਮ.ਬੀ ਵਿੱਚੋਂ ਪੰਜਾਬ ਦੀ ਭਾਈਵਾਲੀ ਖਤਮ ਕੀਤੀ ਉੱਥੇ ਪੰਜਾਬ ਦੇ ਪਾਣੀਆਂ 'ਤੇ ਅਚਨਚੇਤ ਡਾਕਾ ਮਾਰਨਾ ਸੈਂਟਰ ਸਰਕਾਰ ਦੀ ਸੋਚੀ ਸਮਝੀ ਸਾਜਿਸ਼ ਹੈ ਇਹਨਾਂ ਗੱਲਾਂ ਦਾ ਪ੍ਰਗਟਾਵਾ ਸਰ ਮਾਰਸ਼ਲ ਸਕੂਲ ਸਿੱਖਿਆ ਸੰਸਥਾਵਾਂ ਦੇ ਚੇਅਰਮੈਨ ਰਜਿੰਦਰ ਸਿੰਘ ਮਾਰਸ਼ਲ ਨੇ ਕੀਤਾ। ਉਹਨਾਂ ਕਿਹਾ ਕਿ ਸਰਕਾਰਾਂ ਚਾਹੁੰਦੀਆਂ ਹਨ ਕਿ ਪੰਜਾਬ ਭਵਿੱਖ ਵਿੱਚ ਪਾਣੀ ਦੀ ਬੂੰਦ ਬੂੰਦ ਦਾ ਮੁਹਤਾਜ ਹੋ ਜਾਵੇ । ਪੰਜਾਬ ਦੇਸ਼ ਦਾ ਅਜਿਹਾ ਸੂਬਾ ਰਿਹਾ ਹੈ ਜਿਸ ਨੇ ਹਮੇਸ਼ਾ ਦੇਸ਼ ਦੀ ਆਰਥਿਕ ਸਥਿਤੀ ਨੂੰ ਉਪਰ ਚੁੱਕਿਆ ਤੇ ਸਭ ਤੋਂ ਵੱਧ ਟੈਕਸ ਦੇ ਕੇ ਦੇਸ਼ ਦੀ ਤਰੱਕੀ ਲਈ ਬਣਦਾ ਯੋਗਦਾਨ ਪਾਇਆ। ਇਥੋਂ ਦਾ ਕਿਸਾਨ ਅਤੇ ਜਵਾਨ ਦੇਸ਼ ਅਤੇ ਕੌਮ ਲਈ ਹਮੇਸ਼ਾ ਹਿੱਕ ਤਾਣ ਕੇ ਖੜ੍ਹਾ ਹੁੰਦਾ ਰਿਹਾ ਪਰੰਤੂ ਇਸ ਗੱਲ ਦੀ ਸਮਝ ਨਹੀਂ ਆ ਰਹੀ ਕਿ ਅੱਗੇ ਵਧ ਕੇ ਕੰਮ ਕਰਨ ਵਾਲਿਆਂ ਨੂੰ ਇਹ ਰਾਜਨੀਤਿਕ ਲੋਕ ਕਿਉਂ ਪਸੰਦ ਨਹੀਂ ਕਰਦੇ। ਭਵਿੱਖ ਵਿੱਚ ਪੰਜਾਬ ਨੂੰ ਕਮਜ਼ੋਰ ਕਰਨ ਦੀ ਇਹ ਇੱਕ ਸੋਚੀ ਸਮਝੀ ਸ਼ਰਾਰਤ ਹੈ ਜੋ ਪੰਜਾਬ ਦੇ ਲੋਕਾਂ ਨਾਲ ਅਤੇ ਪੰਜਾਬ ਦੇ ਕਿਸਾਨਾਂ ਨਾਲ ਕੀਤੀ ਜਾ ਰਹੀ ਹੈ। ਇਸ ਵੇਲੇ ਸਾਰੀਆਂ ਪਾਰਟੀਆਂ ਅਤੇ ਆਮ ਲੋਕਾਂ ਨੂੰ ਪੰਜਾਬ ਦੇ ਹੱਕਾਂ ਦੀ ਰਾਖੀ ਕਰਨ ਅਤੇ ਪੰਜਾਬ ਤੇ ਪਾਣੀਆਂ ਨੂੰ ਬਚਾਉਣ ਲਈ ਅੱਗੇ ਆਉਣਾ ਚਾਹੀਦਾ ਹੈ।



# ਸਿੱਖ ਮਿਸ਼ਨਰੀ ਕਾਲਜ ਲੁਧਿਆਣਾ ਵੱਲੋਂ ਲੈਂਡਮਾਰਕ ਸਕੂਲ ਸਨਮਾਨਤ

**ਭੋਗਪੁਰ (ਕੁਲਵੀਰ ਸਿੰਘ ਕਾਹਲੋਂ)-** ਪਿਛਲੇ ਦਿਨੀਂ ਸਿੱਖ ਮਿਸ਼ਨਰੀ ਕਾਲਜ ਲੁਧਿਆਣਾ ਵੱਲੋਂ ਤਕਰੀਬਨ 80 ਬੱਚਿਆਂ ਦਾ ਸਿੱਖੀ ਨਾਲ ਜੋੜਨ ਲਈ ਕੋਰਸ ਕਰਵਾਇਆ ਅਤੇ ਧਾਰਮਿਕ ਪ੍ਰੀਖਿਆ ਕਰਵਾਈ ਗਈ। ਜਿਸ ਵਿੱਚ ਸਾਰੇ ਬੱਚੇ ਵਧੀਆ ਨੰਬਰ ਲੈ ਕੇ ਅੱਵਲ ਆਏ। ਇਸ ਮੌਕੇ ਕਿਸਾਨ ਵੈਲਫੇਅਰ ਕਮੇਟੀ ਦੇ ਪ੍ਰਧਾਨ ਹਰਸਲਿੰਦਰ ਸਿੰਘ, ਏ.ਐਸ.ਆਈ ਸਤਨਾਮ ਸਿੰਘ ਭੋਗਪੁਰ, ਪ੍ਰਿੰਸੀਪਲ ਕੁਲਵੀਰ ਕੌਰ, ਪੱਤਰਕਾਰ ਕੁਲਵੀਰ ਸਿੰਘ ਨੇ ਬੱਚਿਆਂ ਨੂੰ ਸਰਟੀਫਿਕੇਟ ਵੰਡੇ ਅਤੇ ਪ੍ਰਧਾਨ ਮਨਜਿੰਦਰ ਕੌਰ, ਪ੍ਰਿੰਸੀਪਲ ਸੋਨਮ ਸ਼ਰਮਾ, ਮੈਡਮ ਜਸਕਿਰਨ ਕੌਰ ਨੂੰ ਅਵਾਰਡ ਆਫ ਆਨਰ ਦੇ ਕੇ ਸਨਮਾਨਤ ਕੀਤਾ। ਪ੍ਰਧਾਨ ਮਨਜਿੰਦਰ ਕੌਰ ਨੇ ਦੱਸਿਆ ਕਿ ਸਕੂਲ ਬੱਚਿਆਂ ਨੂੰ ਪੰਜਾਬੀ ਅਤੇ ਗੁਰਬਾਣੀ ਨਾਲ ਜੋੜਨ ਲਈ ਅਹਿਮ ਭੂਮਿਕਾ ਅਦਾ ਕਰ ਰਿਹਾ ਹੈ ਅਤੇ ਇਥੇ ਗੁਰਬਾਣੀ ਸਖਾਉਣ ਲਈ ਮੁਫ਼ਤ ਕਲਾਸਾਂ ਵੀ ਲਗਾ ਰਿਹਾ ਹੈ ।




# ਨਸ਼ੀਲੇ ਪਦਾਰਥ ਸਮੇਤ 2 ਗ੍ਰਿਫਤਾਰ

**ਟਾਂਡਾ ਉੜਮੁੜ (ਜਸਵਿੰਦਰ ਸੰਧੂ ਓਂਕਾਰ ਸਿੰਘ)-** ਟਾਂਡਾ ਪੁਲਸ ਨੇ ਦੋ ਵਿਅਕਤੀਆਂ ਨੂੰ 60 ਗ੍ਰਾਮ ਨਸ਼ੀਲੇ ਪਦਾਰਥ ਸਮੇਤ ਗ੍ਰਿਫਤਾਰ ਕੀਤਾ ਹੈ।ਥਾਣਾ ਟਾਂਡਾ ਦੇ ਮੁਖੀ ਇੰਸਪੈਕਟਰ ਗੁਰਿੰਦਰਜੀਤ ਸਿੰਘ ਨਾਗਰਾ ਨੇ ਦੱਸਿਆ ਟਾਂਡਾ ਪੁਲਸ ਦੇ ਏ. ਐਸ. ਆਈ ਸੀਤਾ ਰਾਮ ਦੀ ਟੀਮ ਵੱਲੋਂ ਜਲਾਲਪੁਰ ਸੜਕ 'ਤੇ ਗਸ਼ਤ ਦੌਰਾਨ ਪਿੰਡ ਗੁਰਾਲਾ ਦੇ ਸਰਕਾਰੀ ਸਕੂਲ ਨਜ਼ਦੀਕ ਸ਼ੱਕ ਦੇ ਅਧਾਰ 'ਤੇ ਪੈਦਲ ਆ ਰਹੇ ਦੋ ਵਿਅਕਤੀਆਂ ਤੋਂ ਪੁੱਛਗਿੱਛ ਕੀਤੀ। ਉਨਾਂ ਦੀ ਪਹਿਚਾਣ ਬਰਿੰਦਰਪਾਲ ਉਰਫ ਬਾਬਾ ਪੁੱਤਰ ਸਾਦਿਕ ਵਾਸੀ ਪਿੰਡ ਬਸਤੀ ਬੋਹੜਾਂ ਤੇ ਲਵਪ੍ਰੀਤ ਸਿੰਘ ਉਰਫ ਡਾਕਟਰ ਪੁੱਤਰ ਤਰਸੇਮ ਸਿੰਘ ਵਾਸੀ ਪਿੰਡ ਪਿੰਡੀ ਖੈਰ ਵਜੋਂ ਹੋਈ ਹੈ ।

# ਨਸ਼ਾ ਛੁਡਾਊ ਕੇਂਦਰ 'ਚ ਸੀ ਐੱਮ ਯੋਗਸ਼ਾਲਾ ਦੀਆਂ ਕਲਾਸਾਂ ਉਮੀਦ ਦੀ ਕਿਰਨ ਬਣੀਆਂ

**ਐੱਸ ਏ ਐੱਸ ਨਗਰ (ਗੁਰਜੀਤ ਬਿੱਲਾ)—** ਪੰਜਾਬ ਸਰਕਾਰ ਦੇ ਉਪਰਾਲੇ, ਸੀ ਐੱਮ ਦੀ ਯੋਗਸ਼ਾਲਾ ਤਹਿਤ, ਨਸ਼ਾ ਛੁਡਾਊ ਕੇਂਦਰਾਂ ਵਿੱਚ ਚਲਾਈਆਂ ਜਾ ਰਹੀਆਂ ਯੋਗਾ ਕਲਾਸਾਂ ਨੇ ਬਹੁਤ ਸਾਰੇ ਮਰੀਜ਼ਾਂ ਦੇ ਜੀਵਨ ਵਿੱਚ ਸਕਾਰਾਤਮਕ ਬਦਲਾਅ ਲਿਆਂਦੇ ਹਨ। ਯੋਗ ਇੰਸਟ੍ਰਕਟਰਾਂ ਦੁਆਰਾ ਰੋਜ਼ਾਨਾ ਕੀਤੇ ਜਾਣ ਵਾਲੇ ਪ੍ਰਾਣਾਯਾਮ, ਯੋਗ ਨਿਦ੍ਰਾ ਅਤੇ ਵੱਖ-ਵੱਖ ਆਸਣਾਂ ਨੇ ਨਾ ਸਿਰਫ਼ ਨਸ਼ਾ ਛਡਾਉਣ ਦੀ ਪ੍ਰਕਿਰਿਆ ਨੂੰ ਆਸਾਨ ਬਣਾਇਆ ਹੈ ਬਲਕਿ ਮਰੀਜ਼ਾਂ ਨੂੰ ਮਾਨਸਿਕ ਅਤੇ ਸਰੀਰਕ ਤੌਰ 'ਤੇ ਵੀ ਵਧੇਰੇ ਊਰਜਾਵਾਨ ਬਣਾਇਆ ਹੈ। ਯੋਗਾ ਇੰਸਟ੍ਰਕਟਰ ਪੁਲਕਿਤ ਤਨੇਜਾ ਕਹਿੰਦੇ ਹਨ ਕਿ ਨਸ਼ਾ ਛੱਡਣ ਦੀ ਪ੍ਰਕਿਰਿਆ ਵਿੱਚ, ਸਰੀਰ ਅਤੇ ਮਨ ਕਈ ਤਰ੍ਹਾਂ ਦੇ ਲੱਛਣਾਂ ਵਿੱਚੋਂ ਲੰਘਦੇ ਹਨ ਜਿਵੇਂ ਕਿ ਚਿੜਚਿੜਾਪਨ, ਇਨਸੌਮਨੀਆ, ਕਮਜ਼ੋਰੀ, ਥਕਾਵਟ ਅਤੇ ਚਿੰਤਾ। ਅਜਿਹੇ ਸਮੇਂ, ਪ੍ਰਾਣਾਯਾਮ ਜਿਵੇਂ ਕਿ ਅਨੁਲੋਮ-ਵਿਲੋਮ, ਭ੍ਰਾਮਰੀ ਅਤੇ ਨਾੜੀ ਸ਼ੁੱਧੀ ਸਾਹ ਪ੍ਰਣਾਲੀ ਨੂੰ ਸੰਤੁਲਿਤ ਕਰਦੇ ਹਨ, ਜਿਸ ਨਾਲ ਮਨ ਸ਼ਾਂਤ ਹੁੰਦਾ ਹੈ। ਦੂਜੇ ਪਾਸੇ ਯੋਗ ਨਿਦ੍ਰਾ ਡੂੰਘਾ ਆਰਾਮ ਪ੍ਰਦਾਨ ਕਰਦਾ ਹੈ ਅਤੇ ਸਰੀਰ ਦੀ ਪੁਨਰ ਨਿਰਮਾਣ ਪ੍ਰਕਿਰਿਆ ਨੂੰ ਤੇਜ਼ ਕਰਦਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਤਾੜ ਆਸਣ, ਪਵਨਮੁਕਤ ਆਸਣ , ਵਜਰ ਆਸਣ ਅਤੇ ਸ਼ਵ ਆਸਣ ਵਰਗੇ ਸੂਖਮ ਅਭਿਆਸਾਂ ਅਤੇ ਆਸਣਾਂ ਦਾ ਨਿਯਮਤ ਅਭਿਆਸ ਸਰੀਰ ਵਿੱਚ ਲਚਕਤਾ ਅਤੇ ਜੀਵਨਸ਼ਕਤੀ ਲਿਆਉਂਦਾ ਹੈ, ਜੋੜਾਂ ਨੂੰ ਮਜ਼ਬੂਤ ਬਣਾਉਂਦਾ ਹੈ, ਸਰੀਰ ਵਿੱਚੋਂ ਕਠੋਰਤਾ ਅਤੇ ਕਠੋਰਤਾ ਨੂੰ ਦੂਰ ਕਰਦਾ ਹੈ ਅਤੇ ਮਰੀਜ਼ ਪਹਿਲਾਂ ਨਾਲੋਂ ਵਧੇਰੇ ਸਰਗਰਮ ਅਤੇ ਸਕਾਰਾਤਮਕ ਮਹਿਸੂਸ ਕਰਦਾ ਹੈ।




# 24 ਨਸ਼ੀਲੀਆਂ ਗੋਲੀਆਂ ਸਮੇਤ 2 ਕਾਬੂ

**ਬੰਗਾ (ਅਵਤਾਰ ਕਲੇਰ)** ਥਾਣਾ ਸਿਟੀ ਬੰਗਾ ਵਲੋਂ 24 ਨਸ਼ੀਲੀਆਂ ਗੋਲੀਆਂ ਸਮੇਤ 2 ਲੋਕਾਂ ਨੂੰ ਕਾਬੂ ਕੀਤਾ ਹੈ। ਐਸ ਐਚ ਓ ਵਰਿੰਦਰ ਕੁਮਾਰ ਨੇ ਦੱਸਿਆ ਕਿ ਏ ਐਸ ਆਈ ਵਿਜੇ ਕੁਮਾਰ ਅਤੇ ਏ ਐਸ ਆਈ ਲਖਵੀਰ ਸਿੰਘ ਪੁਲਸ ਪਾਰਟੀ ਸਮੇਤ ਗਸ਼ਤ ਤੇ ਬੰਗਾ ਤੋਂ ਖਟਕੜ ਕਲਾਂ ਸਾਈਡ ਨੂੰ ਜਾ ਰਹੇ ਸੀ ਤਾਂ ਸਾਹਮਣੇ ਤੋ 2 ਨੌਜਵਾਨ ਜਿਨ੍ਹਾਂ ਪੁਲਸ ਦੀ ਗੱਡੀ ਦੇਖ ਕੇ ਇੱਕ ਨੇ ਆਪਣੇ ਪਜਾਮੇ ਦੀ ਜੇਬ ਅਤੇ ਇੱਕ ਨੇ ਕੈਪਰੀ ਦੀ ਜੇਬ ਵਿੱਚੋ ਲਿਫਾਫੀ ਪਲਾਸਟਿਕ ਕੱਢ ਕੇ ਘਾਹ ਫੂਸ ਵਿੱਚ ਸੁੱਟਕੇ ਦੌੜਨ ਦੀ ਕੋਸ਼ਿਸ਼ ਕੀਤੀ। ਪੁਲਸ ਨੇ ਦੋਹਾਂ ਨੂੰ ਕਾਬੂ ਕਰਕੇ ਨਾਂਅ ਪਤਾ ਪੁੱਛਿਆ ਤਾਂ ਉਹਨਾਂ ਨੇ ਆਪਣਾ ਨਾਂਅ ਕਰਮਵਾਰ ਸਰਬਜੀਤ ਉਰਫ ਸੱਬੂ ਪੁੱਤਰ ਦਿਲਬਾਗ ਸਿੰਘ ਵਾਸੀ ਕਾਹਮਾ ਥਾਣਾ ਸਦਰ ਬੰਗਾ ਜ਼ਿਲ੍ਹਾ ਸ.ਭ.ਸ ਨਗਰ, ਸਾਹਿਲ ਉਰਫ ਗੋਰੀ ਪੁੱਤਰ ਨਛੱਤਰ ਸਿੰਘ ਵਾਸੀ ਜੱਲੋਵਾਲ ਕਲੋਨੀ ਕਾਲਾ ਬੱਕਰਾ ਥਾਣਾ ਭੋਗਪੁਰ ਜ਼ਿਲ੍ਹਾ ਜਲੰਧਰ ਦੱਸਿਆ। ਉਹਨਾਂ ਪਾਸੋ 03 ਪੱਤੇ ਜਿਨ੍ਹਾ 'ਤੇ ਐਲਪਰਾਜੋਲਮ 0.5 ਲਿਖਿਆ ਹੋਇਆ ਸੀ, ਜਿਨ੍ਹਾ ਦੇ ਬੈਚ ਨੰਬਰ, ਮੈਨੂੰਫੈਕਚਰ ਨੂੰ ਅਤੇ ਐਕਸਪਾਇਰੀ ਮਿਟਾਏ ਹੋਏ ਸਨ। ਇੱਕ ਵਲੋਂ ਸੁੱਟੇ ਪੱਤੇ ਵਿੱਚੋਂ 08 ਗੋਲੀਆਂ ਅਤੇ ਦੂਸਰੇ ਵਲੋਂ ਸੁੱਟੇ ਪੱਤੇ ਵਿੱਚੋਂ 16 ਗੋਲੀਆਂ ਕੁੱਲ ਮਿਲਾਕੇ 24 ਗੋਲੀਆਂ ਰੰਗ ਹਲਕਾ ਸੰਤਰੀ ਬਰਾਮਦ ਕੀਤੀਆਂ। ਪੁਲਸ ਨੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।



# ਬੂੜੇਵਾਲ 'ਚ ਮਨਾਇਆ ਮਜ਼ਦੂਰ ਦਿਵਸ



**ਸੁਲਤਾਨਪੁਰ ਲੋਧੀ (ਬਲਵੀਰ ਸ਼ਾਲ੍ਹਾਪੁਰੀ)-** ਸੁਲਤਾਨਪੁਰ ਲੋਧੀ ਦੇ ਪਿੰਡ ਬੂੜੇਵਾਲ ਵਿਖੇ ਸਰਪੰਚ ਆਤਮਾ ਰਾਮ ਅਤੇ ਸਮਾਜ ਸੇਵੀ ਕਸ਼ਮੀਰ ਸਿੰਘ ਬੂੜੇਵਾਲ ਦੀ ਅਗਵਾਈ 'ਚ ਸਮੂਹ ਗ੍ਰਾਮ ਪੰਚਾਇਤ ਵੱਲੋਂ ਮਜ਼ਦੂਰ ਦਿਵਸ ਮਨਾਇਆ ਗਿਆ। ਇਸ ਮੌਕੇ ਝੰਡਾ ਚੜ੍ਹਾ ਕੇ ਸ਼ਿਕਾਗੋ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਝੰਡੇ ਦੀ ਰਸਮ ਅਦਾ ਕਰਨ 'ਤੇ ਇਸ ਦਿਨ ਬਾਰੇ ਮਨਰੇਗਾ ਮਜ਼ਦੂਰਾਂ ਨੂੰ ਜਾਣਕਾਰੀ ਦਿੰਦੇ ਹੋਏ ਸਰਪੰਚ ਆਤਮਾ ਰਾਮ ਬੂੜੇਵਾਲ ਅਤੇ ਸਮਾਜ ਸੇਵੀ ਕਸ਼ਮੀਰ ਸਿੰਘ ਭੱਟੀ ਨੇ ਕਿਹਾ ਕਿ 1 ਮਈ ਮਜ਼ਦੂਰਾਂ ਦਾ ਕੌਮਾਂਤਰੀ ਦਿਵਸ ਹੈ ਤੇ ਅੰਤਰਰਾਸ਼ਟਰੀ ਪੱਧਰ 'ਤੇ ਮਨਾਇਆ ਜਾਂਦਾ ਹੈ। ਉਹਨਾਂ ਨੇ ਮਜ਼ਦੂਰ ਵਰਗ ਨੂੰ ਆਪਣੇ ਹੱਕਾਂ ਦੇ ਬਾਰੇ ਜਾਣਕਾਰੀ ਦਿੱਤੀ ਅਤੇ ਸਰਕਾਰ ਵੱਲੋਂ ਦਿੱਤੀਆਂ ਜਾਂਦੀਆਂ ਸਕੀਮਾਂ ਦੇ ਬਾਰੇ ਵੀ ਦੱਸਿਆ। ਉਹਨਾਂ ਨੇ ਕਿਹਾ ਕਿ ਇਹ ਦਿਨ ਦੁਨੀਆ ਭਰ ਦੇ ਮਜ਼ਦੂਰਾਂ ਲਈ ਇੱਕ ਦਿਨ ਵਿੱਚ 8 ਘੰਟੇ ਕੰਮ ਕਰਨ ਦੇ ਕਾਨੂੰਨ ਨਾਲ ਸਬੰਧਤ ਹੈ। ਅੱਜ ਦੇ ਦੌਰ ਵਿੱਚ ਕਾਮੇ ਇਸ ਦਾ ਲਾਭ ਲੈ ਰਹੇ ਹਨ ਪਰ 8 ਘੰਟੇ ਕੰਮ ਕਰਨ ਪਿੱਛੇ ਇਕ ਖ਼ੂਨੀ ਇਤਿਹਾਸ ਛੁਪਿਆ ਹੋਇਆ ਹੈ। ਸੰਘਰਸ਼ ਵਿੱਚ ਸ਼ਹੀਦ ਹੋਏ ਸ਼ਹੀਦਾਂ ਨੂੰ ਸ਼ਰਧਾਂਜਲੀ ਦੇਣ ਅਤੇ ਸੰਘਰਸ਼ਾਂ ਨੂੰ ਯਾਦ ਕਰਨ ਲਈ ਅੱਜ ਦੇ ਦਿਨ ਸੰਘਰਸ਼ਸ਼ੀਲ ਜਥੇਬੰਦੀਆਂ ਵੱਲੋਂ ਮਨਾਇਆ ਜਾਂਦਾ ਹੈ। ਇਸ ਮੌਕੇ ਸਰਪੰਚ ਆਤਮਾ ਰਾਮ ਬੂੜੇਵਾਲ, ਸਮਾਜ ਸੇਵੀ ਕਸ਼ਮੀਰ ਸਿੰਘ ਭੱਟੀ, ਭਗਵਾਨ ਵਾਲਮੀਕ ਕ੍ਰਾਂਤੀ ਸੈਨਾ ਦੇ ਪ੍ਰਧਾਨ ਜਸਪਾਲ ਸਿੰਘ, ਲਖਬੀਰ ਸਿੰਘ ਸਾਬੀ, ਰਸ਼ਪਾਲ ਸਿੰਘ, ਦੇਵਾ ਸਿੰਘ, ਕੁਲਵਿੰਦਰ ਕੌਰ, ਗੁਰਮੀਤ ਕੌਰ, ਦਲਜੀਤ ਕੌਰ, ਰਾਵੀ, ਰਾਣੀ, ਮਨਜੀਤ ਕੌਰ, ਬਲਵੀਰ ਕੌਰ, ਮਨਜੀਤ ਕੌਰ, ਸਲਵਿੰਦਰ ਕੌਰ, ਜਸਬੀਰ ਕੌਰ, ਸੁਰਜੀਤ ਕੌਰ, ਸਨੀਤਾ, ਰਾਜਵਿੰਦਰ ਕੌਰ, ਗੁਰਮੀਤ ਕੌਰ, ਗਿੰਦੋ, ਨਿਰਮਲ ਕੌਰ, ਜਸਬੀਰ ਕੌਰ, ਬਲਜੀਤ ਕੌਰ, ਹਰਜਿੰਦਰ ਕੌਰ ਆਦਿ ਪਿੰਡ ਵਾਸੀ ਮੌਜੂਦ ਸਨ।

## ਜਨਮ ਦਿਨ ਮੁਬਾਰਕ



ਦਿਲਸ਼ਾਦ ਸਿੰਘ
ਪਿਤਾ : ਰੁਪਿੰਦਰ ਸਿੰਘ
ਮਾਤਾ : ਮਨਦੀਪ ਕੌਰ
ਵਾਸੀ : ਹਿੰਮਤਪੁਰਾ

## ਵਰ੍ਹੇਗੰਢ ਮੁਬਾਰਕ



ਰਜਿੰਦਰ ਭੱਟੀ ਅਤੇ ਅਨੀਤਾ ਰਾਣੀ ਵਾਸੀ ਕਪੂਰਥਲਾ ਨੇ ਆਪਣੇ ਵਿਆਹ ਦੀ 10ਵੀਂ ਵਰ੍ਹੇਗੰਢ ਮਨਾਈ।



ਮਲਵਿੰਦਰ ਦੀਆਂ ਕਵਿਤਾਵਾਂ
(ਆਖਰੀ ਤੋਂ ਪਹਿਲੇ ਸਫੇ 'ਤੇ)

# ਨਵਾਂ ਜ਼ਮਾਨਾ ਐਤਵਾਰਤਾ

ਸਾਗਰ ਦੀ ਥਾਂ ਮੋਈ ਪਿਆਸੀ
ਮੱਛੀ ਬਾਰੇ ਸੋਚ ਰਿਹਾ ਹਾਂ।
ਅੱਜ-ਕੱਲ੍ਹ ਮੈਂ ਵੀ ਚੰਨ ਤੋਂ ਖਿਝਿਆ
ਧਰਤੀ ਬਾਰੇ ਸੋਚ ਰਿਹਾ ਹਾਂ।
-ਸੁਰਜੀਤ ਜੱਜ

Regd. No : L-4/Pb-JL-0023/2024-26, (R.N.I.)-00068/57 ਜਲੰਧਰ : ਐਤਵਾਰ, 4 ਮਈ 2025 www.nawanzamana.in ਕੀਮਤ 5.00 ਰੁਪਏ



ਜਗਰੂਪ


# ਮਾਰਕਸਵਾਦ ਅਤੇ ਪ੍ਰਸੰਗਤਾ

ਮਾਰਕਸਵਾਦ ਬਾਰੇ ਲੈਨਿਨ ਅਤੇ ਸਟਾਲਿਨ ਵੱਲੋਂ ਕੀਤੀਆਂ ਦੋ ਮਹੱਤਵਪੂਰਨ ਟਿੱਪਣੀਆਂ ਤੋਂ ਗੱਲ ਸ਼ੁਰੂ ਕਰਦੇ ਹਾਂ।

* 'ਕੇਵਲ ਮਾਰਕਸ ਦੇ ਦਾਰਸ਼ਨਿਕ ਪਦਾਰਥਵਾਦ ਨੇ ਹੀ ਪਰੋਲਤਾਰੀ ਜਮਾਤ ਨੂੰ ਉਸ ਰੂਹਾਨੀ ਗੁਲਾਮੀ ਤੋਂ ਮੁਕਤੀ ਪ੍ਰਾਪਤ ਕਰਨ ਦਾ ਰਾਹ ਦਿਖਾਇਆ, ਜਿਸ ਵਿੱਚ ਸਾਰੀਆਂ ਦੱਬੀਆਂ-ਕੁਚਲੀਆਂ ਜਮਾਤਾਂ ਹੁਣ ਤੀਕ ਜਕੜੀਆਂ ਦਮ ਤੋੜ ਰਹੀਆਂ ਸਨ।'

* 'ਮਾਰਕਸਵਾਦ ਸਰਬ ਸ਼ਕਤੀਮਾਨ ਹੈ, ਕਿਉਂਕਿ ਇਹ ਸੱਚ ਹੈ'-ਲੈਨਿਨ।

# ਬੋਲਸ਼ੇਵਿਕਾਂ ਦੀ ਮਾਰਕਸਵਾਦੀ ਸਿਖਲਾਈ ਬਾਰੇ ਜੇ.ਵੀ. ਸਟਾਲਿਨ:

* 'ਬਾਲਸ਼ੇਵਿਕਾਂ ਦੀ ਪਹਿਲੀ, ਪੁਰਾਣੀ ਪੀੜ੍ਹੀ ਸਿਧਾਂਤਕ ਤੌਰ 'ਤੇ ਸਮਝਦਾਰ ਸੀ। ਅਸੀਂ ਪੂੰਜੀ ਦਾ ਅਧਿਐਨ ਕਰਦੇ, ਨੋਟਿਸ ਤਿਆਰ ਕਰਦੇ, ਬਹਿਸਾਂ ਕਰਦੇ, ਇੱਕ-ਦੂਜੇ ਦੀ ਪਰਖ ਕਰਦੇ। ਇਹ ਸਾਡੀ ਤਾਕਤ ਸੀ। ਇਸ ਨੇ ਸਾਡੀ ਬਹੁਤ ਮਦਦ ਕੀਤੀ।

ਦੂਜੀ ਪੀੜ੍ਹੀ ਘੱਟ ਤਿਆਰ ਸੀ। ਲੋਕ ਵਿਹਾਰਕ ਕੰਮ, ਉਸਾਰੀ ਵਿੱਚ ਰੁੱਝੇ ਹੋਏ ਸਨ। ਉਨ੍ਹਾਂ ਨੇ ਕਿਤਾਬਚਿਆਂ ਤੋਂ ਮਾਰਕਸਵਾਦ ਦਾ ਅਧਿਐਨ ਕੀਤਾ।

ਤੀਜੀ ਪੀੜ੍ਹੀ ਵਿਅੰਗਆਤਮਿਕ ਲਿਖਤਾਂ ਅਤੇ ਅਖਬਾਰਾਂ ਦੇ ਲੇਖਾਂ 'ਤੇ ਪਾਲੀ ਗਈ ਹੈ। ਉਨ੍ਹਾਂ ਕੋਲ ਡੂੰਘਾ ਗਿਆਨ ਨਹੀਂ ਹੈ। ਉਨ੍ਹਾਂ ਨੂੰ ਅਜਿਹੇ ਭੋਜਨ ਦੀ ਜ਼ਰੂਰਤ ਹੈ, ਜੋ ਸੌਖਿਆਂ ਹਜ਼ਮ ਹੋਵੇ। ਉਨ੍ਹਾਂ ਵਿੱਚੋਂ ਜ਼ਿਆਦਾਤਰ ਮਾਰਕਸ ਅਤੇ ਲੈਨਿਨ ਦੇ ਅਧਿਐਨ 'ਤੇ ਨਹੀਂ, ਸਗੋਂ ਹਵਾਲਿਆਂ ਉਤੇ ਪਾਲੀ ਗਈ ਹੈ।

ਜੇਕਰ ਚੀਜ਼ਾਂ ਇਸ ਤਰ੍ਹਾਂ ਜਾਰੀ ਰਹੀਆਂ, ਤਾਂ ਲੋਕ ਮਾਰਕਸਵਾਦੀ ਅਧਿਐਨ ਤੋਂ ਅਭਿੱਜ (ਪਤਿੱਤ, degenerate) ਹੋ ਸਕਦੇ ਹਨ।

ਅਮਰੀਕੀ ਇਹ ਤਰਕ ਕਰਦੇ ਹਨ: 'ਡਾਲਰ ਸਭ ਕੁਝ ਤੈਅ ਕਰਦਾ ਹੈ, ਸਾਨੂੰ ਸਿਧਾਂਤ ਦੀ ਕੀ ਲੋੜ ਹੈ, ਸਾਨੂੰ ਵਿਗਿਆਨ ਦੀ ਕੀ ਲੋੜ ਹੈ' ?

ਅਤੇ ਇੱਥੇ (ਰੂਸ 'ਚ) ਉਹ ਇਸੇ ਤਰ੍ਹਾਂ ਤਰਕ ਕਰ ਸਕਦੇ ਹਨ: 'ਜਦੋਂ ਅਸੀਂ ਸਮਾਜਵਾਦ ਬਣਾ ਰਹੇ ਹਾਂ ਤਾਂ ਸਾਨੂੰ ਪੂੰਜੀ ਦਾ ਅਧਿਐਨ ਕਰਨ ਦੀ ਕੀ ਲੋੜ ਹੈ'?

ਇਹ ਪਤਨ ਦਾ ਖ਼ਤਰਾ ਹੈ, ਇਹ ਮੌਤ ਹੈ।'

[ਰਾਜਨੀਤਿਕ ਆਰਥਿਕਤਾ ਦੇ ਮੁੱਦਿਆਂ 'ਤੇ ਜੇ.ਵੀ. ਸਟਾਲਿਨ ਨਾਲ ਇਹ ਗੱਲਬਾਤ 24 ਅਪ੍ਰੈਲ 1950 ਨੂੰ ਰਿਕਾਰਡ ਕੀਤੀ ਗਈ ਸੀ]

ਉਪਰੋਕਤ ਤੱਥ ਕਾਫੀ ਕੁਝ ਸਪੱਸ਼ਟ ਕਰ ਦਿੰਦੇ ਹਨ, ਫਿਰ ਵੀ ਅਸੀਂ ਪ੍ਰਸੰਗਤਾ ਬਾਰੇ ਗੱਲ ਅੱਗੇ ਤੋਰਦੇ ਹਾਂ।

1) ਮਾਰਕਸਵਾਦ ਦੀ ਬੁਨਿਆਦ, ਇਸ ਦੀ 'ਸੂਝ-ਸਿਖਰ', 'ਦਾਰਸ਼ਨਿਕ-ਪਦਾਰਥਵਾਦ' ਹੈ, ਜਿਸ ਨੂੰ 'ਇਨਕਲਾਬੀ-ਦਰਸ਼ਨ' ਸੱਦਿਆ ਜਾਂਦਾ ਹੈ। ਇਸ ਸਮਝ ਅਨੁਸਾਰ : 'ਪਦਾਰਥਕ ਅਤੇ ਗਤੀ' ਵਿੱਚ, ਪਦਾਰਥ ਅਵੱਲ ਹੈ, ਅਤੇ ਗਤੀ; ਪਦਾਰਥ ਦਾ ਗੁਣ ਹੈ। 'ਪਦਾਰਥ, ਗਤੀ ਬਗੈਰ ਅਤੇ ਗਤੀ, ਪਦਾਰਥ ਬਗੈਰ ਨਹੀਂ ਹੁੰਦੀ' ।

'ਪਦਾਰਥ ਦੇ ਗੁਣ' ਅਤੇ 'ਗਤੀ ਦੇ ਗੁਣ' ਅਨਿੱਖੜ ਹਨ, ਜਿਵੇਂ ਪਦਾਰਥ ਅਤੇ ਗਤੀ ਅਨਿੱਖੜ ਹਨ, ਦੋਵਾਂ ਨੂੰ ਸਾਂਝੇ ਰੂਪ ਵਿਚ ਬਿਆਨ ਕਰਦਾ ਸ਼ਬਦ 'ਪਦਾਰਥਕ-ਗਤੀ' ਹੈ।

ਇਸ ਨੂੰ ਵਿਸਥਾਰ ਵਿੱਚ, ਸਹੀ-ਸਹੀ ਜਾਣੇ ਤੋਂ ਬਗੈਰ, ਕੁਦਰਤ ਅਤੇ ਸਮਾਜ ਪ੍ਰਤੀ ਸਹੀ 'ਦ੍ਰਿਸ਼ਟੀਕੋਣ' (outlook) ਦਾ ਨਿਰਧਾਰਨ ਨਹੀਂ ਹੋ ਸਕਦਾ।

ਪਦਾਰਥਕ-ਗਤੀ ਦੋ ਭਾਗੀ ਕੁਦਰਤੀ ਅਤੇ ਸਮਾਜੀ (ਨਿਰਜੀਵ ਅਤੇ ਜੀਵ) ਹੈ। 'ਕੁਦਰਤ ਦਾ ਦਵੰਦਵਾਦ' ਅਤੇ 'ਸਮਾਜਿਕ ਦਵੰਦਵਾਦ'। ਇਹਨਾਂ ਵਿਚਲੀ ਭਿੰਨਤਾ ਦੇ ਦ੍ਰਿਸ਼ਟੀਕੋਣ ਨੂੰ ਅੱਖੋਂ ਪਰ੍ਹੇ ਨਹੀਂ ਕਰਨਾ ਚਾਹੀਦਾ।

ਇਹ ਦੋਵੇਂ ; 'ਦਵੰਦਵਾਦੀ ਪਦਾਰਥਵਾਦ' ਅਤੇ 'ਇਤਿਹਾਸਕ ਪਦਾਰਥਵਾਦ, ਸੱਦੇ, ਪੜ੍ਹੇ ਅਤੇ ਵਿਚਾਰੇ ਜਾਂਦੇ ਹਨ। ਨਾਂਅ ਦੋ ਹੋਣ ਦੇ ਬਾਵਜੂਦ ਇਹ ਇਕੋ ਹੈ, ਜਿਸ ਨੂੰ 'ਸੰਸਾਰ-ਦ੍ਰਿਸ਼ਟੀਕੋਣ' (world outlook) ਕਿਹਾ ਜਾਂਦਾ ਹੈ।

'ਦਾਰਸ਼ਨਿਕ ਵਿਚਾਰਵਾਦ', ਜਿਸ ਦਾ ਸਿਖਰ ਦਾਰਸ਼ਨਿਕ ਹੀਗਲ ਰਾਹੀਂ ਰੂਪ ਧਾਰਦਾ ਹੈ, ਉਹ ਕੇਵਲ ਹਾਲਤਾਂ ਦੇ ਵਖਿਆਨ ਤੱਕ ਪੁੱਜਦਾ ਹੈ। ਉਹ ਆਦਰਸ਼ਵਾਦ ਹੈ, ਉਸ ਵਿੱਚ ਬਦਲਾਓ ਦਾ ਸਿਧਾਂਤ ਸ਼ਾਮਲ ਨਹੀਂ ਹੁੰਦਾ। ਹੀਗਲ ਦੇ ਉਲਟ ਦਰਸ਼ਨਿਕ ਫਿਊਰਬਾਖ ਵੀ ਬਦਲਾਓ ਦਾ ਸਿਧਾਂਤ ਦੇਣ ਵਿੱਚ ਖੁੰਝ ਜਾਂਦਾ ਹੈ, ਕਿਉਂਕਿ ਉਹ ਲੁਕਵਾਂ ਪਦਾਰਥਵਾਦੀ ਹੋਣ ਦੇ ਬਾਵਜੂਦ ਅਧਿਆਤਮਵਾਦ ਦੀ (ਗੈਰ-ਦਵੰਦਵਾਦੀ ਹੈ) ਵਲਗਣ ਪਾਰ ਨਹੀਂ ਕਰ ਪਾਉਂਦਾ।

ਮਾਰਕਸ ਨੇ ਫਿਊਰਬਾਖ ਬਾਰੇ ਆਪਣੇ ਥੀਸਿਸ (11/11) ਵਿੱਚ ਨਿਰਣਾਇਕ ਅੰਤਰ ਦਰਜ ਕੀਤਾ : 'ਦਾਰਸ਼ਨਿਕਾਂ ਨੇ ਹੁਣ ਤੱਕ ਵੱਖ-ਵੱਖ ਤਰ੍ਹਾਂ ਸੰਸਾਰ ਦੀ ਕੇਵਲ ਵਿਆਖਿਆ ਕੀਤੀ ਹੈ; ਜਦੋਂ ਕਿ ਮਾਮਲਾ ਹੈ, ਇਸ ਨੂੰ ਬਦਲਣਾ ਕਿਵੇਂ ਹੈ' ।

ਮਾਰਕਸ ਤੇ ਏਂਗਲਜ਼ ਨੇ ਬਦਲਾਓ ਦਾ ਸਿਧਾਂਤ ਵਿਕਸਿਤ ਕੀਤਾ। ਏਂਗਲਜ਼ ਲਿਖਦੇ ਨੇ :

'ਮਾਰਕਸ ਤੇ ਮੈਂ ਉਹ ਪਹਿਲੇ ਵਿਅਕਤੀ ਸਾਂ, ਜਿਨ੍ਹਾਂ ਨੇ ਜਰਮਨ ਦਰਸ਼ਨ ਸ਼ਾਸਤਰ ਨਾਲੋਂ 'ਚੇਤਨ-ਵਿਰੋਧਵਿਕਾਸ' (Conscious Dialectics) ਨੂੰ ਵੱਖ ਜਾਣਿਆ, ਬਚਾਇਆ ਅਤੇ ਵਿਕਸਿਤ ਕੀਤਾ।'

ਇਹ ਚੇਤਨ ਵਿਰੋਧਵਿਕਾਸ ਹੀ, ਬਦਲਾਓ ਦਾ ਸਿਧਾਂਤ ; 'ਵਿਚਾਰਧਾਰਾ' (ideology) ਹੈ।

ਦਰਸ਼ਨਿਕ ਪਦਾਰਥਵਾਦ (ਇਨਕਲਾਬੀ ਦਰਸ਼ਨ) ਦੋ-ਪਰਤਾਂ ਵਾਲਾ ਹੈ ;

(ਇਕ) 'ਪਦਾਰਥਵਾਦੀ ਸੰਸਾਰ-ਦ੍ਰਿਸ਼ਟੀਕੋਣ' ਅਤੇ (ਦੂਜਾ) 'ਪਦਾਰਥਵਾਦੀ ਵਿਚਾਰਧਾਰਾ' ਹੈ।

# ਦਰਸ਼ਨ, ਦ੍ਰਿਸ਼ਟੀਕੋਣ ਅਤੇ ਵਿਚਾਰਧਾਰਾ ਦਾ ਨਿਰਧਾਰਨ ਕਰਦਾ ਹੈ।( philosophy determines outlook and ideology)

ਮੋੜਵੇਂ ਰੂਪ ਵਿਚ, ਦ੍ਰਿਸ਼ਟੀਕੋਣ ਅਤੇ ਵਿਚਾਰਧਾਰਾ ਦੀ ਪਰਖ, ਪੜਤਾਲ ਦਾ ਪ੍ਰਮਾਣ ਉਸ ਦਾ ਦਰਸ਼ਨ ਕਰਦਾ ਹੈ। ਇਹਨਾਂ ਨੂੰ ਰਲਗੱਡ ਕਰਨਾ ਹਾਨੀਕਾਰਕ ਸਾਬਤ ਹੁੰਦਾ ਹੈ। ਜਦੋਂ ਦਰਸ਼ਨ ਦੀ ਥਾਂ ਦ੍ਰਿਸ਼ਟੀਕੋਣ ਮੱਲ ਲੈਂਦਾ ਹੈ ਤਾਂ ਉਸ ਦੀ ਸੇਧ (ਅਮਲ) ਸਹੀ ਹੋਣ ਦੀ ਪਰਖ-ਪੜਤਾਲ ਦਾ ਆਧਾਰ ਹੀ ਨਹੀਂ ਬਚਦਾ। ਇਹੀ ਵਰਤਾਰਾ ਵਿਚਾਰਧਾਰਾ (ਬਦਲਾਓ ਦਾ ਸਿਧਾਂਤ) ਦੀ ਪਰਖ ਪੜਤਾਲ ਬਾਰੇ ਵਾਪਰਦਾ ਹੈ।ਵਿਚਾਰਧਾਰਾ ਅਮਲ ਰਾਹੀਂ ਪਰਗਟ ਹੁੰਦੀ ਹੈ। ਬਦਲਾਓ ਦਾ ਅਮਲ (ਵਿਚਾਰਧਾਰਾ) ਸਹੀ ਹੈ ਜਾਂ ਗਲਤ ? ਇਸ ਦਾ ਨਿਪਟਾਰਾ ਕੌਣ ਕਰੇ ?

ਅਮਲ ਤਿੰਨ ਭਾਤੀ ਹੋ ਸਕਦਾ ਹੈ:

1) ਪਦਾਰਥਵਾਦ (ਦਵੰਦਵਾਦ) ਅਨੁਸਾਰ, 'ਚੇਤਨ-ਦਵੰਦਵਾਦੀ' ਹੋਵੇ।

2) ਪਦਾਰਥਵਾਦ-ਅਧਿਆਤਮਵਾਦੀ, ਅਨੁਸਾਰ (ਚੱਕਰੀ ਗੇੜ ਵਾਲਾ) ਹੋਵੇ, ਜੋ ਰਾਜਸੀ-ਅਧਿਆਤਮਵਾਦ ਹੈ।

3) ਵਿਚਾਰਵਾਦੀ-ਰੂੜੀਵਾਦ ਅਨੁਸਾਰ ਹੋਵੇ।

ਇਸ ਲਈ ਅਮਲ (ਵਿਚਾਰਧਾਰਕ ਸਰਗਰਮੀ) ਦੀ ਪਰਖ-ਵੱਟੀ, ਉਸ ਦਾ ਦਰਸ਼ਨ ਹੁੰਦਾ ਹੈ।

ਇਨਕਲਾਬੀ ਦਰਸ਼ਨ ਅਨੁਸਾਰ, 'ਚੇਤਨ-ਦਵੰਦਵਾਦ' ਦਾ ਨਾਮਕਰਨ; 'ਵਿਚਾਰਧਾਰਾ' ਹੈ। ਇਹ ਜਮਾਤੀ ਅਗਵਾਈ ਦੀ ਸੇਧ ਦਾ ਸਵਾਲ ਹੈ।

* ਦਰਸ਼ਨ ਅਵਲ ਸਥਾਨ (position) 'ਤੇ ਹੈ ਅਤੇ 'ਦ੍ਰਿਸ਼ਟੀਕੋਣ' ਤੇ 'ਵਿਚਾਰਧਾਰਾ', ਉਸ ਦੇ ਅਧੀਨ (Subordinate) ਪੁਜ਼ੀਸ਼ਨ 'ਤੇ ਹਨ। ਇਸੇ ਲਈ ਇਹ ਪ੍ਰਸਿੱਧ ਕਥਨ ਹੈ;


'ਦਰਸ਼ਨ ਬਦਲਣ ਨਾਲ ਦ੍ਰਿਸ਼ਟੀਕੋਣ ਤੇ ਵਿਚਾਰਧਾਰਾ ਬਦਲ ਜਾਂਦੇ ਹਨ'।

ਇਨਕਲਾਬੀ ਦਰਸ਼ਨ (ਸੂਝ-ਸਿਖਰ) ਵਿੱਚ ਮੁਹਾਰਤ, ਉਸ ਨੂੰ ਸਦਾ ਨਵਿਆਉਣ ਦਾ ਕਾਰਜ, ਕਿਸੇ ਢਿੱਲ ਦੀ ਗੁੰਜਾਇਸ਼ ਨਹੀਂ ਦਿੰਦਾ। ਇਸ ਦੀਆਂ ਧਾਰਨਾਵਾਂ ਅਤੇ ਪਰਵਰਗਾਂ ਨੂੰ ਨਿਤ ਦਿਨ, ਭੌਤਿਕ ਵਿਗਿਆਨ ਦੀਆਂ ਨਵੀਆਂ ਖੋਜਾਂ ਅਨੁਸਾਰ ਨਵਿਆਉਣ ਦੀ ਲੋੜ ਪੈਂਦੀ ਹੈ। ਬਸ ਇੱਕੋ ਸ਼ਰਤ ਹੈ ਕਿ ਉਹ ਪਦਾਰਥਵਾਦੀ ਵਖਿਆਣ 'ਤੇ ਪੂਰਾ ਉੱਤਰੇ। ਇਸੇ ਚੌਕਸੀ ਲਈ ਲੈਨਿਨ ਨੇ 'ਜੁਝਾਰ ਪਦਾਰਥਵਾਦ' (Militant materialism) ਉੱਪਰ ਲਿਖਦਿਆਂ ਕਿਹਾ ਸੀ; 'ਭੌਤਿਕ ਵਿਗਿਆਨ ਦੀ ਹਰ ਲੱਭਤ ਦਾ ਦਾਰਸ਼ਨਿਕੀਕਰਨ ਕਰਨਾ ਲਾਜ਼ਮੀ ਹੈ।'

ਇਸ ਬਗੈਰ ਉਹ ਜੁਝਾਰ ਤਾਂ ਕੀ, ਉਹ ਪਦਾਰਥਵਾਦ ਹੀ ਨਹੀਂ ਰਹਿਣਾ'।

* ਜੇ ਦਰਸ਼ਨ ਪਦਾਰਥਵਾਦੀ ਨਹੀਂ ਤਾਂ ਵਿਚਾਰਧਾਰਾ ਔਂਜੜ-ਰਾਹ ਪੈ ਜਾਣੀ ਲਾਜ਼ਮੀ ਹੈ।

* ਜੇ ਵਿਚਾਰਧਾਰਾ ਗਲਤ ਰਾਹ ਉੱਤੇ ਹੈ ਤਾਂ ਦਾਰਸ਼ਨਕ ਪਦਾਰਥਵਾਦ ਅਤੇ ਰਾਜਸੀ-ਅਰਥਸ਼ਾਸਤਰ ਵੀ ਬੇਕਾਰ ਹੋ ਜਾਂਦੇ ਹਨ।



ਮਾਰਕਸੀ ਵਿਚਾਰਧਾਰਾ ਵਿਗਿਆਨਕ-ਸਾਂਝੀਵਾਲਤਾ ਹੈ। ਲੈਨਿਨ ਨੇ ਚੇਤਾਵਨੀ ਦਿੰਦਿਆਂ ਕਿਹਾ, 'ਵਿਗਿਆਨਕ ਸਾਂਝੀਵਾਲਤਾ ਬਗੈਰ ਪਦਾਰਥਵਾਦ ਅਧੂਰਾ, ਇੱਕ ਪਾਸੜ ਅਤੇ ਬੇਜਾਨ ਹੈ'।(Without scientific communism, matrialism is incomplete, one-sided and lifeless."-Lenin)

ਨਾਲ ਹੀ ਮਾਰਕਸ ਦੀ ਦਾਸ ਕੈਪੀਟਲ ਦੇ ਦਾਰਸ਼ਨਿਕ ਪੱਖ ਨੂੰ ਬਿਆਨ ਕਰਦਿਆਂ ਲੈਨਿਨ ਨੇ ਦਾਰਸ਼ਨਿਕ ਨੋਟ ਬੁੱਕ ਵਿੱਚ ਦਰਜ ਕੀਤਾ ਸੀ;

'ਮਾਰਕਸ ਦੀ ਦਾਸ ਕੈਪੀਟਲ ਅਤੇ ਖਾਸ ਤੌਰ 'ਤੇ ਉਸ ਦੇ ਪਹਿਲੇ ਚੈਪਟਰ ਨੂੰ ਸਮਝਣਾ, ਮੁਕੰਮਲ ਤੌਰ 'ਤੇ ਅਸੰਭਵ ਹੈ, ਜਦੋਂ ਤੱਕ ਹੀਗਲ ਦੇ ਤਰਕ (*✪✪*) ਨੂੰ ਸਮੁੱਚੇ ਤੌਰ 'ਤੇ ਚੰਗੀ ਤਰ੍ਹਾਂ ਪੜ੍ਹ ਅਤੇ ਸਮਝ ਨਹੀਂ ਲਿਆ ਜਾਂਦਾ। ਨਤੀਜੇ ਵਜੋਂ ਅੱਧੀ ਸਦੀ ਬੀਤ ਜਾਣ ਪਿੱਛੋਂ ਕੋਈ ਵੀ ਮਾਰਕਸਵਾਦੀ ਨਹੀਂ, ਜਿਸ ਨੇ ਮਾਰਕਸ ਨੂੰ ਸਮਝਿਐ।'

[[" It is impossible completely to understand Marx's Capital, and especially its first chapter, without having thoroughly studied and understood the whole of Hegel's Logic.

Consequently, half a century later none of the marxists understood marx !!"-Lenin ]

ਮਾਰਕਸ ਨੇ ਦਾਸ ਕੈਪੀਟਲ ਲਿਖਦਿਆਂ, ਆਰਥਿਕਤਾ ਦੇ ਦਵੰਦਵਾਦੀ ਸੂਤਰਾਂ ਨੂੰ ਖੋਜਦਿਆਂ, ਉਹਨਾਂ ਨੂੰ ਪੇਸ਼ ਕਰਦਿਆਂ, ਹੀਗਲ ਦੀ ਦਵੰਦਵਾਦੀ ਵਿਧੀ, 'ਤਰਕ ਦਾ ਵਿਗਿਆਨ' (science of logic) ਦੀ ਭਰਪੂਰ ਵਰਤੋਂ ਕੀਤੀ ਹੈ। ਦਰਸ਼ਨ ਦੀ ਟੱਕਰ ਵਿਚ ਮਾਰਕਸ ਨੇ ਹੀਗਲ ਦੇ ਵਿਚਾਰਵਾਦ-ਦਵੰਦਵਾਦੀ ਨੂੰ, ਪਦਾਰਥਵਾਦ- ਦਵੰਦਵਾਦੀ ਵਿੱਚ ਪਲਟ ਕੇ, ਸਮੁੱਚੇ 'ਤਰਕ ਦੇ ਵਿਗਿਆਨ' (Science of logic) ਨੂੰ ਆਪਣੇ ਪਦਾਰਥਵਾਦੀ ਵਿਖਿਆਣ-ਘੇਰੇ ਵਿੱਚ ਲੈ ਆਂਦਾ। ਬੱਸ ਹੁਣ ਉਸ ਦੇ ਸਾਹਮਣੇ, ਉਸ ਨੂੰ ਲਾਗੂ ਕਰਦੇ ਜਾਣਾ ਸੀ।

ਇਸ ਨਵੇਂ ਫਲਸਫੇ (ਪਦਾਰਥਵਾਦ-ਦਵੰਦਵਾਦੀ) ਨੇ, ਨਵਾਂ ਸੰਸਾਰ ਦ੍ਰਿਸ਼ਟੀਕੋਣ ਦਿੱਤਾ। ਇਤਿਹਾਸ ਵਿਅਕਤੀਆਂ, ਰਾਜੇ-ਰਾਣੀਆਂ ਜਾਂ ਸੈਭੰ ਘਟਨਾਵਾਂ ਦਾ ਨਾ ਹੋ ਕੇ, ਸਮਾਜਿਕ ਜਮਾਤਾਂ ਦੇ ਘੋਲ ਦਾ ਇਤਿਹਾਸ ਬਣ ਉੱਭਰਿਆ। ਮਨੁੱਖੀ ਇਤਿਹਾਸ ਦੇ ਪਦਾਰਥਵਾਦੀ ਵਖਿਆਣ ਨੇ, ਇਤਿਹਾਸ ਨੂੰ ਵਿਗਿਆਨ ਦਾ ਦਰਜਾ ਦਿੱਤਾ।ਉਸ ਲਿਖਿਆ, ਸਵਾਏ ਮੁੱਢਲੇ ਸਾਂਝੀਵਾਲ ਸਮਾਜ ਦੇ, 'ਹੁਣ ਤੱਕ ਦਾ ਵਿਦਮਾਨ ਇਤਿਹਾਸ ਜਮਾਤੀ ਘੋਲਾਂ ਦਾ ਇਤਿਹਾਸ ਹੈ'। ਨਤੀਜਨ ; ਅਗਲਾ ਬਦਲਾਓ (ਇਤਿਹਾਸ) ਵੀ ਨਿਸ਼ਚਿਤ ਤੌਰ 'ਤੇ ਜਮਾਤੀ ਘੋਲ ਰਾਹੀਂ ਵਾਪਰੇਗਾ।....

ਮਾਰਕਸ ਨੇ ਜਦੋਂ ਹੀਗਲ ਦੇ ਵਿਚਾਰਵਾਦੀ-ਦਵੰਦਵਾਦ; ( thesis- antithesis and synthesis) ਵਿਸ਼ਲੇਸ਼ਨ ਤੇ ਸੰਸਲੇਸ਼ਨ ਦੀ ਏਕਤਾ ਨੂੰ, ਪਦਾਰਥਵਾਦ (ਦਵੰਦਵਾਦੀ) ਵਿੱਚ ਪਲਟ ਦਿੱਤਾ ਤਾਂ ਇਸ ਬਾਰੇ ਉਸ ਨੇ ਲਿਖਿਆ :

'ਮੇਰਾ ਵਿਰੋਧਵਿਕਾਸੀ ਢੰਗ ਹੀਗਲਵਾਦੀ ਢੰਗ ਤੋਂ ਇਹੋ ਨਹੀਂ ਕਿ ਵੱਖਰਾ ਹੈ, ਸਗੋਂ ਠੀਕ ਇਹਦਾ ਉਲਟ ਹੈ। ਹੀਗਲ ਲਈ ਮਨੁੱਖੀ ਦਿਮਾਗ ਦਾ ਜੀਵਨ-ਅਮਲ ਅਰਥਾਤ ਚਿੰਤਨ ਦਾ ਅਮਲ, ਜਿਹਨੂੰ 'ਵਿਚਾਰ' ਦੇ ਨਾਂਅ ਨਾਲ ਉਹਨੇ ਇੱਕ ਸੁਤੰਤਰ ਕਰਤਾ ਬਣਾ ਸੁੱਟਿਆ ਹੈ, ਅਸਲ ਸੰਸਾਰ ਦਾ ਸਿਰਜਕ ਹੈ ਅਤੇ ਅਸਲ ਸੰਸਾਰ 'ਵਿਚਾਰ' ਦਾ ਬਾਹਰਲਾ, ਵਰਤਾਰੇ ਸਬੰਧੀ ਰੂਪ ਹੀ ਹੈ। ਇਸ ਤੋਂ ਉਲਟ ਮੇਰੇ ਲਈ ਵਿਚਾਰ ਇਸ ਤੋਂ ਬਿਨਾਂ ਹੋਰ ਕੁਝ ਨਹੀਂ ਕਿ ਪਦਾਰਥਕ ਜਗਤ ਮਨੁੱਖੀ ਮਨ ਵਿੱਚ ਪ੍ਰਤੀਬਿੰਬਤ ਹੁੰਦਾ ਹੈ, ਅਤੇ ਚਿੰਤਨ ਦੇ ਰੂਪਾਂ ਵਿੱਚ ਬਦਲ ਜਾਂਦਾ ਹੈ'।

* ਉਸ ਨੇ ਪਾਇਆ, ਲੱਭਿਆ ਕਿ ਵਿਚਾਰਾਂ ਵਿਚਲੀ ਵਿਰੋਧਤਾਈ, ਪਦਾਰਥਕ-ਵਿਰੋਧਤਾਈ ਦਾ ਪ੍ਰਤੀਬਿੰਬ ਹੈ।ਇਸ ਲਈ ਵਿਸ਼ਲੇਸ਼ਨ ਤੇ ਸੰਸਲੇਸ਼ਨ (synthesis) ਦੀ ਏਕਤਾ ਉੱਤੇ ਪੁੱਜਣ ਲਈ ਪਦਾਰਥਕ ਸੰਸਲੇਸ਼ਣ ਲੱਭਣਾ ਤੇ ਕਰਨਾ ਪਵੇਗਾ। ਉਸ ਨੇ ਕਥਨ, ਵਿਰੋਧੀ ਕਥਨ ਅਤੇ ਸੰਧੀ ਕਥਨ, (Thesis, antithesis and synthesis), ਭਾਵ ਵਿਚਾਰਵਾਦ- ਦਵੰਦਵਾਦੀ ਵਿਧੀ ਨੂੰ, ਪਦਾਰਥਵਾਦ ਦਵੰਦਵਾਦੀ ਵਿਧੀ ਰੂਪ ਵਿਚ ਲਾਗੂ ਕੀਤਾ।

'ਦਾਸ ਕੈਪੀਟਲ' ਉਸ ਦੀ ਮਹਾਨ ਦੇਣ ਹੈ। ਜੋ ਸਰਮਾਏਦਾਰੀ ਦੇ ਆਰੰਭ ਹੋਣ, ਵਿਕਾਸ ਕਰਨ ਅਤੇ ਵਿਨਾਸ਼ ਹੋਣ ਦਾ ਮੁਕੰਮਲ ਅਧਿਐਨ ਹੈ। ਨਾਲ ਹੀ ਨਵੇਂ ਸਮਾਜ, ਸਮਾਜਵਾਦ ਅਤੇ ਵਿਗਿਆਨਕ ਸਾਂਝੀਵਾਲ ਸਮਾਜ ਦਾ ਖਾਕਾ ਦੀ, ਪੇਸ਼ਕਾਰੀ ਵੀ ਹੈ।

ਉਹ ਆਪਣਾ ਅਧਿਐਨ ਸਰਮਾਏਦਾਰਾ ਪੈਦਾਵਾਰੀ ਢੰਗ ਦੀ ਚੂਲ, ਟੇਕ 'ਜਿਨਸ' (Commodity) ਤੋਂ ਆਰੰਭ ਕਰਦਾ ਹੈ।

ਉਹ 'ਜਿਨਸ' ਦਾ ਦਵੰਦਵਾਦ ਲੱਭਦਾ ਹੈ।

ਜਿਨਸ, ਦੋਹਰੇ ਮੁੱਲ (value) ਦੇ ਗੁਣ ਵਾਲੀ ਹੈ। 'ਵਰਤੋਂ-ਮੁੱਲ' ਅਤੇ 'ਵਟਾਂਦਰਾ-ਮੁੱਲ' (use-value & exchange value) ਇਸ ਦੀ ਖਾਸੀਅਤ ਹਨ। ਅਜਿਹਾ ਕਿਉਂ ਹੈ ?

ਜਿਨਸ ਤਾਂ ਕਿਰਤ ਦੀ ਉਪਜ ਹੈ! ਕਿਰਤ ਮਨੁੱਖੀ ਗੁਣ ਹੈ, ਭਾਵ ਇਹ ਮਨੁੱਖੀ-ਕਿਰਤ ਹੈ।

ਉਸ ਨੇ ਖੋਜਿਆ, ਮਨੁੱਖੀ-ਕਿਰਤ ਦੋਹਰੇ ਗੁਣ ਵਾਲੀ (ਠੋਸ) 'ਮੂਰਤ-ਕਿਰਤ' ਅਤੇ 'ਅਮੂਰਤ ਕਿਰਤ' (concrete labour & abstract labour) ਹੈ।

ਅਮੂਰਤ-ਕਿਰਤ, 'ਕਿਰਤ-ਸ਼ਕਤੀ' ਇੱਕ ਖਾਸ ਜਿਨਸ ਹੈ। ਇਹ ਮੁੱਲ ਸਿਰਜਕ ਹੈ ਅਤੇ ਇਹ ਆਪਣੇ ਮੁੱਲ ਤੋਂ ਵਧੇਰੇ ਮੁੱਲ ਸਿਰਜਦੀ ਹੈ। (Labour power creates value and greater then its own.) ਜਿਨਸ ਦਾ ਵਟਾਂਦਰਾ, ਬਰਾਬਰੀ ਬਗੈਰ ਨਹੀਂ ਹੁੰਦਾ। ਜਿਨਸ ਅਤੇ ਜਿਨਸ-ਵਟਾਂਦਰਾ ਸਮੁੱਚੇ ਸਰਮਾਏਦਾਰੀ ਪ੍ਰਬੰਧ ਨੂੰ (ਸਮੇਤ ਖਾਤਮੇ ) ਸਮਝਣ ਦਾ ਆਧਾਰ ਬਿੰਦੂ ਹੈ।ਉਸ ਦੀ ਇਸ ਲੱਭਤ ਦੀ ਸਮਝਦਾਰੀ ਬਗੈਰ, ਨਾ ਸਮੱਸਿਆ ਸਮਝੀ ਜਾ ਸਕਦੀ ਹੈ ਅਤੇ ਨਾ ਹੀ ਉਸ ਦਾ ਹੱਲ ਸੰਭਵ ਹੈ।

ਇਹ ਦੋ ਹੋ ਕੇ ਇਕ (ਮਨੁੱਖੀ-ਕਿਰਤ) (ਮੂਰਤ+ਅਮੂਰਤ ਕਿਰਤ=ਮਨੁੱਖੀ ਕਿਰਤ) ਹੈ।

ਇਸ ਦੇ ਵਿਸ਼ਲੇਸ਼ਣ ਅਤੇ ਸੰਸਲੇਸ਼ਣ ਦੀ ਏਕਤਾ ਮਨੁੱਖ ਨਾਲ ਜੁੜੀ ਹੈ ਅਤੇ ਮਨੁੱਖ ਨੂੰ ਨਜ਼ਰ-ਅੰਦਾਜ਼ ਕਰਕੇ, ਇਹ ਏਕਤਾ ਨਹੀਂ ਬਣਾਈ ਜਾ ਸਕਦੀ।

ਮਨੁੱਖ ਸਮਾਜਿਕ ਹੈ, ਇਸ ਲਈ ਇਹ ਏਕਤਾ, ਸਮਾਜਿਕ ਏਕਤਾ ਵਿੱਚ ਹੀ ਸੰਭਵ ਬਣਾਈ ਜਾ ਸਕਦੀ ਹੈ।ਕਿਸੇ ਦੀ ਚਾਹਤ ਕਰਕੇ ਨਹੀਂ, ਸਗੋਂ ਇਸ ਵਿਗਿਆਨ ਕਰਕੇ, ਇਸ 'ਏਕਤਾ' ਵਾਲੇ ਸਮਾਜ ਦਾ ਨਾਮਕਰਨ; ਵਿਗਿਆਨਕ-ਸਾਂਝੀਵਾਲ ਸਮਾਜ (Scientific-Communism) ਹੈ।

'ਦਾਸ ਕੈਪੀਟਲ' ਸਮੁੱਚੇ ਸਰਮਾਏਦਾਰੀ ਪ੍ਰਬੰਧ ਦਾ ਅਧਿਐਨ ਹੈ, ਜੋ ਨਵੇਂ ਵਿਗਿਆਨਕ ਸਾਂਝੀਵਾਲ ਸਮਾਜ ਦੀ ਬੁਨਿਆਦ ਅਤੇ ਅਟਲਤਾ ਸਮਝਾਉਣ ਦੇ ਸਮਰੱਥ ਹੈ।

ਮਾਰਕਸ ਤੋਂ ਪਹਿਲੇ ਅਰਥ ਸ਼ਾਸਤਰੀ ਮਨੁੱਖੀ ਕਿਰਤ ਦੇ ਦੋਹਰੇ ਖਾਸੇ ਦੇ ਵਿਗਿਆਨ ਨੂੰ ਸਮਝਣ ਵਿੱਚ ਅਸਮਰੱਥ ਸਨ, ਇਸੇ ਲਈ ਉਹ ਮੁੱਲ ਦੇ ਦੂਹਰੇ ਖਾਸੇ ਨੂੰ ਬਿਆਨ ਕਰਨ ਵਿੱਚ ਅਸਫਲ ਸਨ।

ਮਾਰਕਸ ਦੀ ਇਸ ਲੱਭਤ ਨੇ ਉਸ ਨੂੰ 'ਮੁੱਲ ਦਾ ਕਿਰਤ ਸਿਧਾਂਤ' (Labour theory of value) ਲੱਭਣ ਯੋਗ ਬਣਾਇਆ।

ਇਸ ਲੱਭਤ ਅਤੇ 'ਚੇਤਨ ਦਵੰਦਵਾਦ' ਦੀ ਸਮਝਦਾਰੀ ਨੇ ਉਸ ਨੂੰ 'ਵਾਧੂ ਮੁੱਲ ਸਿਧਾਂਤ' (theory of surplus value) ਪੇਸ਼ ਕਰਨ ਦੇ ਯੋਗ ਬਣਾਇਆ।

* ਸਰਮਾਏਦਾਰੀ ਹੇਠ, ਵਾਧੂ ਮੁੱਲ ਸਿਧਾਂਤ ਦੇ ਘਟਦੇ ਪ੍ਰਤੀਫਲ ਨੇਮ ਵਿੱਚੋਂ ਹੀ ਸਮਾਜ ਦੋ; ਬੁਰਜੂਆ ਅਤੇ ਪਰੋਲਤਾਰੀ ਕੈਂਪਾਂ ਵਿੱਚ ਉਸਰਦਾ ਹੈ।

ਪੈਦਾ ਹੋ ਰਹੀਆਂ ਸਮਾਜਿਕ ਮੁਸ਼ਕਲਾਂ ਦਾ ਹੱਲ, ਉਹਨਾਂ ਦੇ ਪੈਦਾਕਾਰ, ਭਾਵ ਬੁਰਜੂਆ ਸਮਾਜ ਵਿੱਚ ਨਹੀਂ, ਕੇਵਲ ਇਸ ਤੋਂ ਉਚੇਰੇ ਪੜਾਅ ਦੇ ਸਾਂਝੀਵਾਲ ਸਮਾਜ ਵਿੱਚ ਹੀ ਹੋ ਸਕਦਾ ਹੈ ਅਤੇ ਹੋਵੇਗਾ।

'ਦਾਸ ਕੈਪੀਟਲ' ਦੀ ਖਾਸੀਅਤ ਹੈ ਕਿ ਉਹ ਸਰਮਾਏ ਦੇ ਵਿਕਾਸ ਦੀ ਚਰਮ ਸੀਮਾ ਤੱਕ ਦਾ ਵਰਨਣ ਕਰਦੀ ਹੈ। ਜਿੱਥੇ ਸਰਮਾਇਆ ਵਧਣਾ ਬੰਦ ਹੋ ਜਾਂਦਾ ਹੈ। ਸਰਮਾਇਆ, ਸਰਮਾਇਆ ਹੀ ਨਹੀਂ ਰਹਿੰਦਾ, ਉਹ ਧਨ ਵਿੱਚ ਬਦਲ ਜਾਂਦਾ ਹੈ।

ਮਾਲਕਾਂ ਵਿਚ ਧਨ ਉਤੇ ਕਬਜ਼ੇ ਦੀ ਦੌੜ ਤੇਜ਼ ਹੁੰਦੀ ਹੈ। ਇਹੀ ਮਾਰਕਸ ਦੀ ਖੋਜ ਦਾ ਸਿੱਟਾ ਅਤੇ ਪੇਸ਼ਕਾਰੀ ਦਾ ਵਿਖਿਆਣ ਹੈ।

ਸਰਮਾਏ ਦੀ ਉੱਤਮ ਉਪਜ 'ਪਰੋਲੇਤਾਰੀ', ('ਨਵੀਨ-ਕਿਰਤੀ', 'ਵਿਜੋਗੀ-ਕਿਰਤ') ਹੈ। ਮਾਰਕਸ ਦਾਸ-ਕੈਪੀਟਲ ਵਿੱਚ ਲਿਖਦੈ ;

* 'ਸਾਡਾ ਪਰੋਲੇਤਾਰੀ ਆਰਥਿਕ ਪੱਖ ਤੋਂ ਉਜਰਤੀ ਮਜ਼ਦੂਰ ਤੋਂ ਵੱਖਰਾ ਨਹੀਂ ਹੈ, ਜੋ ਪੈਦਾ ਕਰਦਾ ਅਤੇ ਸਰਮਾਏ ਵਿੱਚ ਵਾਧਾ ਕਰਦਾ ਹੈ, ਜਦੋਂ ਉਹ ਸ੍ਰੀਮਾਨ ਸਰਮਾਏ ਦੇ ਵਾਧੇ ਦੀਆਂ ਲੋੜਾਂ ਲਈ ਫਾਲਤੂ ਹੋ ਜਾਂਦੈ, ਉਸ ਨੂੰ ਬੇਰੁਜ਼ਗਾਰ ਬਣਾ ਕੇ ਗਲੀਆਂ ਵਿੱਚ ਸੁੱਟ ਦਿੱਤਾ ਜਾਂਦੈ'।

* 'ਪਰੋਲੇਤਾਰੀ-ਨਵੇਂ ਸਾਂਝੀਵਾਲ ਸਮਾਜ ਦਾ ਉਸਰੱਈਆ ਹੈ'- ਲੈਨਿਨ।

ਮਾਰਕਸ ਦਾ ਪਦਾਰਥਵਾਦ-ਦਵੰਦਵਾਦੀ, (ਇਨਕਲਾਬੀ-ਦਰਸ਼ਨ) ਮਨੁੱਖ ਜਾਤੀ ਦੇ ਇਤਿਹਾਸ ਵਿੱਚ 'ਬੌਧਿਕ-ਇਨਕਲਾਬ' ਹੈ।

ਇਹ ਪਦਾਰਥ ਅਤੇ ਵਿਚਾਰ ਦਾ ਦਵੰਦਵਾਦ ਬਿਆਨ ਕਰਦਾ ਹੈ।

'ਪਦਾਰਥ, ਵਿਚਾਰ ਨਿਰਧਾਰਕ ਹੈ ਅਤੇ ਵਿਚਾਰ, ਪਦਾਰਥ ਨੂੰ ਪ੍ਰਭਾਵਿਤ ਕਰਦਾ ਹੈ' (matter determines idea and idea influences matter)। ਇਹ ਨਵੀਂ ਪਦਾਰਥਕ ਸਮਝਦਾਰੀ ਹੈ। ਨਤੀਜੇ ਵਜੋਂ ਮਾਰਕਸ ਨੇ ਲਿਖਿਆ; 'ਸਮਾਜਿਕ ਵਿਚਾਰ, ਸਮਾਜਿਕ ਹਾਲਤ ਦੀ ਉਪਜ ਹੁੰਦੇ ਹਨ। ਬਦਲੀਆਂ ਸਮਾਜਿਕ ਹਾਲਤਾਂ ਵਿੱਚ ਬਦਲੇ ਵਿਚਾਰ ਮਿਲਦੇ ਹਨ'। ਸਮਾਜਿਕ ਜਮਾਤਾਂ ਵਿਚਕਾਰ ਸੰਘਰਸ਼, ਵਿਚਾਰ ਬਦਲਣ ਉਤੇ ਨਹੀਂ, ਸਮਾਜਿਕ ਹਾਲਾਤ ਬਦਲਣ ਉਤੇ ਹੁੰਦੈ।

ਮਾਰਕਸ, ਇਸ ਸੂਤਰ ਨੂੰ, ਆਧਾਰ ਅਤੇ ਉਸਾਰ ਦੇ ਨੇਮ ਰਾਹੀਂ ਵਿਕਸਿਤ ਕਰਦਾ ਹੈ। 'ਆਧਾਰ, ਉਸਾਰ ਦਾ ਨਿਰਧਾਰਨ ਕਰਦਾ ਹੈ ਅਤੇ ਉਸਾਰ, ਆਧਾਰ ਨੂੰ ਪ੍ਰਭਾਵਿਤ ਕਰਦਾ ਹੈ।'

ਆਧਾਰ ਸਮਾਜਿਕ ਆਰਥਕਤਾ ਹੈ, ਉਸਾਰ ਸਮਾਜਕ ਸੰਬੰਧ [ਧਰਮ, ਸੱਭਿਆਚਾਰ (ਖੁਸ਼ੀ-ਗਮੀ ਦੇ ਰਸਮੋ ਰਿਵਾਜ), ਰਾਜ ਦਾ ਰੂਪ (ਕਾਨੂੰਨ, ਸੰਵਿਧਾਨ) ਅਤੇ ਫਲਸਫਾ] ਹੈ। ਪਦਾਰਥਵਾਦ ਇਹੀ ਸਮਝਾਉਂਦਾ ਹੈ ਕਿ ਜਦੋਂ ਆਧਾਰ ਬਦਲ ਜਾਂਦਾ ਹੈ ਤਾਂ ਉਸਾਰ ਵੀ ਬਦਲ ਜਾਂਦਾ ਹੈ।

ਰਾਜਨੀਤਕ ਅਰਥਸ਼ਾਸਤਰ ਵਿੱਚ ਇਸ ਨੂੰ ਪੈਦਾਵਾਰੀ ਸ਼ਕਤੀਆਂ ਅਤੇ ਪੈਦਾਵਾਰੀ ਸੰਬੰਧਾਂ ਦੇ ਨਾਂਅ ਹੇਠ ਵਿਚਾਰਿਆ ਜਾਂਦਾ ਹੈ। ਪੈਦਾਵਾਰੀ ਸ਼ਕਤੀਆਂ ਆਧਾਰ ਹਨ, ਪੈਦਾਵਾਰੀ ਸੰਬੰਧ ਉਸਾਰ ਹੈ। ਪੈਦਾਵਾਰੀ ਸ਼ਕਤੀਆਂ ਲਗਾਤਾਰ ਵਿਕਾਸ ਕਰਦੀਆਂ ਹਨ। ਪਹਿਲਾਂ ਪੈਦਾਵਾਰੀ ਸੰਬੰਧ ਪੈਦਾਵਾਰੀ ਸ਼ਕਤੀਆਂ ਦੇ ਵਿਕਾਸ ਵਿੱਚ ਹਿੱਸਾ ਪਾਉਂਦੇ ਹਨ, ਜਦੋਂ ਰੋੜਾ ਬਣਦੇ ਹਨ ਤਾਂ ਪੈਦਾਵਾਰੀ ਸ਼ਕਤੀਆਂ, ਨਵੇਂ ਪੈਦਾਵਾਰੀ ਸੰਬੰਧਾਂ ਲਈ ਸੰਗਰਾਮ ਕਰਦਿਆਂ, ਗਿਣਾਤਮਕ ਤੋਂ ਗੁਣਾਤਮਕ ਤਬਦੀਲੀਆਂ ਦੇ ਨੇਮ ਰਾਹੀਂ, ਸਮਾਜਿਕ ਇਨਕਲਾਬ ਕਰਦੀਆਂ ਹਨ।

ਅੱਜ ਦੀਆਂ ਪੈਦਾਵਾਰੀ ਸ਼ਕਤੀਆਂ ਲਾ-ਮਿਸਾਲ ਹਨ। ਲੋੜਾਂ ਦੀ ਲੋੜ ਇਹਨਾਂ ਪੈਦਾਵਾਰੀ ਸ਼ਕਤੀਆਂ ਦੇ ਵਾਧੇ ਅਨੁਕੂਲ, ਸਮਾਜਿਕ ਪਾੜੇ ਦਾ ਦਵੰਦਵਾਦੀ ਹੱਲ ਪੇਸ਼ ਕਰਦਿਆਂ, ਸੰਗਰਾਮ ਵਿੱਢਿਆ ਜਾਵੇ, ਜਿਸ ਦੀ ਪਦਾਰਥਕ ਸ਼ਕਤੀ ਅੱਗੇ ਕੋਈ ਰੋਕ ਟਿਕ ਨਹੀਂ ਸਕੇਗੀ।

ਅੱਜ ਦੀਆਂ ਹਾਲਤਾਂ ਵਿੱਚ ਸਿਧਾਂਤਕ ਹਥਿਆਰ ਸੁੱਟਣਾ, ਚੇਤਨ-ਦਵੰਦਵਾਦ (ਪਦਾਰਥਵਾਦੀ ਵਿਚਾਰਧਾਰਾ) ਤੋਂ ਮੁਨਕਰ ਹੋ ਜਾਣ ਦਾ ਮਤਲਬ ਹੈ; 'ਅਤਿ ਦੇ ਮੌਕਾਪ੍ਰਸਤ' ਹੋ ਜਾਣਾ। ਮਾਰਕਸਵਾਦ ਦੀ ਪ੍ਰਸੰਗਤਾ ਇਹੀ ਹੈ ਕਿ ਇਸ ਵਿੱਚ ਮੌਕਾਪ੍ਰਸਤੀ ਨੂੰ ਕੋਈ ਥਾਂ ਨਹੀਂ ਹੈ।...

ਮਾਰਕਸਵਾਦੀ ਪ੍ਰਸੰਗਤਾ ਅਤੇ ਮਾਰਕਸਵਾਦੀ ਵੰਨਗੀਆਂ!

ਮਾਰਕਸਵਾਦੀ ਪ੍ਰਸੰਗਤਾ ਸਿਖਰਾਂ ਛੂਹ ਰਹੀ ਹੈ। ਜਦੋਂ ਮਾਰਕਸ ਨੇ ਦਾਸ ਕੈਪੀਟਲ ਲਿਖੀ ਸੀ, ਉਦੋਂ ਚੇਤਨ ਵਿਰੋਧਵਿਕਾਸ ਦੀ ਵਰਤੋਂ ਕਰਦਿਆਂ ਆਪਣਾ ਮਤ (doctrine) ਪੂਰਾ ਕੀਤਾ ਸੀ। ਪਹਿਲਾਂ ਇਸ ਨੂੰ ਮਾਰਕਸਵਾਦੀ ਮਤ ਹੀ ਕਿਹਾ ਗਿਆ, ਫਿਰ ਇਸ ਮੱਤ ਦੀ ਪੁਸ਼ਟੀ ਹੋਣ ਪਿੱਛੋਂ ਇਸ ਨੂੰ ਸਿਧਾਂਤ (ਵਿਗਿਆਨ) ਦਾ ਦਰਜਾ ਮਿਲਿਆ।

ਅੱਜ ਇਸ ਵਿਗਿਆਨ ਦਾ ਕੋਈ ਬਦਲ ਨਹੀਂ, ਕਿਉਂਕਿ ਇਹ ਸਮਾਜਿਕ ਵਿਗਿਆਨ ਹੈ।ਬਿਨਾਂ ਸ਼ੱਕ ਵਿਰੋਧੀ ਸ਼ਕਤੀਆਂ ਸਰਗਰਮ ਹਨ। ਸਰਮਾਇਆ ਬਹੁਤ ਵੱਡੀ ਤਾਕਤ ਹੈ ਪਰ ਇਹ ਮੁਰਦਾ ਤਾਕਤ ਹੈ। ਚੇਤਨ ਪਰੋਲੇਤਾਰੀ ਇਸ ਦੇ ਮੁਕਾਬਲੇ ਵੱਡੀ, ਫੈਸਲਾਕੁਨ, ਪਦਾਰਥਕ ਸ਼ਕਤੀ ਹੈ।

* ਵਿਚਾਰ ਅਮੂਰਤ ਹੁੰਦਾ ਹੈ। 'ਪਰ ਜਿਉਂ ਹੀ ਇੱਕ ਵਿਚਾਰ ਮਨੁੱਖੀ ਮਨਾਂ ਨੂੰ ਆਪਣੀ ਪਕੜ ਵਿੱਚ ਲੈ ਲੈਂਦਾ ਹੈ ਤਾਂ ਉਹ ਪਦਾਰਥਕ ਸ਼ਕਤੀ ਬਣ ਜਾਂਦਾ ਹੈ'। ਸਿਧਾਂਤਕ ਰੂਪ ਵਿਚ ਚੇਤਨ ਪਰੋਲੇਤਾਰੀ ਚਾਲਕ ਸ਼ਕਤੀ ਹੈ। ਇਸ ਅੱਗੇ ਸਰਮਾਇਆ ਅਧੀਨ (subordinate) ਕਮਜ਼ੋਰ ਸ਼ਕਤੀ ਹੈ।

ਮਾਰਕਸਵਾਦ ਵਿੱਚ ਜਮਾਤੀ ਘੋਲ ਦੀ ਮਹੱਤਤਾ ਹੈ। ਬੁਰਜੂਆਜੀ ਦੀ ਵਿਸ਼ੇਸ਼ ਉਪਜ ਪਰੋਲਤਾਰੀ ਹੈ, ਜੋ ਬੁਰਜੂਆਜੀ ਦਾ ਕਬਰ ਪੁੱਟ ਹੈ। ਦੂਜੀਆਂ ਪੀੜਤ ਜਮਾਤਾਂ ਦੀ ਮੁਕਤੀ ਤੋਂ ਬਗੈਰ ਇਹ ਆਪਣੀ ਮੁਕਤੀ ਹਾਸਲ ਨਹੀਂ ਕਰ ਸਕਦਾ।ਇਸ (ਬੁਰਜੂਆਜੀ ਦੀ ਹਾਰ) ਦੇ ਕਾਰਜ ਵਿਚ ਪਰੋਲਤਾਰੀਆ ਹੀ ਹਕੀਕੀ ਇਨਕਲਾਬੀ ਜਮਾਤੀ ਤਾਕਤ ਹੈ।

ਮਾਰਕਸਵਾਦ ਅਤੇ ਔਂਜੜ-ਰਾਹ

ਮਾਰਕਸ ਦੀ ਮੌਤ ਨਾਲ ਪਏ ਘਾਟੇ ਬਾਰੇ ਏਂਗਲਜ ਨੇ ਕਿਹਾ ਸੀ 'ਮਨੁੱਖ ਜਾਤੀ ਇੱਕ ਦਿਮਾਗ ਗਵਾ ਬੈਠੀ ਹੈ ਤੇ ਉਹ ਸਾਡੇ ਸਮੇਂ ਦਾ ਸਭ ਤੋਂ ਮਹਾਨ ਦਿਮਾਗ ਸੀ। ਪਰੋਲੇਤਾਰੀ ਦੀ ਲਹਿਰ ਜਾਰੀ ਹੈ, ਪਰ ਉਹ ਕੇਂਦਰੀ ਧੁਰਾ (point) ਨਹੀਂ ਰਿਹਾ, ਜਿਹਦੇ ਵੱਲ ਫਰਾਂਸੀਸੀ, ਰੂਸੀ, ਅਮਰੀਕੀ ਅਤੇ ਜਰਮਨ ਫੈਸਲਾਕੁਨ ਮੌਕਿਆਂ ਉੱਤੇ ਸਦਾ ਸਪੱਸ਼ਟ, ਨਿਰਵਿਵਾਦ ਸਲਾਹ ਲੈਣ ਲਈ ਮੁੜਦੇ ਸਨ, ਜਿਹੜੀ ਸਿਰਫ ਪ੍ਰਤਿਭਾਵਾਨ ਅਤੇ ਸਥਿਤੀ ਦੇ ਬੇਓੜਕ ਗਿਆਨ ਵਾਲਾ ਹੀ ਦੇ ਸਕਦਾ ਹੈ... ਅੰਤਿਮ ਜਿੱਤ ਯਕੀਨ ਹੈ ਪਰ ਮੋੜ ਘੋੜ, ਅਸਥਾਈ ਤੇ ਸਥਾਨਕ ਗਲਤੀਆਂ, ਜਿਹੜੀਆਂ ਕਿਸੇ ਵੀ ਸੂਰਤ ਵਿੱਚ ਹੋ ਜਾਂਦੀਆਂ ਹਨ-ਹੁਣ ਕਿਤੇ ਵਧੇਰੇ ਆਮ ਤੌਰ ਉਤੇ ਵਾਪਰਨਗੀਆਂ। ਖੈਰ, ਅਸੀਂ ਇਹਨੂੰ ਸਿਰੇ ਚਾੜ੍ਹਨਾ ਹੈ ; ਹੋਰ ਅਸੀਂ ਇਥੇ ਕਾਹਦੇ ਵਾਸਤੇ ਹਾਂ ? '

ਮਾਰਕਸ ਦੀ ਮੌਤ ਤੋਂ ਮਗਰੋਂ ਜਦੋਂ 'ਮਾਰਕਸਵਾਦ' ਸ਼ਬਦ ਦਾ ਪ੍ਰਯੋਗ ਸ਼ੁਰੂ ਹੋਇਆ ਤਾਂ ਏਂਗਲਜ ਨੇ ਚਿਤਾਵਨੀ ਦਿੱਤੀ ਸੀ: 'ਮਾਰਕਸਵਾਦੀ' ਸ਼ਬਦ ਤਾਂ ਹੀ ਵਰਤਣਾ ਵਾਜਿਬ ਹੈ, ਜੇ ਉਵੇਂ ਸੋਚਿਆ ਜਾਵੇ, 'ਜੇ ਅੱਜ ਮਾਰਕਸ ਹੁੰਦਾ ਤਾਂ ਉਹ ਅੱਜ ਕਿਵੇਂ ਸੋਚਦਾ ?'

ਇਹ ਫਿਕਰਾ 'ਪਦਾਰਥਵਾਦ ਦਵੰਦਵਾਦੀ' ਨਾਲ, ਸਦੀਵੀ ਪ੍ਰਤੀਬੱਧਤਾ ਦਾ ਵਚਨ ਪੁਗਾਉਣ ਦੀ ਤਾਗੀਦ ਕਰਦਾ ਹੈ ਅਤੇ ਫਲਸਫੇ ਦਾ ਅੱਵਲ ਪੱਖ ਉਜਾਗਰ ਕਰਦਾ ਹੈ। ਸਪੱਸ਼ਟ ਹੈ ਏਂਗਲਜ, ਲੈਨਿਨ ਅਤੇ ਅਨੇਕ ਮਾਰਕਸਵਾਦੀਆਂ ਨੇ ਇਹ ਅਹਿਦ ਨਿਭਾਏ ਹਨ, ਪਰ ਬੁਰਜੂਆਜੀ ਨੇ ਵਾਜਿਬ ਤੌਰ 'ਤੇ ਮਾਰਕਸਵਾਦ ਨਾਲ ਉਹੀ ਵਤੀਰਾ ਰੱਖਿਆ, ਜੋ ਜਿਉਂਦੇ ਜੀ ਮਾਰਕਸ ਨਾਲ ਰੱਖਿਆ ਸੀ।

ਬੁਰਜੂਆ-ਦਰਸ਼ਨ, ਮਾਰਕਸਵਾਦੀ-ਦਰਸ਼ਨ ਦਾ, (ਜਿਵੇਂ, ਵਿਚਾਰਵਾਦੀ-ਦਰਸ਼ਨ ਪਦਾਰਥਵਾਦ-ਦਰਸ਼ਨ ਦਾ) ਸਿੱਧਾ ਸਾਹਮਣਾ ਨਹੀਂ ਕਰ ਸਕਦਾ।ਉਹ ਸਾਜ਼ਿਸ਼ੀ ਢੰਗ ਨਾਲ ਮਾਰਕਸਵਾਦ ਦਾ ਨਾਂਅ ਵਰਤਦਿਆਂ, ਵਿਗਾੜਾਂ ਨੂੰ ਉਤਸ਼ਾਹਤ ਕਰਦਾ ਹੈ।

ਮਾਰਕਸਵਾਦੀ ਰਾਹ ਦੇ 'ਖੱਬੇ ਪੱਖੀ ਅਤੇ ਸੱਜੇ ਪੱਖੀ' ਕੁਰਾਹੇ ਦਾ ਜ਼ਿਕਰ ਅਕਸਰ ਹੀ ਲੈਨਿਨ ਦੀਆਂ ਲਿਖਤਾਂ ਵਿੱਚ ਚੌਕਸੀ ਵਜੋਂ ਪੜ੍ਹਿਆ-ਵਿਚਾਰਿਆ ਜਾਂਦਾ ਹੈ।

ਮਾਰਕਸਵਾਦੀ ਕੁਰਾਹੇ ਦੀ ਇੱਕ ਵੰਨਗੀ ਅਜਿਹੀ ਹੈ, ਜੋ 'ਆਧਾਰ' (base) ਦੀ ਬਜਾਏ 'ਉਸਾਰ' (ਸੱਭਿਆਚਾਰਕ ਖੇਤਰ) ਰਾਹੀਂ, ਸਮਾਜਿਕ ਸਰਗਰਮੀਆਂ ਨੂੰ ਸੁਧਾਰ ਦਾ ਮੁੱਖ ਏਜੰਡਾ ਬਣਾ ਕੇ ਚੱਲਦੀ ਹੈ। ਇਹ ਭਰਮਾਊ, ਭੁਲਾਂਦਰਾਵਾਦ ਨੂੰ ਉਤਸ਼ਾਹਤ ਕਰਦੀ, ਕੇਵਲ ਪ੍ਰਭਾਵੀ ਸੀਮਾ ਵਿਚ ਚੱਕਰਧਾਰੀ ਰਹਿੰਦੀ ਹੈ।

'ਕਾਨੂੰਨੀ ਮਾਰਕਸਵਾਦੀਆਂ' ਦੀ ਇੱਕ ਹੋਰ ਵੰਨਗੀ ਹੈ; ਜੋ ਇਨਕਲਾਬੀ ਦਰਸ਼ਨ ਨੂੰ ਨਜ਼ਰ-ਅੰਦਾਜ਼ ਕਰਕੇ, ਬੁਰਜੂਆ ਲਈ ਹਾਨੀ ਰਹਿਤ ਬਣਾ ਕੇ, ਪਰੋਲਤਾਰੀ ਅਤੇ ਜਮਾਤੀ ਘੋਲ ਨੂੰ ਨਿਕਾਰ ਕੇ, ਮਾਰਕਸਵਾਦ ਨੂੰ ਵਡਿਆਉਂਦੀ ਅਤੇ ਮਾਰਕਸਵਾਦੀਆਂ ਨੂੰ ਭੰਡਦੀ, ਛੁਟਿਆਉਂਦੀ ਹੈ। ਇਸ ਵਿੱਚ ਭਾੜੇ ਦੇ ਬੁੱਧੀਜੀਵੀ ਅਕਸਰ ਹੀ ਸਰਗਰਮ ਦੇਖੇ ਜਾਂਦੇ ਹਨ।

'ਨੀਮ ਮਾਰਕਸਵਾਦੀਆਂ' ਦੀ ਇੱਕ ਹੋਰ ਵੰਨਗੀ ਹੈ, ਜੋ ਮਾਰਕਸਵਾਦੀ ਫਲਸਫੇ, ਰਾਜਨੀਤਕ, ਆਰਥਿਕਤਾ ਅਤੇ ਪਦਾਰਥਵਾਦੀ ਵਿਚਾਰਧਾਰਾ ਬਾਰੇ ਆਪਣੇ 'ਨੀਮ-ਗਿਆਨ' ਨੂੰ ਹੀ, ਵੱਡੇ ਗਿਆਨੀ ਹੋਣ ਦਾ ਭਰਮ ਪਾਲਦੀ ਹੈ ਅਤੇ ਉਹ ਮੱਤਾਂ ਦਿੰਦੀ ਹੈ ਕਿ 'ਇਕੱਲੇ ਮਾਰਕਸਵਾਦ ਨਾਲ ਨਹੀਂ ਸਰਨਾ, ਇਸ ਨਾਲ ਕੁਝ ਹੋਰ ਸ਼ਾਮਲ ਕਰਨਾ ਪਵੇਗਾ' ਆਦਿ, ਆਦਿ।

ਇੱਕ ਤਰ੍ਹਾਂ ਨਾਲ ਉਹ ਮਾਰਕਸ ਦੀ ਦਾਰਸ਼ਨਿਕ-ਉੱਤਮਤਾ ਨੂੰ ਨਿਕਾਰਦੇ ਹਨ।

ਉਹ ਪਦਾਰਥਵਾਦ ਦਵੰਦਵਾਦੀ ਦੀ ਸਰਬ ਸਮਰੱਥਾ ਦੇ ਗਿਆਨ ਤੋਂ ਅਣਭਿੱਜ ਹਨ।

ਉਹ ਵਿੰਗ ਟੇਢ ਪਾ ਕੇ ਪ੍ਰਚਾਰਦੇ ਹਨ; 'ਮਾਰਕਸਵਾਦੀ' ਦੂਜੇ ਪ੍ਰਤਿਭਾਵਾਨ ਲੋਕਾਂ ਨੂੰ ਨਜ਼ਰ-ਅੰਦਾਜ਼ ਕਰਦੇ ਹਨ, ਜਦੋਂ ਕਿ ਇਹ ਕੋਰਾ ਝੂਠ ਹੈ। ਮਾਰਕਸ ਵੱਲੋਂ ਆਪਣੇ ਤੋਂ ਪਹਿਲੇ ਹਰ ਪ੍ਰਤਿਭਾਵਾਨ ਮਨੁੱਖ ਦੀ ਬਣਦੀ ਇੱਜ਼ਤ ਕੀਤੀ ਮਿਲਦੀ ਹੈ, ਮਾਰਕਸਵਾਦੀਆਂ ਲਈ ਵੀ ਇਹੀ ਦਿਸ਼ਾ-ਨਿਰਦੇਸ਼ ਹਨ। ਮਾਰਕਸਵਾਦ ਵਿੱਚ ਅਕ੍ਰਿਤਘਣਤਾ ਲਈ ਕੋਈ ਥਾਂ ਨਹੀਂ ਹੈ।

ਇੱਕ ਹੋਰ ਵੰਨਗੀ ਹੈ, ਜੋ ਮਾਰਕਸਵਾਦ ਦੇ ਪੁਰਾਣਾ (200 ਸਾਲ ਦਾ) ਹੋਣ ਦੀ ਦੁਹਾਈ ਦਿੰਦੀ ਹੈ। ਇਹ ਅਜਿਹੀ ਵੰਨਗੀ ਹੈ, ਜੋ ਇਹ ਵੀ ਨਹੀਂ ਜਾਣਦੀ ਕਿ ਉਹਨਾਂ ਦਾ ਕਿਹਾ ਵੀ ਪੁਰਾਣਾ ਹੋ ਗਿਆ ਹੈ। ਹਰ ਕਹੀ ਗਈ ਗੱਲ ਪੁਰਾਣੀ ਹੋ ਜਾਂਦੀ ਹੈ।

ਉਹ ਪਦਾਰਥਵਾਦ ਦੀ ਸਦੀਵਤਾ (eternity) ਅਤੇ ਅ-ਅੰਤਤਾ (infinity) ਬਾਰੇ ਆਪਣੀ ਅਗਿਆਨਤਾ ਹੀ ਜ਼ਾਹਰ ਕਰਦੇ ਹਨ। ਇਹ ਵਰਤਾਰਾ ਪੁਰਾਣਤਾ ਦੀ ਥਾਂਵੇਂ ਨਵੀਨਤਾ ਮੁਖੀ ਹੈ। ਪਦਾਰਥਕ-ਗਤੀ ਨਵੀਨਤਾ ਮੁਖੀ ਹੈ। ਇਹ ਨਿਖੇਧ ਦੇ ਨਿਖੇਧ (negation of the negation) ਦੀ ਧਾਰਨਾ ਵਾਲੀ ਹੈ।

'ਸਾਊ ਅਲੋਚਕਾਂ' ਵੱਲੋਂ ਵਾਜਬ ਤੌਰ 'ਤੇ (ਦਾਰਸ਼ਨਿਕ ਅਤੇ ਅਮਲੀ) ਸਵਾਲ ਹਨ :

* ਮਾਰਕਸਵਾਦੀ ਵਿਚਾਰਧਾਰਾ ਅੱਗੇ ਵਧਣ ਦੀ ਬਜਾਏ, ਸੁੰਗੜ ਕਿਉਂ ਰਹੀ ਹੈ ?

** ਸਮਾਜਵਾਦੀ ਕੈਂਪ ਅਤੇ ਯੂ ਐੱਸ ਐੱਸ ਆਰ ਕਿਉਂ ਬਿਖਰ ਗਿਆ ?

*** ਇਤਿਹਾਸ ਦੀ ਚਾਲਕ ਸ਼ਕਤੀ, ਇੰਜਨ, 'ਜਮਾਤੀ-ਘੋਲ', ਕੀ ਨਕਾਰਾ ਹੋ ਗਿਆ ਹੈ ? ਆਦਿ।....

ਮਾਰਕਸਵਾਦ ਦਾ ਦਾਇਰਾ ਵਿਸ਼ਾਲ ਹੈ।ਇਹ ਪਦਾਰਥਕ-ਗਤੀ ਦਾ ਬਿੰਬ ਹੈ। ਇਸ ਦੀ ਸੀਮਾ ਨਹੀਂ ਮਿੱਥੀ ਜਾ ਸਕਦੀ। ਇਹ ਗਿਆਨ ਦਾ ਲਗਾਤਾਰ ਵਿਸਥਾਰ ਹੈ। ਫਿਰ ਵੀ ਇਸ ਦੇ ਸਾਰ ਨੂੰ, ਬੁਨਿਆਦੀ, ਪਦਾਰਥਕ ਰੂਪ 'ਚ ਸਮਝਣ ਲਈ, ਲੈਨਿਨ ਦੇ ਇੱਕ ਛੋਟੇ ਜਿਹੇ ਲੇਖ : 'ਮਾਰਕਸਵਾਦ ਦੇ ਤਿੰਨ ਸੋਮੇ ਅਤੇ ਤਿੰਨ ਅਟੁੱਟ ਅੰਗ' ਦਾ ਅਧਿਐਨ ਕੀਤਾ ਜਾ ਸਕਦਾ ਹੈ। ਇਸ ਦਾ ਅਧਿਐਨ, ਮਾਰਕਸਵਾਦ ਵਿਰੁੱਧ ਫੈਲਾਏ ਜਾਂਦੇ ਤਮਾਮ ਝਮੇਲੇ ਦੂਰ ਕਰਨ ਅਤੇ ਸਹੀ ਰਾਹ ਪਾਉਣ ਦੇ ਸਮਰੱਥ ਹੈ।

ਮਾਰਕਸਵਾਦੀ ਵੰਨਗੀਆਂ ਤੋਂ ਨਿਜ਼ਾਤ ਅਤੇ ਸਾਊ, ਸੁਹਿਰਦ ਬੁੱਧੀਮਾਨ ਸਵਾਲਾਂ ਦੇ ਉੱਤਰ ਪਾਉਣ ਲਈ ਮਾਰਕਸਵਾਦ ਦੇ ਮੂਲ ਉਦੇਸ਼; 'ਉਜਰਤੀ ਗੁਲਾਮੀ ਦਾ ਖਾਤਮਾ' ਵੱਲ ਪਰਤਣਾ ਪਵੇਗਾ।ਇਹੀ ਮਾਰਗ ਦੀ ਮੁੱਖ ਸੇਧ ਹੈ।

ਮਾਰਕਸਵਾਦੀ ਸਾਹਿਤ ਵਿੱਚ ਆਮ ਤੌਰ 'ਤੇ 'ਮਜ਼ਦੂਰ ਜਮਾਤ ਦੀ ਮੁਕਤੀ ਦਾ ਮਾਰਗ' ਜਾਂ 'ਮਨੁੱਖ ਹੱਥੋਂ ਮਨੁੱਖ ਦੀ ਲੁੱਟ ਦਾ ਖਾਤਮਾ' ਜਿਹੇ ਫਿਕਰਿਆਂ ਰਾਹੀਂ ਬਿਆਨ ਕੀਤਾ ਪੜ੍ਹਦੇ, ਸੁਣਦੇ ਹਾਂ। ਇਹ 'ਅਦਰਸ਼ਵਾਦੀ' ਕਥਨ ਹਨ। ਅਦਰਸ਼ਵਾਦ 'ਦਵੰਦਵਾਦੀ' ਨਹੀਂ ਹੁੰਦਾ।

ਜਦ ਕਿ ਸਵਾਲ ਨੂੰ ਸਿੱਧਾ ਸੰਬੋਧਨ ਹੋਣਾ ਹੋਵੇਗਾ। ਅਮੂਰਤ ਦੀ ਥਾਂ ਮੂਰਤ ਰੂਪ ਵੱਲ ਪਰਤਣਾ ਅਤੇ ਵਿਚਾਰਨਾ ਹੋਵੇਗਾ। ਫਲਸਫਾ ਮਨੁੱਖ ਤੋਂ ਨਿਡਰਤਾ ਅਤੇ ਆਜ਼ਾਦ ਮਨ ਦੀ ਪਕਿਆਈ ਦੀ ਉਮੀਦ ਕਰਦਾ ਹੈ। ਸੱਚ ਨਾਲ ਸਵੈ ਦਾ ਸਾਹਮਣਾ, ਔਖਾ ਕਾਰਜ ਹੈ, ਪਰ ਇਸ ਦੀ ਲੋੜ ਹੈ।

'ਜਮਾਤੀ ਘੋਲ' ਦੀ ਰੂਹ-ਆਤਮਾ ਵਿਚ, ਪਰੋਲਤਾਰੀ ਦਾ ਬੁਨਿਆਦੀ ਰੋਲ ਸਮਝ ਆਉਂਦਾ ਹੈ, ਪਰ ਇਸ (ਜਮਾਤੀ ਘੋਲ) ਦੇ ਬਦਲ ਵਜੋਂ 'ਲੋਕ-ਘੋਲ' ਦਾ ਨਾਂਅ ਦੇਣਾ, ਇਹ ਕਹਿਣ, ਸੁਨਣ ਵਿਚ ਪਿਆਰਾ ਹੈ, ਲੁਭਾਉਣਾ ਵੀ ਹੈ, ਪਰ ਇਸ ਵਿਚ ਬੁਨਿਆਦੀ ਰੋਲ ਦੀ ਵਡਿਆਈ ਰੁਲ ਜਾਂਦੀ ਹੈ। ਪਰੋਲਤਾਰੀ ਗੁਆਚ ਜਾਂਦਾ ਹੈ।

'ਮੁਕਤੀ ਦਾ ਮਾਰਗ' ਕਹਿਣਾ ਵੀ ਚੰਗਾ ਲੱਗਦਾ ਹੈ, ਪਰ ਕਿਸ ਤੋਂ, ਕਿਸ ਦੀ ਮੁਕਤੀ ?

ਇਸ ਤਰ੍ਹਾਂ ਜਮਾਤੀ ਅਕਸ ਠੰਢਾ ਪੈਂਦਾ ਹੈ।ਇਹ ਧੁੰਦਲਕਾ, ਵਿਰੋਧੀ ਬਾਰੇ ਹੋਸ਼ (ਸਮਝ) ਦੀ ਥਾਂ, ਕੇਵਲ ਜੋਸ਼ ਭਾਰੂ ਬਣ ਜਾਂਦਾ ਹੈ। 'ਮਨੁੱਖ ਹੱਥੋਂ ਮਨੁੱਖ ਦੀ ਲੁੱਟ ਦਾ ਖਾਤਮਾ' ਵਿਚ ਦੋਵੇਂ ਪਾਸੀਂ 'ਮਨੁੱਖ' ਸ਼ਬਦ ਦਾ ਪ੍ਰਯੋਗ, ਕਾਰਜ ਦੀ ਅਸਪੱਸ਼ਟਤਾ ਬਣਦਾ ਹੈ।

ਕਿਹੜੇ ਮਨੁੱਖ ਹੱਥੋਂ, ਕਿਹੜੇ ਮਨੁੱਖ ਦੀ ਲੁੱਟ ?

ਇੱਥੇ ਲੁਟੇਰਾ, ਬੁਰਜੂਆ, ਮਨੁੱਖ ਦੇ ਪਿੱਛੇ ਲੁਕ ਜਾਂਦਾ ਹੈ। ਬੋਲਣ, ਲਿਖਣ ਵਾਲੇ ਦੀ ਭਾਵਨਾ ਮਹੱਤਵ ਨਹੀਂ ਰੱਖਦੀ, ਬੋਲਾਂ, ਸ਼ਬਦਾਂ ਤੋਂ ਪੈਣ ਵਾਲੀ ਮੂਰਤ ਸਮਝ ਦਾ ਪ੍ਰਭਾਵ ਮਹੱਤਵਪੂਰਨ ਹੁੰਦਾ ਹੈ। ਕੌਣ ਕੀਹਦੇ ਵਿਰੁੱਧ ਹੈ ? 'ਲੋਕ', 'ਲੋਕਾਂ' ਦੇ ਵਿਰੁੱਧ, ਦਾ ਵਰਤਾਰਾ ਬਣ ਜਾਂਦਾ ਹੈ। ਸਪੱਸ਼ਟਤਾ ਧੁੰਦਲੀ ਹੁੰਦੀ ਹੈ।

['ਕੂੜ ਅਮਾਵਸ ਸਚੁ ਚੰਦ੍ਰਮਾ
ਦੀਸੈ ਨਾਹੀ ਕਹ ਚੜਿਆ'॥
ਹਉ ਭਾਲਿ ਵਿਕੁੰਨੀ ਹੋਈ॥
ਆਧੇਰੈ ਰਾਹੁ ਨ ਕੋਈ॥
ਵਿਚਿ ਹਉਮੈ ਕਰਿ ਦੁਖੁ ਰੋਈ॥
ਕਹੁ ਨਾਨਕ ਕਿਨਿ ਬਿਧਿ ਗਤਿ ਹੋਈ॥]

ਦਾਰਸ਼ਨਿਕ ਅੰਧੇਰਾ ਹੈ, ਗਿਆਨ ਰੂਪੀ ਰੋਸ਼ਨੀ ਦੇ ਮੂਰਤ (concrete) ਰੂਪ ਦੀ ਲੋੜ ਹੈ।

ਮਾਰਕਸ ਦੇ (ਗਿਆਨ) ਕਥਨ ਦੀ ਪੈੜ-ਚਾਲ ਪਕੜਨੀ ਹੀ, ਝਮੇਲਾ ਮੁਕਤ ਕਰਦੀ ਹੈ।

# 'ਉਜਰਤੀ ਗੁਲਾਮੀ' ਕੀ ਹੈ ?

# ਇਸ ਦੇ 'ਖਾਤਮੇ ਦਾ ਮਾਰਗ' ਕੀ ਹੈ ?

ਜਿਸ ਦੇ ਖਾਤਮੇ ਨਾਲ ਬਾਕੀ ਪੀੜਤ ਜਮਾਤਾਂ ਦੀ ਹੋਣੀ (ਮੁਕਤੀ) ਜੁੜੀ ਹੈ।


ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

# ਪਾਣੀ ਮੁੱਦੇ ਉੱਤੇ ਹੋਸ਼ ਨਾਲ ਚੱਲੋ, ਐਵੇਂ ਮੋਰਚੇ ਲਾਉਣ ਜੋਗੇ ਨਾ ਰਹਿ ਜਾਇਓ ਪੰਜਾਬੀਓ

ਦ੍ਰਿਸ਼ਟੀਕੋਣ

ਜਤਿੰਦਰ ਪਨੂੰ

ਜਿਸ ਵਕਤ ਭਾਰਤ ਦੇ ਲੋਕ ਇਸ ਗੱਲ ਵਿੱਚ ਉਲਝੇ ਪਏ ਹਨ ਕਿ ਪਹਿਲਗਾਮ ਵਿੱਚ ਹੋਏ ਇੱਕ ਵੱਡੇ ਹਮਲੇ ਦੇ ਬਾਅਦ ਭਾਰਤ ਅਤੇ ਪਾਕਿਸਤਾਨ ਵਿਚਾਲੇ ਇੱਕ ਹੋਰ ਜੰਗ ਤੱਕ ਗੱਲ ਜਾ ਸਕਦੀ ਹੈ ਜਾਂ ਨਹੀਂ, ਓਦੋਂ ਪੰਜਾਬ ਪਾਣੀਆਂ ਦੇ ਮਸਲੇ ਉੱਤੇ ਇੱਕ ਵਾਰ ਫਿਰ ਤਣਾਅ ਦਾ ਸਾਹਮਣਾ ਕਰਦਾ ਦਿੱਸਦਾ ਹੈ। ਹਰਿਆਣਾ ਸਰਕਾਰ ਨੇ ਪੰਜਾਬ ਤੋਂ ਹੋਰ ਪਾਣੀ ਮੰਗਿਆ ਤਾਂ ਪੰਜਾਬ ਨੇ ਕਿਹਾ ਕਿ ਤੁਸੀਂ ਆਪਣੇ ਕੋਟੇ ਤੋਂ ਵੱਧ ਪਹਿਲਾਂ ਹੀ ਵਰਤ ਚੁੱਕੇ ਹੋ, ਸਾਡੇ ਕੋਲ ਤਾਂ ਆਪਣੀ ਲੋੜ ਪੂਰੀ ਕਰਨ ਜੋਗਾ ਪਾਣੀ ਵੀ ਨਹੀਂ, ਇਸ ਲਈ ਇਸ ਵੇਲੇ ਤੁਹਾਨੂੰ ਹੋਰ ਦੇਣਾ ਸੰਭਵ ਨਹੀਂ। ਹਰਿਆਣਾ ਸਰਕਾਰ ਨੇ ਇਸ ਜਵਾਬ ਪਿੱਛੋਂ ਲੁਕਵਾਂ ਦਾਅ ਵਰਤਿਆ ਅਤੇ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਵਿਚਲੇ ਆਪਣੇ ਬੰਦਿਆਂ ਦੇ ਕੰਨ ਵਿੱਚ ਫੂਕ ਮਾਰ ਕੇ ਸਿੱਧਾ ਓਥੋਂ ਚਲਵਾਉਣ ਦੀ ਕੋਸ਼ਿਸ਼ ਕੀਤੀ। ਬੋਰਡ ਦੇ ਇੰਜੀਨੀਅਰਾਂ ਵਿੱਚ ਨਾ ਸਾਰੇ ਪੰਜਾਬ ਦੇ ਹਨ ਤੇ ਨਾ ਸਾਰੇ ਹਰਿਆਣੇ ਦੇ, ਦੋਵਾਂ ਰਾਜਾਂ ਦੇ ਅਧਿਕਾਰੀ ਅਤੇ ਕਰਮਚਾਰੀ ਕੋਟੇ ਮੁਤਾਬਕ ਇਸ ਵਿੱਚ ਰੱਖੇ ਜਾਂਦੇ ਹਨ ਤੇ ਉਨ੍ਹਾਂ ਦੀ ਜ਼ਿੰਮੇਵਾਰੀ ਹੁੰਦੀ ਹੈ ਕਿ ਕਿਸੇ ਧਿਰ ਨਾਲ ਕੋਈ ਧੱਕੇਸ਼ਾਹੀ ਵੀ ਨਾ ਹੋਵੇ ਤੇ ਕਿਸੇ ਨਾਲ ਲਿਹਾਜ਼ਦਾਰੀ ਵੀ ਪਾਲ ਸਕਣ ਦੀ ਗੁੰਜਾਇਸ਼ ਨਾ ਰਹੇ। ਅਚਾਨਕ ਸ਼ਾਮ ਦੇ ਵਕਤ ਮੀਟਿੰਗ ਕਰ ਕੇ ਹਰਿਆਣੇ ਨੂੰ ਪਾਣੀ ਛੱਡਣ ਦਾ ਹੁਕਮ ਕੀਤਾ ਗਿਆ ਤਾਂ ਪੰਜਾਬ ਦੇ ਅਫਸਰ ਨੇ ਵਿਰੋਧ ਕੀਤਾ। ਇਸ ਪਿੱਛੋਂ ਉਸ ਵੱਡੇ ਅਧਿਕਾਰੀ, ਜਿਹੜਾ ਹਰਿਆਣੇ ਦੀ ਸਰਕਾਰ ਦਾ ਕਰਿੰਦਾ ਸੀ, ਨੇ ਪੰਜਾਬ ਦੇ ਅਫਸਰ ਦਾ ਖੜੇ ਪੈਰ ਤਬਾਦਲਾ ਕਰ ਕੇ ਉਸ ਦੀ ਥਾਂ ਹਰਿਆਣੇ ਦਾ ਅਧਿਕਾਰੀ ਲਾ ਲਿਆ ਤੇ ਪਾਣੀ ਛੱਡਣ ਦਾ ਪ੍ਰਬੰਧ ਕਰ ਲਿਆ। ਅੱਗੋਂ ਜਿੱਥੋਂ ਪਾਣੀ ਜਾਣ ਲਈ ਫੱਟੇ ਚੁੱਕੇ ਜਾਣੇ ਸਨ, ਓਥੇ ਪੰਜਾਬ ਦਾ ਅਫਸਰ ਬੈਠਾ ਸੀ, ਉਸ ਨੇ ਇਹ ਹੁਕਮ ਮੰਨਣ ਤੋਂ ਇਨਕਾਰ ਕਰ ਦਿੱਤਾ ਤਾਂ ਤਣਾਅ ਦਾ ਮਾਹੌਲ ਬਣ ਗਿਆ। ਪੰਜਾਬ ਦਾ ਇੱਕ ਮੰਤਰੀ ਉਸ ਇਲਾਕੇ ਦਾ ਵਿਧਾਇਕ ਹੈ, ਉਹ ਰਾਤੋ-ਰਾਤ ਉਸ ਡੈਮ ਤੱਕ ਚਲਾ ਗਿਆ ਅਤੇ ਪੰਜਾਬ ਪੁਲਸ ਨਾਲ ਜਾ ਕੇ ਸਵੇਰ ਹੋਣ ਤੱਕ ਡੈਮ ਦੀਆਂ ਚਾਬੀਆਂ ਲੈ ਲਈਆਂ। ਫਿਰ ਮੁੱਖ ਮੰਤਰੀ ਵੀ ਓਥੇ ਪਹੁੰਚ ਗਿਆ।

ਸਾਰੇ ਦੇਸ਼ ਵਿੱਚ ਇਸ ਨਾਲ ਦੁਹਾਈ ਮਚ ਗਈ। ਪੰਜਾਬ ਦੇ ਮੁੱਖ ਮੰਤਰੀ ਨੇ ਸਾਰੀਆਂ ਪਾਰਟੀਆਂ ਦੀ ਬੈਠਕ ਸੱਦ ਲਈ ਤੇ ਨਾਲ ਵਿਧਾਨ ਸਭਾ ਦਾ ਵਿਸ਼ੇਸ਼ ਸਮਾਗਮ ਸੱਦਣ ਦਾ ਐਲਾਨ ਕਰ ਦਿੱਤਾ। ਕੇਂਦਰ ਸਰਕਾਰ ਨੇ ਵੀ ਦੋਵਾਂ ਰਾਜਾਂ ਦੇ ਚੀਫ ਸੈਕਟਰੀ ਦਿੱਲੀ ਬੁਲਾ ਕੇ ਬੈਠਕ ਕਰਨ ਦਾ ਐਲਾਨ ਕਰ ਦਿੱਤਾ। ਅਗਲੇ ਦਿਨ ਪੰਜਾਬ ਦੀਆਂ ਸਾਰੀਆਂ ਪਾਰਟੀਆਂ ਦੇ ਆਗੂਆਂ ਦੀ ਮੀਟਿੰਗ ਹੋ ਗਈ, ਜਿਸ ਵਿੱਚ ਹਰ ਕਿਸੇ ਨੇ ਮੱਤਭੇਦਾਂ ਦੇ ਬਾਵਜੂਦ ਮਿਲ ਕੇ ਚੱਲਣ ਦਾ ਐਲਾਨ ਕੀਤਾ ਅਤੇ ਦਿੱਲੀ ਵਾਲੀ ਮੀਟਿੰਗ ਵਿੱਚ ਕੇਂਦਰ ਸਰਕਾਰ ਨੇ ਹਰਿਆਣਾ ਨੂੰ ਆਪਣਾ ਪੱਖ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਅੱਗੇ ਜਾ ਕੇ ਰੱਖਣ ਦੀ ਗੱਲ ਕਹਿ ਕੇ ਮੋੜ ਦਿੱਤਾ। ਅਗਲੇ ਦਿਨਾਂ ਵਿੱਚ ਮੀਟਿੰਗਾਂ ਵੀ ਹੋਣਗੀਆਂ, ਪੰਜਾਬ ਦੀਆਂ ਕੁਝ ਧਿਰਾਂ ਨੇ ਪਾਣੀ ਦੇ ਮੁੱਦੇ ਉੱਤੇ ਸਿਆਸੀ ਮੋਰਚਾ ਸ਼ੁਰੂ ਕਰਨ ਦੇ ਐਲਾਨ ਵੀ ਕੀਤੇ ਹਨ ਤੇ ਜਵਾਬ ਵਿੱਚ ਹਰਿਆਣੇ ਦੇ ਕੁਝ ਲੀਡਰ ਵੀ ਮੋਰਚਾ ਲਾਉਣ ਦੀਆਂ ਟਾਹਰਾਂ ਮਾਰਦੇ ਸੁਣੇ ਜਾ ਰਹੇ ਹਨ। ਦਰਿਆਵਾਂ ਦਾ ਪਾਣੀ ਭਾਵੇਂ ਪਹਿਲਾਂ ਜਿੰਨਾ ਨਹੀਂ ਰਿਹਾ, ਸਿਆਸੀ ਮਾਹੌਲ ਵਿੱਚ ਇਹ ਉਛਾਲੇ ਮਾਰਨ ਲੱਗ ਪਿਆ ਹੈ। ਹਾਲਾਤ ਵਿਗੜਨ ਤੋਂ ਨਾ ਰੋਕੇ ਗਏ ਤਾਂ ਪੰਜਾਬ ਤੇ ਗਵਾਂਢ ਦਾ ਰਾਜ ਹਰਿਆਣਾ ਇੱਕ ਵਾਰੀ ਫਿਰ ਸਿਆਸੀ ਆਢੇ ਵਿੱਚ ਫਸ ਸਕਦੇ ਹਨ। ਕੋਈ ਵੀ ਨਹੀਂ ਜਾਣਦਾ ਕਿ ਕੀ ਬਣੇਗਾ!

ਇੱਕ ਸਮਝੌਤਾ ਭਾਰਤ ਦੇ ਪ੍ਰਧਾਨ ਮੰਤਰੀ ਅਤੇ ਅਕਾਲੀ ਦਲ ਦੇ ਪ੍ਰਧਾਨ ਨੇ ਕੀਤਾ ਸੀ। ਰਾਜੀਵ ਗਾਂਧੀ ਕੋਲ ਇਸ ਦੇਸ਼ ਦੇ ਪ੍ਰਧਾਨ ਮੰਤਰੀ ਸਿਆਸੀ ਆਗੂ ਦਾ ਅਹੁਦਾ ਸੀ, ਸੰਤ ਹਰਚੰਦ ਸਿੰਘ ਲੌਂਗੋਵਾਲ ਉਸ ਅਕਾਲੀ ਦਲ ਦਾ ਪ੍ਰਧਾਨ ਸੀ, ਜਿਸ ਦਾ ਹਰ ਆਗੂ ਆਪਣੇ ਆਪ ਨੂੰ ਲੌਂਗੋਵਾਲੀਏ ਸੰਤ ਤੋਂ ਵੱਡਾ ਸਮਝਦਾ ਸੀ। ਕੇਂਦਰ ਜਾਂ ਹਰਿਆਣੇ ਦੀ ਸਰਕਾਰ ਦੀ ਵਾਗ ਸਾਂਭਣ ਜਾਂ ਵਾਗ ਸਾਂਭਣ ਦੇ ਸੁਫਨੇ ਲੈਣ ਵਾਲਿਆਂ ਨੇ ਵੀ ਵਿਰੋਧ ਸ਼ੁਰੂ ਕਰ ਦਿੱਤਾ ਅਤੇ ਪੰਜਾਬ ਦੇ ਹੋਰ ਲੀਡਰਾਂ ਤੋਂ ਪਹਿਲਾਂ ਅਕਾਲੀ ਦਲ ਦੇ ਕੁਝ ਸਿਆਸੀ ਖਾਹਿਸ਼ਾਂ ਵਾਲੇ ਆਗੂਆਂ ਨੇ ਵੀ ਵਿਰੋਧ ਲਈ ਝੰਡਾ ਚੁੱਕ ਲਿਆ। ਸਮਝੌਤਾ ਫਿਰ ਲਾਗੂ ਭਾਵੇਂ ਨਹੀਂ ਸੀ ਹੋ ਸਕਿਆ, ਪਰ ਉਹ ਕਦੇ ਰੱਦ ਵੀ ਨਹੀਂ ਸੀ ਕੀਤਾ ਗਿਆ ਤੇ ਉਸ ਵਿੱਚ ਇੱਕ ਮੱਦ ਮੌਜੂਦ ਹੈ ਕਿ ਸਮਝੌਤਾ ਹੋਣ ਵੇਲੇ ਤੱਕ ਜਿੰਨਾ ਪਾਣੀ ਪੰਜਾਬ ਨੂੰ ਮਿਲਦਾ ਸੀ, ਉਹ ਲਗਾਤਾਰ ਮਿਲਦਾ ਰਹੇਗਾ। ਇਹ ਪੰਜਾਬ ਨੂੰ ਪਾਣੀ ਉਸ ਵੇਲੇ ਜਿੰਨਾ ਮਿਲਦਾ ਰਹਿਣ ਦੀ ਗਾਰੰਟੀ ਹੀ ਉਸ ਸਮਝੌਤੇ ਦੀ ਪ੍ਰਾਪਤੀ ਹੈ।

ਸੰਸਾਰ ਪੱਧਰ ਦੇ ਤਪਸ਼ ਵਾਲੇ ਹਾਲਾਤ ਦਾ ਅਸਰ ਭਾਰਤ ਦੇ ਪਹਾੜਾਂ ਉੱਤੇ ਵੀ ਪਿਆ ਹੈ। ਓਥੇ ਬਰਫਾਂ ਜੰਮਣ ਦਾ ਸਮਾਂ ਲਗਾਤਾਰ ਘੱਟ ਹੁੰਦਾ ਗਿਆ ਅਤੇ ਪਹਾੜਾਂ ਦੇ ਵਿਕਾਸ ਬਾਰੇ ਸੰਸਾਰ ਪੱਧਰ ਦੇ ਕਮਿਸ਼ਨ ਦੀ ਰਿਪੋਰਟ ਕਹਿੰਦੀ ਹੈ ਕਿ ਬਰਫ ਜੰਮਣ ਦਾ ਸਮਾਂ ਤੇਈ ਫੀਸਦੀ ਘਟਿਆ ਹੈ। ਇਸ ਕਾਰਨ ਭਾਰਤ ਦੇ ਅੱਠ ਰਾਜਾਂ ਉੱਤੇ ਪਾਣੀ ਦੀ ਘਾਟ ਦਾ ਅਸਰ ਪੈਣ ਵਾਲਾ ਹੈ ਅਤੇ ਉਨ੍ਹਾਂ ਨੂੰ ਇਸ ਨਾਲ ਸਿੱਝਣ ਦੇ ਪ੍ਰਬੰਧ ਕਰਨ ਬਾਰੇ ਅਗੇਤਾ ਸੋਚਣ ਦੀ ਲੋੜ ਪਵੇਗੀ। ਸੋਚਣ ਵਾਲਾ ਕੌਣ ਹੈ, ਲੀਡਰਾਂ ਨੂੰ ਸਿਆਸੀ ਤਿਕੜਮਾਂ ਸੋਚਣ ਤੋਂ ਹੀ ਕਦੇ ਵਿਹਲ ਨਹੀਂ ਮਿਲੀ। ਵਿਰੋਧੀ ਧਿਰ ਨੂੰ ਛੱਡੋ, ਆਪੋ-ਆਪਣੀ ਪਾਰਟੀ ਵਿੱਚ ਵੀ ਆਢਾ ਲਾਈ ਰੱਖਦੇ ਹਨ। ਉਨ੍ਹਾਂ ਦਾ ਆਪੋ ਵਿੱਚ ਜਾਂ ਵਿਰੋਧੀ ਧਿਰਾਂ ਨਾਲ ਆਢਾ ਜਿੰਦਾਂ ਵੀ ਚੱਲਦਾ ਰਹੇ, ਪਾਣੀ ਦੀ ਘਾਟ ਦਾ ਪੰਜਾਬ ਦਾ ਇਹ ਵੱਡਾ ਮੁੱਦਾ ਕਦੇ ਲੀਡਰਾਂ ਦੀ ਵਿਹਲ ਦੀ ਉਡੀਕ ਨਹੀਂ ਕਰਨ ਲੱਗਾ, ਫੌਰਨ ਕੋਈ ਹੱਲ ਕੱਢੇ ਜਾਣ ਦੀ ਲੋੜ ਹੈ, ਪਰ ਇਸ ਬਾਰੇ ਦਿਲੋਂ ਸੋਚਣ ਵਾਲੇ ਸਿਰਾਂ ਦੀ ਘਾਟ ਹੈ।

ਅਸੀਂ ਇਹ ਗੱਲ ਮੰਨ ਕੇ ਚੱਲੀਏ ਕਿ ਦੁਨੀਆ ਭਰ ਦੇ ਲੋਕਾਂ ਸਾਹਮਣੇ ਜਿਹੜਾ ਪਾਣੀ ਦਾ ਸੰਕਟ ਹੈ, ਪੰਜਾਬ ਅਤੇ ਹਰਿਆਣੇ ਨੂੰ ਭੁਗਤਣਾ ਪੈਣਾ ਹੈ, ਪਰ ਇਹ ਬਾਕੀਆਂ ਜਿੰਨਾ ਜਾਂ ਬਾਕੀਆਂ ਤੋਂ ਪਹਿਲਾਂ ਪੁਆੜੇ ਦਾ ਕਾਰਨ ਨਹੀਂ ਸੀ ਬਣ ਸਕਦਾ, ਸਾਡੇ ਲੀਡਰਾਂ ਦੀਆਂ ਗਲਤੀਆਂ ਤੇ ਵੋਟਾਂ ਲੈਣ ਲਈ ਛੋਟਾਂ ਦੀ ਖੇਡ ਨੇ ਵਿਗਾੜ ਵਧਾਇਆ ਹੈ। ਪੌਣੇ ਪੰਜ ਦਹਾਕੇ ਪਹਿਲਾਂ ਜਦੋਂ ਪੰਜਾਬ ਦੇ ਮੁੱਖ ਮੰਤਰੀ ਨੇ ਐਲਾਨ ਕੀਤਾ ਸੀ ਕਿ ਟਿਊਬਵੈੱਲਾਂ ਉੱਤੇ ਬਿਜਲੀ ਦੇ ਮੀਟਰਾਂ ਦੀ ਲੋੜ ਨਹੀਂ, ਮਹੀਨੇ ਦਾ ਉੱਕਾ-ਪੁੱਕਾ ਹਾਰਸ ਪਾਵਰ ਮੁਤਾਬਕ ਪੱਕਾ ਬਿੱਲ ਹੋਵੇਗਾ ਤਾਂ ਕਿਸਾਨਾਂ ਦੀ ਇੱਕ ਬੈਠਕ ਵਿੱਚ ਮੈਂ ਕਹਿ ਬੈਠਾ ਕਿ ਇਹ ਪੰਜਾਬ ਲਈ ਘਾਟੇਵੰਦਾ ਹੈ। ਮੇਰੀ ਰਾਏ ਸੀ ਕਿ ਪੰਜ ਹਾਰਸ ਪਾਵਰ ਦਾ ਪੰਜਾਹ ਰੁਪਏ ਦਾ ਪੱਕਾ ਬਿੱਲ ਕਰਨ ਦੀ ਥਾਂ ਸਾਰਾ ਮਹੀਨਾ ਮੋਟਰ ਚੱਲੀ ਰਹਿਣ ਜਿੰਨਾ ਬਿੱਲ ਵੀ ਰੱਖ ਦਿਓ, ਪਰ ਮੀਟਰ ਲੱਗਣਾ ਬੰਦ ਨਹੀਂ ਕਰਨਾ ਚਾਹੀਦਾ। ਜਦੋਂ ਇਹ ਪਤਾ ਹੋਵੇ ਕਿ ਸਾਰਾ ਮਹੀਨਾ ਚੱਲਣ ਪਿੱਛੋਂ ਘੱਟ ਬਿਜਲੀ ਚਲਾਈ ਤਾਂ ਓਨੇ ਪੈਸੇ ਘੱਟ ਦੇਣੇ ਪੈਣਗੇ ਤਾਂ ਕਿਸਾਨ ਬਿਨਾਂ ਲੋੜ ਤੋਂ ਮੋਟਰ ਨਹੀਂ ਚਲਾਉਣਗੇ, ਪਰ ਜੇ ਉੱਕਾ-ਪੁੱਕਾ ਬਿੱਲ ਮਿੱਥ ਦਿੱਤਾ ਤਾਂ ਫਿਰ ਕਿਸੇ ਨੇ ਚੱਲਦੀਆਂ ਮੋਟਰਾਂ ਬੰਦ ਨਹੀਂ ਕਰਨੀਆਂ ਤੇ ਧਰਤੀ ਹੇਠਲਾ ਪਾਣੀ ਬਿਨਾਂ ਕਾਰਨ ਵਗਣ ਨਾਲ ਸਾਡੀ ਅਗਲੀ ਪੀੜ੍ਹੀ ਜੋਗਾ ਬਚਣਾ ਨਹੀਂ। ਮੈਨੂੰ ਸੀਨੀਅਰ ਕਿਸਾਨ ਆਗੂਆਂ ਤੋਂ ਝਿੜਕਾਂ ਪਈਆਂ ਕਿ ਕਿਸਾਨਾਂ ਦੇ ਹਿੱਤ ਦੀ ਗੱਲ ਹੈ, ਤੂੰ ਵਿਰੋਧ ਕਰਦਾ ਹੈਂ। ਅੱਜ ਸਾਰੇ ਮੰਨਦੇ ਹਨ ਕਿ ਪਹਿਲਾਂ ਫਲੈਟ ਰੇਟ ਦੇ ਬਿੱਲਾਂ ਅਤੇ ਫਿਰ ਪੂਰਾ ਬਿੱਲ ਮੁਆਫ ਕਰ ਦੇਣ ਨਾਲ ਰਾਤ-ਦਿਨ ਮੋਟਰਾਂ ਚੱਲਣ ਲੱਗ ਪਈਆਂ ਤੇ ਹਰ ਸਾਲ ਧਰਤੀ ਹੇਠਲਾ ਪਾਣੀ ਹੋਰ ਤੋਂ ਹੋਰ ਹੇਠਾਂ ਡਿੱਗਦਾ ਗਿਆ ਹੈ। ਸਾਡੇ ਲੋਕ ਨਹਿਰਾਂ ਦਾ ਪਾਣੀ ਵਰਤਣਾ ਹੀ ਭੁੱਲ ਗਏ। ਪਹਿਲਾਂ ਇਸ ਗੱਲ ਉੱਤੇ ਕਈ ਥਾਂਈਂ ਆਢਾ ਲੱਗ ਜਾਂਦਾ ਹੁੰਦਾ ਸੀ ਕਿ ਪਿਛਲੇ ਪਿੰਡਾਂ ਦੇ ਵੱਡੇ ਜ਼ਿਮੀਂਦਾਰ ਨਹਿਰਾਂ ਨੂੰ ਟੱਕ ਲਾ ਕੇ ਸਾਰਾ ਪਾਣੀ ਵਰਤ ਲੈਂਦੇ ਹਨ ਅਤੇ ਅੱਗੇ ਸਿਰੇ ਉੱਤੇ ਪੈਂਦੇ ਪਿੰਡਾਂ ਤੱਕ ਪਾਣੀ ਨਹੀਂ ਜਾਣ ਦੇਂਦੇ, ਬਿੱਲਾਂ ਦੀ ਮੁਆਫੀ ਹੋਣ ਮਗਰੋਂ ਇਹ ਟਕਰਾਅ ਹੋਣੇ ਇਸ ਲਈ ਬੰਦ ਹੋ ਗਏ ਕਿ ਅਗਲੇ ਪਿੰਡਾਂ ਵਾਲੇ ਲੋਕਾਂ ਕੋਲ ਮੁਫਤ ਬਿਜਲੀ ਵਾਲੇ ਟਿਊਬਵੱਲ ਰਾਤ ਦਿਨ ਚੱਲੀ ਜਾਂਦੇ ਸਨ। ਨਤੀਜਾ ਪੰਜਾਬ ਦੀ ਧਰਤੀ ਹੇਠਲੇ ਪਾਣੀ ਦੀ ਤਬਾਹੀ ਵਿੱਚ ਨਿਕਲਿਆ ਅਤੇ ਅਸੀਂ ਬਾਕੀ ਰਾਜਾਂ ਤੋਂ ਪਹਿਲਾਂ ਇਸ ਮਹਾਂ ਸੰਕਟ ਦੇ ਸ਼ਿਕਾਰ ਹੋ ਗਏ।

ਦੂਸਰਾ ਨਿਕੰਮਾਪਣ ਪੰਜਾਬ ਅਤੇ ਕੇਂਦਰ ਦੀਆਂ ਸਰਕਾਰਾਂ ਤੇ ਭਾਖੜਾ ਬਿਆਸ ਪ੍ਰਬੰਧਕੀ ਬੋਰਡ ਦੇ ਅਫਸਰਾਂ ਦੀ ਨਾਲਾਇਕੀ ਦਾ ਸੀ। ਜਦੋਂ ਫੈਸਲਾ ਸੀ ਕਿ ਵੰਡ ਵਿੱਚ ਭਾਰਤ ਦੇ ਹਿੱਸੇ ਆਇਆ ਸਾਰਾ ਪਾਣੀ ਇਸ ਦੇਸ਼ ਦਾ ਹੈ ਤਾਂ ਮੁਲਕ ਦੇ ਆਜ਼ਾਦ ਹੋਣ ਤੋਂ ਪੌਣੀ ਸਦੀ ਤੋਂ ਵੱਧ ਲੰਘਣ ਦੇ ਬਾਵਜੂਦ ਉਹ ਪਾਕਿਸਤਾਨ ਜਾਂਦਾ ਰੋਕਿਆ ਕਿਉਂ ਨਹੀਂ? ਰੋਕਿਆ ਹੁੰਦਾ ਤਾਂ ਸਾਡੇ ਕੋਲ ਚੋਖਾ ਪਾਣੀ ਹੋਣਾ ਸੀ, ਪਰ ਇਹ ਗੱਲ ਅੱਜ ਵੀ ਕਿਸੇ ਏਜੰਡੇ ਉੱਤੇ ਨਹੀਂ ਦਿੱਸਦੀ। ਕੁਝ ਲੋਕ ਇਹ ਪੁੱਛ ਸਕਦੇ ਹਨ ਕਿ ਉਹ ਪਾਣੀ ਰੋਕ ਲਿਆ ਜਾਵੇ ਤਾਂ ਪੰਜਾਬ ਅਤੇ ਹਰਿਆਣੇ ਦਾ ਆਢਾ ਰੁਕ ਜਾਵੇਗਾ? ਇਹ ਫਿਰ ਵੀ ਛੇਤੀ ਕੀਤੇ ਨਹੀਂ ਰੁਕ ਸਕਣਾ। ਇਸ ਦਾ ਕਾਰਨ ਕੇਂਦਰ ਸਰਕਾਰ ਦੀ ਪੰਜਾਬ ਵਿਰੋਧੀ ਨੀਤੀ ਵਿੱਚ ਲੁਕਿਆ ਹੈ। ਇੰਦਰਾ ਗਾਂਧੀ ਦੇ ਵਕਤ ਇਹ ਸਰਵੇ ਸ਼ੁਰੂ ਕਰਵਾਇਆ ਗਿਆ ਸੀ ਕਿ ਭਾਰਤ ਵਿੱਚ ਕਿਹੜੇ ਪਾਸੇ ਹੜ੍ਹ ਆਉਂਦੇ ਅਤੇ ਕਿਸ ਪਾਸੇ ਸੋਕਾ ਪੈਂਦਾ ਹੈ ਅਤੇ ਇਸ ਦੀ ਰਿਪੋਰਟ ਨਰਸਿਮਹਾ ਰਾਓ ਦੀ ਸਰਕਾਰ ਵੇਲੇ ਪੇਸ਼ ਹੋ ਜਾਣ ਦੇ ਬਾਵਜੂਦ ਇਸ ਉੱਤੇ ਕਦੀ ਕਿਸੇ ਨੇ ਵਿਚਾਰ ਨਹੀਂ ਸੀ ਕੀਤੀ। ਅਟਲ ਬਿਹਾਰੀ ਵਾਜਪਾਈ ਦੀ ਸਰਕਾਰ ਵੇਲੇ ਇਹ ਰਿਪੋਰਟ ਕੱਢੀ ਅਤੇ ਵਿਚਾਰਨ ਦੀ ਕੋਸ਼ਿਸ਼ ਕੀਤੀ ਗਈ ਤਾਂ ਬਾਰਾਂ ਪ੍ਰਾਜੈਕਟ ਪਾਸ ਕੀਤੇ ਗਏ ਸਨ, ਜਿਨ੍ਹਾਂ ਵਿੱਚੋਂ ਇੱਕ ਇਹ ਸੀ ਕਿ ਸ਼ਾਰਧਾ ਨਦੀ ਦਾ ਪਾਣੀ ਇੱਕ ਨਹਿਰੀ ਲਿੰਕ ਕੱਢ ਕੇ ਮੰਦਾਕਿਨੀ ਤੇ ਅਲਕਨੰਦਾ ਆਦਿ ਨਦੀਆਂ ਦੇ ਪਾਣੀ ਸਮੇਤ ਜਮਨਾ ਵਿੱਚ ਪਾਇਆ ਜਾਵੇ ਤਾਂ ਹਰਿਆਣੇ, ਦਿੱਲੀ, ਉੱਤਰ ਪ੍ਰਦੇਸ਼, ਰਾਜਸਥਾਨ ਹੀ ਨਹੀਂ, ਗੁਜਰਾਤ ਨੂੰ ਪਾਣੀ ਪਹੁੰਚ ਸਕਦਾ ਹੈ। ਬਾਕੀ ਪਾਸ ਕੀਤੇ ਗਏ ਅੱਧੇ ਤੋਂ ਵੱਧ ਪ੍ਰਾਜੈਕਟਾਂ ਉੱਤੇ ਕੰਮ ਚੱਲ ਪਿਆ, ਕੁਝ ਸਿਰੇ ਵੀ ਚੜ੍ਹ ਗਏ ਦੱਸੇ ਜਾਂਦੇ ਹਨ, ਪਰ ਸ਼ਾਰਧਾ ਨਦੀ ਦਾ ਪਾਣੀ ਜਮਨਾ ਵੱਲ ਲਿਆਉਣ ਦਾ ਜਿਹੜਾ ਪ੍ਰਾਜੈਕਟ ਬਣ ਜਾਂਦਾ ਤਾਂ ਪੰਜਾਬ ਤੋਂ ਪਾਣੀ ਮੰਗਣ ਦੀ ਹਰਿਅਣਾ ਨੂੰ ਲੋੜ ਨਹੀਂ ਸੀ ਪੈਣੀ, ਉਸ ਦੀ ਫਾਈਲ ਕਿਸੇ ਨੇ ਕਦੇ ਨਹੀਂ ਸੀ ਚੁੱਕੀ। ਕੇਂਦਰ ਵਾਲਿਆਂ ਨੂੰ ਲੋੜ ਨਹੀਂ, ਹਰਿਆਣੇ ਵਾਲੇ ਪੰਜਾਬ ਨਾਲ ਆਢਾ ਲਾਈ ਜਾਂਦੇ ਰਹੇ ਤੇ ਪੰਜਾਬ ਦੇ ਲੀਡਰਾਂ ਵਿੱਚੋਂ ਕਿਸੇ ਨੂੰ ਏਨੀ ਅਕਲ ਨਹੀਂ ਸੀ ਕਿ ਮੁੱਦਾ ਚੁੱਕਦੇ।

ਪੰਜਾਬ ਨੂੰ ਤਾਂ ਏਨੀ ਨਿਕੰਮੀ ਲੀਡਰਸ਼ਿਪ ਮਿਲਦੀ ਰਹੀ ਕਿ ਹਰਿਆਣਾ ਵੱਖ ਹੋਣ ਦੇ ਬਾਅਦ ਛੇ ਦਹਾਕੇ ਹੋਣ ਨੂੰ ਫਿਰਦੇ ਹਨ, ਅੱਜ ਤੱਕ ਕਿਸੇ ਆਗੂ ਨੇ ਘੱਗਰ ਦਰਿਆ ਦੇ ਪਾਣੀ ਦਾ ਮੁੱਦਾ ਨਹੀਂ ਚੁੱਕਿਆ। ਸਿੱਧਾ ਮਾਮਲਾ ਸੀ ਕਿ ਜਦੋਂ ਪੰਜਾਬ ਅਤੇ ਹਰਿਆਣਾ ਵਿੱਚ ਜਾਇਦਾਦ ਵੰਡਣੀ ਸੀ ਤਾਂ ਸਾਂਝੇ ਪੰਜਾਬ ਦੀ ਸਾਰੀ ਸਾਂਝੀ ਜਾਇਦਾਦ ਗਿਣਨੀ ਤੇ ਫੇਰ ਵੰਡ ਕਰਨੀ ਚਾਹੀਦੀ ਸੀ, ਪੰਜਾਬ ਵਾਲੇ ਤਿੰਨ ਦਰਿਆ ਸਤਲੁਜ, ਬਿਆਸ ਤੇ ਰਾਵੀ ਤਾਂ ਗਿਣ ਲਏ, ਜਿਹੜੇ ਜਮਨਾ ਦਾ ਪਾਣੀ ਸਾਂਝੇ ਪੰਜਾਬ ਵਿੱਚ ਓਧਰ ਵਗਦਾ ਸੀ, ਉਹ ਕਿਸੇ ਨੇ ਗਿਣਨ ਦੀ ਗੱਲ ਹੀ ਨਹੀਂ ਸੀ ਚੁੱਕੀ। ਘੱਗਰ ਬਾਰੇ ਸਭ ਨੂੰ ਪਤਾ ਸੀ ਕਿ ਇਹ ਹਿਮਾਚਲ ਦੀ ਹੱਦ ਤੋਂ ਵਹਿਣਾ ਸ਼ੁਰੂ ਕਰਦਾ, ਕਦੀ ਪੰਜਾਬ ਅਤੇ ਕਦੀ ਹਰਿਆਣੇ ਵਿੱਚ ਦੀ ਹੁੰਦਾ ਆਖਰ ਨੂੰ ਹਰਿਆਣੇ ਵਿੱਚ ਪਹੁੰਚ ਜਾਂਦਾ ਹੈ। ਬਰਸਾਤਾਂ ਵਿੱਚ ਹੜ੍ਹ ਆਉਣ ਤਾਂ ਤਬਾਹੀ ਪੰਜਾਬ ਵਿੱਚ ਕਰਦਾ ਹੈ ਤੇ ਪਾਣੀ ਇਸ ਦਾ ਸਾਰੇ ਦਾ ਸਾਰਾ ਸਿਰਫ ਹਰਿਆਣਾ ਵਰਤਦਾ ਹੈ। ਦੋਵਾਂ ਰਾਜਾਂ ਵਿਚਾਲੇ ਪਾਣੀਆਂ ਦੀ ਜਾਇਦਾਦ ਵੰਡਣ ਦੌਰਾਨ ਇਹ ਪਾਣੀ ਵੀ ਪੰਜਾਬ ਦੇ ਤਿੰਨ ਦਰਿਆਵਾਂ ਨਾਲ ਜੋੜ ਕੇ ਫਿਰ ਵੰਡ ਕਰਨੀ ਚਾਹੀਦੀ ਸੀ, ਪੰਜਾਬੀ ਆਗੂਆਂ ਵਿੱਚੋਂ ਕਿਸੇ ਨੇ ਪਿਛਲੇ ਉਨਾਹਠ ਸਾਲਾਂ ਵਿੱਚ ਇਹ ਮੁੱਦਾ ਕਦੇ ਚੁੱਕਿਆ ਹੀ ਨਹੀਂ, ਬੇਦਲੀਲੇ ਮੋਰਚੇ ਲਾਉਣ ਲੱਗੇ ਰਹੇ।

ਅਜੋਕੇ ਪੜਾਅ ਉੱਤੇ ਪੰਜਾਬ ਦੇ ਪਾਣੀ ਖੋਹ ਕੇ ਹਰਿਆਣੇ ਨੂੰ ਦੇਣ ਦੀ ਚਾਲ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਦੇ ਅੰਦਰ ਬੈਠੇ ਹਰਿਆਣਵੀ ਅਧਿਕਾਰੀ ਚੱਲਣ ਜਾਂ ਕੇਂਦਰ ਦੀ ਸਰਕਾਰ ਕੋਈ ਦਾਅ ਖੇਡਣ ਦਾ ਯਤਨ ਕਰੇ, ਪੰਜਾਬੀਆਂ ਨੂੰ ਮਿਲ ਕੇ ਇਸ ਦਾ ਵਿਰੋਧ ਕਰਨ ਦੀ ਲੋੜ ਹੈ, ਪਰ ਏਨਾ ਕੁਝ ਕਾਫੀ ਨਹੀਂ। ਸੁਪਰੀਮ ਕੋਰਟ ਵਿੱਚ ਪਿਛਲੇ ਲੀਡਰਾਂ ਦੀ ਨਾਲਾਇਕੀ ਜਾਂ ਹਰਿਆਣੇ ਨਾਲ ਸਿਆਸੀ ਸੌਦੇਬਾਜ਼ੀ ਜਾਂ ਆਪਣੇ ਹਿੱਤਾਂ ਦੀ ਖੇਡ ਕਾਰਨ ਜਿਹੜੇ ਫੈਸਲੇ ਪੰਜਾਬ ਦੇ ਪਾਣੀ ਖੋਹ ਕੇ ਹਰਿਆਣੇ ਨੂੰ ਦੇਣ ਵਾਲੇ ਹੁੰਦੇ ਰਹੇ ਹਨ, ਉਨ੍ਹਾਂ ਦੇ ਕੇਸ ਫਿਰ ਖੋਲ੍ਹਣ ਦੀ ਲੋੜ ਹੈ। ਅਗਲੀ ਗੱਲ ਇਹ ਵੀ ਹੈ ਕਿ ਇਹ ਕੇਸ ਦੋਬਾਰਾ ਖੋਲ੍ਹਣ ਦੇ ਵਕਤ ਇਹ ਯਕੀਨੀ ਕੀਤਾ ਜਾਵੇ ਕਿ ਇਸ ਵਿੱਚ ਹੇਰਾਫੇਰੀ ਨਾ ਹੋਵੇ। ਪੰਜਾਬ ਨਾਲ ਇੱਕ ਵਾਰੀ ਇਹ ਠੱਗੀ ਵੀ ਵੱਜ ਚੁੱਕੀ ਹੈ ਕਿ ਮੌਕੇ ਦੀ ਸਰਕਾਰ ਨੇ ਪੰਜਾਬ ਲਈ ਕਾਨੂੰਨੀ ਕੇਸਾਂ ਦੀ ਵਾਗ ਉਸ ਵਕੀਲ ਦੇ ਹੱਥ ਫੜਾਈ ਹੋਈ ਸੀ, ਜਿਹੜਾ ਪਹਿਲਾਂ ਹਰਿਆਣੇ ਲਈ ਇਹੋ ਜ਼ਿੰਮੇਵਾਰੀ ਸੰਭਾਲ ਚੁੱਕਾ ਸੀ। ਜਦੋਂ ਇਸ ਚੁਸਤੀ ਦਾ ਵਿਰੋਧ ਕਰਨ ਦੀ ਲੋੜ ਸੀ, ਪੰਜਾਬ ਦੀ ਉਸ ਵਕਤ ਦੀ ਵਿਰੋਧੀ ਧਿਰ ਦੇ ਆਗੂ ਆਪਣੀਆਂ ਗਰਜਾਂ ਦੀ ਪੂਰਤੀ ਕਰਨ ਲਈ ਚੁੱਪ ਵੱਟੀ ਬੈਠੇ ਰਹੇ ਸਨ। ਇਸ ਵਾਰੀ ਇਹੋ ਜਿਹੇ ਮੌਕੇ ਪੰਜਾਬ ਦੇ ਲੋਕਾਂ ਨੂੰ ਜਾਗਦੇ ਰਹਿਣ ਦੀ ਲੋੜ ਹੈ, ਵਰਨਾ ਇੱਕ ਵਾਰੀ ਫਿਰ ਜਾਹ-ਜਾਂਦੀਏ ਹੋ ਗਈ ਤਾਂ ਖੁੱਸਿਆ ਮੌਕਾ ਕਦੀ ਹੱਥ ਨਹੀਂ ਆਉਂਦਾ ਹੁੰਦਾ। ਪੰਜਾਬੀਓ, ਜਾਗਦੇ ਰਹੋਗੇ ਤਾਂ ਬਚੋਗੇ, ਨਹੀਂ ਤਾਂ ਰਹਿੰਦਾ ਸਾਰਾ ਕੁਝ ਵੀ ਲੁਟਾ ਕੇ ਫਿਰ ਮੋਰਚੇ ਲਾਉਣ ਜੋਗੇ ਹੀ ਰਹਿ ਜਾਓਗੇ।

# ਜਗਰਾਵਾਂ ਦਾ ਪਿੜ 'ਜਗਰਾਏ ਨਾਈ' ਨੇ ਬੰਨ੍ਹਿਆ ਸੀ

ਪਿੰਡ ਵਸਿਆ-28

ਵਿਜੇ ਬੰਬੇਲੀ

'ਮਾਲਵਾ ਸਿੱਖ ਇਤਿਹਾਸ' ਮੁਤਾਬਕ ਜਗਰਾਓਂ, ਜਿਹੜਾ ਹੁਣ ਵਿਗੜਦਾ ਸੰਵਰਦਾ ਜਗਰਾਵਾਂ, ਕਿਤੇ-ਕਿਤੇ ਜਗਰਾਉਂ ਵਜੋਂ ਸਨਦਬੱਧ ਹੋ ਗਿਆ ਹੈ, ਦੀ ਮੋੜ੍ਹੀ ਗੱਡਣ ਵਾਲਾ 'ਜਗਰਾਏ' ਜਿਹੜਾ ਜਾਤ ਵਜੋਂ ਨਾਈ ਸੀ, ਨੇ ਗੱਡੀ ਸੀ। ਪੰਜਾਬ ਦਾ ਸ਼ਾਇਦ ਇਹ ਇੱਕੋ-ਇੱਕ ਪਿੰਡ ਹੈ, ਜਿਸ ਦਾ ਪਿੜ ਕਾਮਾ-ਸ਼ਿਲਪੀ (ਲਾਗੀ) ਦੇ ਇੱਕ ਜਾਏ ਨੇ ਕਰੀਬ ਛੇ ਸਦੀਆਂ ਪਹਿਲਾਂ ਬੰਨਿਆ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ, 'ਜਗਰਾਉਂ ਉਰਫ ਜਗਰਾਵਾਂ' ਦਾ ਪਹਿਲ-ਪਲੱਕੜਾ ਨਾਂਅ 'ਜਗਰਾਏ' ਸੀ, ਮਗਰੋਂ ਇਸ 'ਤੇ ਮੰਝ ਰਾਜਪੂਤਾਂ ਦਾ ਕਬਜ਼ਾ ਹੋ ਗਿਆ। ਇਹ ਮੰਝ ਲਾਗਲੇ ਪ੍ਰਾਚੀਨ ਨਗਰ 'ਹਠੂਰ' ਦੇ ਜੰਮੇ-ਜਾਏ ਸਨ, ਜਿਹੜੇ ਮਗਰੋਂ ਸਥਿਤੀਆਂ-ਪ੍ਰਸਥਿਤੀਆਂ ਵੱਸ ਹਿੰਦੂਆਂ ਤੋਂ ਮੁਸਲਮਾਨ ਬਣ ਗਏ ਸਨ। ਮਗਰੋਂ ਵਸੇ 'ਰਾਏਕੋਟ', ਜਿਸ ਦੇ ਬਾਨੀ-ਮਾਲਕ 'ਰਾਏ ਕੱਲ੍ਹਾ' ਨੇ ਵੀ ਹਠੂਰ ਤੋਂ ਹੀ ਹਿਜਰਤ ਕੀਤੀ ਸੀ ਅਤੇ 'ਜਗਰਾਓਂ' ਵੀ 'ਹਠੂਰ' ਵਾਂਗ ਮਸ਼ਹੂਰ ਹੋ ਗਏ। ਦਰਅਸਲ, ਜਿਥੇ ਰਾਏਕੋਟ ਦੀ ਪੈਂਠ ਦਾ ਕਾਰਨ ਉਸ ਦੀ 'ਰਾਏਕੋਟ ਰਿਆਸਤ' ਵਜੋਂ ਸਥਾਪਤੀ ਸੀ, ਉਥੇ ਜਗਰਾਓਂ ਦੀ ਪ੍ਰਸਿੱਧੀ ਦੇ ਕਾਰਨ ਉਸ ਦੀ ਭੂਗੋਲਿਕੀ ਤੇ ਆਵਾਜਾਈ ਸਥਿਤੀ ਰਾਏਕੋਟ ਰਿਆਸਤ ਦੇ ਖਿੱਤੇ ਦੇ ਕਰੀਬ ਗੱਭੇ ਜਿਹੇ ਸਥਿਤ ਹੋਣ ਅਤੇ ਇਸ ਦੇ ਰਾਏਕੋਟ ਦੀ ਰਾਜਧਾਨੀ ਵਜੋਂ ਟਿਕੇ ਜਾਣ ਵੀ ਬਣੇ। ਹਾਲਾਂ ਕਿ ਮਗਰੋਂ ਇਹ ਖੈੜਾ ਕਈ ਆਰਥਿਕ ਅਤੇ ਪਹਿਲਾਂ ਇਤਿਹਾਸਕ-ਮਿਥਿਹਾਸਕ ਕਾਰਨਾਂ ਕਰਕੇ ਵੀ ਚਰਚਿਤ-ਦਰ-ਚਰਚਿਤ ਹੁੰਦਾ ਰਿਹਾ, 'ਵਿਚ ਜਗਰਾਵਾਂ ਦੇ ਲੱਗਦੀ ਰੋਸ਼ਨੀ ਭਾਰੀ।'

ਕਈ ਕਾਰਨੀਂ ਜਗਰਾਵਾਂ ਹੌਲੀ-ਹੌਲੀ ਪਿੰਡ ਤੋਂ ਕਸਬਾ ਅਤੇ ਕਸਬੇ ਤੋਂ ਸ਼ਹਿਰ ਬਣ ਗਿਆ। ਦਰ-ਹਕੀਕਤ ਇਸ ਨੂੰ ਕਿਲ੍ਹੇ ਅਤੇ ਸ਼ਹਿਰ ਦਾ ਰੂਪ ਚੜ੍ਹਨ ਦਾ ਕਾਰਨ 'ਰਾਏ ਕੱਲ੍ਹਾ' ਵਲੋਂ ਰਾਜਧਾਨੀ ਵਜੋਂ ਇਸ ਦੀ ਸੁਰੱਖਿਆ ਲਈ ਕੀਤੀ ਮਜ਼ਬੂਤ ਚਾਰਦੀਵਾਰੀ ਬਣੀ। ਅੰਦਰ ਦਾਖਲ ਹੋਣ ਲਈ ਚਾਰ ਲੋਹ-ਦਰਵਾਜ਼ੇ, ਜਿਹਨਾਂ ਦੇ ਮੌਜੂਦਾ ਨਾਂਅ 'ਸੱਯਦਾਂ ਦਰਵਾਜ਼ਾ', 'ਫਿਲੀ' ਅਤੇ 'ਦਾਣਾ ਮੰਡੀ' ਗੇਟ ਤੇ 'ਕਮੇਟੀ ਦਰਵਾਜ਼ਾ' ਹਨ, ਤਾਮੀਰ ਕੀਤੇ ਗਏ ਸਨ ਜਾਂ ਮਗਰੋਂ ਹੋਂਦ 'ਚ ਆਏ ਜਾਂ ਕਾਰ-ਵਿਹਾਰ ਪੱਖੋਂ ਮਗਰੋਂ ਨਵ ਨਾਮਕਰਨ ਹੋਏ ਸਨ। ਵੱਡ-ਅਕਾਰੀ ਮੁੱਖ ਦਰਵਾਜ਼ਾ 'ਕਮੇਟੀ ਗੇਟ' ਹੈ, ਜਿਹੜਾ ਆਪਣੀ ਮਹੱਤਤਾ, ਵਿਲੱਖਣਤਾ ਅਤੇ ਵਿਸ਼ਾਲਤਾ ਕਾਰਨ ਅੱਜ ਵੀ ਜਿਉਂਦਾ-ਜਾਗਦਾ ਹੈ। ਹਾਂ, ਪੰਜ-ਛੇ ਫੁੱਟ ਚੌੜੀ ਉਸ ਚਾਰਦੀਵਾਰੀ, ਜਿਸ ਦੇ ਕਿਤੇ ਅੰਦਰ, ਕਿਤੇ ਬਾਹਰ ਹਮਲਾਵਰਾਂ/ ਧਾੜਵੀਆਂ ਦਾ ਲਾਂਘਾ ਰੋਕਣ ਲਈ ਇੱਕ ਡੂੰਘੀ ਜਲ-ਖਾਲੀ ਵੀ ਪੁੱਟੀ ਗਈ ਸੀ, ਦੇ ਕਿਤੇ-ਕਿਤੇ ਅਵਸ਼ੇਸ ਹੁਣ ਵੀ ਮੌਜੂਦ ਹਨ। ਉਪਰੰਤ ਜਿਥੇ ਪਾਣੀ ਦੀਆਂ ਲੋੜਾਂ ਨੂੰ ਪੂਰਿਆਂ ਕਰਨ ਲਈ ਜਲ ਡਿੱਗੀਆਂ ਉਸਾਰੀਆਂ ਗਈਆਂ ਅਤੇ ਇੱਕ ਧੜਵੈਲ ਖੂਹ ਪੁੱਟਿਆ ਗਿਆ, ਉਥੇ ਤ੍ਰਿਵੈਣੀਆਂ ਵੀ ਸਥਾਪਤ ਕੀਤੀਆਂ ਗਈਆਂ, 'ਜਗਰਾਵਾਂ ਠੰਢੀਆਂ ਛਾਵਾਂ।'

ਜਦ ਵੱਡਾ ਘੱਲੂਘਾਰਾ 1762 ਈਸਵੀ ਨੂੰ ਵਾਪਰਿਆ, ਤਦ ਜਗਰਾਓਂ ਦਾ ਮਾਲਕ ਰਾਏ ਕੱਲ੍ਹਾ ਦਾ ਪੋਤਾ 'ਰਾਏ ਅਲਿਆਸ ਉਰਫ ਚੌਧਰੀ ਅੱਲਾ ਯਾਰ' ਬਾਲਦ ਰਾਏ ਅਹਿਮਦ ਸੀ। ਆਪਣੇ ਪੁਰਖਿਆਂ, ਜਿਹੜੇ ਸਿੱਖ-ਆਸਥਾ ਰੱਖਦੇ ਸਨ, ਦੇ ਉਲਟ ਇਸ ਨੇ ਮੁਗਲ ਧਾੜਵੀਆਂ ਦੀ ਮਦਦ ਕਰਕੇ ਸਿੱਖ ਵਿਰੋਧ ਖੱਟ ਲਿਆ। ਸਿੱਟਾ, ਪਹਿਲਾਂ ਇਸ ਰਿਆਸਤ (ਅਤੇ ਜਗਰਾਵਾਂ) ਉੱਤੇ ਪਟਿਆਲੇ ਦੇ ਰਾਜਾ ਅਮਰ ਸਿੰਘ ਨੇ ਕਬਜ਼ਾ ਕਰ ਲਿਆ, ਮਗਰੋਂ ਸਮਾਂ ਪਾ ਇਹ ਖਿੱਤਾ ਫਤਿਹ ਸਿੰਘ ਆਹਲੂਵਾਲੀਏ ਨੇ ਵਗਲ ਲਿਆ। ਉਪਰੰਤ ਇਸ ਖੇੜੇ ਅਤੇ ਇਸ ਦੀ ਜੁਗਲਬੰਦੀ ਨੂੰ ਚਾਰ ਭਾਗਾਂ (ਅਗਵਾੜਾਂ) ਵਿਚ ਤਕਸੀਮ ਕਰ ਦਿੱਤਾ ਗਿਆ : ਅਗਵਾੜ ਲੋਪੋ, ਅਗਵਾੜ ਗੁਜਰਾਂ, ਅਗਵਾੜ ਲਧਾਈ ਅਤੇ ਅਗਵਾੜ ਡਾਲਾ। ਦਰਅਸਲ ਪਹਿਲੇ ਤਿੰਨ ਅਗਲਵੰਡੀ ਵਸੇ ਹੋਏ ਅਤੇ ਚੌਥਾ ਕੁਝ ਦੂਰ ਵੱਸਦਾ ਡਾਲਾ ਚਾਰ ਵੱਖੋ-ਵੱਖਰੇ ਪਿੰਡ ਹਨ। ਇਹੀ ਨਹੀਂ ਆਲੇ-ਦੁਆਲੇ ਦੇ ਕਈ ਹੋਰ ਪਿੰਡ (ਜਗਰਾਓਂ ਦੇ ਕੋਠੇ) ਜਿਵੇਂ ਕੋਠੇ ਫਤਿਹਦੀਨ, ਕੋਠੇ ਰਾਹਲਾਂ, ਕੋਠੇ ਬੱਗੂ, ਕੋਠੇ ਜੀਵਾਂ ਅਤੇ ਕੋਠੇ ਸ਼ੇਰ ਯੰਗ ਆਦਿ ਇਸੇ ਨਗਰ ਵਿੱਚੋਂ ਉਠ ਕੇ ਵਸੇ ਜਾਂ ਕੰਮ-ਧੰਦੇ (ਖੇਤੀ ਆਦਿ) ਮੁਜ਼ਬ ਉਥੇ ਵਸੇਬ ਹੋਈ। ਪਹਿਲੇ ਚਾਰ (ਅਗਵਾੜ) ਅਤੇ ਇਹ ਪੰਜੇ (ਕੋਠੇ) ਹੁਣ ਸੁਤੰਤਰ ਅਤੇ ਆਪੋ-ਆਪਣਾ ਬਸੀਮਾਂ ਖੇਤਰੀ-ਜੂਹ) ਤੇ ਹੱਦਬਸਤ ਨੰਬਰ ਦੇ ਸੁਤੰਤਰ ਮਾਲਕ ਹਨ, 'ਨਹੀਂ ਈਨ ਕਿਸੇ ਦੀ ਮੰਨਦੇ, ਪੁੱਤ ਜਗਰਾਵਾਂ ਦੇ।'

ਪਹਿਲ-ਪਲੱਕੜਿਆਂ ਵਿੱਚ ਮੁਸਲਮਾਨੀ ਪ੍ਰਧਾਨਤਾ ਵੱਸ ਤੇ ਮੁਸਲਿਮ ਮਾਨਸਿਕਤਾ ਭਾਰੂ ਰਹੀ ਹੋਣ ਕਾਰਨ ਇਸ ਸ਼ਹਿਰ ਵਿਚ ਬਹੁਤੇ ਆਸਥਾ-ਸਥੱਲ ਵੀ ਮੁਸਲਿਮ-ਜਲੌਅ ਹਨ। ਖਰੀ ਗੱਲ ਇਹ ਕਿ ਤਵਾਰੀਖੀ ਸਹਿਹੋਂਦ ਅਤੇ ਭਾਈਚਾਰਕ ਉੱਤਮਤਾ ਵਜੋਂ ਹਿੰਦੂ-ਸਿੱਖ ਦੋਵੇਂ ਧਿਰਾਂ ਹੀ ਇਹਨਾਂ ਨਾਇਕਾਂ ਜਾਂ ਮੁਸਲਿਮ ਅਧਿਆਤਮਵਾਦੀਆਂ ਨੂੰ ਸਦੀਆਂ ਤੋਂ ਨਮਨ ਹੁੰਦੇ ਆ ਰਹੇ ਹਨ। ਮਜ਼ਾਰਾਂ ਉੱਤੇ ਲੱਗਦੇ ਮੇਲੇ, ਖਾਸ ਕਰ ਜਗਰਾਵਾਂ ਦਾ ਰੋਸ਼ਨੀ ਮੇਲਾ ਜਗਤ ਪ੍ਰਸਿੱਧ ਹੈ। ਇਹ ਨਗਰ ਮੇਲਿਆਂ-ਕਵਾਲਾਂ, ਗੁਮੰਤਰੀਆਂ ਅਤੇ ਮੇਲਿਆਂ 'ਚ ਖੜਕਦੀ ਰਹੀ ਡਾਂਗ ਕਾਰਨ ਵੀ ਚਰਚਿਤ ਰਿਹਾ, 'ਅਰਜਨ ਵੈਲੀ ਨੇ, ਪੈਰ ਗੱਡ ਕੇ ਗੰਡਾਸੀ ਮਾਰੀ।'

ਜਗਰਾਵਾਂ ਕਵੀਆਂ-ਲੇਖਕਾਂ ਅਤੇ ਬਹੁ-ਤਨਜ਼ੀਮਾਂ ਦੇ ਦੇਸ਼ ਭਗਤਾਂ ਵਜੋਂ ਵੀ ਬੜਾ ਉੱਘਾ ਰਿਹਾ, ਵੰਨਗੀ ਵਜੋਂ ਵਕਤਾ ਅਚਾਰੀਆ ਜੀ, ਕਵੀ ਸਦਰਦੀਨ ਅਤੇ ਗ਼ਦਰੀ ਬਾਬਾ ਅਰਜਨ ਸਿੰਘ ਤੇ ਸ਼ਹੀਦ ਹਾਫਿਜ਼ ਅਬਦੁੱਲਾ ਦੀ ਉਦਾਹਰਣ ਦਿੱਤੀ ਜਾ ਸਕਦੀ ਹੈ। ਮੁੱਕਦੀ ਗੱਲ, ਜਗਰਾਵਾਂ ਹਿੰਦੂ-ਸਿੱਖ-ਮੁਸਲਿਮ ਏਕਤਾ ਦਾ ਮੁਜੱਸਮਾ ਰਿਹਾ ਹੈ, ਹੁਣ ਵੀ ਹੈ।

ਸੰਪਰਕ 94634-39075

# ਚੰਨਾ ਬਾਂਹ ਨਾ ਮਰੋੜੀਂ ਮੇਰੀ ਟੁੱਟ ਜਾਣੀ ਵੰਗ

ਸ਼ੀਸ਼ੇ ਦੇ ਵੱਲ ਦੇਖ ਨਾ ਹੋਵੇ-14

ਸੁਰਜੀਤ ਸੁਮਨ

ਜੋਬਨਮੱਤੀ ਮੁਟਿਆਰ ਜਦੋਂ ਵੰਗਾਂ ਛਣਕਾਉਂਦੀ ਹੈ, ਤਾਂ ਆਲ਼ਾ-ਦੁਆਲ਼ਾ ਸੰਗੀਤਮਈ ਹੋ ਜਾਂਦਾ ਹੈ। ਨੱਚ ਉੱਠਦਾ ਹੈ। ਖਿੜ-ਖਿੜ ਜਾਂਦਾ ਹੈ। ਖੰਡਰ ਮਹਿਕ ਉੱਠਦੇ ਹਨ। ਮਕਾਨ, ਘਰ ਵਿੱਚ ਤਬਦੀਲ ਹੋਣ ਲਗਦੇ ਹਨ। ਚੁਫੇਰੇ ਸਰੋਦੀ ਰਾਗ ਜਿਹੇ ਛਿੜ ਜਾਂਦੇ ਹਨ। ਕਿਸੇ ਸਮੇਂ ਪਿੰਡਾਂ ਵਿੱਚ ਫੇਰੀ ਵਾਲ਼ੇ ਵਣਜਾਰੇ ਵੰਗਾਂ ਵੇਚਣ ਆਇਆ ਕਰਦੇ ਸਨ। ਡੱਗੀਆਂ ਚੁੱਕੀ। ਇਨ੍ਹਾਂ ਨੂੰ ਵੇਖ ਕੰਜਕਾਂ ਕੁਆਰੀਆਂ, ਸੁਹਾਗਵੰਤੀਆਂ ਮੁਟਿਆਰਾਂ ਤਾਂ ਕੀ, ਕਬੀਲਦਾਰੀ ਦੀ ਚੱਕੀ ਵਿੱਚ ਪਿਸ ਰਹੀਆਂ ਅੱਧਖੜ੍ਹ ਔਰਤਾਂ ਵੀ ਉਨ੍ਹਾਂ ਦੁਆਲ਼ੇ ਝੁਰਮਟ ਪਾ ਬਹਿੰਦੀਆਂ। ਰੰਗ-ਬਰੰਗੀਆਂ ਚੂੜੀਆਂ ਦੇਖ ਉਨ੍ਹਾਂ ਦੇ ਚਾਅ ਠਾਠਾਂ ਮਾਰਨ ਲਗਦੇ। ਮਨ ਲਲਚਾ ਉੱਠਦੇ। ਇੱਛਾਵਾਂ ਖਿੱਲਰ ਖਿੱਲਰ ਜਾਂਦੀਆਂ। ਪੱਲਰ-ਪੱਲਰ ਜਾਂਦੀਆਂ। ਉਨ੍ਹਾਂ ਦੀਆਂ ਸੱਧਰਾਂ ਵੰਗਾਂ ਦੇ ਰੰਗਾਂ ਵਿੱਚ ਘੁਲ਼-ਮਿਲ਼ ਜਾਂਦੀਆਂ। ਉਨ੍ਹਾਂ ਦੇ ਨੈਣੀਂ, ਕਾਇਨਾਤ ਵਿੱਚ ਜਜ਼ਬ ਵੰਗਾਂ ਦੇ ਹਜ਼ਾਰਾਂ ਰੰਗ ਸਾਕਾਰ ਹੋਣ ਲਗਦੇ। ਏਸੇ ਲਈ ਘਰ ਵਿੱਚ ਵੰਗਾਂ ਦਾ ਛਣਕਣਾ ਸ਼ੁਭ ਮੰਨਿਆ ਜਾਂਦਾ ਰਿਹਾ ਹੈ। ਇਨ੍ਹਾਂ ਦੀ ਛਣਕਾਰ ਨਾਲ਼ ਘਰ ਜੀਅ ਉੱਠਦੇ ਹਨ। ਦੂਜੇ ਪਾਸੇ ਵੰਗਾਂ ਦਾ ਟੁੱਟਣਾ ਸ਼ੁਭ ਸ਼ਗਨ ਨਹੀਂ ਮੰਨਿਆ ਜਾਂਦਾ। 'ਟੁੱਟਣਾ' ਦੁੱਖ ਦਿੰਦਾ ਹੈ, ਦਰਦ ਦਿੰਦਾ ਹੈ। ਪਹਿਲਗਾਮ ਦੀ ਬੈਸਰਨ ਵਾਦੀ ਵਿੱਚ ਅੱਤਵਾਦੀ ਹਮਲੇ ਦੌਰਾਨ ਜਦੋਂ ਭਰ ਜੋਬਨ ਮੁਟਿਆਰਾਂ ਦੀਆਂ ਵੰਗਾਂ ਜ਼ਬਰੀ ਭੰਨ ਸੁੱਟੀਆਂ, ਤਾਂ ਉਨ੍ਹਾਂ ਦੇ ਕੀਚਰ-ਕੀਚਰ ਹੋਣ ਦੀ ਆਵਾਜ਼ ਵਿਸ਼ਵ ਭਰ ਨੇ ਸੁਣੀ। ਇਸ ਅਣ-ਮਨੁੱਖੀ ਕਾਰੇ ਦੀ ਚੁਫੇਰਿਉਂ ਨਿੰਦਿਆ ਹੋਈ। ਇਸ ਨੂੰ ਦੇਖ/ਮਹਿਸੂਸ ਹਰ ਅੱਖ ਨਮ ਹੋਈ। ਏਸ ਲਮਹੇ ਦੀ ਅੱਖਾਂ 'ਚ ਅਟਕੀਆਂ ਤਸਵੀਰਾਂ ਭੁਲਾਇਆਂ ਵੀ ਨਹੀਂ ਭੁੱਲਦੀਆਂ। ਏਸ ਖ਼ੂਬਸੂਰਤ ਵਾਦੀ ਵਿੱਚ ਵਾਪਰੇ ਇਸ ਕਤਲੇਆਮ ਦੀ ਇੱਕ ਤਸਵੀਰ ਵਿੱਚ ਕਰਨਾਲ ਤੋਂ ਪਹਿਲਗਾਮ ਹਨੀਮੂਨ ਮਨਾਉਣ ਗਈ ਹਿਮਾਂਸੀ ਆਪਣੇ ਪਤੀ ਲੈਫਟੀਨੈਂਟ ਵਿਨੈ ਨਰਵਾਲ ਦੀ ਗੋਲ਼ੀਆਂ ਨਾਲ਼ ਭੁੰਨੀ ਦੇਹ ਕੋਲ਼ ਨੀਵੀਂ ਪਾਈ ਬਦਹਵਾਸ ਬੈਠੀ ਦਿਖਾਈ ਦਿੰਦੀ ਹੈ। ਪਰ੍ਹਾਂ ਕੁਰਸੀਆਂ ਖਿਲਰੀਆਂ ਪਈਆਂ ਹਨ। ਚੁਫੇਰੇ ਸੁੰਨ-ਮ-ਸਾਨ। ਹੋਰੂੰ ਹੋਰੂੰ ਝਾਕਦੇ ਪਹਾੜ, ਰੁੱਖ। ਮੈਨੂੰ ਹਿਮਾਂਸੀ ਦੇ ਹੱਥਾਂ 'ਚ ਪਾਇਆ ਚੂੜਾ ਲਹੂ ਨਾਲ਼ ਲੱਥ-ਪੱਥ ਹੋਇਆ ਦਿਸਦਾ ਹੈ। ਧਰਮ ਦੇ ਨਾਂ 'ਤੇ ਵੰਡੀਆਂ ਪਾਉਣ ਵਾਲ਼ੇ ਏਥੇ ਵੀ ਬਾਜ਼ ਨਹੀਂ ਆਏ। ਉਫ ! ਉਨ੍ਹਾਂ ਆਪਣੇ ਤੀਰ ਨਿਸ਼ਾਨੇ ਵੱਲ ਸੇਧੇ ਹਨ। ਬੈਸਰਨ ਵਾਦੀ ਵਿੱਚ ਟੂਰਿਸਟਾਂ ਨਾਲ਼ ਵਿਚਰਦੇ ਉਨ੍ਹਾਂ ਨੂੰ ਰੱਬ ਬਣ ਬਹੁੜੇ ਨਜ਼ਾਕਤ ਅਲੀ ਨੂੰ ਕਿਵੇਂ ਵੀ ਭੁਲਾਇਆ ਨਹੀਂ ਜਾ ਸਕਦਾ। ਆਦਲ ਹੁਸੈਨ ਸ਼ਾਹ ਨੇ ਬਹੁਤ ਸਾਰੇ ਹਿੰਦੂ ਸੈਲਾਨੀਆਂ ਦੀਆਂ ਜਾਨਾਂ ਬਚਾਉਂਦਿਆਂ ਆਪਣੀ ਜਾਨ ਤੱਕ ਗੁਆ ਲਈ। ਇਨ੍ਹਾਂ ਮੁਸਲਮਾਨ ਭਰਾਵਾਂ ਦੇ ਏਸ ਤਿਆਗ ਨੂੰ ਕਿਵੇਂ ਦੇਖਿਆ ਜਾਣਾ ਚਾਹੀਦਾ ਹੈ? ਅਦਨਾਨ ਸਾਮੀ ਦੇ ਗੀਤ ਦੇ ਬੋਲ ਸੁਣਨ ਲਗਦਾ ਹਾਂ, 'ਕਭੀ ਤੋ ਨਜ਼ਰ ਮਿਲਾਓ/ ਕਭੀ ਤੋ ਕਰੀਬ ਆਓ/ ਜੋ ਨਹੀਂ ਕਹਾ ਹੈ, ਕਭੀ ਤੋਂ ਸਮਝ ਭੀ ਜਾਓ।'

ਨਫਰਤ ਦੇ ਇਸ ਫਨੀਅਰ ਨੇ ਆਪਣਾ ਜ਼ਹਿਰ ਉਗਲ਼ ਦਿੱਤਾ ਹੈ। ਏਸ ਜ਼ਹਿਰ ਨੇ ਵਾਦੀ ਨੂੰ ਮਾਣਨ ਆਈਆਂ ਅਨੇਕ ਨਿਰਦੋਸ਼ ਰੂਹਾਂ ਨੂੰ ਲਹੂ ਦੇ ਛੱਪੜਾਂ ਵਿੱਚ ਡੋਬ ਦਿੱਤਾ ਹੈ। ਅਜਗਰ ਆਪਣਾ ਕੰਮ ਨਿਬੇੜ ਲੰਘ ਗਿਆ ਹੈ। ਹੁਣ ਲੀਕ ਪਿੱਟੀ ਜਾ ਰਹੀ ਹੈ। ਇੱਕ ਕਹਿਰ ਸੀ ਵਾਪਰ ਚੁੱਕਾ ਹੈ, ਦੂਜੇ ਕਹਿਰ ਰੋਜ਼ ਵਾਪਰ ਰਹੇ ਹਨ। ਦੋਵਾਂ ਦੇਸ਼ਾਂ ਵੱਲੋਂ ਅਟਾਰੀ-ਵਾਹਗਾ ਬਾਰਡਰ ਬੰਦ ਕਰ ਦਿੱਤਾ ਗਿਆ ਹੈ। ਬਾਰਡਰ 'ਤੇ ਲੱਗੀਆਂ ਤਾਰਾਂ ਕੰਬ ਰਹੀਆਂ ਹਨ। ਕਿਸਾਨਾਂ ਦੀਆਂ ਤਾਰੋਂ ਪਾਰਲੀਆਂ ਜ਼ਮੀਨਾਂ ਕਿਸੇ ਹੋਣੀ ਦੇ ਵਾਪਰਨ ਦੇ ਡਰੋਂ ਚੁੱਪ ਹਨ, ਉਦਾਸੀਆਂ ਉਦਾਸੀਆਂ ਹਨ। ਜੰਮੂ ਕਸ਼ਮੀਰ ਦੇ ਜ਼ਿਲ੍ਹਾ ਰਾਜੌਰੀ ਦੀ ਸਾਰਾ ਖਾਨ ਦੀ ਉਹ ਤਸਵੀਰ ਮੇਰੀਆਂ ਅੱਖਾਂ ਵਿੱਚ ਅਟਕ ਗਈ ਹੈ ਕਿਧਰੇ। ਆਪਣੇ ਛੋਟੇ ਜਿਹੇ ਬੱਚੇ ਨੂੰ ਚੁੰਮਦੀ ਸਾਰਾ ਖਾਨ ਮੇਰੀਆਂ ਅੱਖਾਂ ਅੱਗੇ ਆਣ ਖੜ੍ਹਦੀ ਹੈ। ਮੇਰੀ ਨਜ਼ਰ ਓਹਦੇ ਸੁੰਨੇ-ਸੁੰਨੇ, ਖਾਲੀ-ਖਾਲੀ ਚਿਹਰੇ ਤੇ ਹੱਥਾਂ ਵੱਲ ਚਲੇ ਜਾਂਦੀ ਹੈ। ਨਮ ਅੱਖਾਂ। ਵੰਗਾਂ ਵਿਹੂਣੇ ਓਹਦੇ ਹੱਥਾਂ ਨੇ ਚੌਦਾਂ ਦਿਨਾਂ ਦੇ ਆਪਣੇ ਨਵ-ਜਨਮੇ ਬਾਲਕ ਨੂੰ ਛਾਤੀ ਨਾਲ਼ ਘੁੱਟਿਆ ਹੋਇਆ ਹੈ। ਓਹਦੇ ਖੱਬੇ ਹੱਥ ਦੀ ਚੀਚੀ ਦੇ ਨਾਲ਼ ਵਾਲ਼ੀ ਉਂਗਲ਼ੀ ਵਿੱਚ ਪਾਈ ਚਾਂਦੀ ਦੀ ਮੁੰਦਰੀ ਉਦਾਸੀ ਜਿਹੀ ਝਾਕ ਰਹੀ ਹੈ। ਸੱਜੇ ਕੰਨ ਵਿੱਚ ਪਾਇਆ ਝੁਮਕਾ ਝੂਰ ਰਿਹਾ ਹੈ। ਸਾਰਾ ਖਾਨ ਭਾਰਤ ਵਿੱਚ ਵਿਆਹੀ ਗਈ ਪਾਕਿਸਤਾਨੀ ਨਾਗਰਿਕ ਹੈ, ਜਿਸ ਕੋਲ਼ ਭਾਰਤੀ ਪਾਸਪੋਰਟ ਨਹੀਂ। ਸਥਾਨਕ ਪੁਲਿਸ ਉਸ ਨੂੰ ਜ਼ਬਰਦਸਤੀ ਪਾਕਿਸਤਾਨ ਭੇਜਣ ਲਈ ਵਾਹਗਾ ਲਿਆਈ ਹੈ। ਓਹਦਾ ਛੇ ਸਾਲਾ ਦੂਜਾ ਪੁੱਤਰ ਰਿਆਤ ਪਾਕਿਸਤਾਨੀ ਨਾਗਰਿਕ ਹੈ। ਇਸੇ ਤਰ੍ਹਾਂ ਪਾਕਿਸਤਾਨੀ ਨਾਗਰਿਕ ਮੁਫਜਲਾ ਵੀ ਆਪਣੇ ਚਾਲੀ ਦਿਨਾਂ ਦਾ ਬੱਚਾ, ਜਿਸ ਨੂੰ ਪਾਕਿਸਤਾਨ ਜਾਣ ਤੋਂ ਰੋਕ ਦਿੱਤਾ ਗਿਆ ਹੈ, ਬਾਰੇ ਸੋਚਦਿਆਂ ਕਮਲ਼ੀ ਹੋਈ ਪਈ ਜਾਪਦੀ ਹੈ। ਬਹੁਤ ਸਾਰੀਆਂ ਹੋਰ ਮਾਵਾਂ ਆਪਣੇ ਧੀਆਂ-ਪੁੱਤਾਂ ਨੂੰ ਵਿਲਕਦਿਆਂ ਛੱਡ ਕੇ ਤੁਰ ਗਈਆਂ ਹਨ। ਇੱਕ ਹੋਰ ਤਸਵੀਰ ਵਿੱਚ ਗੁਜਰਾਂਵਾਲ਼ਾ ਸ਼ਹਿਰ ਦੀ ਰਹਿਣ ਵਾਲ਼ੀ ਅਤੀਆ ਅਸਲਮ ਦੇ ਪਾਕਿਸਤਾਨ ਜਾਣ ਬਾਅਦ, ਉਹਦੇ ਪਤੀ ਅੰਜਮ ਤਨਵੀਰ ਦੇ ਹੱਥਾਂ ਵਿੱਚ ਏਧਰ ਰਹਿ ਗਈ ਦੋ ਸਾਲਾ ਆਇਜ਼ਾ ਅੰਜਮ ਚੀਕਾਂ ਮਾਰ ਰਹੀ ਹੈ। ਇਨ੍ਹਾਂ ਤਸਵੀਰਾਂ ਵਿੱਚਲੇ ਹਿੰਦੂ-ਮੁਸਲਮਾਨਾਂ ਨੂੰ ਮਾਰਨ ਵਾਲ਼ੇ ਹਥਿਆਰਬੰਦ ਅੱਤਵਾਦੀ ਆਪਣਾ ਨਿਸ਼ਾਨਾ ਸਾਧ ਗਏ ਹਨ। ਕਿੰਨੇ ਘਰ ਉੱਜੜ ਗਏ ਹਨ? ਦੋਵਾਂ ਦੇਸ਼ਾਂ ਵਿੱਚ ਰਿਸ਼ਤੇ ਨਿਭਾ ਰਹੇ ਲੋਕ ਇੱਧਰੋਂ ਓਧਰ ਅਤੇ ਉੱਧਰੋਂ ਇੱਧਰ ਭਟਕ ਰਹੇ ਹਨ। ਡਾਹਡਾ ਉਦਾਸ ਹਾਂ। ਮੇਰਾ ਮਨ ਕਿਧਰੇ ਵੀ ਲੱਗ ਨਹੀਂ ਰਿਹਾ।

ਏਸ ਉਧੇੜ-ਬੁਣ ਵਿੱਚੋਂ ਨਿਕਲ਼ਣ ਲਈ ਮੈਂ ਲਾਅਨ ਵਿੱਚ ਪਈ ਕੁਰਸੀ 'ਤੇ ਆ ਬੈਠਦਾ ਹਾਂ। ਸੜਕ 'ਤੇ ਤੇਜ਼ ਰਫਤਾਰ ਵਾਹਨ ਆ ਜਾ ਰਹੇ ਹਨ। ਕਿਸੇ ਕੋਲ਼ ਵਿਹਲ ਨਹੀਂ। 'ਕੁਕੁੜੂੰ-ਘੜੂੰ' ਆਂਡੇ-ਬਰੈੱਡ ਵੇਚਣ ਵਾਲ਼ੀ ਗੱਡੀ ਨੇ ਸਾਡੀ ਗਲ਼ੀ ਦਾ ਮੋੜ ਕੱਟਿਆ ਹੈ। ਘਰ-ਘਰ ਆਂਡੇ-ਬਰੈੱਡ ਬਗੈਰਾ ਵੇਚਣ ਵਾਲ਼ਾ ਆਪਣੀ ਇਹ ਗੱਡੀ ਲੈ ਕੇ ਰੋਜ਼ਾਨਾ ਹੀ ਚੱਕਰ ਲਗਾਉਂਦਾ ਹੈ। ਕਿਤੇ ਕਿਤੇ ਪਿੰਡਾਂ ਨੂੰ ਛੱਡ ਹੁਣ ਮੁਰਗੇ ਕਿਧਰੇ ਵੀ ਬਾਂਗ ਨਹੀਂ ਦਿੰਦੇ ਸੁਣੀਂਦੇ। ਗੱਡੀ ਵਿੱਚਲੀ 'ਕੁਕੁੜੂੰ-ਘੜੂੰ' ਸੁਣ ਕੇ ਬੰਦਾ ਜਾਗਣ ਲਈ ਨਹੀਂ ਸੋਚਦਾ, ਆਂਡੇ-ਬਰੈੱਡ ਬਗੈਰਾ ਖਰੀਦਣ ਬਾਰੇ ਸੋਚਣ ਲਗਦਾ ਹੈ। ਹੁਣ ਸਵੇਰੇ ਸਵੇਰ ਜਾਗਣਾ ਕੋਈ ਬਹੁਤਾ ਜ਼ਰੂਰੀ ਵੀ ਤਾ ਨਹੀਂ ਸਮਝਦਾ। ਸੈਰ ਕਰਨ ਲਈ ਜਾਂਦੇ ਪਿਆਰਾ ਸਿੰਘ ਸੈਣੀ ਮੇਰੇ ਵੱਲ ਦੇਖ ਕੇ ਮੁਸਕਰਾਏ। ਮੈਂ ਵੀ ਉੱਠ ਕੇ ਓਹਦੇ ਨਾਲ਼ ਹੀ ਤੁਰ ਪਿਆ। ਏਅਰਪੋਰਟ ਰੋਡ ਤੋਂ ਹੁੰਦੇ ਹੋਏ ਅਸੀਂ ਨਿਊ ਚੰਡੀਗੜ੍ਹ ਵੱਲ ਨਿਕਲ਼ ਤੁਰਦੇ ਹਾਂ। ਸੈਣੀ ਸਾਬ੍ਹ ਨੇ ਜਲਵਾਯੂ ਟਾਵਰ ਵੱਲ ਹਸਰਤ ਭਰੀਆਂ ਨਜ਼ਰਾਂ ਨਾਲ਼ ਵੇਖਦਿਆਂ ਕਿਹਾ, 'ਇਹ ਸਾਡੀ ਜ਼ਮੀਨ 'ਚ ਬਣਿਆ।' ਉਸ ਹੌਕਾ ਲਿਆ। 'ਉਂ ਜ਼ਮੀਨ ਤਾਂ ਬਥੇਰੀ ਬਣਗੀ ਬੇਟ 'ਚ, ਪਰ ਮੋਹ ਜਿਹਾ ਨੀਂ ਛੁੱਟਦਾ।'

ਅਸੀਂ ਤੁਰਦੇ ਤੁਰਦੇ ਮਨਾਣਾ ਪਿੰਡ ਕੋਲ਼ ਸੁੱਕੀ ਨਦੀ ਪਟਿਆਲ਼ਾ ਕੀ ਰਾਓਂ ਤੱਕ ਆ ਪਹੁੰਚੇ ਹਾਂ। ਖੇਤਾਂ ਵੱਲ ਨਜ਼ਰ ਗਈ। ਕਣਕਾਂ ਵੱਢੀਆਂ ਜਾ ਚੁੱਕੀਆਂ ਹਨ। 'ਵੱਢਣਾ' ਸ਼ਬਦ ਜ਼ਿਹਨ 'ਚ ਆਉਂਦਿਆਂ ਹੀ ਮੇਰੀ ਸੁਤਾਅ ਫਿਰ ਬੈਸਰਨ ਵਾਦੀ ਵਿੱਚ ਭਟਕਣ ਲੱਗਦੀ ਹੈ। ਪਿਆਰਾ ਸਿੰਘ ਸੈਣੀ ਮੁੱਛਾਂ ਨੂੰ ਵੱਟ ਦਿੰਦਿਆਂ ਬੋਲਿਆ, 'ਭਰਾਵਾ ਹੁਣ ਤਾਂ ਆਵਾ ਈ ਊਤਿਆ ਪਿਆ। ਜਿੱਧਰ ਦੇਖੋ ਮਾਰ-ਧਾੜ ਦੀਆਂ ਗੱਲਾਂ। ਲੀਡਰ ਆਪਸ ਵਿੱਚ ਗੁੱਥਮ-ਗੁੱਥਾ ਹੋਈ ਜਾਂਦੇ ਨੇ। ਸਭ ਆਪਣੀਆਂ ਆਪਣੀਆਂ ਰੋਟੀਆਂ ਸੇਕ ਰਹੇ ਨੇ। ਸ਼ੀਤ ਯੁੱਧ ਚੱਲ ਰਹੇ ਨੇ। ਯੁੱਧ ਨਸ਼ਿਆਂ ਵਿਰੁੱਧ, ਸਿੱਖਿਆ ਕ੍ਰਾਂਤੀ ਯੁੱਧ। ਸਿੰਧੂ ਵਾਟਰ ਟਰੀਟੀ ਯੁੱਧ। ਆ ਦੇਖ ਲਾ ਕੱਲ੍ਹ ਸਾਰੇ ਈ ਕੱਠੇ ਹੋ ਕੇ ਭਾਖੜਾ ਡੈਮ ਦਾ ਪਾਣੀ ਹਥਿਆਉਣ ਤੁਰਪੇ। ਪਾਣੀਆਂ 'ਚ ਫਿਰ ਉਬਾਲ ਆਇਆ ਪਿਆ। ਇਹ ਤਾਂ ਧੱਕਾ ਮੇਰੇ ਆਰ। ਪੰਜਾਬ ਦੇ ਪਾਣੀ ਖੋਹੇ ਜਾ ਰਹੇ ਨੇ। ਮੇਰਾ ਬਾਬਲ ਕਰਦਾ ਧੱਕਾ। ਇਹ ਸ਼ੁਭ ਸ਼ਗਨ ਨਹੀਂ। ਸਾਡੇ ਨਾਲ਼ ਤਾਂ ਹੋਈ-ਬੀਤੀ ਆ ਮੇਰੇ ਆਰ। ਉਦੋਂ ਐਸ.ਵਾਈ.ਐਲ. ਦੇ ਵਾਕੇ ਬਾਅਦ ਅਸੀਂ ਬਥੇਰਾ ਸੰਤਾਪ ਭੋਗਿਆ। ਉਦੋਂ ਵੀ ਪਾਣੀਆਂ ਨੂੰ ਅੱਗ ਲੱਗੀ ਸੀ। ਮੇਰਾ ਛੋਟਾ ਭਾਈ ਪੁਲਿਸ ਨੇ ਖਪਾ 'ਤਾ ਸੀ ਉਦੋਂ।' ਗੱਲਾਂ ਕਰਦਾ ਕਰਦਾ ਪਿਆਰਾ ਸਿੰਘ ਸੈਣੀ ਚੁੱਪ ਹੋ ਗਿਆ। ਓਹਦੇ ਜ਼ਿਹਨ ਵਿੱਚ ਛੋਟੀ ਭਰਜਾਈ ਦੀਆਂ ਜ਼ਬਰੀ ਤੋੜੀਆਂ ਵੰਗਾਂ ਦੇ ਟੁਕੜੇ ਰੜਕੇ ਹਨ ਸ਼ਾਇਦ। ਸੋਚਦਾ ਹਾਂ ਇਨ੍ਹਾਂ ਰਾਜਨੀਤੀਵਾਨਾਂ ਨੂੰ ਕੌਣ ਸਮਝਾਵੇ? ਦੋਵਾਂ ਦੇਸ਼ਾਂ ਦੇ ਆਮ ਲੋਕ ਤਰਾਹ ਤਰਾਹ ਕਰ ਰਹੇ ਹਨ। ਜ਼ਿਹਨ ਵਿੱਚ ਲੈਫਟੀਨੈਂਟ ਪਤੀ ਦੀ ਲਾਸ਼ ਕੋਲ਼ ਪੱਲੇ ਵਿੱਚ ਵੰਗਾਂ ਦੇ ਟੋਟੇ ਸਾਂਭੀ ਬੈਠੀ ਹਿਮਾਂਸ਼ੀ ਦੀ ਤਸਵੀਰ ਮੁੜ ਉੱਭਰੀ ਹੈ। ਮੇਰੇ ਜ਼ਿਹਨ 'ਚ ਮੇਰੇ ਗੀਤ ਦਾ ਮੁੱਖੜਾ ਤੈਰਨ ਲਗਦਾ ਹੈ, 'ਵੇ ਮੈਂ ਪਿਆਰ ਪਿਆਰ ਕੂਕਾਂ/ ਤੇ ਤੂੰ ਜੰਗ ਜੰਗ ਜੰਗ/ ਚੰਨਾ ਬਾਂਹ ਨਾ ਮਰੋੜੀ/ ਚੰਨਾ ਬਾਂਹ ਨਾ ਮਰੋੜੀ ਮੇਰੀ ਟੁੱਟ ਜਾਣੀ ਵੰਗ।'

*ਸੰਪਰਕ : 98144 30874*

# ਮੇਰਾ ਰਾਹ-ਦਸੇਰਾ ਕਾਰਲ ਮਾਰਕਸ

ਸ਼ਿਆਮ ਸੁੰਦਰ ਦੀਪਤੀ

5 ਮਈ ਨੂੰ ਦੁਨੀਆ ਦੇ ਮਹਾਨ ਚਿੰਤਕ ਕਾਰਲ ਮਾਰਕਸ ਦਾ ਦੋ ਸੌ ਸਾਲਾ ਜਨਮ ਦਿਨ ਆਇਆ। ਦੁਨੀਆ ਵਿਚ ਕਿੰਨੇ ਕੁ ਦੇਸ਼ਾਂ ਅਤੇ ਉਥੋਂ ਦੇ ਲੋਕਾਂ ਨੇ ਉਸ ਦਿਨ ਨੂੰ ਕਿੰਨੀ ਕੁ ਸ਼ਿੱਦਤ ਨਾਲ ਯਾਦ ਕੀਤਾ ਹੈ, ਜਿਵੇਂ ਉਸ ਨੂੰ ਕਾਰਨਾ ਚਾਹੀਦਾ ਹੈ। ਦੁਨੀਆ ਦੀ ਸਭ ਤੋਂ ਵੱਧ ਅਬਾਦੀ ਲਈ ਫਿਕਰਮੰਦ, ਸਭ ਤੋਂ ਵੱਧ ਪ੍ਰਭਾਵ ਪਾਉਣ ਵਾਲੀ ਤੇ ਹੁਣ ਤੱਕ ਦੀ ਸਭ ਤੋਂ ਵੱਡੀ ਸ਼ਖਸੀਅਤ ਹੈ ਕਾਰਲ ਮਾਰਕਸ।

ਸਾਡੇ ਮੁਲਕੇ ਦੇ ਸੰਦਰਭ ਵਿਚ, ਜਿਥੇ ਪੂਰਬੀ-ਪੱਛਮੀ ਦੇ ਬਹੁਤ ਵੱਡੇ ਵਖਰੇਵੇਂ ਦੇਖੇ ਤੇ ਉਭਾਰੇ ਜਾਂਦੇ ਹਨ, ਅਜਿਹੀਆਂ ਸ਼ਖਸੀਅਤਾਂ ਨੂੰ ਵਿਦੇਸ਼ੀ ਕਹਿ ਕੇ ਨਕਾਰਨ ਦੀ ਪਰੰਪਰਾ ਬਣ ਗਈ ਹੈ। ਇਹ ਗੱਲ ਠੀਕ ਹੈ, ਦੁਨੀਆ ਦੇ ਹਰ ਖਿੱਤੇ ਦੀ ਤਰ੍ਹਾਂ ਸਾਡੇ ਕੋਲ ਅਨੇਕਾਂ ਦਾਰਸ਼ਨਿਕਾਂ ਅਤੇ ਗ੍ਰੰਥਾਂ ਦਾ ਬਹੁਤ ਵੱਡਾ ਖਜ਼ਾਨਾ ਪਿਆ ਹੈ, ਪਰ ਚਿੰਤਕਾਂ ਅਤੇ ਦਰਸ਼ਨ ਦਾ ਤੁਲਨਾਤਮਕ ਅਧਿਐਨ ਤਾਂ ਕੀਤਾ ਜਾ ਸਕਦਾ ਹੈ, ਪਰ ਉਨ੍ਹਾਂ ਨੂੰ ਸਿਰੇ ਤੋਂ ਖਾਰਜ ਕਰਨਾ ਕੋਈ ਵਧੀਆ ਰੀਤ ਨਹੀਂ, ਹਰ ਚਿੰਤਕ ਦਾ ਆਪਣਾ ਯੋਗਦਾਨ ਹੁੰਦਾ ਹੈ।

ਜਿਥੋਂ ਤੱਕ ਮਾਰਕਸ ਦੀ ਚਿੰਤਨ ਪਰੰਪਰਾ ਦਾ ਸਵਾਲ ਹੈ, ਜਰਮਨ ਦਾ ਹੋ ਕੇ ਉਸ ਦੇ ਸਿਧਾਂਤ ਨੂੰ ਸਭ ਤੋਂ ਪਹਿਲਾਂ ਰੂਸ ਵਿਚ ਅਜ਼ਮਾਇਆ ਗਿਆ ਤੇ ਉਨ੍ਹਾਂ ਇਸ ਵਿਚਾਰਧਾਰਾ ਦੇ ਚੰਗੇ ਸਿੱਟੇ ਵੀ ਕੱਢ ਕੇ ਦਿਖਾਏ। ਇਸੇ ਪਰੰਪਰਾ ਨੂੰ ਮਾਓ ਜੇ ਤੁੰਗ ਨੇ ਚੀਨ ਵਿਚ ਅਪਣਾਇਆ ਤੇ ਉਸ ਦੇ ਨਤੀਜੇ ਅੱਜ ਵੀ ਲੋਕਾਂ ਲਈ ਸਮਝਣ ਅਤੇ ਵਿਸ਼ਲੇਸ਼ਣ ਦਾ ਵਿਸ਼ਾ ਹਨ। ਕਿਊਬਾ, ਕੋਰੀਆ, ਵੀਅਤਨਾਮ ਆਦਿ ਦੇਸ਼ਾਂ ਨੇ ਪੂਰੇ ਤੌਰ 'ਤੇ ਅਤੇ ਬਾਕੀ ਸਾਰੀ ਦੁਨੀਆ ਵਿਚ ਮਾਰਕਸ ਦੇ ਚਿੰਤਨ ਨੇ ਲੋਕਾਂ ਦੀ ਜ਼ਿੰਦਗੀ ਨੂੰ ਸੁਖਾਲਾ ਅਤੇ ਜਿਉਣ ਜੋਗਾ ਬਣਾਇਆ ਹੈ। ਸਰਮਾਏਦਾਰੀ ਦੇ ਮੋਢੀ ਦੇਸ਼ਾਂ, ਜਿਵੇਂ ਅਮਰੀਕਾ, ਕੈਨੇਡਾ ਅਤੇ ਯੂਰਪ ਨੂੰ ਵੀ ਇਸ ਵਿਚਾਰਧਾਰਾ ਨੇ ਕਈ ਨਵੇਂ ਰਾਹ ਦੱਸੇ ਹਨ।

ਮਾਰਕਸ ਦੀ ਚਿੰਤਨ ਸ਼ੈਲੀ ਅਤੇ ਉਸ ਦੇ ਕੰਮ ਦੀ ਵਿਆਖਿਆ ਕਰਦਿਆਂ ਉਸ ਨੂੰ ਅਰਥ ਸ਼ਾਸਤਰੀ, ਰਾਜਨੀਤਕ ਗਿਆਤਾ, ਸਮਾਜ ਵਿਗਿਆਨ ਦਾ ਜਾਣੂ, ਇਤਿਹਾਸਕਾਰ, ਪੱਤਰਕਾਰ ਅਤੇ ਇਨਕਲਾਬੀ ਕਾਰਕੁਨ ਵਜੋਂ ਜਾਣਿਆ ਅਤੇ ਸਮਝਿਆ ਜਾਂਦਾ ਹੈ। ਅਸਲ ਵਿਚ ਉਸ ਨੇ ਆਪਣੀ ਸਮਝ ਨੂੰ ਏਨਾ ਵਿਸ਼ਾਲ ਅਤੇ ਡੂੰਘਾਈ ਵਿਚ ਪੇਸ਼ ਕੀਤਾ ਹੈ, ਜਦੋਂ ਕਿ ਦੁਨੀਆ ਦੇ ਬਾਕੀ ਜ਼ਿਆਦਾਤਰ ਚਿੰਤਕਾਂ ਨੇ ਕਿਸੇ ਇਕ ਪਹਿਲੂ 'ਤੇ ਵਿਚਾਰਿਆ ਹੈ ਤੇ ਬਾਕੀ ਪਹਿਲੂਆਂ ਤੋਂ ਅਣਜਾਣ ਰਹੇ ਜਾਂ ਅਣਡਿੱਠ ਕਰਦੇ ਰਹੇ। ਉਦਾਹਰਨ ਵਜੋਂ ਫਰਾਈਡ ਦੁਨੀਆ ਦੀਆਂ ਸਾਰੀਆਂ ਸਮੱਸਿਆਵਾਂ ਲਈ ਵਿਅਕਤੀ ਦੇ ਮਨ ਅਤੇ ਚੇਤਨਾ ਨੂੰ ਹੀ ਆਧਾਰ ਬਣਾਉਂਦਾ ਰਿਹਾ। ਇਸੇ ਤਰ੍ਹਾਂ ਕੋਈ ਰਾਜਨੀਤੀ ਵਿਚ, ਕੋਈ ਸਮਾਜ ਦੀ ਬਣਤਰ ਵਿਚ ਤੇ ਕੋਈ ਅਰਥਚਾਰੇ ਵਿਚੋਂ ਮਨੁੱਖ ਦੀਆਂ ਸਮੱਸਿਆਵਾਂ ਦਾ ਹੱਲ ਲੱਭਦਾ ਰਿਹਾ ਹੈ। ਅਧਿਆਤਮ ਅਤੇ ਧਰਮ ਨੇ ਵੀ ਰੂਹ ਅਤੇ ਸਰੀਰ ਦੀ ਵਿਆਖਿਆ ਕਰਕੇ ਮਨੁੱਖ ਦੀਆਂ ਉਲਝਣਾਂ ਦੇ ਹੱਲ ਪੇਸ਼ ਕੀਤੇ ਹਨ।

ਭਾਵੇਂ ਕਿ ਸਾਰੇ ਹੀ ਪਹਿਲੂ ਮਹੱਤਵਪੂਰਨ ਹਨ, ਪਰ ਕਿਸੇ ਇਕ ਨੂੰ ਮੋਹਰੀ ਬਣਾ ਕੇ ਪੇਸ਼ ਕਰਨਾ ਜਾਂ 'ਇਕੋ-ਇਕ' ਹੱਲ ਵਜੋਂ ਪੇਸ਼ ਕਰਨਾ ਕਦੇ ਵੀ ਦੁਰਸਤ ਪਹੁੰਚ ਨਹੀਂ ਰਹੇ। ਮਾਰਕਸ ਆਪਣੇ ਸਮੇਂ ਵਿਚ ਪਹਿਲਾ ਅਜਿਹਾ ਚਿੰਤਕ ਸੀ, ਜਿਸ ਨੇ ਮਨੁੱਖ ਨੂੰ ਕੇਂਦਰ ਵਿਚ ਰੱਖ ਕੇ ਉਸ ਨੂੰ ਸਮਝਿਆ, ਪਰ ਮਾਰਕਸ ਦੀ ਜਦੋਂ ਵੀ ਗੱਲ ਹੁੰਦੀ ਹੈ ਤਾਂ ਉਸ ਨੂੰ ਅਰਥ ਸ਼ਾਸਤਰੀ ਦੇ ਤੌਰ 'ਤੇ ਉਭਾਰਿਆ ਜਾਂਦਾ ਹੈ। ਉਸ ਦੇ ਦਰਸ਼ਨ ਨੂੰ ਮਜ਼ਦੂਰਾਂ ਦਾ ਦਰਸ਼ਨ, ਉਨ੍ਹਾਂ ਦੀਆਂ ਜ਼ਿੰਦਗੀਆਂ ਵਿਚ ਕੰਮ ਦੇ ਹਾਲਾਤ, ਦਿਹਾੜੀ, ਕੰਮ ਦੇ ਘੰਟੇ ਆਦਿ ਤੱਕ ਸੀਮਤ ਕਰਕੇ ਸਮਝਿਆ, ਸਮਝਾਇਆ ਜਾਂਦਾ ਹੈ। ਇਸ ਤੋਂ ਅੱਗੇ ਉਸ ਦੀ ਇਸੇ ਵਿਚਾਰਧਾਰਾ ਤਹਿਤ ਕੀਤੀ ਵੰਡ ਨੂੰ ਜਗੀਰੂ ਸਮਾਜ, ਪੂੰਜੀਵਾਦੀ, ਸਾਮਰਾਜਵਾਦੀ ਅਵਸਥਾਵਾਂ ਤਹਿਤ ਯਾਦ ਕੀਤਾ ਜਾਂਦਾ ਹੈ। ਦਰਅਸਲ ਇਸ ਸਾਰੀ ਸਮਝ ਪਿੱਛੇ ਪਈ ਉਸ ਦੀ ਪੈਦਾਵਾਰੀ ਸਾਧਨਾਂ 'ਤੇ ਕਬਜ਼ਾ ਅਤੇ ਪੈਦਾਵਾਰ ਕਰਨ ਵਿਚ ਲੱਗੇ ਕਾਮਿਆਂ ਦੇ ਆਪਸੀ ਸੰਬੰਧਾਂ ਨੂੰ ਸਮਝਣ ਅਤੇ ਉਨ੍ਹਾਂ ਸੰਬੰਧਾਂ ਤੋਂ ਪੈਦਾ ਹੋਏ ਮਨੁੱਖੀ ਵਿਹਾਰ ਨੂੰ ਸਮਝਣ, ਪ੍ਰਚਾਰਨ ਅਤੇ ਉਭਾਰਨ ਦੇ ਯਤਨ ਬਹੁਤ ਹੀ ਘੱਟ ਹੋਏ ਹਨ। ਮਨੁੱਖੀ ਵਿਹਾਰ ਪ੍ਰਤੀ ਇਸ ਤਰ੍ਹਾਂ ਦੀ ਸਮਝ ਮਾਰਕਸ ਨੂੰ ਮਨੋਵਿਗਿਆਨ ਨਾਲ ਜੋੜਦੀ ਹੈ, ਜੋ ਕਿ ਨਾਂਹ ਦੇ ਬਰਾਬਰ ਹੀ ਉਭਾਰੀ ਗਈ ਹੈ।

ਇਸ ਤਰ੍ਹਾਂ ਦੇ ਸਮਾਜਿਕ ਸੰਬੰਧਾਂ ਦਾ ਵਾਸਤਾ ਗਰੀਬੀ ਅਤੇ ਲੋਕਾਂ ਦੀ ਨਰਕ ਭੋਗਦੀ ਜ਼ਿੰਦਗੀ ਨਾਲ ਹੈ। ਮਾਰਕਸ ਕਹਿੰਦਾ ਹੈ, 'ਗੁਰਬਤ ਸੰਸਾਰ ਵਿਚ ਸਭ ਤੋਂ ਵੱਡਾ ਪਾਪ ਹੈ। ਇਹ ਗੁਲਾਮੀ ਅਤੇ ਰੋਗਾਂ ਨੂੰ ਪੈਦਾ ਕਰਦੀ ਹੈ।' ਉਸ ਦੇ ਮਨ ਵਿਚ ਸ਼ੁਰੂ ਤੋਂ ਹੀ ਇਹ ਸਵਾਲ ਰਿਹਾ ਹੈ ਕਿ ਲੋਕ ਐਨੇ ਲਾਚਾਰ ਅਤੇ ਹੀਣੇ ਕਿਉਂ ਹਨ। ਇਸ ਤੜਪ ਨੇ ਹੀ ਮਾਰਕਸ ਨੂੰ ਮਨੁੱਖ ਦੀ ਹੀਣਤਾ ਅਤੇ ਕੰਗਾਲੀ ਲਈ ਸਾਰੀ ਉਮਰ ਕੰਮ ਕਰਨ ਲਈ ਪ੍ਰੇਰਿਤ ਕੀਤਾ।

ਮਾਰਕਸ ਦਾ ਅਰਥ ਸ਼ਾਸਤਰੀ ਵੱਲ ਪੱਖ ਉਭਾਰਦੇ-ਉਭਾਰਦੇ ਉਸ ਨੂੰ ਮਨੋਵਿਗਿਆਨਕ ਪੱਖ ਨੂੰ ਅਣਗੌਲਿਆ ਕਰਨ ਦਾ ਦੋਸ਼ੀ ਤੱਕ ਕਰਾਰ ਦਿੱਤਾ ਗਿਆ ਹੈ, ਭਾਵ ਕਾਰਲ ਮਾਰਕਸ ਨੇ ਸਿਰਫ ਦਿਹਾੜੀ, ਤਨਖਾਹ ਦੇਖੀ, ਮਨ ਦੀ ਭੂਮਿਕਾ ਨੂੰ ਨਹੀਂ ਸਮਝਿਆ। ਕਹਿਣ ਤੋਂ ਭਾਵ ਆਰਥਿਕਤਾ ਹੀ ਸਭ ਕੁਝ ਨਹੀਂ ਹੁੰਦੀ, ਮਨ ਦੀਆਂ ਗੰਢਾਂ ਵਿਚ ਬਹੁਤ ਕੁਝ ਲੁਕਿਆ ਹੁੰਦਾ ਹੈ। ਮਨੋਵਿਗਿਆਨ ਦੇ ਖੇਤਰ ਦਾ ਜੋ ਕੰਮ ਮਾਰਕਸ ਨੇ ਕੀਤਾ, ਦਰਅਸਲ ਉਸ ਨੂੰ ਆਧੁਨਿਕ ਮਨੋਵਿਗਿਆਨ ਆਪਣੇ ਵਿਸ਼ੇ ਵਿਚ ਵਿਚਾਰਨ ਲਈ ਥਾਂ ਹੀ ਨਹੀਂ ਦੇਂਦਾ। ਮਾਰਕਸ ਨੇ ਇਸ ਪੱਖ ਨੂੰ ਸਮਝਾਇਆ ਕਿ ਸਮਾਜ ਦੇ ਰਿਸ਼ਤੇ ਮਨ ਦੀਆਂ ਗੰਢਾਂ ਕਿਵੇਂ ਪੈਦਾ ਕਰਦੇ ਹਨ।

ਮਨੁੱਖ ਦਾ 'ਅਜਨਬੀਪੁਣੇ' ਦਾ ਸਿਧਾਂਤ, ਐਲੀਨੇਸ਼ਨ ਥਿਊਰੀ, ਭਾਵ ਆਪਣੇ ਆਪ ਤੋਂ ਟੁੱਟ ਜਾਣਾ, ਕੀ ਮਨੋਵਿਗਿਆਨ ਦੀ ਸਮਝ ਨੂੰ ਇਕ ਵੱਖਰੀ ਦੇਣ ਨਹੀਂ ਹੈ। ਦਰਅਸਲ ਮਾਰਕਸ ਮਨ ਦੀ ਬਣਤਰ ਅਤੇ ਵਿਗਾੜ ਨੂੰ ਸਮਾਜ ਨਾਲ ਜੋੜ ਕੇ ਪੇਸ਼ ਕਰ ਰਿਹਾ ਹੈ, ਜਦੋਂ ਕਿ ਆਧੁਨਿਕ ਮਨੋਵਿਗਿਆਨ ਨਿੱਜ ਦੇ ਅਧਿਐਨ ਨੂੰ ਹੀ ਆਪਣਾ ਵਿਸ਼ਾ ਮੰਨਦਾ ਹੈ। ਉਨ੍ਹਾਂ ਦਾ ਵਿਸ਼ਾ ਹੈ, 'ਆਪਣੇ-ਆਪ ਨੂੰ ਜਾਣੋ', 'ਸਵੈ ਦੀ ਸਮਝ', ਉਥੋਂ ਜੋ ਉਹ ਟੱਪਲਾ ਖਾਂਦੇ ਹਨ ਕਿ ਉਹ ਇਸ ਸਮਝ ਨੂੰ ਤਰਜੀਹ ਨਹੀਂ ਦਿੰਦੇ ਕਿ ਮਨ ਦੀ ਹੋਂਦ ਅਤੇ ਵਿਕਾਸ ਦਾ ਸੋਮਾ ਸਮਾਜ ਹੈ। ਮਾਰਕਸ ਵਿਆਖਿਆ ਕਰਦਾ ਹੈ ਕਿ ਸਮਾਜ ਵਿਚ ਬਣਨ ਵਾਲੇ ਰਿਸ਼ਤੇ, ਉਸ ਵਿਅਕਤੀ ਦੇ ਮਨ ਵਿਚ ਉਠਣ ਵਾਲੇ ਚਾਅ ਅਤੇ ਵਲਵਲੇ ਆਪਸੀ ਸੰਬੰਧਾਂ 'ਤੇ ਨਿਰਭਰ ਕਰਦੇ ਹਨ ਤੇ ਆਪਸੀ ਸੰਬੰਧਾਂ ਦੀ ਬਣਤਰ ਪੈਦਾਵਾਰੀ ਸਾਧਨਾਂ 'ਤੇ ਨਿਰਭਰ ਕਰਦੀ ਹੈ। ਇਸ ਤਰ੍ਹਾਂ ਮਾਰਕਸ ਮਨੁੱਖੀ ਵਿਹਾਰ ਨੂੰ ਟੁਕੜਿਆਂ ਵਿਚ ਨਹੀਂ, ਸਗੋਂ ਸਮੁੱਚਤਾ ਵਿਚ ਸਮਝਦਾ ਅਤੇ ਉਭਾਰਦਾ ਹੈ। ਮਾਰਕਸ ਨੂੰ ਥੋੜ੍ਹਾ ਬਹੁਤ ਸਮਝਣ ਦੇ ਯਤਨ ਵੀ ਮਾਰਕਸ ਦੇ ਚਿੰਤਨ ਨੂੰ ਆਪਣੇ ਹਿੱਸੇ ਮੁਤਾਬਕ ਅਰਥ ਸ਼ਾਸਤਰੀਆਂ, ਸਮਾਜ ਵਿਗਿਆਨੀਆਂ ਅਤੇ ਇਤਿਹਾਸਕਾਰਾਂ ਨੇ ਵੰਡ ਲਿਆ ਹੈ, ਜਦੋਂ ਕਿ ਮਾਰਕਸ ਦਾ ਗਿਆਨ ਮਨੁੱਖ ਦਾ ਗਿਆਨ ਹੈ।

ਮਾਰਕਸ ਮਨੁੱਖ ਵਿਚ ਮਨੁੱਖਤਾ ਦੀ ਗੱਲ ਕਰਦਾ ਹੈ। ਜਦੋਂ ਮਾਰਕਸ ਮਨੁੱਖ ਵਿਚ ਪਈ ਕਾਬਲੀਅਤ, ਉਸ ਦੀ ਸਿਰਜਣ ਸ਼ਕਤੀ ਨੂੰ ਸਮਝਣ ਦੀ ਗੱਲ ਕਰਦਾ ਹੈ ਤਾਂ ਉਹ ਮਨ ਦੇ ਵਿਕਾਸ ਦੀ ਗੱਲ ਕਰ ਰਿਹਾ ਹੁੰਦਾ ਹੈ। ਜਦੋਂ ਮਾਰਕਸ ਮਨੁੱਖ ਵਿਚ ਪਏ ਸਿਰਜਕ ਦੀ ਚਾਹਨਾ ਕਰਦਾ ਹੈ, ਜਦੋਂ ਮਨੁੱਖ ਦੀ ਕਿਰਤ ਨੂੰ ਪੂਰੀ ਜ਼ਿੰਦਗੀ ਅਤੇ ਕੁਦਰਤ ਦੇ ਅਮਲ ਨਾਲ ਜੋੜਦਾ ਅਤੇ ਇਕ ਸਿਰਜਕ ਹੁੰਦਾ ਦੇਖਦਾ ਹੈ ਤਾਂ ਉਸ ਤਾਕਤ ਨੂੰ ਹੋਰ ਅੱਗੇ, ਹੋਰ ਉਸਾਰੂ ਕੰਮਾਂ ਵਿਚ ਲਾਉਣ ਲਈ ਆਪਣਾ ਖਿਆਲ ਪੇਸ਼ ਕਰਦਾ ਹੈ।

ਮਾਰਕਸ ਜਦੋਂ ਧਰਮ ਬਾਰੇ ਵੀ ਟਿੱਪਣੀ ਕਰਦਾ ਹੈ, ਜੋ ਕਿ ਬਹੁਗਿਣਤੀ ਰਾਜਨੀਤਕ ਅਤੇ ਧਾਰਮਿਕ ਲੋਕਾਂ ਨੂੰ ਵਿਰੋਧ ਕਰਨ ਦਾ ਮੌਕਾ ਦਿੰਦੀ ਹੈ, ਉਹ ਵੀ ਮਾਰਕਸ ਦੇ ਚਿੰਤਨ ਦੀ ਅਧੂਰੀ ਸਮਝ ਦਾ ਨਤੀਜਾ ਹੈ। ਇਸ ਸੰਦਰਭ ਵਿਚ ਜੋ ਉਹ ਵਿਆਖਿਆ ਕਰਦਾ ਹੈ ਜਾਂ ਸਮਝਾਉਣਾ ਚਾਹੁੰਦਾ ਹੈ ਕਿ ਮਨੁੱਖ ਵਿਚ ਅਥਾਹ ਸ਼ਕਤੀ ਹੈ, ਉਹ ਬਹੁਤ ਕੁਝ ਕਰ ਸਕਣ ਦੇ ਯੋਗ ਹੈ ਤੇ ਧਰਮ ਉਸ ਦੇ ਉਲਟ ਮਨੁੱਖ ਦੀ ਇਸ ਲਾਜਵਾਬ ਕਾਬਲੀਅਤ, ਖੋਜੀ ਬਣਨ ਦੇ ਗੁਣ ਨੂੰ ਨਕਾਰਾ ਕਰਦਾ ਹੈ। ਮਨੁੱਖ ਕੋਲ ਸਮੱਸਿਆ ਨੂੰ ਸਮਝਣ ਅਤੇ ਸੁਲਝਾਉਣ ਲਈ ਬਹੁਤ ਹੀ ਕਾਰਗਰ ਦਿਮਾਗ ਹੈ, ਧਰਮ ਉਸੇ ਸਮੱਸਿਆ ਨੂੰ ਸੁਲਝਾਉਣ ਦੀ ਥਾਂ ਸਮਰਪਣ ਨੂੰ ਤਰਜੀਹ ਦੇਂਦਾ ਹੈ ਤੇ ਕਿਸੇ ਰੱਬੀ, ਗੈਬੀ ਸ਼ਕਤੀ ਦੇ ਹਵਾਲੇ ਕਰ ਦੇਣ ਨੂੰ ਪ੍ਰੇਰਦਾ ਹੈ। ਮਨੁੱਖ ਦੀ ਕਿਰਤ ਸ਼ਕਤੀ ਵਿਚ, ਜੋ ਸਿਰਜਕ ਬਣਨ ਦੀ ਸਮਰਥਾ ਹੈ, ਧਰਮ ਉਸ ਨੂੰ ਕਿਸਮਤ 'ਤੇ ਪਾਉਣ ਦਾ ਰਾਹ ਦਿਖਾਉਂਦਾ ਹੈ।

ਮਨੁੱਖ ਦੀ ਸਿਰਜਣਾ ਦਾ ਕਮਾਲ ਦੇਖੋ ਕਿ ਉਸ ਨੇ ਰੱਬ ਦੀ ਜੋ ਸੋਲਾਂ ਕਲਾ ਸੰਪੂਰਨ ਜਾਂ ਦਸ-ਬਾਰਾਂ ਭੁਜਾਵੀ ਤਸਵੀਰ ਬਣਾਈ, ਉਸ ਦੇ ਮਨ ਦਾ ਪ੍ਰਗਟਾਵਾ ਹੈ, ਜਿਸ ਪਾਸੇ ਉਹ ਤੁਰਨਾ ਚਾਹੁੰਦਾ ਹੈ ਤੇ ਇਹ ਸਭ ਹਾਸਲ ਕਰਨ ਦਾ ਚਾਹਵਾਨ ਹੈ। ਉਸ ਦੀ ਕਲਪਨਾ ਸ਼ਕਤੀ ਇਹ ਰਾਹ ਪੱਧਰਾ ਕਰਦੀ ਹੈ ਤੇ ਵਿਗਿਆਨਕ ਸੋਚ ਢੰਗ ਦੇ ਨਾਲ ਨਵੇਂ ਦਿਸਹੱਦੇ ਨਜ਼ਰ ਆਉਂਦੇ ਹਨ।

ਮਨੁੱਖ ਨੂੰ ਉਸ ਦੀ ਇਸ ਸ਼ਕਤੀ ਨਾਲ ਜਾਣੂ ਕਰਵਾਉਣਾ, ਮਨੁੱਖ ਦੀ ਸਵੈ-ਪਛਾਣ ਹੀ ਤਾਂ ਹੈ। ਮਾਰਕਸ ਕਹਿੰਦਾ ਹੈ, ਮੇਰਾ ਤਜਰਬਾ ਹੈ ਕਿ ਦੁਨੀਆ ਵਿਚ ਸਭ ਤੋਂ ਖੁਸ਼ ਲੋਕ ਉਹ ਪਾਏ ਗਏ ਹਨ, ਜੋ ਦੂਸਰਿਆਂ ਦੀ ਭਲਾਈ ਲਈ ਕੰਮ ਕਰਦੇ ਹਨ। ਉਹ ਨਿੱਜ ਨੂੰ, ਸਵੈ-ਪਛਾਣ ਨੂੰ ਸਮਾਜ ਦੇ ਲੇਖੇ ਲਾਉਣ ਲਈ ਕਹਿੰਦਾ ਹੈ। ਇਹੀ ਤੱਥ, ਇਹੀ ਸੱਚਾਈ ਉਸ ਨੂੰ ਉਨ੍ਹਾਂ ਲੋਕਾਂ ਦਾ ਦੁਸ਼ਮਣ ਬਣਾਉਂਦੀ ਹੈ, ਜੋ ਖੁਦ ਆਪਣੇ ਐਸ਼ੋ-ਆਰਾਮ ਲਈ ਜਾਂ ਵੱਧ ਤੋਂ ਵੱਧ ਪਰਵਾਰ ਤੱਕ ਸੀਮਤ ਰਹਿ ਕੇ ਕੁਦਰਤ ਦੀ ਦੌਲਤ 'ਤੇ ਕਾਬਜ਼ ਹੋਣਾ ਚਾਹੁੰਦੇ ਹਨ।

ਜਦੋਂ ਅਸੀਂ ਸਮਾਜ ਵਿਚ ਨੈਤਿਕ ਪਤਨ ਦੀ ਗੱਲ ਕਰਦੇ ਹਾਂ ਤਾਂ ਮਾਰਕਸ ਦੇ ਆਪਸੀ ਸਮਾਜਿਕ ਰਿਸ਼ਤਿਆਂ ਦੀ ਬਣਤਰ ਨੂੰ ਸਮਝਣ ਦੀ ਲੋੜ ਹੈ। ਸਮਾਜ ਵਿਚ ਨੈਤਿਕ ਕਦਰਾਂ-ਕੀਮਤਾਂ ਨੂੰ ਬਣਾਈ ਅਤੇ ਬਚਾਈ ਰੱਖਣ ਲਈ ਜੇਕਰ ਇਸ ਅੰਤਮ ਨਿਸ਼ਾਨੇ 'ਤੇ ਪਹੁੰਚਣਾ ਹੀ ਸਮਾਜ ਦਾ ਮਕਸਦ ਹੈ ਤਾਂ ਉਹ ਮਾਰਕਸ ਦੇ ਰਾਹ ਤੋਂ ਹੋ ਕੇ ਜਾਂਦਾ ਹੈ।

ਰਿਸ਼ਤਿਆਂ ਅਤੇ ਸਮਾਜਿਕ ਸੰਬੰਧਾਂ ਦਰਮਿਆਨ ਦੋਸਤੀ ਇਕ ਅਜਿਹਾ ਰਿਸ਼ਤਾ ਹੈ, ਜੋ ਤੁਹਾਨੂੰ ਇਕੋ ਧਰਾਤਲ 'ਤੇ ਗੱਲ ਕਰਨ ਦਾ ਮਾਹੌਲ ਦੇਂਦਾ ਹੈ, ਤੁਸੀਂ ਖੁੱਲ ਕੇ ਆਪਣੀ ਗੱਲ ਰੱਖਦੇ ਹੋ, ਬੇਝਿਝਕ, ਕਿਉਂ ਜੋ ਸੁਣਨ ਵਾਲਾ ਤੁਹਾਡੀ ਗੱਲ ਸੁਣਨ ਪ੍ਰਤੀ ਗੰਭੀਰ ਹੈ ਤੇ ਉਹ ਤੁਹਾਨੂੰ ਕੋਈ ਉਸਾਰੂ ਸੁਝਾਅ ਵੀ ਦੇਵੇਗਾ। ਇਹੀ ਕਾਰਨ ਹੈ ਮੈਂ ਮਾਰਕਸ ਨੂੰ ਦੋਸਤ ਕਹਿਣਾ।

ਮਾਰਕਸ ਦਾ ਕਿਸ ਥਾਂ 'ਤੇ ਜਨਮ ਲੈਣਾ, ਕਿਸ ਪਰਵਾਰ ਵਿਚ ਵੱਡਾ ਹੋਣਾ, ਕਿਸੇ ਤਰ੍ਹਾਂ ਮਾਇਨੇ ਨਹੀਂ ਰੱਖਦਾ। ਜੋ ਗੱਲ ਅਹਿਮ ਹੈ ਕਿ ਉਹ ਮਨੁੱਖ ਪ੍ਰਤੀ ਕਿਸ ਨਜ਼ਰੀਏ ਨਾਲ ਪੇਸ਼ ਆਉਂਦਾ ਹੈ। ਮਾਰਕਸ ਸਾਹਮਣੇ ਕਿਸੇ ਤਰ੍ਹਾਂ ਦਾ ਕੋਈ ਬਾਰਡਰ ਨਹੀਂ, ਕੋਈ ਵਰਗ ਨਹੀਂ, ਉਸ ਨੂੰ ਦੁਨੀਆ ਵਿਚ ਦੋ ਧਿਰਾਂ ਦਿਸਦੀਆਂ ਹਨ, ਸ਼ੋਸ਼ਣ ਕਰਨ ਵਾਲੇ ਅਤੇ ਸ਼ੋਸ਼ਣ ਸਹਿਣ ਵਾਲੇ ਤੇ ਮਾਰਕਸ ਸ਼ੋਸ਼ਿਤ ਵਰਗ ਦੀ ਆਵਾਜ਼ ਬਣਦਾ ਹੈ, ਉਸ ਦਾ ਰਾਹ-ਦਸੇਰਾ ਬਣਦਾ ਹੈ।

ਮਾਰਕਸ ਹੌਸਲਾ ਦਿੰਦਾ ਹੈ, ਉਹ ਮਨੁੱਖ ਅੰਦਰ ਸੁੱਤੀ ਪਈ ਜਾਂ ਦਬਾਅ ਦਿੱਤੀ ਗਈ ਚੇਤਨਾ ਨੂੰ ਜਗਾਉਂਦਾ ਹੈ। ਉਹ ਲੋਕਾਂ ਨੂੰ ਉਨ੍ਹਾਂ ਦੇ ਅਸਲੀ ਰੂਪ ਦੇ ਰੂਬਰੂ ਕਰਵਾਉਂਦਾ ਹੋਇਆ ਉਨ੍ਹਾਂ ਵਿਚ ਸਵੈਮਾਣ ਅਤੇ ਸਵੈ-ਭਰੋਸਾ ਭਰਦਾ ਹੈ।

ਮਾਰਕਸ ਦਾ ਵਿਗਿਆਨਕ ਢੰਗ ਅਪਣਾ ਕੇ ਸੋਚਣ ਦੀ ਦੋਸਤਾਨਾ ਸਲਾਹ ਪਿਛਲੱਗੂ ਬਣਨ ਤੋਂ ਰੋਕਦੀ ਹੈ। ਹਰ ਇਕ ਵਰਤਾਰੇ ਪ੍ਰਤੀ ਸਵਾਲ ਕਰਨਾ, ਹਰ ਵਿਚਾਰ 'ਤੇ ਕਿੰਤੂ-ਪ੍ਰੰਤੂ ਕਰਨਾ ਜਾਂ ਪ੍ਰਸ਼ਨ ਚਿੰਨ੍ਹ ਲਗਾਉਣਾ, ਵਿਚਾਰ-ਚਰਚਾ ਦੌਰਾਨ ਗੱਲ ਰੱਖਣਾ ਤੇ ਦੂਸਰੇ ਦੇ ਵਿਚਾਰਾਂ ਨੂੰ ਬਣਦੀ ਥਾਂ ਦੇਣਾ, ਕਿਸੇ ਤੀਸਰੇ ਨਵੇਂ ਵਿਚਾਰ ਨੂੰ ਅਪਣਾਉਣ ਲਈ ਖੁੱਲਾ ਦਿਮਾਗ ਰੱਖਣਾ, ਕੁਝ ਅਜਿਹੀਆਂ ਖਾਸੀਅਤਾਂ ਹਨ, ਜੋ ਮਾਰਕਸ ਨੂੰ ਆਪਣੀ ਸਮਝ ਦੇ ਖੇਤਰ ਵਿਚ ਮੋਹਰੀ ਚਿੰਤਕ ਬਣਾਉਂਦੀਆਂ ਹਨ। ਇਨ੍ਹਾਂ ਸਾਰੇ ਵਿਚਾਰਾਂ ਦੀ ਅੱਜ ਬਹੁਤ ਹੀ ਪ੍ਰਸੰਗਿਕਤਾ ਹੈ। ਇਹ ਸਮਝ, ਸਲਾਹ ਦੇਣ ਲਈ ਵੀ ਮੈਂ ਮਾਰਕਸ ਨੂੰ ਇਕ ਸੂਝਵਾਨ ਦੋਸਤ ਸਮਝਦਾ ਹਾਂ।

ਮਾਰਕਸ ਮਨੁੱਖ ਦੀ ਸਰਵਉੱਚਤਾ ਵਿਚ ਵਿਸ਼ਵਾਸ ਜਤਾਉਂਦਾ ਹੈ। ਮਾਰਕਸ ਬਹੁਤ ਸਪੱਸ਼ਟ ਹੈ ਕਿ ਜੇਕਰ ਨਜ਼ਰ ਆ ਰਹੀ ਸਮੱਸਿਆ ਦਾ ਪਤਾ ਹੈ ਤੇ ਉਸ ਦਾ ਹੱਲ ਵੀ ਸਾਡੇ ਕੋਲ ਮੌਜੂਦ ਹੈ, ਫਿਰ ਵੀ ਉਸ ਨੂੰ ਨਾ ਆਪਣਾ ਕੇ ਸਮੱਸਿਆ ਨੂੰ ਏਧਰ-ਉਧਰ, ਕਿਸਮਤ, ਰੱਬ ਜਾਂ ਅਜਿਹੀਆਂ ਰਹੱਸਮਈ ਗੱਲਾਂ ਵਿਚ ਉਲਝਾਉਣਾ ਸ਼ਰੇਆਮ ਧੋਖਾ ਅਤੇ ਧੱਕਾ ਹੈ, ਜਦੋਂਕਿ ਮਾਰਕਸ ਨੂੰ ਪੂਰਾ ਯਕੀਨ ਹੈ ਕਿ ਮਨੁੱਖ ਵਿਚ ਸਮੱਸਿਆ ਦਾ ਕਾਰਨ ਲੱਭਣ ਅਤੇ ਹੱਲ ਖੋਜਣ ਦੀ ਵੀ ਪੂਰੀ ਕਾਬਲੀਅਤ ਹੈ।

ਜਿਹੜਾ ਵਿਅਕਤੀ ਜ਼ਿੰਦਗੀ ਵਿਚ ਅੱਗੇ ਵਧਣ ਲਈ, ਜ਼ਿੰਦਗੀ ਵਿਚ ਫੈਸਲੇ ਲੈਣ ਦੇ ਨਵੇਂ ਵਿਚਾਰ ਦੇਵੇ ਅਤੇ ਹਿੰਮਤ ਨਾਲ ਉਸ 'ਤੇ ਤੁਰਨ ਦਾ ਸੰਕੇਤ ਵੀ ਮੁਹੱਈਆ ਕਰੇ, ਉਹ ਰਾਹ-ਦਸੇਰਾ ਹੀ ਹੋ ਸਕਦਾ ਹੈ, ਇਸ ਲਈ ਕਾਰਲ ਮਾਰਕਸ ਮੇਰਾ ਰਾਹ-ਦਸੇਰਾ ਹੈ।

*— ਸੰਪਰਕ : 98158-08506*

ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134

Printed and Published by Gurmit Singh Shugli for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: Chand Singh @ Chand Fatehpuri

ਸੰਪਾਦਕ : ਚੰਦ ਸਿੰਘ ਉਰਫ ਚੰਦ ਫਤਿਹਪੁਰੀ * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ ਗੁਰਮੀਤ ਸਿੰਘ ਸ਼ੁਗਲੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।


ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in


# ਲੋਕ ਜੀਵਨ ਦੇ ਪੈੜ ਚਿੰਨ੍ਹਾਂ 'ਚੋਂ ਸੱਚ ਦੀ ਤਲਾਸ਼ ਕਰਦਾ ਕਾਵਿਕ ਕੈਨਵਸ

**ਫੋਕਸ**

**ਚਰਚਾ ਇਕ ਪੁਸਤਕ ਦੀ**

**ਅਰਵਿੰਦਰ ਕੌਰ ਕਾਕੜਾ**



## ਕਵਿਤਾ ਦਾ ਦੇਸ਼

(ਕਾਵਿ ਸੰਗ੍ਰਹਿ)
**ਸੁਖਦੇਵ ਸਿਰਸਾ**
**ਪੰਨੇ :116, ਮੁੱਲ : 200 ਰੁਪਏ**
**ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ**

ਡਾ. ਸੁਖਦੇਵ ਸਿਰਸਾ ਕਿਸੇ ਜਾਣ-ਪਹਿਚਾਣ ਦਾ ਮੁਥਾਜ਼ ਨਹੀਂ। ਉਹ ਸਮੇਂ ਦੀ ਨਬਜ਼ ਪਛਾਨਣ ਵਾਲਾ ਉਹ ਚਿੰਤਕ ਹੈ, ਜੋ ਅਤੀਤ ਦੀਆਂ ਪੈੜਾਂ ਦਾ ਵਿਸ਼ਲੇਸ਼ਕ ਵੀ ਹੈ ਤੇ ਵਰਤਮਾਨੀ ਦੌਰ ਦੇ ਨਕਸ਼ਾਂ ਦੀ ਨਿਸ਼ਾਨਦੇਹੀ ਕਰਨ ਵਾਲਾ ਵਿਦਵਾਨ ਲੇਖਕ ਵੀ ਹੈ। ਉਸ ਕੋਲ ਸਾਹਿਤ ਦੀ ਹਰ ਵਿਧਾ ਬਾਰੇ ਮੁਲਾਂਕਣ ਕਰਨ ਦੀ ਮੁਹਾਰਤ ਹੈ। ਉਹ ਪਾਠ ਦਾ ਵਿਸ਼ਲੇਸ਼ਣ ਕਰਦਿਆਂ ਸਮਕਾਲ ਦੇ ਵਰਤਾਰੇ ਨੂੰ ਵੀ ਨਾਲੋ-ਨਾਲ ਰੱਖਦਾ ਹੈ। ਉਸ ਦੀ ਆਲੋਚਨਾ ਵਿਧੀ ਪੁਨਰ ਸੰਵਾਦ ਚਾਹੁੰਦੀ ਆਪਣਾ ਕਾਵਿ ਸ਼ਾਸਤਰ ਉਸਾਰਦੀ ਹੈ। ਉਹ ਮਾਰਕਸਵਾਦੀ ਦ੍ਰਿਸ਼ਟੀ ਨਾਲ ਸਾਹਿਤ ਤੇ ਸਮਾਜ ਬਾਰੇ ਗਹਿਰ-ਗੰਭੀਰ ਚਿੰਤਨ ਕਰਦਾ ਹੈ। ਅਜੋਕੇ ਕਾਵਿ ਦ੍ਰਿਸ਼ ਨੂੰ ਸੂਖਮਤਾ ਨਾਲ ਵਾਚਦਿਆਂ ਜਿੱਥੇ ਸੁਖਦੇਵ ਸਿਰਸਾ ਵਿਰਾਸਤ ਨੂੰ ਨਾਲ ਲੈ ਕੇ ਤੁਰਦਾ ਹੈ, ਉਥੇ ਸਮਕਾਲ ਦੇ ਹਰ ਵਰਤਾਰੇ ਨਾਲ ਸੰਵਾਦ ਰਚਾਉਂਦਾ ਅਮਾਨਵੀਂ ਵਰਤਾਰੇ ਸਾਹਵੇਂ ਪ੍ਰਤੀਰੋਧ ਦਾ ਪ੍ਰਵਚਨ ਵੀ ਉਭਾਰਦਾ ਹੈ। ਕਵਿਤਾ ਦੇ ਨਾਲ ਉਸ ਦੀ ਗਹਿਰੀ ਮੁਹੱਬਤ ਹੈ, ਇਸੇ ਲਈ ਕਾਵਿ ਪੁਸਤਕਾਂ ਵਿੱਚੋਂ ਦੀ ਲੰਘਣਾ ਤੇ ਕਵਿਤਾ ਨਾਲ ਬਾਤ ਪਾਉਣਾ ਉਸ ਦਾ ਸ਼ੌਕ ਵੀ ਹੈ। ਅਜਿਹੇ ਆਲੋਚਕ ਦੀ ਕਾਵਿ ਪੁਸਤਕ 'ਕਵਿਤਾ ਦਾ ਦੇਸ਼' ਜਦ ਪਾਠਕਾਂ ਦੇ ਸਨਮੁੱਖ ਹੋਵੇ ਤਾਂ ਇਸ ਕਾਵਿ ਵਿਚਲੀਆਂ ਬਹੁ-ਪਰਤੀ ਧੁਨੀਆਂ ਪਾਠਕ ਨੂੰ ਸੋਚਣ ਲਈ ਕਿਵੇਂ ਮਜਬੂਰ ਕਰਦੀਆਂ ਹਨ, ਇਹ ਵੇਖਣਾ ਜ਼ਰੂਰੀ ਹੋ ਜਾਂਦਾ ਹੈ।ਇਹ ਕਵਿਤਾ ਆਪਣੇ ਪੰਜਾਬੀ ਵਿਰਸੇ ਦੇ ਅਨੇਕਾਂ ਪ੍ਰਸੰਗਾਂ ਸੰਗ ਅਤੀਤ ਤੇ ਵਰਤਮਾਨ ਨੂੰ ਨਾਲ ਲੈ ਕੇ ਤੁਰਦੀ ਹੈ।ਇਸ ਕਾਵਿ ਦਾ ਸਿਰਲੇਖ ਆਪਣੇ-ਆਪੇ ਵਿੱਚ ਵਿਲੱਖਣ ਹੈ ਕਿ ਅਸਲ ਵਿੱਚ ਕਵਿਤਾ ਦੇ ਦੇਸ਼ ਦੀ ਤਲਾਸ਼ ਦਾ ਸੁਆਲ ਵਾਰ-ਵਾਰ ਉਭਰਦਾ ਹੈ, ਜੋ ਪਾਠਕ ਨੂੰ ਨਾਲ ਲੈ ਕੇ ਤੁਰਦਾ ਹੈ। ਕਵਿਤਾ ਦੇ ਅਰਥ ਦਾ ਪ੍ਰਤੀਪਾਦਨ ਕਰਦੀ ਇਹ ਸ਼ਾਇਰੀ ਕਵੀ ਤੇ ਕਵਿਤਾ ਵਿੱਚ ਅੰਤਰ ਸੰਬੰਧ ਸਥਾਪਤ ਕਰਦੀ ਹੈ।

'ਕਵਿਤਾ ਦਾ ਦੇਸ਼' ਵਿੱਚੋਂ ਗੁਜ਼ਰਦਿਆਂ ਇਸ ਤਰ੍ਹਾਂ ਮਹਿਸੂਸ ਹੁੰਦਾ ਹੈ, ਜਿਵੇਂ ਕਵੀ ਮਨੁੱਖ ਦੇ ਅੰਦਰਲੇ ਤੇ ਬਾਹਰਲੇ ਸੱਚ ਨੂੰ ਕਵਿਤਾ ਰਾਹੀ ਵਿਉਂਤਦਾ ਤੇ ਪ੍ਰਗਟਾਉਂਦਾ ਹੈ। ਕਵੀ ਤੇ ਕਵਿਤਾ ਇੱਕ-ਦੂਜੇ ਨੂੰ ਸੰਬੋਧਿਤ ਹੁੰਦੇ ਸਮਕਾਲ ਦੇ ਅਮਾਨਵੀਂ ਧੁੰਦਲਕੇ ਅੰਦਰ ਹੱਕ ਤੇ ਸੱਚ ਦੀ ਜਗਦੀ ਜੋਤ ਨੂੰ ਸਬੂਤਾ ਰੱਖਦੇ ਹਨ। ਅਜਿਹੇ ਚਾਨਣ ਦੀ ਆਸ ਕਦੇ ਕ੍ਰਾਂਤੀ ਦੀਆਂ ਪੈੜਾਂ ਢੂੰਡਦੀ ਇੱਕ ਸਮਤਲ ਸਮਾਜ ਦੀ ਕਲਪਨਾ ਕਰਦੀ ਹੈ ।ਇਸ ਕਵਿਤਾ ਦੀ ਰਮਜ਼ ਅੰਦਰਲਾ ਅਹਿਦਨਾਮਾ ਸਪਸ਼ਟ ਹੈ ਕਿ ਬੇਗਮਪੁਰਾ ਉਸਾਰਨ ਦੇ ਰਾਹ ਉਦੋਂ ਹੀ ਬਣਦੇ ਨੇ, ਜਦ ਕਵਿਤਾ ਸਥਾਪਤੀ ਨਾਲ ਸਮਝੌਤਾ ਨਹੀ ਕਰਦੀ, ਸਗੋਂ ਸਮੇਂ ਦੀ ਹਿੱਕ 'ਤੇ ਆਪਣਾ ਸਿਰਨਾਵਾਂ ਵਾਹੁੰਦੀ ਹੈ, ਏਹੀ ਭਾਵ ਸੁਖਦੇਵ ਦੀ ਕਵਿਤਾ ਦੀ ਕੇਂਦਰੀ ਧੁਨੀ ਬਣਦਾ ਹੈ, ਜਿਸ ਵਿੱਚ ਪੰਜਾਬੀ ਰਹਿਤਲ ਦੇ ਲੋਕ ਨਾਇਕਾਂ ਦੇ ਨਕਸ਼ ਜੀਵੰਤ ਨਜ਼ਰ ਆਉਂਦੇ ਹਨ। ਇਸ ਵਿਚਲੀ ਕਾਵਿਕ ਭਾਵਨਾ ਇਸ ਅੰਦਰਲੇ ਤੇ ਬਾਹਰਲੇ ਸੰਸਾਰ ਵਿੱਚ ਮਨੁੱਖੀ ਚੇਤਨਾ ਤੇ ਅਵਚੇਤਨਾ ਨੂੰ ਦ੍ਰਿਸ਼ਟਮਾਨ ਕਰਦੀ ਹੈ। ਇੱਥੇ ਸੋਹਣੀ ਜ਼ਿੰਦਗੀ ਜਿਉਣ ਦੀ ਆਸ ਅੰਗੜਾਈ ਲੈਂਦੀ ਹੈ, ਇਹ ਕਵਿਤਾ ਮਨੁੱਖੀ ਸੁਪਨੇ ਦੇ ਖੰਭਾਂ ਨੂੰ ਨਵੀਂ ਉਡਾਨ ਦਿੰਦੀ ਬੇਗਾਨੀਆਂ ਐਨਕਾਂ ਨਾਲ ਆਲੇ-ਦੁਆਲੇ ਦੇਖਣ ਵਾਲੇ ਨੂੰ ਵਰਜਦੀ ਹੈ। ਏਹੀ ਕਾਰਨ ਹੈ ਇਸ ਕਵਿਤਾ ਵਿਚਲਾ ਪਾਤਰ ਸਥਾਪਤੀ ਦੇ ਚੱਕਰਵਿਊ ਵਿੱਚ ਤੁਰਨ ਤੋਂ ਇਨਕਾਰੀ ਹੈ। ਇਸ ਕਵਿਤਾ ਦੀ ਇਹ ਖ਼ੂਬੀ ਹੈ ਕਿ ਇਸ ਵਿਚਲਾ ਪਾਤਰ ਮਾਰੂਥਲ, ਸਾਗਰ, ਰੁੱਖਾਂ, ਪੰਛੀਆਂ ਤੇ ਸੁਪਨਿਆਂ ਦੀ ਵੇਦਨਾ, ਗਵਾਚੀਆਂ ਪੈੜਾਂ ਨੂੰ ਲੱਭਦਾ ਦੁਨੀਆ ਤੇ ਕਾਇਨਾਤ ਦਾ ਸਾਰਾ ਦੁੱਖ ਸਮਝਦਾ ਹੈ। ਇਥੇ ਕਵਿਤਾ ਇੱਕ ਸਵਾਲ ਖੜਾ ਕਰਦੀ ਹੈ ਕਿ ਉਸ ਕਾਵਿ ਪਾਤਰ ਦਾ ਅੰਦਰਲਾ ਦੁੱਖ ਕੋਈ ਨਹੀਂ ਦੇਖਦਾ, ਜਦੋਂ ਕਿ ਉਸ ਅੰਦਰ ਕੁੱਲ ਦੁਨੀਆ ਦਾ ਦਰਦ ਸਮਾਇਆ ਹੁੰਦਾ ਹੈ।

ਕਵੀ ਸੁਪਨੇ ਦੇ ਵਿੱਚ ਆਪਣੀ ਮਾਂ ਦੀ ਉਂਗਲ ਫੜ ਕੇ ਸ਼ਹਿਰ ਲਾਹੌਰ ਵਿੱਚ ਜਾ ਵੜਦਾ ਹੈ ਤੇ ਕਿਤੇ ਉਹ ਪਾਰ ਦੇ ਸੁਹਾਵੇ ਦੇਸ਼ ਵਿੱਚ ਪਹੁੰਚ ਕੇ ਉਸ ਮਿੱਟੀ ਨੂੰ ਸਲਾਮ ਕਰਦਾ ਹੋਇਆ ਮਿੱਟੀ ਅੰਦਰਲੀ ਤੜਫਣ ਨੂੰ ਵੀ ਚੰਗੀ ਤਰ੍ਹਾਂ ਸਮਝਦਾ ਹੈ। ਇਸ ਕਵਿਤਾ ਵਿੱਚ ਸਿਆਸੀ ਵੰਡੀਆਂ ਦੀਆਂ ਲੀਕਾਂ ਮਾਨਵੀ ਮੁਹੱਬਤ ਸਾਹਵੇਂ ਢਹਿ-ਢੇਰੀ ਹੋ ਜਾਂਦੀਆਂ ਹਨ।ਕਵਿਤਾ ਵਿਚਲਾ ਪਾਤਰ ਪੱਛਮੀ ਪੰਜਾਬ ਵਿੱਚ ਜਾ ਕੇ ਵੀ ਇਸ ਤਰ੍ਹਾਂ ਮਹਿਸੂਸ ਕਰਦਾ ਹੈ, ਜਿਵੇਂ ਕਿ ਉਹ ਆਪਣੇ ਘਰ ਅੰਦਰ ਹੀ ਆਇਆ ਹੋਵੇ। ਇਹ ਬਹੁਤ ਵੱਡਾ ਕਵੀ ਨੇ ਸਵਾਲ ਖੜਾ ਕੀਤਾ ਹੈ ਕਿ ਲੋਕਾਂ ਅੰਦਰਲੀ ਮੁਹੱਬਤ ਰੋਕਾਂ ਤੇ ਲੀਕਾਂ ਦੀ ਪਰਵਾਹ ਨਹੀਂ ਕਰਦੀ

ਇਹ ਕਵਿਤਾ ਨਾਨੀ, ਦਾਦੀ ਦੀ ਧਰਤ ਨੇ ਦਿੱਤੀ ਲੋਰੀ, ਕਿਵੇਂ ਦੋਵਾਂ ਪੰਜਾਬਾਂ ਨੂੰ ਮੇਲਦੀ ਲਾਹੌਰ, ਲਾਇਲਪੁਰ ਤੇ ਬਾਰ ਦੇ ਸੁਹਾਵਣੇ ਦੇਸ਼ ਦਾ ਨਿੱਘ ਮਾਣਦੀ ਰਾਹਾਂ ਦੀਆਂ ਵਿੱਥਾਂ ਭਰਨ ਦੀ ਸਮਰਥਾ ਰੱਖਦੀ ਹੈ।ਕਵੀ ਅਖੰਡਿਤ ਪੰਜਾਬ ਦੀ ਤਸਵੀਰ ਵਾਹੁੰਦਾ ਮੁਹੱਬਤ ਦਾ ਸੰਦੇਸ਼ ਦਿੰਦਾ ਹੈ। ਕਵੀ ਦਾ ਮੰਨਣਾ ਹੈ ਕਿ ਕਵਿਤਾ ਵਿੱਚੋਂ ਸ਼ਬਦ ਤਾਂ ਕੱਟੇ ਜਾ ਸਕਦੇ ਹਨ, ਜੋ ਜ਼ਖ਼ਮਾਂ ਦੇ ਨਿਸ਼ਾਨ ਮਾਨਵਤਾ ਦੇ ਜਿਸਮ 'ਤੇ ਰੀਂਗਦੇ ਹਨ, ਉਹ ਕਦ ਮੇਟੇ ਜਾਣਗੇ।ਇਹ ਸਮੇਂ ਦੀ ਸਚਾਈ ਹੈ ਕਿ ਲੋਕਾਂ ਦਾ ਡੁੱਲ੍ਹਿਆ ਖ਼ੂਨ ਇਤਿਹਾਸ ਦੇ ਪੰਨਿਆਂ 'ਤੇ ਉਕਰਿਆ ਜਾਂਦਾ ਹੈ ਤੇ ਵਕਤ ਖ਼ੂਨ ਡੋਲ੍ਹਣ ਵਾਲਿਆਂ ਨੂੰ ਹਮੇਸ਼ਾ ਕੋਸਦਾ ਹੈ। ਇਹ ਕਵਿਤਾ ਮਾਨਵੀ ਰਗਾਂ ਵਿੱਚ ਦੌੜਦੇ ਖ਼ੂਨ ਦੀ ਵੀ ਰਮਜ਼ ਸਮਾਜਕ ਵਿਕਾਸ ਲਈ ਪਰਖਦੀ ਹੋਈ ਰਾਹਾਂ ਵਿੱਚ ਡੁੱਲ੍ਹੇ ਖ਼ੂਨ ਦੇ ਦਾਗ਼ ਪਿਛਲੀ ਜੜ੍ਹ ਵੇਖਦੀ ਹੈ—

ਖ਼ੂਨ ਤਾਂ ਖ਼ੂਨ ਹੈ
ਰੰਗਤ ਦਿੰਦਾ ਅਸਮਾਨ ਨੂੰ
ਸਰਘੀ ਵੇਲੇ ਸੰਝ ਸਵੇਰੇ
ਪੂਰਬ-ਪੱਛਣ 'ਚ
ਮਾਰੇ ਰੱਤੀ ਭਾਹ
ਆਖਰ ਜੰਮ ਜਾਵੇਗਾ
ਸੜਕਾਂ 'ਤੇ ਡੁੱਲ੍ਹਿਆ ਖ਼ੂਨ
ਮੀਂਹਾਂ, ਧੁੱਪਾਂ 'ਚ ਧੁਪ ਜਾਏਗਾ
ਪਰ ਛੱਡ ਜਾਏਗਾ ਆਪਣੇ ਦਾਗ਼
ਲੋਕ ਪੁੱਛਣਗੇ
ਖ਼ੂਨ ਤਾਂ ਖ਼ੂਨ ਹੈ ਆਖਿਰ

ਇਸ ਕਵਿਤਾ ਦੀ ਧੁਨੀ ਗਤੀਸ਼ੀਲਤਾ ਦੇ ਪੈਗਾਮ ਦਿੰਦੀ ਹੋਈ 'ਜੀ ਨਹੀਂ ਲੱਗਦਾ' ਕਵਿਤਾ ਵਿੱਚ ਕਵੀ ਨੇ ਉਹ ਉਚਾਟ ਹੋ ਰਹੇ ਇਸ ਮੌਸਮ ਦੇ ਵਿੱਚ ਮਨੁੱਖ ਦੀ ਮਾਨਸਿਕਤਾ ਨੂੰ ਪਕੜਦਿਆਂ ਉਸ ਅੰਦਰਲੀ ਬੇਚੈਨੀ ਨੂੰ ਪਹਿਚਾਣਿਆ ਹੈ। ਇਹ ਕਵਿਤਾ ਸਮੇਂ ਦੀ ਫੋਟੋਗ੍ਰਾਫੀ ਹੀ ਨਹੀਂ ਕਰਦੀ, ਬਲਕਿ ਧਰਤੀ ਦੀ ਕਰੂਰਤਾ ਨੂੰ ਡੀਕ ਲੈਣਾ ਚਾਹੁੰਦੀ ਹੈ।ਏਸੇ ਲਈ ਸਿਆਸਤ ਦੀਆਂ ਪਾਈਆਂ ਵੰਡੀਆਂ ਕਵੀ ਦੀ ਮਾਨਸਿਕਤਾ ਨੂੰ ਖੰਡਿਤ ਨਹੀਂ ਕਰਦੀਆਂ, ਬਲਕਿ ਫਿਕਰਮੰਦੀ ਪੈਦਾ ਕਰਦੀਆਂ ਹਨ।

ਇਸ ਕਵਿਤਾ ਦੇ ਨਾਲ ਕਵੀ ਦਾ ਸੰਵਾਦ ਵੀ ਹੈ। ਕਵੀ ਇਤਿਹਾਸ ਦੇ ਮਿਥਿਹਾਸ ਨੂੰ ਡੀਕੋਡ ਕਰਦਾ ਨਵੇਂ ਸਿਰਿਓਂ ਅਰਥ ਸਥਾਪਤ ਕਰਦਾ ਹੈ ਕਿ ਕਵਿਤਾ ਖੁਰ ਗਏ ਸੁਪਨਿਆਂ ਅੰਦਰ ਵੀ ਇੱਕ ਨਵੀਂ ਆਸ ਨੂੰ ਪੂਰਦੀ ਰਹੇ।

ਇਸ ਕਵਿਤਾ ਵਿੱਚ ਅਣਕਿਆਸੀਆਂ ਤਬਦੀਲੀਆਂ ਦਾ ਜ਼ਿਕਰ ਵੀ ਹੋਇਆ ਹੈ। ਕੌਮੀ ਤੇ ਕੌਮਾਂਤਰੀ ਪੱਧਰ 'ਤੇ ਪੈਦਾ ਹੋ ਰਹੇ ਸੰਕਟ ਕਾਰਨ ਸਮਾਜ ਵਿੱਚ ਆ ਰਹੇ ਪਰਿਵਰਤਨ ਤੇ ਵਿਸਫੋਟਾਂ ਨੇ ਮਨੁੱਖੀ ਮਾਨਸਿਕਤਾ ਨੂੰ ਪੂਰੀ ਤਰ੍ਹਾਂ ਝੰਜੋੜਿਆ ਹੈ। ਪੂੰਜੀਵਾਦ ਦੇ ਮੁਨਾਫਾ ਕੇਂਦਰਤ ਪ੍ਰਬੰਧ ਦੇ ਸਮਾਜ ਵਿੱਚ ਲੁੱਟ ਦੇ ਬਹੁ-ਪਾਸਾਰ ਵੇਖੇ ਜਾ ਰਹੇ ਹਨ, ਜੋ ਬੇਚੈਨੀ ਤੇ ਬੇਅਰਾਮੀ ਵਰਗੀ ਸਥਿਤੀ ਪੈਦਾ ਕਰ ਰਹੇ ਹਨ। ਇਹ ਉਥਲ-ਪੁੱਥਲ ਬਾਹਰੀ ਹੀ ਨਹੀਂ, ਅੰਦਰੋਂ ਵੀ ਮਨੁੱਖ ਨੂੰ ਤੋੜ ਰਹੀ ਹੈ, ਪਰ ਇਹ ਕਵਿਤਾ ਆਪਣੇ ਅਕੀਦੇ 'ਤੇ ਅਟੱਲ ਹੈ, ਜਿੱਥੇ ਇਹ ਰੁੱਖ, ਰੇਤ ਅਤੇ ਸ਼ੀਸ਼ਾ ਕਵਿਤਾਵਾਂ ਰਾਹੀਂ ਮਨੁੱਖ ਅੰਦਰਲੀ ਭਾਵਨਾ ਨੂੰ ਥਾਹ ਪਾਉਣ ਦਾ ਵਲ਼ ਰੱਖਦੀ ਹੈ, ਉੱਥੇ ਆਜ਼ਾਦ ਸੋਚ ਨੂੰ ਨਵੀਂ ਉਡਾਣ ਦਿੰਦੀ ਹੈ। 'ਦੇਖਣ ਦਿਓ', 'ਲਹੂ ਦੇ ਘੁੱਟ' ਕਵਿਤਾਵਾਂ ਵਿੱਚਲੀ ਤਾਸੀਰ ਸਵੈ-ਭਰੋਸੇ ਦੀ ਜੋਤ ਬਾਲਦੀ ਹੈ।'ਲੁੱਕ' ਅਤੇ 'ਬਰਫ ਦੀ ਡਲੀ' ਕਵਿਤਾ ਅੰਦਰਲੀ ਖਾਮੋਸ਼ੀ ਕਿਸੇ ਆਸ ਦਾ ਚਿੰਨ੍ਹ ਸਾਬਤ ਹੁੰਦੀ ਹੈ।ਇਹ ਕਵਿਤਾ ਇਸ ਚਕਨਾਚੂਰ ਮਾਹੌਲ ਅੰਦਰ ਮਨੁੱਖ ਦੀ ਅਖੌਤੀ ਜੀਵਨਸ਼ੈਲੀ ਨੂੰ ਝੰਜੋੜਦੀ ਹੈ। 'ਪੁੱਠ-ਪੈਰੇ', 'ਰੁੱਖ','ਸ਼ੀਸ਼ਾ' ਕਵਿਤਾਵਾਂ ਅਜੋਕੇ ਮਾਨਵ ਦਾ ਪ੍ਰਤੀਕਰਮ ਹਨ। 'ਸਰਵਣ ਪੁੱਤਰ' ਕਵਿਤਾ ਵਿਚਲਾ ਅਡੰਬਰ ਮਾਂ ਤੇ ਪੁੱਤ ਦੇ ਰਿਸ਼ਤੇ ਨੂੰ ਜ਼ਿੰਮੇਵਾਰੀ ਦੀ ਥਾਂ ਗ਼ਰਜ਼ 'ਤੇ ਸਮੇਟਦਾ ਹੈ। ਸੁਖਦੇਵ ਦੀ ਕਵਿਤਾ ਜੀਵਨ ਵਿਚਲੇ ਸੰਗੀਤ ਨੂੰ ਕਦੇ ਆਹਲਣਿਆਂ ਤੇ ਕਦੇ ਰਾਹਾਂ ਵਿੱਚੋਂ ਸੁਣਦੀ ਮਾਨਵਤਾ ਦੀ ਖੈਰ ਚਾਹੁੰਦੀ ਹੈ।ਘਰ, ਪੈਰ ਤੇ ਰਾਹ ਵਿੱਚ ਅੰਤਰ ਸੰਬੰਧ ਦੱਸਦੀ ਹੋਈ ਜਿੱਥੇ ਮਨੁੱਖ ਦੇ ਸਫ਼ਰ ਨੂੰ ਮਾਪਦੀ ਹੈ, ਉਥੇ ਜੀਵਨ ਦੀਆਂ ਬੁਨਿਆਦੀ ਲੋੜਾਂ ਲਈ ਜੂਝਦੀ ਨਜ਼ਰ ਆਉਂਦੀ ਹੈ।

ਇਸ ਅਮਾਨਵੀ ਵਰਤਾਰੇ ਵਿਰੁੱਧ ਪੰਜਾਬੀ ਮਾਨਸਿਕਤਾ ਵਿੱਚ ਪਈ ਨਾਬਰੀ ਦੀ ਸੁਰ ਵੀ ਦਿਖਾਈ ਦੇ ਰਹੀ ਹੈ।ਕਾਰਪੋਰੇਟ ਪੱਖੀ ਪ੍ਰਬੰਧ ਵਿਰੁੱਧ ਪ੍ਰਤੀਰੋਧੀ ਕਾਵਿ ਉਚਾਰ ਵੀ ਇਸ ਕਵਿਤਾ ਦਾ ਪਛਾਣ ਚਿੰਨ੍ਹ ਬਣਦਾ ਹੈ।ਮਨੁੱਖ ਦੇ ਫਿਕਰਾਂ, ਚਿੰਤਾਵਾਂ ਨੂੰ ਪੇਸ਼ ਕਰਦਿਆਂ ਇਸ ਕਵਿਤਾ ਦੀ ਭਾਸ਼ਾ ਕਿਤੇ ਵਿਅੰਗ, ਕਿਤੇ ਵਿਡੰਬਨਾ ਦੀ ਜੁਗਤ ਰਾਹੀਂ ਇਸ ਵਰਤਾਰੇ ਦੀਆਂ ਪਰਤਾਂ ਨੂੰ ਐਕਸਪੋਜ ਕਰਦੀ ਆਪਣਾ ਨਾਂਅ ਦਰਜ ਕਰਵਾਉਂਦੀ ਹੈ। ਅਜਿਹੀ ਕਵਿਤਾ ਦੀ ਆਪਣੀ ਸੰਸਕ੍ਰਿਤੀ ਤੇ ਮਰਿਆਦਾ ਹੈ। ਇਸ ਵਿੱਚ ਪਨਪੀ ਕਵਿਤਾ ਦਾ ਉਹੀ ਦੇਸ਼ ਹੈ, ਜੋ ਉਹਦੀ ਸਿਰਜਣਾ ਦਾ ਆਧਾਰ ਹੀ ਨਹੀਂ, ਬਲਕਿ ਉਸ ਵਿੱਚ ਵਿਗਸਦੀ ਤੇ ਪਨਪਦੀ ਸੰਵੇਦਨਾ ਦਾ ਵਾਹਕ ਵੀ ਹੈ। ਇਹ ਕਵਿਤਾ ਆਪਣੇ ਸੰਸਕ੍ਰਿਤਕ ਰਹਿਤਲ ਵਿੱਚ ਸੱਭਿਆਚਾਰਕ ਮੁੱਲਾਂ ਵਿਚਲੀਆਂ ਮੋਹ ਦੀਆਂ ਮਾਨਵੀ ਸਾਂਝਾਂ ਨਾਲ ਵਕਤ ਦੀਆਂ ਚੁਣੌਤੀਆਂ ਲਈ ਵੰਗਾਰ ਬਣਦੀ ਹੈ। ਕਵਿਤਾ ਵਿਚਲਾ ਨਾਇਕ ਸਥਾਪਤੀ ਦੀਆਂ ਪਾਈਆਂ ਵੰਡੀਆਂ ਨੂੰ ਉਲੰਘ ਕੇ ਵੀ ਕਵਿਤਾ ਦੀਆਂ ਪੈੜਾਂ ਲੱਭਣ ਲਈ ਵਚਨਬੱਧ ਹੈ। ਉਹ ਕਵਿਤਾ ਦੇ ਅਜਿਹੇ ਦੇਸ਼ ਦਾ ਵਾਸੀ ਹੈ, ਜਿੱਥੇ ਕਵਿਤਾ ਜਾਗਦੀ ਹੋਈ ਵਕਤ ਦੀਆਂ ਰਮਜ਼ਾਂ ਨੂੰ ਪਹਿਚਾਣਦੀ ਨੀਰਸ ਨਹੀਂ ਹੁੰਦੀ ਤੇ ਸੁੱਤੇ ਹਰਫ਼ਾਂ ਅੰਦਰ ਜਾਗ ਲਗਾਉਣ ਦਾ ਉਸ ਕੋਲ ਵਲ਼ ਹੈ। ਕਵਿਤਾ 'ਝੱਲਾ ਅੱਥਰੂ' ਕਵੀ ਦੀਆਂ ਯਾਦਾਂ ਵਿੱਚ ਸੁਲਗਦਾ ਅਹਿਸਾਸ ਸਲੋਨਾ ਯਾਰ ਦਾ ਹੈ, ਜੋ ਸਮਾਜਿਕ ਤਬਦੀਲੀ ਲਈ ਜੱਦੋਜਹਿਦ ਕਰਦਿਆਂ ਆਖਰ ਚਿੰਤਾ ਦੇ ਆਲਮ ਵਿੱਚ ਹੈ ਕਿ ਸਵੈ ਇੱਛਤ ਯਥਾਰਥ ਪੈਦਾ ਕਿਉ ਨਹੀਂ ਹੋ ਰਿਹਾ।

ਇਹ ਕਵਿਤਾ ਜ਼ਮੀਨ, ਪਾਣੀ, ਖੇਤਾਂ, ਜੰਗਲਾਂ ਦੀ ਹਿਫ਼ਾਜ਼ਤ ਕਰਦੀ ਹੋਈ ਚੱਲ ਰਹੇ ਮਾਰੂ ਵਰੋਲੇ ਦੀ ਥਾਹ ਪਾਉਣ ਦੀ ਊਰਜਾ ਰੱਖਦੀ ਹੈ। ਪੰਜਾਬੀ ਸੰਸਕ੍ਰਿਤੀ ਦੇ ਸਾਂਝੇ ਮਾਨਵੀ ਆਦਰਸ਼ ਨੂੰ ਪਹਿਚਾਣਦੀ, ਧਰਤ ਦੇ ਨਾਇਕਾਂ ਦੇ ਸਿਰਨਾਵੇਂ ਲਿਖਦੀ ਇਹ ਸਿਰਜਣਾ, ਸੁਹਜ ਤੇ ਅਸਤਿਤਵ ਦਾ ਗੌਰਵ ਬਣਦੀ ਹੈ।ਇਹ ਸਮਾਜ ਦੀ ਹਰ ਅਮਾਨਵੀਂ ਘਟਨਾ ਦੇ ਆਧਾਰ ਦੀ ਪਾਰਖੂ ਹੈ। ਇਹ ਮਿੱਟੀ ਦੀਆਂ ਬਾਤਾਂ, ਰੁੱਖਾਂ ਦਾ ਸੇਕ, ਹਵਾਵਾਂ ਵਿੱਚ ਮੌਲਦੇ ਮਾਨਵੀ ਜ਼ਖ਼ਮਾਂ ਦੇ ਨਿਸ਼ਾਨ, ਮਨੁੱਖਤਾ ਦੀ ਬੇਪਤੀ, ਸਥਾਪਤੀ ਦੇ ਬੀਜੇ ਕੰਡਿਆਂ ਦੀ ਪੀੜ, ਕਿਰਤ ਦੇ ਨੈਣਾਂ ਦਾ ਹੰਝੂ, ਸੁਪਨਿਆਂ ਨੂੰ ਖੇਰੂੰ-ਖੇਰੂੰ ਕਰਦੀ ਤਖ਼ਤੇ ਦੀ ਮਾਰ, ਮਾਸੂਮਾਂ ਦੀਆਂ ਸਿਸਕੀਆਂ, ਦੇਸ਼ ਵਿੱਚ ਵਾਪਰੇ ਕਾਂਡ ਤੇ ਬੇਘਰਾਂ ਦਾ ਦਰਦ ਜਾਣਦੀ ਹੈ। 'ਹਾਅੜ ਬੋਲਦਾ' ਸਿੰਗੂਰ (ਪੱਛਮੀ ਬੰਗਾਲ) ਬਾਰੇ ਖੱਬੇ-ਪੱਖੀ ਪ੍ਰਤੀਬੱਧਤਾ 'ਤੇ ਸੁਆਲ ਖੜੇ ਕਰਦੀ ਅਤੇ ਤੀਜੇ ਹਿੱਸੇ ਦੀ ਜ਼ਮੀਨ ਨੂੰ ਲੈ ਕੇ ਦਲਿਤਾਂ ਤੇ ਚੌਧਰੀਆਂ ਵਿਚਾਲੇ ਟਕਰਾਅ ਤਹਿਤ ਪੁਲਸ ਦੇ ਤਸ਼ੱਦਦ ਨੂੰ ਬਿਆਨ ਕਰਦੀ ਕਵਿਤਾ 'ਰੱਬ ਸਭ ਨੂੰ ਤੌਫੀਕ ਦੇਵੇ' ਵੇਖੀ ਜਾ ਸਕਦੀ ਹੈ।ਇਸੇ ਤਰ੍ਹਾਂ 'ਰੇਤ' ਲੋਕਪੱਖੀ ਨਾਟਕਕਾਰ ਅਜਮੇਰ ਔਲਖ ਅਤੇ 'ਯਾਦ ਰੱਖੀਂ" ਸਾਡੇ ਪ੍ਰਗਤੀਵਾਦੀ ਕਵੀ ਬਾਰੇ ਮੁੱਲਵਾਨ ਕਾਵਿ ਚਿੱਤਰ ਉਭਾਰਦੀਆਂ ਕਵਿਤਾਵਾਂ ਹਨ। ਇਹ ਕਵਿਤਾ ਕਿਰਤ, ਤ੍ਰੇਹ, ਛੱਲਾਂ, ਉਲ੍ਹਾਂਭੇ, ਖੰਭਾਂ ਅੰਦਰ ਧੜਕਦੀ ਜ਼ਿੰਦਗੀ ਦੇ ਅਲੁਕਵੇਂ ਭੇਦਾਂ ਨੂੰ ਖੋਲ੍ਹਦੀ ਅੱਜ ਨਵੇਂ ਬਣ ਰਹੇ ਭਾਰਤ ਪਿਛਲੀ ਰਮਜ਼ ਪਹਿਚਾਣਦੀ ਹੈ।'ਭਾਰਤ', 'ਸੁੱਤਾ ਹੀ ਰਹਿਣ ਦੇ' ਕਵਿਤਾਵਾਂ ਵਿੱਚ ਸਥਾਪਤੀ ਦੀ ਮਨਸ਼ਾ ਦੇ ਕਈ ਪੱਖ ਸਾਹਮਣੇ ਆਏ ਸਨ। ਜਿੱਥੇ 'ਸਰਦਲ' ਕਵਿਤਾ ਵਿੱਚ ਲਲਚਾਈ ਤੇ ਭੋਗੀ ਮਾਨਸਿਕਤਾ ਦੀ ਝਲਕ ਮਿਲਦੀ ਹੈ, ਉਥੇ ਪਦਾਰਥਾਂ ਦੀ ਲਾਲਸਾ ਵਿੱਚ ਗੁੰਮੀ ਮਾਨਸਿਕਤਾ ਤਹਿਤ ਸਵੈ-ਕੇਂਦਰਤ ਜੀਵਨ ਵਿਚਲੀ ਇਕੱਲਤਾ ਦਾ ਅਹਿਸਾਸ 'ਇੱਕੋ ਸ਼ਹਿਰ 'ਚ ਪਿਉ ਪੁੱਤ' ਕਵਿਤਾ ਦੀ ਬੁਣਤੀ ਸੋਚਣ ਲਈ ਮਜਬੂਰ ਕਰਦੀ ਹੈ।ਕਵੀ ਕੋਲ ਸ਼ਬਦਾਂ ਦੇ ਬਹੁ-ਅਰਥ ਸਿਰਜਣ ਤੇ ਘਟਨਾਕ੍ਰਮ ਵਿੱਚ ਹਰ ਪੜਾਅ ਨੂੰ ਮਾਪਣ ਦੀ ਕਲਾ ਹੈ, ਜੋ 'ਵੱਢੇ ਹੋਏ ਹੱਥ' ਅਤੇ 'ਨਦੀ- 1, ਨਦੀ- 2, ਨਦੀ- 3, ਨਦੀ- 4' ਕਵਿਤਾਵਾਂ ਵਿੱਚੋਂ ਵੇਖੀ ਜਾ ਸਕਦੀ ਹੈ। ਇਸ ਕਵਿਤਾ ਦੀ ਇਹ ਖ਼ੂਬੀ ਹੈ ਕਿ ਇਹ ਭਵਿੱਖ-ਮੁਖੀ ਖਤਰਿਆਂ ਪ੍ਰਤੀ ਚੇਤਨ ਕਰਦੀ ਪੰਜਾਬੀ ਰਹਿਤਲ ਵਿੱਚ ਇਤਿਹਾਸ, ਸਮਕਾਲ, ਤਤਕਾਲ ਦੇ ਪ੍ਰਛਾਵਿਆਂ ਤਹਿਤ ਮਾਨਵੀ ਵੇਗ/ ਸੰਵੇਗ ਦੀ ਰਮਜ਼ ਪਹਿਚਾਣਦੀ ਹੈ।ਇਹ ਲੋਕ ਕਥਾਵਾਂ ਵਿਚਲੇ ਨਾਇਕਾਂ ਦੀ ਤੋਰ ਵਰਤਮਾਨੀ ਕੈਨਵਸ ਵਿੱਚ ਰੱਖ ਕੇ ਦ੍ਰਿਸ਼ਟਮਾਨ ਕਰਦੀ ਹੈ। 'ਵਾਵਰੋਲਾ' ਕਵਿਤਾ ਵਿਚਲਾ ਦੇਉ ਅਜੋਕੇ ਸੰਦਰਭ ਵਿੱਚ ਗਹਿਰੇ ਮਾਇਨੇ ਰੱਖਦਾ ਹੈ, ਜੋ ਸ਼ੋਸ਼ਿਕ ਧਿਰ ਦੀ ਪੈਰਵੀ ਕਰਦਾ ਹੈ। 'ਚੌਰੀ' ਤੇ 'ਤ੍ਰੇਹ' ਕਵਿਤਾ ਵਿੱਚ ਰਿਸ਼ੀ ਤੇ ਮੇਨਕਾ ਦੀ ਮਿੱਥ ਕਥਾ ਵਿੱਚ ਭਾਵਨਾ ਤੇ ਸ਼ਕਤੀ ਅੰਦਰਲੀ ਕਸ਼ਮਕਸ਼ ਨੂੰ ਨਵੇਂ ਜ਼ਾਵੀਏ ਤੋਂ ਵਾਚਿਆ ਗਿਆ ਹੈ।ਇਹ ਕਵਿਤਾ ਧਰਤੀ ਦੇ ਜ਼ਹਿਰ ਨੂੰ ਚੂਸਣਾ ਚਾਹੁੰਦੀ ਹੈ, ਕਿਉਂਕਿ ਇਸ ਧਰਤ ਦੇ ਸੁਪਨਿਆਂ ਨੂੰ ਡੀਕ ਲੈਣਾ ਵਾਲੇ ਮੁਖੌਟਾਧਾਰੀ ਲੋਕ ਗੁਰੂ ਦਰੋਣਾਚਾਰੀਆ, ਗੋਰਖਨਾਥ ਦੇ ਭੇਸ ਵਿੱਚ ਮਾਨਵ ਦੇ ਇਰਦ-ਗਿਰਦ ਫਿਰ ਰਹੇ ਹਨ। 'ਜੀਅ ਨਹੀਂ ਲੱਗਦਾ' ਕਵਿਤਾ ਸੰਵਾਦੀ ਸੁਰ ਉਭਾਰਦੀ ਹੋਈ ਅਨੇਕਾਂ ਪ੍ਰਸੰਗਾਂ ਅੰਦਰ ਫਿਕਰਮੰਦੀ, ਸੰਵੇਦਨਾ, ਚਿੰਤਨ ਤੇ ਚੇਤਨਾ ਪੈਦਾ ਕਰਦੀ ਆਪਣੀ ਮੌਲਿਕ ਕਾਵਿ ਭਾਸ਼ਾ ਸਿਰਜਦੀ ਹੈ।ਇਸ ਵਿੱਚ ਵਿਵਹਾਰਕਤਾ, ਕਾਰਜਤਾ, ਪ੍ਰਤੀਬੱਧਤਾ ਦੇ ਅਨੇਕਾਂ ਸੰਕੇਤ ਕਵੀ ਹੋਣ ਦੇ ਅਰਥ ਦੱਸਦੇ ਹਨ। ਆਪਣੀ ਸਮਾਜਿਕ ਜ਼ਿੰਮੇਵਾਰੀ ਨੂੰ ਮਨਫੀ ਕਰ ਜਿਹੜੇ ਕਵੀ ਸਥਾਪਤੀ ਦੇ ਸੋਹਲੇ ਗਾਉਂਦੇ ਹਨ, ਉਨ੍ਹਾਂ ਨੂੰ ਹਲੂਣਦੀ ਇਹ ਕਵਿਤਾ ਕਵੀ ਦੇ ਅਸਲ ਮਾਇਨੇ ਉਲੀਕ ਜਾਂਦੀ ਹੈ—

ਕਵੀਵਰ ਤੇਰੇ ਮੋਤੀਆ-ਬਿੰਦ ਉਤਰ ਆਇਆ
ਨਹੀਂ ਦਿਸਦੀ ਤੈਨੂੰ ਕੰਕਾਲਾਂ 'ਤੇ ਉੱਕਰੀ
ਜੰਗਲਾਂ, ਖਾਣਾਂ, ਕਾਰਖਾਨਿਆਂ ਤੋਂ ਲੈ ਕੇ
ਸੰਸਦ ਭਵਨ ਤੱਕ ਵਿਛੀ ਪਈ ਕਵਿਤਾ
ਅੰਤ ਸਮਿਆਂ 'ਚ
ਕਵਿਤਾ ਨੂੰ ਜਾਣਾ ਪੈਂਦਾ
ਜਾਂਗਲੀਆਂ, ਭੀਲਾਂ, ਚੰਡਾਲਾਂ, ਗੌਂਡਾਂ ਕੋਲ
ਉੱਠ ਮੇਰੇ ਨਾਲ ਤੁਰ ਕਵੀਆ
ਤੈਨੂੰ ਕਵਿਤਾ ਵਰਗੇ ਲੋਕ ਮਿਲਾਵਾਂ।

ਇਸ ਕਵਿਤਾ ਵਿੱਚ ਧਰਤ ਦੇ ਪੁੱਤਾਂ ਦਾ ਸੰਵਾਦ, ਲੋਕ ਘੋਲਾਂ ਦਾ ਮੁਹਾਂਦਰਾ, ਉਲਟੇ ਰੁਖ਼ ਪਰਵਾਜ਼ ਦਾ ਅਹਿਸਾਸ ਹੈ, ਜੋ ਆਪਣੀ ਵਿਰਾਸਤ ਦਾ ਗੌਰਵਮਈ ਸਿਰਨਾਵਾਂ ਬਣਦਾ ਹੈ। 'ਵਾਰ ਟਿਕੈਤ ਸੂਰਮੇ ਦੀ' ਕਿਸਾਨ ਮੋਰਚੇ ਵਿੱਚ ਆਏ ਨਵੇਂ ਮੋੜ ਦੇ ਹੁਲਾਸ ਦੇਣ ਵਾਲੇ ਨਾਇਕ ਦੀ ਬੀਰਤਾ ਦਾ ਰੂਪਮਾਨ ਕਰਦਿਆਂ ਧਰਤ ਦੇ ਅਸਲ ਪੁੱਤਾਂ ਦੇ ਅਕੀਦਿਆਂ ਦੀ ਬਾਖ਼ੂਬੀ ਪੇਸ਼ਕਾਰੀ ਕੀਤੀ ਹੈ। ਕਵੀ ਸੁਖਦੇਵ ਦੀ ਅੰਦੋਲਨ ਵਿਚਲੀ ਹਾਜ਼ਰੀ ਤੇ ਅੰਦੋਲਨ ਤੇ ਉਸ ਦੇ ਸੰਚਾਲਕਾਂ ਦੀ ਸੁਰ ਪ੍ਰਤੀ ਅਜਿਹਾ ਅਹਿਸਾਸ ਇਸ ਕਵਿਤਾ ਨੂੰ ਨਿਵੇਕਲਾ ਮੁੱਲ ਬਣਦਾ ਹੈ।ਜੇਕਰ ਕਰੂਰ ਸਥਿਤੀ ਨਾਲ ਦਸਤਪੰਜਾ ਲੈਂਦਿਆਂ ਕੋਈ ਨਾਇਕ ਆਪਣੀ ਅਣਖ ਦਾ ਬਦਲਾ ਲੈਣ ਲਈ ਮਾਰੋਧਾਪੀ, ਕਤਲੇਆਮ ਦੀ ਪ੍ਰਵਾਹ ਕਰਦਾ ਤਾਂ ਪੰਜਾਬੀ ਰਹਿਤਲ ਵਿੱਚ ਅਜਿਹੇ ਬਾਗੀ ਵਿਅਕਤੀ ਨੂੰ ਨਾਇਕ ਮੰਨਿਆ ਜਾਂਦਾ ਹੈ, ਜੇਕਰ ਉਹ ਲੋਕਾਂ ਦੇ ਪਾਲੇ ਵੱਲ ਖੜਾ ਰਹੇ।ਅਰਜਨ ਵੈਲੀ ਅਜਿਹਾ ਹੀ ਪਾਤਰ ਹੈ, ਜੋ ਹਾਸ਼ੀਆਗ੍ਰਸਤ ਲੋਕਾਂ ਖਾਤਰ ਸੱਤਾ ਦੀ ਪੁਲਸ ਨਾਲ ਦਸਤਪੰਜਾ ਲੈਂਦਾ ਆਪਣੀ ਬਹਾਦਰੀ ਨਾਲ ਲੜਦਾ ਹੈ।'ਅਰਜਨ ਵੈਲੀ ਦਾ ਉਲ੍ਹਾਂਭਾ' ਕਵਿਤਾ ਵਿੱਚ ਨੌਜਵਾਨਾਂ ਲਈ ਸੰਦੇਸ਼ ਛੁਪਿਆ ਹੋਇਆ ਹੈ ਕਿ ਅਜਿਹੇ ਸਮੇਂ ਸਥਾਪਤੀ ਦੀਆਂ ਵਧੀਕੀਆਂ ਤੋਂ ਪਾਰ ਜਾਣ ਲਈ ਖਾਮੋਸ਼ੀਆਂ ਨੂੰ ਤੋੜਣ ਦਾ ਵਕਤ ਹੈ। ਕਵੀ ਇਸ ਕਵਿਤਾ ਵਿੱਚ ਵੈਲੀ ਦੇ ਸ਼ਾਬਦਿਕ ਅਰਥ ਨੂੰ ਹਾਂ-ਪੱਖੀ ਸਕਾਰਥ ਕਰਦੀ ਅਰਜਨ ਦੇ ਬਾਗੀਪੁਣੇ ਦੀ ਰਮਜ਼ ਜਾਣਦੀ ਹੈ।

ਕੁੱਲ ਮਿਲਾ ਕੇ ਇਹ ਸਮੁੱਚੀ ਕਵਿਤਾ ਲੋਕ ਜੀਵਨ ਦੇ ਅਨੇਕਾਂ ਲੁਕਵੇਂ/ ਅਲੁਕਵੇਂ ਪੱਖਾਂ ਦੀ ਨਿਸ਼ਾਨਦੇਈ ਕਰਦੀ ਹੋਈ ਲੋਕ-ਪੱਖੀ ਧਰਾਤਲ 'ਤੇ ਵਾਸ ਕਰਦੀ ਹੈ। ਇਸ ਵਿੱਚ ਕਵਿਤਾ ਦਾ ਅਨੋਖਾ ਦੇਸ਼ ਹੈ, ਜੋ ਲੋਕ ਸਾਹਿਤ ਦੀਆਂ ਧੁਨੀਆਂ ਵੀ ਸੁਣਦਾ ਤੇ ਮਾਨਵਤਾ ਦੇ ਅਗਲੇਰੇ ਸਫ਼ਰ ਦੀ ਲੀਹ ਵੀ ਬਣਾਉਂਦਾ ਹੈ। ਮਾਨਵੀ ਅਤੀਤ, ਵਰਤਮਾਨ ਤੇ ਭਵਿੱਖ ਨੂੰ ਨਾਲੋ-ਨਾਲ ਰੱਖਣਾ ਹੀ ਇਸ ਕਵਿਤਾ ਦਾ ਹਾਸਲ ਹੈ। ਇਸ ਵਿੱਚ ਸੰਦੇਸ਼ ਵਾਹਕ ਲੋਕ ਮਾਨਸਿਕਤਾ ਲਈ ਹਲੂਣਾ ਸਾਬਤ ਹੁੰਦਾ ਹੈ—

ਉੱਠ ! ਕਿ ਉੱਠ ਕੇ ਪਾਲ ਦੀਵੇ
ਦੀਵਿਆਂ ਦਾ ਕੀ ਕਸੂਰ
ਬਹੁਤ ਕਾਹਲਾ ਹੈ ਹਨੇਰਾ
ਸੰਘਣਾ ਨਹੀਂ ਹੋਣ ਦੇਣਾ
ਉੱਠ ! ਕੇ ਉੱਠ ਕੇ ਬਾਲ ਦੀਵੇ।

**ਸੰਪਰਕ : 94636-15536**

# ਜਾਨਲੇਵਾ ਬਿਮਾਰੀ ਦੀ ਦਹਿਸ਼ਤ 'ਚੋਂ ਨਿਕਲਿਆ ਸ਼ਬਦ

**ਸਾਹਿਤ ਚਿੰਤਨ**

**ਡਾ. ਚੰਦਰ ਪ੍ਰਕਾਸ਼**

## ਫੋੜਾ

(ਨਾਟਕ)
**ਡਾ. ਸੋਨੂੰ ਅਬੋਹਰ**
**ਸਫੇ-48, ਕੀਮਤ-100 ਰੁਪਏ**
**ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ**

ਸਿਹਤ ਵਿਗਿਆਨ ਦੇ ਅਧਿਐਨ ਵਿਚ 'ਫੋੜਾ' ਬਿਮਾਰੀ ਹੈ, ਜਿਸ ਦੀਆਂ ਕਈ ਕਿਸਮਾਂ ਨੇ ਅਤੇ ਕਿਸਮਾਂ ਅਨੁਸਾਰ ਇਲਾਜ ਨੇ, ਪਰ ਪੇਂਡੂ ਲੋਕ-ਜੀਵਨ ਵਿਚ 'ਫੋੜਾ' ਜਾਨਲੇਵਾ ਬਿਮਾਰੀ ਦੀ ਦਹਿਸ਼ਤ 'ਚੋਂ ਉਪਜਿਆ ਅਜਿਹਾ ਸ਼ਬਦ ਵੀ ਹੈ; ਜਿਸ ਬਿਮਾਰੀ ਦਾ ਨਾਂਅ ਲੈਣ ਤੋਂ ਵੀ ਪੀੜਤ ਪਰਵਾਰ ਡਰਦਾ ਹੈ। ਅਸਲ ਨਾਂਅ ਸੁਣਦਿਆਂ ਹੀ ਤਨ-ਮਨ ਵਲੂੰਧਰਿਆ ਜਾਂਦਾ ਹੈ। ਧਨ ਦੀ ਕਮੀ ਤਾਂ ਅਗਾਂਹ ਦੀ ਗੱਲ। ਆਰਥਿਕ ਵਸੀਲਿਆਂ ਦੀ ਘਾਟ ਵਾਲੇ ਟੱਬਰ ਵਾਸਤੇ ਇਸ ਬਿਮਾਰੀ ਨਾਅ ਹੈ : ਕੈਂਸਰ। ਅੰਤਰਰਾਸ਼ਟਰੀ ਪੱਧਰ 'ਤੇ ਪ੍ਰਾਪਤ ਅੰਕੜਿਆਂ ਅਨੁਸਾਰ ਦੱਖਣੀ ਏਸ਼ੀਆਈ ਦੇਸ਼ਾਂ ਨੂੰ ਕੈਂਸਰ ਦੀ ਰਾਜਧਾਨੀ ਮੰਨਿਆ ਜਾਣ ਲੱਗਿਆ ਹੈ। ਭਾਰਤ ਵਰਗੇ ਮੁਲਕ ਵਿਚ ਪ੍ਰਤੀ ਸਾਲ ਦਸ ਲੱਖ ਦੇ ਕਰੀਬ ਨਵੇਂ ਮਾਮਲੇ ਦਰਜ ਹੁੰਦੇ ਹਨ। ਇਨ੍ਹਾਂ ਵਿੱਚ ਬੱਚਿਆਂ ਦੀ ਵਧ ਰਹੀ ਗਿਣਤੀ ਡਰਾਉਣ ਵਾਲੀ ਹੈ। ਪੰਜਾਬ ਦਾ ਮਾਲਵਾ ਖਿੱਤਾ ਇਸ ਭਿਆਨਕ ਬਿਮਾਰੀ ਦੇ ਮਹਾਂ-ਸੰਕਟਾਂ ਵਿੱਚ ਘਿਰਿਆ ਹੋਇਆ ਹੈ। ਬਠਿੰਡਾ ਤੋਂ ਬੀਕਾਨੇਰ ਜਾਣ ਵਾਲੀ ਰੇਲ ਗੱਡੀ 'ਕੈਂਸਰ ਟਰੇਨ' ਨਾਲ ਮਸ਼ਹੂਰ ਹੈ। ਗਲਪਕਾਰ ਨਛੱਤਰ ਨੇ ਤਾਂ 'ਕੈਂਸਰ ਟਰੇਨ' ਨਾਂਅ ਹੇਠ ਨਾਵਲ ਵੀ ਲਿਖ ਦਿੱਤਾ ਹੈ। ਉਸ ਦੇ ਨਾਵਲ ਦਾ ਕੇਂਦਰੀ ਪਾਤਰ ਅਮਨ ਆਪਣੇ ਖੋਜ ਵਿਸ਼ੇ 'ਮਾਲਵੇ ਦੇ ਪਿੰਡਾਂ ਵਿਚ ਹੋ ਰਹੀਆਂ ਮੌਤਾਂ ਦੇ ਕਾਰਨਾਂ ਦੀ ਤਫਤੀਸ਼' ਹੇਠ ਬਠਿੰਡਾ, ਮੁਕਤਸਰ, ਮੋਗਾ, ਮਾਨਸਾ, ਜ਼ਿਲ੍ਹਿਆਂ ਨੂੰ ਅਧਿਐਨ ਵਸਤੂ ਬਣਾਉਂਦਾ ਹੈ। ਹੁਣ ਡਾ. ਸੋਨੂੰ ਅਬੋਹਰ ਨੇ ਅਬੋਹਰ-ਫਾਜ਼ਿਲਕਾ ਸਰਹੱਦੀ ਇਲਾਕੇ ਵਿਚ ਪੈਂਦੇ ਆਪਣੇ ਪਿੰਡ 'ਧਰਮਪੁਰਾ' ਦੇ ਇਕੋ ਪਰਵਾਰ ਦੀਆਂ ਦੋ ਵੱਖ-ਵੱਖ ਸੱਚੀਆਂ ਘਟਨਾਵਾਂ ਨੂੰ ਸੂਤਰਬੱਧ ਕਰਕੇ 'ਫੋੜਾ' ਨਾਂਅ ਹੇਠ 'ਨਾਟ-ਪਾਠ' ਤਿਆਰ ਕੀਤਾ ਹੈ। ਨੌਂ ਦ੍ਰਿਸ਼ਾਂ ਵਾਲੇ ਨਾਟਕ ਦਾ ਆਗਾਜ਼ ਲੋਕ-ਨਾਟਕ ਜੁਗਤ ਸਹਾਰੇ ਅਬੂ ਸ਼ਹਿਰ (ਅਬੋਹਰ) ਦੀ ਪਾਣੀ-ਬਿਜਲੀ ਕਿੱਲਤ ਨੂੰ ਦਰਸਾਉਂਦਾ ਹੋਇਆ ਧਾਰਮਿਕ ਵਖਰੇਵੇਂ ਦੀ ਕਾਵਿ ਬਿਆਨਕਾਰੀ ਨਾਲ ਅਗਲੇ ਦ੍ਰਿਸ਼ 'ਚ ਦਾਖਲ ਹੁੰਦਾ ਹੈ। ਭੂਗੋਲਿਕ, ਭਾਸ਼ਾਈ-ਸੱਭਿਆਚਾਰਕ ਜਾਣਕਾਰੀ ਉਪਰੰਤ ਤੀਜੇ ਦ੍ਰਿਸ਼ ਤੋਂ ਕਥਾ ਜੁੜਨ ਲੱਗਦੀ ਹੈ। ਜੋ ਬੇਜ਼ਮੀਨੇ/ਦਿਹਾੜੀਦਾਰ ਕਾਮਿਆਂ ਦੀ ਅਗਿਆਨਤਾ/ਬੇਵੱਸੀ ਨੂੰ ਸੰਬੋਧਿਤ ਹੈ। ਘਰ ਦੀ ਬਜ਼ੁਰਗ ਔਰਤ 'ਸੀਬੋ' ਟੱਬਰ ਦੇ ਜੀਆਂ ਨੂੰ ਪਾਲਣ ਖਾਤਰ ਲੋਕਾਂ ਦੇ ਜੂਠੇ ਭਾਂਡੇ ਮਾਂਜਣ ਲਈ ਮਜਬੂਰ ਹੈ। ਉਸ ਦੀ ਵੱਡੀ ਨੂੰਹ 'ਛਿੰਦੀ' ਜ਼ਿੰਦਗੀ ਦੀ ਜੰਗ ਹਾਰ ਚੁੱਕੀ ਹੈ। ਦੂਜੀ 'ਜੱਸੋ' ਜੂਝ ਰਹੀ ਹੈ। ਕਰਜ਼ਈ ਮਾਹੌਲ ਵਿਚ ਜ਼ਿੰਦਗੀ ਜੀਣ ਵਾਲਿਆਂ ਦੇ ਬੱਕਰੀ/ਮੇਮਣੇ ਵਿਕ ਚੁੱਕੇ ਨੇ। ਦੂਜੇ ਬੰਨੇ ਜੱਸੋ ਦਾ ਪਤੀ 'ਰਾਜਾ' ਅਤੇ ਪੁੱਤ 'ਤਾਰੀ' ਦਾਰੂ-ਸੱਟੇ ਦੇ ਆਦੀ ਹੋ ਚੁੱਕੇ ਨੇ। ਅਜਿਹੇ ਲੋਕਾਂ ਦੇ ਨਸ਼ੇੜੀ ਰੁਝਾਨ ਪਿੱਛੇ ਧਨਾਢ ਲੋਕਾਂ ਦੀ ਮਨੋ ਬਿਰਤੀ ਨੂੰ ਪਛਾਣ ਕੇ ਵੀ ਅਣਜਾਣਤਾ ਬਣੀ ਰਹਿਣੀ ਅਸਲ ਦੁਖਾਂਤ ਹੈ। ਸੂਬੇ ਦੇ ਬੋਲ ਸੁਣਨਯੋਗ ਨੇ: 'ਤਾਤਾ ਯਾਰ ਥੋੜੇ ਆਲਾ ਚੌਧਰੀ ਬਲਾਂ ਤੱਕੜੈ, ਥੋਨੂੰ ਮਾਲ ਪੱਤਾ ਵੀ ਖੁਆ ਛੱਡਦਾ ਤੇ ਪੱਠਾ ਦੱਤਾ ਵੀ—ਫੇਰ ਤੁਹਾਡੇ ਨਿਆਣੇ ਵੀ ਤਾਂ ਤਿੰਨ ਈ ਨੇ, ਨਿਆਣੇ ਤਾਂ ਸਹੁਰੀ ਦੇ ਮੇਰੇ ਵੀ ਤਿੰਨ ਈ ਨੇ ਪਰ ਹੁਣ ਚਾਰ ਹੋ ਜਾਣੇ।' (ਸਫਾ/18) ਪੂੰਜੀਪਤੀ ਸਿਆਸਤ ਇਨ੍ਹਾਂ ਨਿਆਣਿਆਂ ਨੂੰ ਸਿਆਣਿਆਂ ਬਣਨ ਤੋਂ ਵਰਜਦੀ ਹੈ। ਤੇ ਇਹ ਪੀੜ੍ਹੀ ਦਰ ਪੀੜ੍ਹੀ ਜ਼ਿਮੀਂਦਾਰਾਂ ਲਈ ਮਿਹਨਤ ਕਰਦੇ ਉਨ੍ਹਾਂ ਦਾ 'ਸਰਮਾਇਆ' ਹੋ ਨਿੱਬੜਦੇ ਹਨ। ਰਾਜਾ ਪੁੱਤ ਮਾਂ ਅੱਗੇ ਝੂਰਦਾ ਹੈ : ਪਰ ਕਰੀਏ ਵੀ ਤਾਂ ਕੀ ਬੀਬੀ ? ਸੀਰ ਆਲੇ ਪੈਸੇ ਐਕਤੀਂ ਸਾਰੇ ਲਾ ਛੱਡੇ ਆ ਤੇ ਆਹ ਤਾਰੀ ਨੂੰ ਵੀ ਸਕੂਲੋਂ ਹਟਾ ਕੇ ਚੌਧਰੀਆਂ ਦੀਆਂ ਖੁਰਲੀਆਂ 'ਚ ਵਾੜ ਦਿੱਤਾ। ਸੋਚਿਆ ਸੀ ਸਾਲਾ ਆਪ ਤਾਂ ਜਿਹੜਾ ਸੀਰੀ ਬਣ ਕੇ ਗਧੇ ਤਰ੍ਹਾਂ ਭਾਰ ਢੋਇਆ, ਆਹ ਛੋਹਰ ਛੋਰ ਨੂੰ ਨੀ ਢੋਣ ਦੇਣਾ ਪਰ ਦੇਖ ਲਾ ਐਕਤੀਂ ਮੇਰੇ ਬਰਾਬਰ ਕਣਕਾਂ ਵੱਢੂ ਉਹਨਾਂ ਦੀਆਂ, ਤੇ ਮੇਰੇ ਤੇ ਜੱਸੋ ਦੀਆਂ ਰੀਝਾਂ ਨੂੰ ਵੀ। (ਖਿਝ ਕੇ ਦਰਸ਼ਕਾਂ ਨੂੰ) ਬੀਕਾਨੇਰ ਵੀ ਲੈ ਗਿਆ ਸੀ, ਕਹਿੰਦੇ ਆ ਵੀ ਉੱਥੇ ਰਾਮ ਆ ਜਾਂਦਾ, ਪਰ ਦੇਖ ਲਓ ਜਵਾਬ ਦੇਤਾ ਉਹਨਾਂ ਨੇ ਵੀ-(ਸਫਾ/41) ਬਿਮਾਰੀ ਦੀ ਅੰਤਿਮ ਅਵਸਥਾ ਵੇਲੇ ਬੀਕਾਨੇਰ ਵੀ ਬੇਰਾਸ ਰਹਿੰਦਾ ਹੈ ਕਿਉਂਕਿ ਪਿੰਡ 'ਚੋਂ ਉਪਲੱਬਧ ਹੁੰਦੀ ਦਰਦ-ਨਿਵਾਰਕ 'ਕੋਮਲ' ਗੋਲੀ ਨਾਲ ਜੀਣਥੀਣ ਪ੍ਰਕਿਰਿਆ ਜੁੜੀ ਰਹਿੰਦੀ ਹੈ। ਇਉਂ ਵੀਰਵਾਰ ਚਰਾਗ ਬਾਲਣੇ, ਜੰਡ ਉੱਤੇ ਲੱਸੀ ਪਾਉਣਾ ਜਾਂ ਬੀਬੜੀਆਂ ਦੇ ਲੂਣ ਬਹੁਕਰ ਚੜ੍ਹਾਉਣਾ ਆਦਿ ਫੋਕੇ ਪਾਖੰਡ, ਵਹਿਮ-ਭਰਮ ਵੀ ਹਿੱਸੇਦਾਰ ਬਣਦੇ ਹਨ।




ਗਰੀਬੀ ਰੇਖਾ ਦੇ ਨਿਮਨ ਪੱਧਰ ਤੋਂ ਥੱਲੇ ਵਿਚਰਦੇ ਲੋਕ ਸਿਹਤ ਸਹੂਲਤਾਂ ਤੋਂ ਸੱਖਣੇ ਹਨ। ਘਰ ਵਿਚ ਬਚੀ ਇਕਲੌਤੀ ਨੂੰਹ 'ਮਾਹਣੀ' ਡਾਕਟਰ-ਨਰਸ ਅੱਗੇ ਚੀਖਦੀ ਹੈ:-"ਮੈਂ ਪਾਗਲ ਲੱਗਦੀ ਆਂ ਥੋਨੂੰ ? (ਚੀਖ ਕੇ) ਪਾਗਲ ਲੱਗਦੀ ਆ ਮੇਰੇ ਘਰ 'ਚ ਮੇਰੀਆਂ ਦੋ ਜਠਾਣੀਆਂ ਫੋੜੇ ਨਾਲ ਮਰ ਗਈਆਂ ਤੇ ਉਹ ਜ਼ਿਮੀਦਾਰਾਂ ਦਾ ਮੁੰਡਾ ਵੀ ਤੇ ਤੁਹਾਨੂੰ ਪਤਾ ਉਹ ਸੂਬੇ ਬਾਈ ਕੀ ਕੁੜੀ, ਆਹੋ.ਉਹੀ.. ਫੋੜਾ ਸੀ.. ਫੋੜਾ ਉਹਦੇ ਪਰ ਮੈਂ.. ਮੈਂ ਨੀਂ..ਮੈਂ ਨੀਂ ਢੋਣਾ ਇਹ ਗੰਦ.. ਇਹ ਨਰਕ (ਡਾਕਟਰ ਨੂੰ) ਨਹੀਂ ਢੋਣਾ.. ਇਹੀ ਗੰਦ ਵੱਢ ਦੇਣੀਆਂ ਮੈਂ ਸਾਤੀਆਂ—–ਜਿੱਥੇ ਫੋੜਾ ਉੱਗਦਾ ਵੱਢ ਦੇਣੀਆਂ ਮੈਂ ਹਾਂ—ਮੈਂ ਖਤਮ ਕਰ ਦੇਣਾ ਫੋੜਾ" (ਸਫਾ/47) ਸਮਾਜ 'ਚੋਂ ਉਗਮੇ 'ਫੋੜੇ' ਨੂੰ ਖਤਮ ਕਰਨ ਲਈ ਵੱਡੇ ਹੰਭਲੇ ਮਾਰਨ ਦੀ ਲੋੜ ਹੈ। ਮਾਂ ਮਹਿੱਟਰ ਧੀਆਂ 'ਟੀਨਾ-ਮੀਨਾ' ਦੀ ਪਰਵਰਿਸ਼ ਕਰਨੀ ਹੋਰ ਵੀ ਔਖੀ ਹੈ। ਸਾਇਕਲ-ਗੱਡਿਆਂ 'ਚ ਰੁਲਦੀ ਜ਼ਿੰਦਗੀ ਲਈ ਮਹਿੰਗੇ ਭਾਅ ਦੇ ਹਸਪਤਾਲ ਦੂਰ ਹਨ:-ਕੀ ਵਿਹੜੇ ਦਾ ਜਿਊਣਾ ਮਾਏ/ਕੀ ਵਿਹੜੇ ਦੀ ਜੂਨ ਨੀ ਮਾਏ/ਛੋਹ ਵਿਹੜੇ ਦੀ ਬੱਧੀ ਸਰਾਪਾਂ/ਕਿਹੜਾ ਲਾਵੇ ਤੋੜ ਨੀਂ ਮਾਂ (ਸਫਾ/32) ਨਾਟਕ, ਪਿੰਡ ਦੇ 'ਵਿਹੜੇ' ਵਿਚਲੇ ਬੱਚਿਆਂ/ਔਰਤਾਂ ਦੀ ਸਿਹਤ ਸੁਰੱਖਿਆ ਬਾਰੇ ਚਿੰਤਤ ਜਾਪਦਾ ਹੈ। ਮਰਦ ਦੇ ਮੁਕਾਬਲੇ ਨਾਰੀ ਦੀ ਇਕ ਦੂਜੇ ਪ੍ਰਤੀ ਸਹਾਨੁਭੂਤੀ ਜਾਤ-ਪ੍ਰਬੰਧ ਤੋਂ ਉਤਾਂਹ ਹੋ ਨਿਬੜਦੀ ਹੈ। ਪਿੰਡ ਦੀ ਬਾਗੜੀ ਔਰਤ ਜੱਸੋ ਨੂੰ ਦਿਲਾਸਾ ਦਿੰਦੀ ਕਹਿੰਦੀ ਹੈ: 'ਬੇਅਣ ਜੇ ਠੀਕ ਕੋਨੀ ਤੋ ਕਿਆਮੀ ਦੁਖੀ ਹੋਵੇ, ਉੜ ਜਾਏ ਘਰੇ। ਜੀਂਤਾ ਨੈ ਤੋ ਸਾਰੋ ਕੀ ਈ ਐ। ਦਵਾ ਪਾਣੀ ਜਾਗੇ ਪਹਿਲਾਂ, ਦਿਨਗੈ ਆਜੀਂ, ਕਠੇ ਜਾਵੇ ਈਤੋ ਖੋੜ ਪੜਿਓ ਏ। ਉੜ ਜਾਜਾਅ' (ਸਫਾ/22) ਜੱਸੋ ਬਿਮਾਰੀ ਪੀੜਤ ਹੋਣ ਬਾਵਜੂਦ ਖੇਤੀ ਕੰਮ ਕਰਨ ਨੂੰ ਤਰਜੀਹ ਦਿੰਦੀ ਹੈ। ਵਿਹੜੇ ਦੇ ਮਰਦਾਂ ਦੀ ਗੈਰ ਜ਼ਿੰਮੇਵਾਰ ਭੂਮਿਕਾ ਵੀ ਦੁੱਖ 'ਚ ਵਾਧਾ ਕਰਦੀ ਹੈ। ਨਾਟੀ ਚਾਚੇ ਦੇ ਭਤੀਜੀ ਮੀਨਾ ਨੂੰ ਬੋਲੇ ਬੋਲ 'ਪੁੱਤ, ਫੋੜਾ ਫੁੱਟੇ ਬਿਨਾਂ ਨਹੀਂ ਰਹਿੰਦਾ, ਸਾਡੀ ਕਿਸਮਤ ਹੀ ਆਹੀ ਆ' (ਸਫਾ/35) ਸਥਿਤੀਆਂ ਨੂੰ ਬਦਲਣ ਤੋਂ ਅਸਮਰੱਥ ਹਨ। ਕਿਸਮਤ ਅਤੇ ਮਿਹਨਤ ਦੇ ਫਰਕ ਨੂੰ ਸਮਝਣਾ ਲਾਜ਼ਮੀ ਹੈ। ਸਿਹਤ ਵਿਭਾਗ ਦੀ ਮਰੀਜ਼ਾਂ ਪ੍ਰਤੀ ਬੇਰੁਖੀ ਦੇ ਨਾਲ-ਨਾਲ ਨਰਮਾ ਪੱਟੀ ਵਿਚ ਕੀਟਨਾਸ਼ਕ ਦਵਾਈਆਂ ਦਾ ਛਿੜਕਾਅ, ਖਾਦ ਦੀ ਬਹੁਤਾਤ, ਜ਼ਮੀਨੀ ਪਾਣੀ ਦੇ ਡਿੱਗਦੇ ਮਿਆਰ, ਬੀੜੀ ਸੂਟੇ ਦੇ ਪ੍ਰਚਲਨ, ਸਿਹਤ-ਸਿੱਖਿਆ ਦਾ ਸਿਆਸੀਕਰਨ ਆਦਿ ਕਾਰਨਾਂ ਨੇ ਵੀ ਬਿਮਾਰੀ ਦਾ ਘੇਰਾ ਵੱਡਾ ਕੀਤਾ ਹੈ। ਬੀਤੇ ਕੁਝ ਸਮੇਂ ਤੋਂ ਸੇਮ ਦੀ ਸਮੱਸਿਆ ਨੇ ਅਬੋਹਰ-ਫਾਜ਼ਿਲਕਾ ਦੀ ਬਾਗਬਾਨੀ ਖੇਤੀ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ। ਇਸ ਖਿੱਤੇ ਦੀ ਪ੍ਰਕਿਰਤਕ ਪਛਾਣ ਵਿਚ ਜੀਵ ਸੁਰੱਖਿਆ ਸਾਂਭ-ਸੰਭਾਲ ਲਈ ਬਣੀ 'ਸੈਂਚੁਰੀ' ਦਾ ਵੀ ਯੋਗਦਾਨ ਰਿਹਾ ਹੈ। ਇਹ ਏਸ਼ੀਆ ਦੀ ਪਹਿਲੀ ਤਾਰ-ਮੁਕਤ ਸੈਂਚੁਰੀ ਹੈ, ਜੋ ਬਿਸ਼ਨੋਈ ਲੋਕਾਂ ਦੀ ਸੋਚ ਕਰਕੇ ਜੀਵਤ ਹੈ, ਪਰ ਖੇਤੀ ਦੇ ਬਦਲਦੇ ਪ੍ਰਭਾਵਾਂ ਕਰਕੇ ਜੀਵ-ਜੰਤੂਆਂ ਵਿਚ ਵੀ ਕਮੀ ਆਈ ਹੈ। ਪੂੰਜੀਪਤੀ ਆਰਥਿਕ ਨੀਤੀਆਂ ਦੀ ਵਿਕਾਸ ਰੇਖਾ ਨੇ ਮਲਵਈ ਲੋਕਾਂ ਦੀ ਸੱਭਿਆਚਾਰਕ ਰਹਿਤਲ ਨੂੰ ਵੱਡੀ ਪੱਧਰ 'ਤੇ ਬਦਲਿਆ ਹੈ। ਹਰਿਆਣੇ, ਰਾਜਸਥਾਨ ਤੋਂ ਬਿਨਾਂ ਪਾਕਿਸਤਾਨ ਨਾਲ ਲੱਗਦੀ ਹੱਦ ਵੀ ਇਸ ਦੇ ਪ੍ਰਕਿਰਤਕ ਪ੍ਰਬੰਧ ਨੂੰ ਪ੍ਰਭਾਵਿਤ ਕਰਦੀ ਹੈ। ਇਉਂ ਹਰੇਕ ਖਿੱਤੇ ਦੀ ਭੂਗੋਲਿਕ, ਜਲਵਾਯੂ ਤਬਦੀਲੀ ਕਾਰਨ ਬਣਦੀ ਜਾ ਰਹੀ ਹੈ। ਜਨ ਸਾਧਾਰਨ ਲਈ 'ਕਾਰਨਾਂ ਦੀ ਜਟਿਲਤਾ' ਨੂੰ ਸਮਝਣਾ ਹਾਲੇ ਦੂਰ ਹੈ। ਸੋਸ਼ਲ ਮੀਡੀਆ 'ਤੇ ਦਿੱਤੇ ਜਾ ਰਹੇ ਹੋਕੇ 'ਸਰਕਾਰ ਕੰਨੀਂ' ਪੈਣੇ ਬਾਕੀ ਹਨ। ਅਜਿਹੇ ਕਾਰਨਾਂ/ਪੱਖਾਂ ਨੂੰ ਨਾਟਕੀ ਮੋੜ ਦਾ ਹਿੱਸਾ ਬਣਾਇਆ ਜਾ ਸਕਦਾ ਸੀ। ਨਾਟ-ਸਿਰਜਕ ਨੇ 'ਪਰਵਾਰ ਭਾਵੁਕਤਾ' ਨੂੰ ਧਿਆਨ ਵਿਚ ਰੱਖਦਿਆਂ 'ਸਰਲੀਕ੍ਰਿਤ ਵਿਧੀ' ਨੂੰ ਅਪਨਾਇਆ ਹੈ। ਨਾਟਕੀ ਤਣਾਓ/ ਟਕਰਾਓ ਦੀ ਅਣਹੋਂਦ ਵਿਚ 'ਬਾਗੜੀ ਭਾਸ਼ਾਈ' ਨਾਟ-ਪਹੁੰਚ ਖਿੱਚ ਦਾ ਕੇਂਦਰ ਵੀ ਬਣਦੀ ਹੈ ਤੇ ਸਥਾਨਕ ਪਛਾਣ ਦਾ ਆਧਾਰ ਬਿੰਦੂ ਵੀ। ਘਟਨਾਵਾਂ ਦਾ ਦ੍ਰਿਸ਼ ਕ੍ਰਮ 'ਗੀਤ-ਸੰਗੀਤ ਬੋਲ' ਨਾਲ ਤਾਲਮੇਲ ਬਿਠਾਉਣ ਦੀ ਜ਼ੋਰ-ਅਜ਼ਮਾਈ ਕਰਦਾ ਹੈ। ਨਾਟਕ : ਲਿਖਤ ਪਾਠ ਦੇ ਨਾਲ-ਨਾਲ 'ਮੰਚ ਪਾਠ' ਵੀ ਹੁੰਦਾ ਹੈ। ਸਮਾਜਿਕ ਯਥਾਰਥ ਸੰਬੰਧੀ ਨਿਸ਼ਠਾ ਨੂੰ ਗੰਭੀਰਤਾ ਨਾਲ ਵਿਚਾਰਾਂ ਵਿਚ ਢਾਲਣ ਦੀ ਲੋੜ ਹੈ। ਕਾਰਣ-ਕਾਰਜ, ਸਿਖਰ, ਪਾਠਕ-ਦਰਸ਼ਕ ਉਤਸੁਕਤਾ ਆਦਿ ਵਾਲੇ ਪਾਸੇ ਥੋੜ੍ਹੀ ਜਿਹੀ ਮਿਹਨਤ ਦੀ ਲੋੜ ਹੈ। ਇਸ ਨਿੱਕ ਆਕਾਰੀ ਨਾਟਕ ਦੇ ਦਰਜਨ ਤੋਂ ਵੱਧ ਪਾਤਰਾਂ ਦੀਆਂ ਭਾਵਨਾਵਾਂ ਦਾ ਮੰਚ ਪ੍ਰਦਰਸ਼ਨ ਸੰਭਵ ਹੈ।

ਪਾਤਰਾਂ ਦੇ ਨਾਵਾਂ ਦੀ 'ਵਿਅੰਗਾਤਮਕ ਜੁਗਤ' ਗੌਲਣਯੋਗ। ਨਾਰੀ ਅਤੇ ਦਲਿਤ ਪ੍ਰਸੰਗ ਨਾਲ ਜੁੜੇ ਮਸਲੇ ਵਿਸ਼ੇਸ਼ ਅਧਿਐਨ ਦਾ ਹਿੱਸਾ ਹਨ। ਅਜਿਹੇ ਨਾਟਕ 'ਨੁੱਕੜ ਸ਼ੈਲੀ' 'ਚ ਢਲ ਕੇ ਵੀ 'ਲੋਕ-ਜਾਗਰੂਕ ਮੁਹਿੰਮ' ਦੀ ਕੜੀ ਬਣ ਸਕਦੇ ਹਨ। ਸਵਾਲ ਕਰ ਸਕਦੇ ਨੇ। ਜਿਵੇਂ ਦੇ ਕੇ ਛਿੱਟਾ ਜ਼ਹਿਰਾਂ ਦਾ/ਦੱਸ ਕੀਹਨੂੰ ਦੇਈਏ ਦੋਸ਼/ਛਾਤੀਆਂ ਦੇ ਵਿੱਚ ਜੰਮਦਾ ਫੋੜਾ/ਕਿਸ ਦਾ ਹੈ ਇਹ ਦੋਸ਼ ?/ ਕੀ ਕੀ ਪੀ ਕੇ ਉੱਗੀਆਂ ਨਸਲਾਂ ?/ ਜੋ ਜਾਵਣ ਉਸੇ ਰੇਲ,/ਵੇਖ ਫੋੜੇ ਦੇ ਖੇਲ/ਵੇ ਬੰਦਿਆ ਵੇਖ ਫੋੜੇ ਦੇ ਖੇਲ। ਵੇਖ ਫੋੜੇ ਦੇ ਖੇਲ। ਇਸ 'ਫੋੜੇ ਦੀ ਖੇਲ' ਨੂੰ ਫਾਜ਼ਿਲਕਾ ਜ਼ਿਲ੍ਹੇ ਦੀ ਨਵ-ਨਾਟਕਕਾਰ ਡਾ. ਸੋਨੂੰ ਅਬੋਹਰ ਨੇ ਸਮਝਣ ਦਾ ਯਤਨ ਕੀਤਾ ਹੈ। ਪੰਜਾਬੀ ਨਾਟ-ਜਗਤ ਵਿਚ ਉਸ ਦਾ ਪ੍ਰਵੇਸ਼ :- ਸਵਾਗਤਯੋਗ। ਇਸ ਨਾਟਕ ਦੇ ਮੰਚਨ ਨਾਲ ਅਗਲੇਰੇ ਸੰਵਾਦ ਦੀ ਸੰਭਾਵਨਾ ਬਣੇਗੀ।

**ਸੰਪਰਕ : 85281-00088**

# ਪੁਸਤਕ ਰੀਵਿਊ

## ਕਾਲੇ ਟਿਊਲਿਪ

(ਬਾਲ ਨਾਵਲ)
**ਅਲੈਗਜ਼ੈਂਡਰ ਡਿਊਮਾ**
**ਪੰਨੇ : 96, ਮੁੱਲ : 250 ਰੁਪਏ**
**ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ**

'ਕਾਲੇ ਟਿਊਲਿਪ' ਇੱਕ ਇਤਿਹਾਸਕ ਨਾਵਲ ਹੈ, ਜੋ ਅਲੈਗਜ਼ੈਂਡਰ ਡਿਊਮਾ ਦੁਆਰਾ ਲਿਖਿਆ ਗਿਆ ਸੀ ਅਤੇ ਪਹਿਲੀ ਵਾਰ 1850 ਵਿੱਚ ਪ੍ਰਕਾਸ਼ਿਤ ਹੋਇਆ ਸੀ। ਸੀਮਾ ਸਬਲੋਕ ਦੁਆਰਾ ਇਸ ਨਾਵਲ ਦਾ ਪੰਜਾਬੀ ਅਨੁਵਾਦ ਕੀਤਾ ਗਿਆ ਹੈ ਅਤੇ ਸੰਪਾਦਤ ਕਰਕੇ ਪ੍ਰਕਾਸ਼ਿਤ ਕਰਵਾਇਆ ਗਿਆ ਹੈ। ਇਸ ਨਾਵਲ ਦੀ ਕਹਾਣੀ ਹਾਲੈਂਡ ਸ਼ਹਿਰ ਦੀ ਰਾਜਧਾਨੀ ਹੇਗ ਤੋਂ 1672 ਵਿੱਚ ਸ਼ੁਰੂ ਹੁੰਦੀ ਹੈ ਅਤੇ ਇਹ ਕਾਰਨੇਲੀਅਸ ਦੀ ਕਹਾਣੀ ਹੈ, ਜੋ ਲੋਕਤੰਤਰ ਨੂੰ ਖਤਮ ਕਰਨ ਦੇ ਵਿਰੋਧ ਵਿੱਚ ਅੰਦੋਲਨ ਕਰ ਰਿਹਾ ਸੀ। ਉਸ ਦਾ ਭਰਾ ਜੌਹਨ ਵੀ ਪਹਿਲਾਂ ਉਸ ਦਾ ਦ੍ਰਿਸ਼ਟੀਕੋਣ ਨਹੀਂ ਸਮਝ ਪਾਉਂਦਾ ਤੇ ਟਾਈਕਲਰ ਨਾਂਅ ਦੇ ਡਾਕਟਰ ਦੀ ਸ਼ਿਕਾਇਤ 'ਤੇ ਉਹ ਗ੍ਰਿਫ਼ਤਾਰ ਕਰ ਲਿਆ ਜਾਂਦਾ ਹੈ। ਜੌਹਨ ਵੀ ਉਸ ਦੀ ਗ੍ਰਿਫ਼ਤਾਰੀ ਤੋਂ ਬਾਅਦ ਹੀ ਅਸਲ ਵਿੱਚ ਹੋ ਰਹੇ ਪੱਖਪਾਤ ਨੂੰ ਸਮਝ ਸਕਿਆ ਸੀ। ਉਹ ਆਪਣੇ ਭਰਾ ਨੂੰ ਰਿਹਾਅ ਕਰਵਾਉਣ ਲਈ ਜੇਲ੍ਹ ਪੁੱਜਦਾ ਹੈ ਅਤੇ ਜੇਲ੍ਹਰ ਦੀ ਬੇਟੀ ਰੋਜ਼ਾ ਦੀ ਮਦਦ ਨਾਲ ਕਾਲ ਕੋਠੜੀ ਵਿੱਚ ਪੁੱਜਣ 'ਤੇ ਕਾਰਨੇਲੀਅਸ ਦੀ ਮਾੜੀ ਹਾਲਤ ਕਾਰਨ ਬਹੁਤ ਦੁਖੀ ਹੁੰਦਾ ਹੈ। ਉਸ ਸਮੇਂ ਜੇਲ੍ਹ ਦੇ ਬਾਹਰ ਹੋ ਰਹੇ ਕਾਰਨੇਲੀਅਸ ਦੇ ਵਿਰੋਧ ਨੂੰ ਵੇਖ ਕੇ ਜੌਹਨ ਉਸ ਨੂੰ ਜੇਲ੍ਹ ਵਿੱਚੋਂ ਕੱਢਣਾ ਚਾਹੁੰਦਾ ਹੈ। ਇਹ ਪਤਾ ਲੱਗਣ 'ਤੇ ਕਿ ਰਾਜ ਕੁਮਾਰ ਵਿਲੀਅਮ ਅਤੇ ਡਾ. ਟਾਈਕਲਰ ਉਸ ਨੂੰ ਸਜ਼ਾ ਦੇਣ ਆ ਰਹੇ ਹਨ ਤਾਂ ਬਚਾਅ ਵਿੱਚ ਰੋਜ਼ਾ ਦੀ ਮਦਦ ਨਾਲ ਉਹ ਦੋਵੇਂ ਭਰਾ ਉਥੋਂ ਭੱਜਣ ਵਿੱਚ ਕਾਮਯਾਬ ਹੋ ਜਾਂਦੇ ਹਨ। ਭੀੜ ਉਹਨਾਂ 'ਤੇ ਦੁਬਾਰਾ ਹਮਲਾ ਕਰਕੇ ਦੋਹਾਂ ਭਰਾਵਾਂ ਨੂੰ ਮਾਰ ਦਿੰਦੀ ਹੈ। ਕਾਰਨੇਲੀਅਸ ਦਾ ਭਤੀਜਾ ਡਾ. ਬਾਰਲੇ ਮਹਿੰਗੇ ਗੁਲਾਬ ਫੁੱਲਾਂ ਦਾ ਵਪਾਰ ਕਰਦਾ ਸੀ ਅਤੇ ਉਹ ਕਾਲੇ ਟਿਊਲਿਪ ਦਾ ਉਤਪਾਦਨ ਵੀ ਸ਼ੁਰੂ ਕਰ ਚੁੱਕਾ ਸੀ। ਉਸ ਦੇ ਗੁਆਂਢੀ ਇਜ਼ਾਕ ਨੇ ਉਸ ਦੇ ਫੁੱਲਾਂ ਦੇ ਖੇਤ ਤਹਿਸ-ਨਹਿਸ ਕਰਨ ਦੇ ਯਤਨ ਕੀਤੇ, ਪਰ ਕਾਮਯਾਬ ਨਾ ਹੋ ਸਕਿਆ। ਇਸੇ ਸਾੜੇ ਵਿੱਚ ਉਸ ਨੇ ਬਾਰਲੇ ਨੂੰ ਗੈਰ-ਕਾਨੂੰਨੀ ਕਾਗ਼ਜ਼ਾਤ ਘਰ ਰੱਖਣ ਦੇ ਜੁਰਮ ਵਿੱਚ ਗ੍ਰਿਫ਼ਤਾਰ ਕਰਵਾ ਦਿੱਤਾ।




ਉਹ ਵੀ ਉਸੇ ਜੇਲ੍ਹ ਵਿੱਚ ਲਿਜਾਇਆ ਗਿਆ ਅਤੇ ਉਸ 'ਤੇ ਵੀ ਕੇਸ ਚੱਲਿਆ। ਪਤਾ ਲੱਗਾ ਕਿ ਬਾਰਲੇ ਉਹ ਕਾਲਾ ਫੁੱਲ ਉਗਾ ਸਕਦਾ ਹੈ, ਜਿਸ ਦਾ ਇਨਾਮ ਇਕ ਲੱਖ ਰੁਪਏ ਹੋਵੇਗਾ। ਰੋਜ਼ਾ ਨੇ ਉਹਨਾਂ ਫੁੱਲਾਂ ਦੀਆਂ ਕਲਮਾਂ ਨੂੰ ਲੈ ਕੇ ਆਪਣੇ ਘਰ ਬੀਜਣੀਆਂ ਚਾਹੁੰਦੀ ਸੀ, ਪਰ ਜਦੋਂ ਬਾਰਲੇ ਦੀ ਮੌਤ ਦੀ ਸਜ਼ਾ ਟਲ ਗਈ ਤਾਂ ਉਹਨਾਂ ਦੋਵਾਂ ਨੇ ਜੇਲ੍ਹ ਵਿੱਚ ਇੱਕ ਟੁੱਟੇ ਘੜੇ ਵਿੱਚ ਫੁੱਲ ਉਗਾਉਣ ਦੀ ਕੋਸ਼ਿਸ਼ ਕੀਤੀ। ਰੋਜ਼ਾ ਦੇ ਯਤਨਾਂ ਸਦਕਾ ਉਹ ਫੁੱਲ ਉਗਾਉਣ ਵਿੱਚ ਕਾਮਯਾਬ ਵੀ ਹੋ ਗਏ, ਪਰ ਇਜ਼ਾਕ ਪੌਦਾ ਚੋਰੀ ਕਰ ਲੈਂਦਾ ਹੈ। ਰੋਜ਼ਾ ਮੁਕਾਬਲੇ ਦੇ ਅਹੁਦੇਦਾਰਾਂ ਨੂੰ ਮਿਲ ਕੇ ਚੋਰੀ ਦੀ ਸ਼ਿਕਾਇਤ ਕਰਦੀ ਹੈ ਅਤੇ ਬਾਰਲੇ ਦੇ ਹੱਕ ਵਿੱਚ ਸੰਘਰਸ਼ ਕਰਦੀ ਹੈ। ਅੰਤ ਵਿੱਚ ਬਾਰਲੇ ਲਈ ਇਨਾਮ ਪ੍ਰਾਪਤ ਕਰਨ 'ਚ ਕਾਮਯਾਬ ਵੀ ਹੋ ਜਾਂਦੀ ਹੈ। ਇਸ ਢੰਗ ਨਾਲ ਇਹ ਨਾਵਲ ਉਹਨਾਂ ਦੋਹਾਂ ਪਾਤਰਾਂ ਦੇ ਸੰਘਰਸ਼ ਦੀ ਕਹਾਣੀ ਸਿੱਧ ਹੁੰਦੀ ਹੈ। ਸੀਮਾ ਸਬਲੋਕ ਦੁਆਰਾ ਅਨੁਵਾਦ ਕਾਰਜ ਬਹੁਤ ਵਧੀਆ ਢੰਗ ਨਾਲ਼ ਕੀਤਾ ਹੈ ਅਤੇ ਅਨੁਵਾਦ ਦੇ ਨਾਲ਼ ਨਾਵਲ ਦਾ ਸੰਪਾਦਨ ਵੀ ਕੀਤਾ ਹੈ।

**— ਡਾ. ਸੰਦੀਪ ਰਾਣਾ**

## ਡੋਲੂ-ਗੜਵੀ

(ਨਾਵਲ)
**ਪ੍ਰੀਤ ਪਾਠਕ**
**ਪੰਨੇ-78 (ਪੇਪਰਬੈਕ), ਮੁੱਲ-150 ਰੁਪਏ**
**ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ**

ਪ੍ਰੀਤ ਪਾਠਕ ਨਵਾਂ ਕਲਮਕਾਰ ਹੈ। ਇਹ ਪੁਸਤਕ ਨਾਵਲ ਹੈ ।ਇਸ ਤੋਂ ਪਹਿਲਾਂ ਉਸ ਦੀ ਇਕ ਕਿਤਾਬ ਛਪੀ ਹੈ, ਜਿਸ ਦੀ ਵਿਧਾ ਬਾਰੇ ਕੋਈ ਸੂਚਨਾ ਨਹੀਂ, ਪਰ ਨਾਂਅ ਦਾ ਜ਼ਿਕਰ ਹੈ 'ਆੜੀ ਜ਼ਿੰਦਗੀ ਜਿਉਣੀ ਆ।' ਇਹ ਨਾਵਲ ਨਿਰੋਲ ਪੇਂਡੂ ਮਾਹੌਲ ਵਾਲਾ ਹੈ। ਨਾਵਲ ਦੇ 12 ਕਾਂਡ ਹਨ। ਲੇਖਕ ਨੇ ਚਾਹ ਪੀਣ ਵਾਲੇ ਸੱਜਣਾਂ ਨੂੰ ਨਾਵਲ ਸਮਰਪਿਤ ਕੀਤਾ ਹੈ। ਨਾਵਲ ਤਿੰਨ ਪਿੰਡਾਂ ਦੁਆਲ਼ੇ ਘੁੰਮਦਾ ਹੈ। ਇਕ ਪਿੰਡ ਹੈ ਰੱਤਾ, ਦੂਸਰਾ ਪਿੰਡ ਖੇੜਾ ਤੇ ਤੀਸਰਾ ਹੈ ਭੈਣੀ। ਤਿੰਨੇ ਪਿੰਡ ਨੇੜੇ-ਨੇੜੇ ਹਨ। ਪਿੰਡਾਂ ਦੇ ਲੋਕਾਂ ਦਾ ਆਪਸੀ ਭਾਈਚਾਰਾ ਹੈ। ਖੇੜੇ ਪਿੰਡ ਵਿਚ ਸਰਕਾਰੀ ਡੇਅਰੀ ਹੈ। ਡੇਅਰੀ 'ਤੇ ਤਿੰਨਾਂ ਪਿੰਡਾਂ ਦੇ ਲੋਕ ਦੁੱਧ ਪਾਉਣ ਆਉਂਦੇ ਹਨ। ਇਨ੍ਹਾਂ ਵਿਚ ਨੌਜਵਾਨ ਮੁੰਡੇ, ਕੁੜੀਆਂ, ਬਜ਼ੁਰਗ, ਔਰਤਾਂ ਸਾਰੇ ਹਨ। ਕਤਾਰਾਂ ਵਿਚ ਦੁੱਧ ਦਾ ਫੈਟ ਕਢਾਇਆ ਜਾਂਦਾ ਹੈ ਤੇ ਉਸ ਦੇ ਅਨੁਸਾਰ ਅਦਾਇਗੀ ਹੁੰਦੀ ਹੈ। ਡੇਅਰੀ ਦਾ ਮਾਲਕ ਚੰਨਣ ਹੈ। ਜਵਾਨ ਦਿਲਾਂ ਦੀ ਨੇੜਤਾ ਇਸ ਡੇਅਰੀ 'ਤੇ ਹੁੰਦੀ ਹੈ। ਆਪਸੀ ਮਖੌਲਬਾਜ਼ੀ ਹੁੰਦੀ ਹੈ। ਕੁੜੀਆਂ ਵਿਚ ਨਿੰਮੋ, ਮੀਤੋ, ਜੀਤੀ, ਪੰਮੀ ਤੇ ਇਕ ਕੁੜੀ ਹੈ ਕਰਮੋ। ਇਕ ਨੌਜਵਾਨ ਹੈ ਮੱਖਣ। ਨਾਵਲ ਵਿਚ ਇਨ੍ਹਾਂ ਦੋਨਾਂ ਦਾ ਆਸ਼ਕੀ ਬਿਰਤਾਂਤ ਹੈ। ਦੋਨਾਂ ਦੀਆਂ ਅੱਖਾਂ ਚਾਰ ਹੁੰਦੀਆਂ ਹਨ ।ਵਿਆਹ ਲਈ ਤਿਆਰ ਹੋ ਜਾਂਦੇ ਹਨ ।ਮੱਖਣ ਦੀ ਮਾਂ ਬਚਨ ਕੌਰ ਵੀ ਕਦੇ-ਕਦੇ ਡੇਅਰੀ 'ਤੇ ਆਉਂਦੀ ਹੈ, ਪਰ ਉਹ ਜ਼ਬਾਨ ਦੀ ਬੜਬੋਲੀ ਹੈ। ਦੋਨਾਂ ਦੇ ਵਿਆਹ ਲਈ ਵਿਚੋਲਣ ਨਿੰਦਰ ਕੌਰ ਪੈਂਦੀ ਹੈ। ਮੁੰਡੇ-ਕੁੜੀ ਦੀ ਵੇਖਾ-ਵਿਖਾਈ ਤੱਕ ਗੱਲ ਪਹੁੰਚ ਜਾਂਦੀ ਹੈ।




ਨਾਵਲ ਸਹਿਜੇ-ਸਹਿਜੇ ਤੁਰਦਾ ਹੈ। ਪਿੰਡ ਦਾ ਸੱਭਿਆਚਾਰ ਝਲਕਦਾ ਹੈ। ਪਸ਼ੂਆ ਦੇ ਵਪਾਰੀ ਪਸ਼ੂਆਂ ਦੀ ਖਰੀਦੋ-ਫਰੋਖਤ ਲਈ ਹੋਕੇ ਦਿੰਦੇ ਹਨ। ਕਰਮੋ ਦਾ ਪਿੰਡ ਭੈਣੀ ਹੈ। ਮੱਖਣ ਰੇਤੇ ਪਿੰਡ ਦਾ ਹੈ। ਲੇਖਕ ਤਿੰਨਾਂ ਪਿੰਡਾਂ (ਰੱਤਾ, ਖੇੜਾ ਤੇ ਭੈਣੀ) ਦਾ ਜ਼ਿਕਰ ਵੱਖੋ-ਵੱਖਰੇ ਸਿਰਲੇਖ ਦੇ ਕੇ ਕਰਦਾ ਹੈ। ਵਿਚੋਲਣ ਰਿਸ਼ਤੇ ਲਈ ਮੱਖਣ ਦੇ ਘਰ ਆਉਂਦੀ ਹੈ। ਮੱਖਣ ਸੁਭਾਅ ਦਾ ਕੁਝ ਅਵੈੜਾ ਹੈ। ਨਾਵਲਕਾਰ ਪਾਤਰੀ ਸੰਵਾਦ ਰਾਹੀਂ ਕਹਾਣੀ ਤੋਰਦਾ ਹੈ। ਬੀਬੀਆਂ ਦੀ ਗੱਲਬਾਤ ਲਹਿਜਾ ਨਿਰੋਲ ਪੇਂਡੂ ਹੈ। ਉਹ ਨੂੰਹਾਂ ਦੀਆਂ ਚੁਗਲੀਆ ਕਰ-ਕਰ ਮਨ ਹੌਲਾ ਕਰਦੀਆਂ ਹਨ। ਪੜ੍ਹੀਆਂ-ਲਿਖੀਆਂ ਨੌਕਰੀ ਕਰਦੀਆਂ ਕੁੜੀਆ ਬਾਰੇ ਤੇ ਘਰੇਲੂ ਕੁੜੀਆਂ ਬਾਰੇ ਕਈ ਟਿਪਣੀਆਂ ਕਰਦੀਆਂ ਹਨ। ਰਿਸ਼ਤੇ ਕਰਨ ਵੇਲੇ ਦਾਦਕੇ, ਨਾਨਕੇ ਗੋਤਾਂ ਆਰਥਕ ਪੱਧਰ 'ਤੇ ਜ਼ਮੀਨਾਂ ਦੀ ਚਰਚਾ ਹੁੰਦੀ ਹੈ। ਮਸਲੇ ਨਿਬੇੜਨ ਲਈ ਸਰਪੰਚ ਨਾਲ ਰਾਇ ਹੁੰਦੀ ਹੈ। ਲੋਕਾਂ ਨੂੰ ਪੁਲਸ, ਕਚਹਿਰੀ ਜਾਣ ਤੋਂ ਪਿੰਡ ਦੇ ਆਗੂ ਬਚੇ ਰਹਿਣ ਦੀ ਨਸੀਹਤ ਦਿੰਦੇ ਹਨ । ਖੈਰ ! ਮੱਖਣ ਤੇ ਕਰਮੋ ਦਾ ਰਿਸ਼ਤਾ ਹੁੰਦਾ-ਹੁੰਦਾ ਰਹਿ ਜਾਂਦਾ ਹੈ, ਇਸ ਦਾ ਕਾਰਨ ਬਣਦਾ ਹੈ ਮੱਖਣ ਦੀ ਮਾਂ ਦਾ ਕੁਰੱਖਤ ਸੁਭਾਅ। ਇਹ ਦ੍ਰਿਸ਼ ਬਹੁਤ ਸਲੀਕੇ ਨਾਲ ਲੇਖਕ ਨੇ ਪੇਸ਼ ਕੀਤੇ ਹਨ। ਰਿਸ਼ਤਾ ਨਾ ਹੋਣ ਦਾ ਅਫਸੋਸ ਮੱਖਣ ਤੇ ਕਰਮੋ ਨੂੰ ਹੁੰਦਾ ਹੈ, ਪਰ ਉਹ ਕਰ ਕੁਝ ਨਹੀਂ ਸਕਦੇ। ਇਹ ਦੋਨਾਂ ਪਾਤਰਾਂ ਦੀ ਕਮਜ਼ੋਰੀ ਹੈ।

ਇਸ ਤੋਂ ਪਿਛੋਂ ਮੱਖਣ ਤੇ ਕਰਮੋ ਨੂੰ ਮਿਲਾਉਣ ਲਈ ਜਿਹੜੀ ਜੁਗਤ ਲੇਖਕ ਵਰਤਦਾ ਹੈ, ਉਹ ਹੈ ਤਾਂ ਅਜੀਬ ਜਿਹੀ। ਪਿੰਡ ਵਿਚ ਚੱਲ ਰਹੇ ਵਿਆਹ ਵਿਚ ਮੱਖਣ ਤੇ ਕਰਮੋ ਆਉਂਦੇ ਹਨ। ਬਰਾਤ ਆਈ ਹੋਈ ਹੈ, ਪਰ ਦੋਵਾਂ ਪਿੰਡਾਂ ਦੇ ਰਿਸ਼ਤੇਦਾਰਾਂ ਵਿਚਕਾਰ ਚਾਹ ਪੀਣ ਦੇ ਮੁਕਾਬਲਾ ਹੁੰਦਾ ਹੈ। ਸ਼ਰਤ ਇਹ ਰੱਖੀ ਜਾਂਦੀ ਹੈ ਕਿ ਜਿਹੜਾ ਪਿੰਡ ਚਾਹ ਮੁਕਾਬਲੇ ਵਿਚ ਹਾਰ ਜਾਵੇ, ਉਸ ਨੂੰ ਆਪਣੇ ਪਿੰਡ ਦੀ ਕੁੜੀ ਜਿੱਤਣ ਵਾਲੇ ਪਿੰਡ ਦੇ ਮੁੰਡੇ ਨਾਲ ਵਿਆਹ ਕੇ ਤੋਰਨੀ ਪਵੇਗੀ। ਚਾਹ ਪੀਣ ਦੇ ਇਸ ਮੁਕਾਬਲੇ ਨੂੰ ਮੱਖਣ ਤੇ ਕਰਮੋ ਨੀਝ ਲਾ ਕੇ ਵੇਖ ਰਹੇ ਹਨ। ਬਾਕੀ ਪਿੰਡ ਦਾ ਮਾਹੌਲ ਵੀ ਦਿਲਚਸਪ ਬਣ ਜਾਂਦਾ ਹੈ।

ਪਿੰਡ ਵਿਚ ਸੁਹਾਵਣਾ ਜਿਹਾ ਮਾਹੌਲ ਬਣਦਾ ਹੈ। ਚਾਹ ਦੇ ਗਿਲਾਸ ਭਰਦੇ ਹਨ, ਪੀਤੇ ਜਾਂਦੇ ਹਨ, ਫੇਰ ਭਰਦੇ ਹਨ, ਫੇਰ ਖਾਲੀ ਹੋ ਜਾਂਦੇ ਹਨ। ਸਸਪੈਂਸ ਵਧਦੀ ਹੈ। ਮੁਕਾਬਲਾ ਸਿਖਰ 'ਤੇ ਪਹੁੰਚਦਾ ਹੈ। ਇਹ ਸਾਰਾ ਦ੍ਰਿਸ਼ ਨਾਵਲ ਦੇ 12ਵੇਂ ਕਾਂਡ ਵਿਚ ਹੈ। ਚਾਹ ਦੇ ਵਿਸ਼ੇ 'ਤੇ ਲੰਮੀ ਕਵਿਤਾ (ਪੰਨਾ-75) ਨਾਵਲ ਵਿਚ ਕਾਵਿਕ ਰੰਗ ਭਰਦੀ ਹੈ। ਅਖੀਰ ਮੱਖਣ ਦਾ ਪਿੰਡ ਜਿੱਤ ਜਾਂਦਾ ਹੈ। ਕਰਮੋ ਮੱਖਣ ਦੀ ਹੋ ਜਾਂਦੀ ਹੈ। ਮੱਖਣ ਨੇ ਬਿੰਦੀ ਦਾ ਧੰਨਵਾਦ ਕਰਦੇ ਕਿਹਾ, 'ਭਰਾਵਾ ! ਤੇਰੇ ਕਰਕੇ ਸਾਡੀ ਜੋੜੀ ਬਣ ਗਈ ਆ । ਸਾਰੀ ਉਮਰ ਤੇਰਾ ਅਹਿਸਾਨ ਯਾਦ ਰੱਖਾਂਗਾ।' (ਪੰਨਾ-76) ਨਾਵਲ ਦੀ ਕਹਾਣੀ ਦਿਲਚਸਪ ਹੈ । ਪਾਤਰਾਂ ਦੇ ਸੰਵਾਦ ਹਨ, ਪਰ ਕਾਲ ਦੋਸ਼ ਖਟਕਦਾ ਹੈ। ਇਕ ਪੈਰ੍ਹੇ ਵਿਚ ਤਾਂ ਵਰਤਮਾਨ, ਭਵਿੱਖ ਤੇ ਭੂਤ ਕਾਲ ਵਾਕ ਨਾਲੋ-ਨਾਲ ਹਨ । ਨਾਵਲ ਦਾ ਸਿਰਲੇਖ ਸਾਧਾਰਨ ਹੈ, ਹੋਰ ਵੀ ਢੁਕਵਾਂ ਰੱਖਿਆ ਜਾ ਸਕਦਾ ਸੀ, ਜਿਸ ਵਿਚ ਰੁਮਾਂਸ ਦੀ ਮਹਿਕ ਹੁੰਦੀ। ਖੈਰ! ਲੇਖਕ ਸਮਕਾਲੀ ਨਾਵਲ ਪੜ੍ਹੇ, ਖਾਸ ਤੌਰ 'ਤੇ ਨਾਵਲ ਪਿਤਾਮਾ ਨਾਨਕ ਸਿੰਘ ਦੇ ਨਾਵਲਾਂ ਦਾ ਜ਼ਰੂਰ ਅਧਿਐਨ ਕਰੇ ਤਾਂ ਨਾਵਲਕਾਰੀ ਵਿਚ ਨਿਖਾਰ ਲਿਆ ਕੇ ਹੋਰ ਚੰਗੇ ਨਾਵਲ ਦੇ ਸਕਦਾ ਹੈ। ਲੇਖਕ ਦਾ ਮੁਢਲਾ ਯਤਨ ਹੈ, ਫਿਰ ਵੀ ਛੋਟਾ ਜਿਹਾ ਨਾਵਲ ਪਾਠਕ ਦੇ ਜ਼ਿਹਨ ਵਿਚ ਥਾਂ ਬਣਾਉਣ ਵਿਚ ਸਫ਼ਲ ਹੈ।

**— ਪ੍ਰਿੰਸੀਪਲ ਗੁਰਮੀਤ ਸਿੰਘ ਫਾਜ਼ਿਲਕਾ**

## ਡਾ. ਸੁਖਪਾਲ ਸਿੰਘ ਥਿੰਦ ਹੋਏ ਸੇਵਾਮੁਕਤ



**ਜਲੰਧਰ** : ਪੰਜਾਬੀ ਅਕਾਦਮਿਕ ਖੇਤਰ ਅਤੇ ਸਾਹਿਤ ਸਿਰਜਣਾ ਦੇ ਖੇਤਰ ਵਿਚ ਨਾਮਣਾ ਖੱਟਣ ਵਾਲੇ ਡਾ. ਸੁਖਪਾਲ ਸਿੰਘ ਥਿੰਦ ਡਾ. ਬੀ.ਆਰ. ਅੰਬੇਡਕਰ ਸਰਕਾਰੀ ਕਾਲਜ, ਬੂਟਾ ਮੰਡੀ ਤੋਂ ਸੇਵਾਮੁਕਤ ਹੋ ਗਏ ਹਨ।ਮੱਧਵਰਗੀ ਪਰਿਵਾਰ ਵਿਚ ਪਿਤਾ ਕਰਤਾਰ ਸਿੰਘ ਥਿੰਦ (ਨਹਿਰੀ ਪਟਵਾਰੀ) ਦੇ ਘਰ 20 ਅਪ੍ਰੈਲ, 1967 ਨੂੰ ਪਿੰਡ ਬੂਲਪੁਰ ਵਿਚ ਜਨਮ ਲੈ ਕੇ ਕੁੱਲ 35 ਸਾਲ ਸਿੱਖਿਆ ਦੇ ਖੇਤਰ ਵਿੱਚ ਨੌਕਰੀ ਕੀਤੀ ਹੈ, ਜਿਸ ਵਿੱਚੋਂ 27 ਸਾਲ ਤੋਂ ਉੱਪਰ ਸਰਕਾਰੀ ਕਾਲਜਾਂ ਵਿੱਚ ਅਧਿਆਪਨ ਦਾ ਕਾਰਜ ਕੀਤਾ ਹੈ।

## 'ਨਲਵਾ ਜਰਨੈਲ ਬਾਝੋਂ' ਨਾਵਲ ਲੋਕ ਅਰਪਣ

**ਮੋਗਾ** : ਲੋਕ ਸਾਹਿਤ ਅਕਾਦਮੀ (ਰਜਿ.) ਮੋਗਾ ਵੱਲੋਂ ਮਹਾਰਾਜਾ ਰਣਜੀਤ ਸਿੰਘ ਦੇ ਜਰਨੈਲ ਸ. ਹਰੀ ਸਿੰਘ ਨਲਵਾ ਦੀ ਬਰਸੀ 'ਤੇ ਫਰੀਡਮ ਫਾਈਟਰ ਭਵਨ ਮੋਗਾ ਵਿਖੇ ਬਲਦੇਵ ਸਿੰਘ ਸੜਕਨਾਮਾ ਦਾ ਨਵਾਂ ਨਾਵਲ 'ਨਲਵਾ ਜਰਨੈਲ ਬਾਝੋਂ' ਲੋਕ ਅਰਪਣ ਕੀਤਾ ਗਿਆ। ਇਸ ਮੌਕੇ ਡਾ. ਸੁਰਜੀਤ ਬਰਾੜ ਨੇ ਕਿਹਾ ਕਿ ਹਰੀ ਸਿੰਘ ਨਲਵਾ ਜਰਨੈਲਾਂ ਦਾ ਜਰਨੈਲ ਸੀ, ਜਿਸ ਨੇ ਆਪਣੇ ਜੀਂਦੇ ਜੀਅ ਖ਼ਾਲਸਾ ਰਾਜ ਦੀਆਂ ਹੱਦਾਂ ਅੰਦਰ ਵੈਰੀਆਂ ਨੂੰ ਖੰਘਣ ਨਹੀਂ ਦਿੱਤਾ। ਵਿਸ਼ਵ ਦੇ ਇਤਿਹਾਸਕਾਰਾਂ ਨੇ ਮੰਨਿਆ ਹੈ ਕਿ ਹਰੀ ਸਿੰਘ ਨਲਵਾ ਵਿਸ਼ਵ ਦੇ ਜਰਨੈਲਾਂ ਵਿੱਚੋਂ ਬੇਹਤਰੀਨ ਤੇ ਸਿਰਮੌਰ ਸੀ। ਬਲਦੇਵ ਸਿੰਘ ਨੇ ਇਸ ਮਹਾਨ ਜਰਨੈਲ ਉਪਰ ਨਾਵਲ ਲਿਖ ਕੇ ਸ਼ਲਾਘਾਯੋਗ ਕਾਰਜ ਕੀਤਾ ਹੈ। ਸਾਡੀ ਨੌਜਵਾਨ ਪੀੜ੍ਹੀ ਨੂੰ ਇਹ ਨਾਵਲ ਜ਼ਰੂਰ ਪੜ੍ਹਨਾ ਚਾਹੀਦਾ ਹੈ ਤਾਂ ਕਿ ਉਹ ਸਿੱਖ ਇਤਿਹਾਸ ਦੇ ਮਹਾਨ ਯੋਧਿਆਂ ਬਾਰੇ ਜਾਣ ਸਕਣ ਤੇ ਉਹਨਾਂ ਦੇ ਜੀਵਨ ਤੋਂ ਪ੍ਰੇਰਨਾ ਲੈ ਸਕਣ। ਗੁਰਚਰਨ ਸਿੰਘ ਸੰਘਾ ਅਤੇ ਚਰਨਜੀਤ ਸਮਾਲਸਰ ਨੇ ਵੀ ਆਪਣੇ ਵਿਚਾਰ ਪਰਗਟ ਕੀਤੇ। ਕੈਨੇਡਾ ਤੋਂ ਆਏ ਗੁਰਦਰਸ਼ਨ ਸਿੰਘ ਸੰਧੂ ਅਤੇ ਮੱਖਣਜੀਤ ਕੌਰ ਹੁਰਾਂ ਵੀ ਹਰੀ ਸਿੰਘ ਨਲਵਾ ਦੀ ਬਰਸੀ ਮੌਕੇ ਰਿਲੀਜ਼ ਇਸ ਨਾਵਲ ਲਈ ਸ਼ੁੱਭ ਕਾਮਨਾਵਾਂ ਅਤੇ ਮੁਬਾਰਕਾਂ ਦਿੱਤੀਆਂ। ਬਲਦੇਵ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਜਲਦੀ ਹੀ ਨਾਵਲ ਉਪਰ ਬਰਨਾਲਾ ਵਿਖੇ ਗੋਸ਼ਟੀ ਕਰਵਾਈ ਜਾਵੇਗੀ।

## ਪੰਜਾਬੀ ਸਾਹਿਤ ਸਭਾ ਕੈਲਗਰੀ (ਰਜਿ.) ਵੱਲੋਂ ਸਮਾਗਮ

**ਕੈਲਗਰੀ**-ਪੰਜਾਬੀ ਸਾਹਿਤ ਸਭਾ ਕੈਲਗਰੀ ਦੀ ਇਕੱਤਰਤਾ ਕੋਸੋ ਹਾਲ ਵਿਚ ਸਭਾ ਦੀ ਪ੍ਰਧਾਨ ਸੁਰਿੰਦਰ ਗੀਤ ਦੀ ਪ੍ਰਧਾਨਗੀ ਵਿਚ ਹੋਈ। ਆਰੰਭ ਵਿਚ ਪੰਜਾਬੀ ਸਭਾ ਦੇ ਸੀਨੀਅਰ ਮੀਤ ਪ੍ਰਧਾਨ ਜਰਨੈਲ ਸਿੰਘ ਤੱਗੜ ਹੁਰਾਂ ਵਿਛੋੜਾ ਦੇ ਗਏ ਕੇਸਰ ਸਿੰਘ ਨੀਰ ਅਤੇ ਨਦੀਮ ਪਰਮਾਰ ਨੂੰ ਯਾਦ ਕੀਤਾ। ਸੁਖਮੰਦਰ ਸਿੰਘ ਗਿੱਲ ਨੇ ਆਪਣੀ ਸੁਰੀਲੀ ਆਵਾਜ਼ ਵਿਚ ਇਕ ਗੀਤ ਗਾ ਕੇ ਰੌਣਕ ਲਾਈ। ਗੁਰਰਾਜ ਸਿੰਘ ਵਿਰਕ ਨੇ ਆਪਣੀਆਂ ਬਚਪਨ ਦੀਆਂ ਯਾਦਾਂ 'ਚੋਂ 'ਫਿਰੋਜੀ ਰੰਗ ਦਾ ਪਿੰਨ' ਕਵਿਤਾ ਸੁਣਾਈ। ਜੀਰ ਸਿੰਘ ਬਰਾੜ, ਸੁਰਿੰਦਰ ਸਿੰਘ ਢਿੱਲੋਂ, ਜਗਤਾਰ ਬਰਾੜ, ਡਾ. ਮਨਮੋਹਨ ਸਿੰਘ ਬਾਠ, ਪਰਮਜੀਤ ਭੰਗੂ, ਡਾ. ਰਾਜਵੰਤ ਕੌਰ ਮਾਨ, ਮਨਜੀਤ ਬਰਾੜ, ਲਖਵਿੰਦਰ ਸਿੰਘ, ਸਰਦੂਲ ਸਿੰਘ ਲੱਖਾ, ਦੀਪ ਬਰਾੜ ਆਦਿ ਲੇਖਕਾਂ ਨੇ ਆਪਣੀਆਂ ਕਵਿਤਾਵਾਂ, ਗੀਤ, ਗਜ਼ਲਾਂ ਅਤੇ ਕਹਾਣੀਆਂ ਸੁਣਾ ਕੇ ਖੂਬ ਰੰਗ ਬੰਨ੍ਹਿਆ। ਅੰਤ ਵਿਚ ਸੁਰਿੰਦਰ ਗੀਤ ਨੇ ਹਾਜ਼ਰੀਨ ਦਾ ਧੰਨਵਾਦ ਕੀਤਾ ਅਤੇ ਆਪਣੀਆਂ ਦੋ ਕਵਿਤਾਵਾਂ ਸਰੋਤਿਆਂ ਨਾਲ ਸਾਂਝੀਆਂ ਕੀਤੀਆਂ। ਉਸ ਨੇ ਕਿਹਾ ਕਿ ਜਿਹੜੀ ਰਚਨਾ ਮਨੁੱਖਤਾ ਦੀ ਗੱਲ ਕਰਦੀ ਹੈ, ਮਨੁੱਖਤਾ ਦੇ ਦੁੱਖਾਂ-ਦਰਦਾਂ ਦੀ ਬਾਤ ਪਾਉਂਦੀ ਹੈ, ਉਹ ਹੀ ਰਚਨਾ ਸਾਹਿਤ ਵਿਚ ਮਕਬੂਲ ਹੁੰਦੀ ਹੈ। ਮੰਚ ਸੰਚਾਲਨ ਦਾ ਕੰਮ ਜਰਨੈਲ ਸਿੰਘ ਤੱਗੜ ਹੁਰਾਂ ਨੇ ਬਾਖੂਬੀ ਨਿਭਾਇਆ।



# ਸਮਕਾਲ

## ਮੰਤਵ : ਸਾਹਿਤ ਦਾ ਅਸਲ ਮੰਤਵ ਦੱਸਣ ਵਾਲਾ ਨਵਾਂ ਪਰਚਾ

'ਮੰਤਵ' (ਮਈ-ਅਗਸਤ, 2025) ਪੰਜਾਬੀ ਸਾਹਿਤਕ ਪੱਤਰਕਾਰੀ ਦੀ ਫੁਲਵਾੜੀ ਦਾ ਨਵਾਂ ਪਰਚਾ ਹੈ। ਜਿਸ ਦੀਆਂ ਜੜ੍ਹਾਂ ਅਨੁਭਵੀ ਸੰਪਾਦਕ ਤੇ ਸ਼ਾਇਰ ਵਿਸ਼ਾਲ ਨੇ ਸਾਹਿਤਕ ਫੁਲਵਾੜੀ ਦੇ ਵਿਹੜੇ ਲਾਈਆਂ ਹਨ। ਸੰਪਾਦਕੀ 'ਚ ਨਾਰੀ, ਸਿੱਖਿਆ ਤੇ ਸਾਹਿਤ ਦੇ ਮਸਲੇ ਤੇ ਗੱਲ ਕਰਦਿਆਂ ਸੰਪਾਦਕ ਨੇ ਆਪਣੇ 'ਮੰਤਵ' ਦੀ ਨਿਸ਼ਾਨਦੇਹੀ ਕੀਤੀ ਹੈ। ਵਿਸ਼ਾਲ ਦਾ ਪਰਚੇ ਸ਼ੁਰੂ ਕਰਨ ਦਾ ਕਿਹੜਾ ਮੰਤਵ ਹੈ? ਇਹ ਪਰਚੇ ਦੇ ਮੈਟਰ ਨੂੰ ਵਾਚ ਕੇ ਅੰਦਾਜ਼ਾ ਲੱਗ ਜਾਂਦਾ ਹੈ। ਸ਼ਾਇਰੀ ਵਿੱਚ ਅੰਗੜਾਈ ਲੈ ਰਹੀ ਸ਼ਾਇਰਾ ਜਸਜੀਤ ਸ਼ੋਭਾ ਨੂੰ ਉਸ ਬਾਰੇ ਲਿਖਤ, ਉਸ ਦੀ ਮੁਲਾਕਾਤ ਤੇ ਕਵਿਤਾਵਾਂ ਰਾਹੀ ਪਾਠਕ ਸਮਝ ਸਕਦੇ ਹਨ। ਮਨਮੋਹਨ, ਬਿਪਨਪ੍ਰੀਤ, ਜਸਵੰਤ ਜ਼ਫ਼ਰ, ਵਰਿੰਦਰ ਪਰਿਹਾਰ, ਸਿਮ੍ਰਿਤੀ,ਮਨਦੀਪ ਔਲਖ, ਗਗਨ ਮੀਤ, ਸਤਬੀਰ, ਸ਼ੇਖਰ, ਸੰਦੀਪ ਜਸਵਾਲ, ਈਛਾ ਨਾਰੰਗ, ਸੁਰਜੀਤ ਆਦਿ ਦੀਆਂ ਕਵਿਤਾਵਾਂ ਪੜ੍ਹਦਿਆਂ ਨਵੀਂ ਲਿਖੀ ਜਾ ਰਹੀ ਕਵਿਤਾ ਦੀ ਸਮਝ ਆਉਂਦੀ ਹੈ। ਕ੍ਰਿਸ਼ਣ ਦਵੇ, ਸੰਜੂ ਵਾਲਾ, ਯਗਨੇਸ਼ ਦਵੇ, ਸੁਰਿੰਦਰ ਕੜਿਆ ਦੀਆਂ ਗੁਜਰਾਤੀ ਕਵਿਤਾਵਾਂ ਪੜ੍ਹਾਉਣ ਲਈ ਇਨ੍ਹਾਂ ਦੇ ਅਨੁਵਾਦਕ ਤਰਸੇਮ ਨੂੰ ਵਧਾਈ ਦੇਣੀ ਬਣਦੀ ਹੈ। ਅਮਰਜੀਤ ਕੌਂਕੇ ਨੇ ਸਾਹਿਤ ਅਕੈਡਮੀ ਇਨਾਮ ਜੇਤੂ ਗਗਨ ਗਿੱਲ ਤੇ ਗਿਆਨਪੀਠ ਪੁਰਸਕਾਰ ਜੇਤੂ ਵਿਨੋਦ ਕੁਮਾਰ ਸ਼ੁਕਲ ਦੀਆਂ ਮਿਆਰੀ ਕਵਿਤਾਵਾਂ ਦਾ ਅਨੁਵਾਦ ਕੀਤਾ ਹੈ। ਜਤਿੰਦਰ ਔਲਖ ਨੇ ਮਨੁੱਖੀ ਰਿਸ਼ਤਿਆਂ ਨੂੰ ਪੇਸ਼ ਕਰਦੀਆਂ ਚੀਨੀ ਜ਼ੇਨ ਕਵਿਤਾਵਾਂ ਦਾ ਅਨੁਵਾਦ ਪਾਠਕਾਂ ਨੂੰ ਪੜ੍ਹਨ ਲਈ ਦਿੱਤਾ ਹੈ। ਪ੍ਰਬੁੱਧ ਚਿੰਤਕ ਅਮਰਜੀਤ ਗਰੇਵਾਲ ਨੇ ਅਮਿਤੋਜ ਤੇ ਸੁਰਜੀਤ ਪਾਤਰ ਦੀਆਂ ਕਵਿਤਾਵਾਂ ਨੂੰ ਸਮਝਣ ਤੇ ਸਮਝਾਉਣ ਦੀ ਕੋਸ਼ਿਸ ਕੀਤੀ ਹੈ। ਪਰਵਾਸ ਦੇ ਰੁਝਾਨ ਬਾਰੇ ਗੁਰਪ੍ਰੀਤ ਧੁੱਗਾ ਦੀ ਲਿਖਤ ਵੀ ਪੜ੍ਹੀ ਜਾਣ ਵਾਲੀ ਹੈ। ਪ੍ਰੋ. ਸੁਰਜੀਤ ਸਿੰਘ ਨੇ ਸੰਤ ਰਾਮ ਸਿੰਗਲਾ ਦੇ ਅਨੇਕਾਂ ਪੱਖਾਂ ਨੂੰ ਉਭਾਰਨ ਵਾਲਾ ਸੋਹਣਾ ਸ਼ਬਦ ਚਿੱਤਰ ਲਿਖਿਆ ਹੈ। ਅਗਲੇ ਪੰਨਿਆਂ ਉੱਤੇ ਗੁਰਚਰਨ ਸੱਗੂ (ਸਾਮ ਸਿੰਘ ਦੀ ਵਾਪਸੀ), ਗੁਰਭੇਜ ਸਿੰਘ ਚੌਹਾਨ (ਘੁਗਿਆਣੇ ਵਾਲਾ ਨਿੰਦਰ) ਚੰਗੀਆਂ ਲਿਖਤਾਂ ਹਨ। ਸੁਖਪਾਲ ਦੀ ਕਵਿਤਾ ਦਾ ਵਿਸ਼ਲੇਸ਼ਣ ਡਾ ਯੋਗ ਰਾਜ ਨੇ ਨਿੱਠ ਕੇ ਕੀਤਾ ਹੈ। ਪ੍ਰਵੀਨ ਪੁਰੀ ਦਾ ਆਰਟੀਫੀਸ਼ੀਅਲ ਇੰਟੈਲੀਜੈਂਸ ਪੱਤਰਕਾਰਤਾ ਬਾਰੇ ਤੇ ਆਸਾ ਸਿੰਘ ਘੁੰਮਣ ਦਾ ਚੈਖੋਵ ਬਾਰੇ ਖੋਜ ਭਰਪੂਰ ਲਿਖਤਾਂ ਹਨ। ਅੰਬਰੀਸ (ਮੀਂਹ), ਜਗਦੀਸ਼ ਸਚਦੇਵਾ (ਬੇਰੰਗੀ ਛਾਂ), ਬਲਵੀਰ ਕੌਰ ਗੀਹਲ (ਮਟਰਮਾਲਾ), ਰਾਜੀਵ ਸੇਠ (ਮਜ਼ਮਾ), ਆਸਕਰ ਵਾਈਲਡ (ਕਰੋੜਪਤੀ ਮਾਡਲ, ਅਨੁ. ਕੰਵਲਜੀਤ ਭੁੱਲਰ) ਲਿਪੀ ਫੁਕਨ (ਨੈਸ਼ਨਲ ਹੈਂਡਲੂਮ, ਅਨੁ.ਮਿਸਰਦੀਪ ਭਾਟੀਆ), ਵਿਕੇਸ਼ ਨਿਝਾਵਨ (ਗੱਠੜੀ, ਅਨੁ. ਗੁਰਮਾਨ ਸੈਣੀ), ਰਸਕਿਨ ਬੌਂਡ (ਸੁਰੰਗ, ਅਨੁ. ਸੁਭ ਕਿਰਨ), ਫ਼ਿਓਦੋਰ ਦੋਸਤੋਵਸਕੀ (ਸ਼੍ਰੋਮਣੀ ਨਿਆਂਕਾਰ, ਅਨੁ.ਜਸਪ੍ਰੀਤ ਸਿੰਘ ਜਗਰਾਓਂ), ਮਨੋਜ ਪ੍ਰੀਤ (ਤੀਜੇ ਪਹਿਰ ਦਾ ਦਰਦ, ਅਨੁ.ਤੇਜਿੰਦਰ ਚੰਡਿਹੋਕ) ਆਦਿ ਪੰਜਾਬੀ, ਹਿੰਦੀ, ਅਸਾਮੀ, ਰੂਸੀ, ਅੰਗਰੇਜ਼ੀ ਕਹਾਣੀਆਂ ਮਿਆਰੀ ਹਨ। ਚੋਣ 'ਚ ਸੰਪਾਦਕੀ ਸੂਝ ਝਲਕਦੀ ਹੈ। ਮੀਨਾ ਕੁਮਾਰੀ ਦੀ ਡਾਇਰੀ 'ਤੇ ਛਾਪੀ ਸਮੱਗਰੀ ਕਿਤਾਬ ਵੱਲ ਪਾਠਕ ਨੂੰ ਪ੍ਰੇਰਦੀ ਹੈ। ਡਲਹੌਜੀ ਕਹਾਣੀ ਗੋਸ਼ਟੀ (ਦੀਪ ਜਗਦੀਪ ਸਿੰਘ) ਜੇਕਰ ਪੂਰੀ ਛਪ ਜਾਂਦੀ ਤਾਂ ਇਹ ਦਸਤਾਵੇਜ਼ ਬਣ ਜਾਣੀ ਸੀ। ਉਮੀਦ ਹੈ ਵਿਸ਼ਾਲ ਦਾ 'ਮੰਤਵ' ਸਾਹਿਤਕ ਪੱਤਰਕਾਰੀ 'ਚ ਨਿੱਗਰ ਪੈੜਾ ਪਏਗਾ।



ਪਰਚੇ ਦੇ ਪੰਨੇ : 160, ਮੁੱਲ : 150 ਰੁਪਏ, , ਪਤਾ : ਵਿਸ਼ਾਲ, ਡਾਕ. ਬਿਆਸ, ਅੰਮ੍ਰਿਤਸਰ-143201, ਮੁਬਾਇਲ : 99884-23237

ਪਰਚੇ ਦੇ ਮੁੱਖ : ਸੰਪਾਦਕ ਵਿਸ਼ਾਲ ਤੇ ਸੰਪਾਦਕ : ਕੰਵਲਜੀਤ ਭੁੱਲਰ ਹਨ।

## ਕਹਾਣੀ ਧਾਰਾ ਦਾ ਅੰਕ ਰਿਲੀਜ਼



**ਮੋਹਾਲੀ**-ਭਾਸ਼ਾ ਵਿਭਾਗ ਦੇ ਦਫ਼ਤਰ 'ਕਹਾਣੀ ਧਾਰਾ' ਦਾ ਅੰਕ ਲੋਕ ਅਰਪਣ ਕੀਤਾ ਗਿਆ।ਇਸ ਸਮਾਗਮ ਵਿਚ ਡਾ. ਮਨਮੋਹਨ, ਬਲੀਜੀਤ, ਗੁਲ ਚੌਹਾਨ, ਦੀਪਤੀ ਬਬੂਟਾ, ਸੁਰਜੀਤ ਸੁਮਨ, ਡਾ. ਪ੍ਰਵੀਨ ਕੁਮਾਰ, ਗੁਰਦੇਵ ਚੌਹਾਨ, ਭੁਪਿੰਦਰ ਸਿੰਘ ਮਾਨ, ਜਗਦੀਪ ਸਿੱਧੂ, ਅਮਰਜੀਤ ਮਾਨ, ਡਾ. ਤੇਜਿੰਦਰ ਸਿੰਘ ਆਦਿ ਨੇ ਸ਼ਿਰਕਤ ਕੀਤੀ। ਪਰਚੇ ਦੇ ਸੰਪਾਦਕ ਭਗਵੰਤ ਰਸੂਲਪੁਰੀ ਨੇ ਕਿਹਾ ਕਿ ਇਸ ਵਾਰ ਦੇ ਅੰਕ ਵਿਚ ਸੰਪਾਦਕੀ 'ਡਿੱਗ ਪਿਆ ਕਹਾਣੀ ਦਾ ਥੰਮ੍ਹ : ਪ੍ਰੇਮ ਪ੍ਰਕਾਸ਼' ਹੈ। ਉਨ੍ਹਾਂ ਅੱਗੇ ਦੱਸਿਆ ਕਿ ਇਸ ਵਾਰ ਗੋਸ਼ਟੀ 'ਚ 'ਪੰਜਾਬੀ ਦਲਿਤ ਸਾਹਿਤ : ਚੇਤਨਾ ਤੇ ਚਿੰਤਨ' ਵਿਸ਼ੇ 'ਤੇ ਕੇਂਦਰਤ ਹੈ। ਬਲੀਜੀਤ ਹੁਰਾਂ ਨੇ ਆਪਣੀ ਗੱਲ ਕਰਦਿਆਂ ਕਿਹਾ ਕਿ 'ਕਹਾਣੀ ਧਾਰਾ' ਨੇ ਕਹਾਣੀ ਦਾ ਵੱਡਾ ਪਾਠਕ ਵਰਗ ਪੈਦਾ ਕੀਤਾ ਹੈ ਅਤੇ ਇਸ ਦੀ ਉਡੀਕ ਰਹਿੰਦੀ ਹੈ। ਗੁਲ ਚੌਹਾਨ ਹੁਰਾਂ ਨੇ ਪਰਚੇ ਦੇ ਮਿਆਰ ਅਤੇ ਨਿਰੰਤਰਤਾ ਦੀ ਸ਼ਲਾਘਾ ਕੀਤੀ। ਦੀਪਤੀ ਬਬੂਟਾ ਨੇ ਕਿਹਾ ਕਿ ਇਸ ਪਰਚੇ ਵਿਚ ਛਪਣਾ ਹਾਸਿਲ ਲੱਗਦਾ ਹੈ।ਪਰਵਾਸੀ ਲੇਖਕ ਗੁਰਦੇਵ ਚੌਹਾਨ ਨੇ ਕਿਹਾ ਕਿ ਅੱਜ ਦੇ ਸਮੇਂ ਵਿਚ ਪਰਚਾ ਕੱਢਣਾ ਮੁਸ਼ਕਲ ਹੈ। ਸ਼ਾਇਰ ਜਗਦੀਪ ਸਿੱਧੂ ਨੇ ਕਿਹਾ ਕਿ ਸੰਪਾਦਕ ਦਾ ਸਿਰੜ ਕਮਾਲ ਹੈ, ਜੋ ਅੱਜ ਦੇ ਸਮਿਆਂ ਵਿਚ ਇਸ ਤਰ੍ਹਾਂ ਦਾ ਉਪਰਾਲਾ ਕਰ ਰਹੇ ਹਨ। ਲੇਖਕ ਸੁਰਜੀਤ ਸੁਮਨ ਨੇ ਪਰਚੇ ਮੈਟਰ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ।ਉੱਘੇ ਆਲੋਚਕ ਡਾ. ਪ੍ਰਵੀਨ ਕੁਮਾਰ ਨੇ ਕਿਹਾ ਕਿ ਅਕਾਦਮਿਕਤਾ ਵਿਚ ਵੀ ਕਹਾਣੀ ਬਾਰੇ ਕੋਈ ਨੁਕਤਾ ਦੇਖਣ ਲਈ 'ਕਹਾਣੀ ਧਾਰਾ' ਨੂੰ ਵੀ ਤਰਜੀਹ ਦਿੱਤੀ ਜਾਂਦੀ ਹੈ। ਅਮਰਜੀਤ ਸਿੰਘ ਮਾਨ ਨੇ ਕਿਹਾ ਕਿ ਇਹ ਪਰਚਾ ਉੱਭਰਦੇ ਕਹਾਣੀਕਾਰਾਂ ਲਈ ਵੀ ਵੱਡਾ ਪਲੇਟਫਾਰਮ ਹੈ। ਭੁਪਿੰਦਰ ਸਿੰਘ ਮਾਨ ਨੇ ਆਪਣੀ ਗੱਲ ਕਰਦੇ ਹੋਏ ਕਿਹਾ ਕਿ ਉਸ ਦੀਆਂ ਜ਼ਿਆਦਾਤਰ ਕਹਾਣੀਆਂ 'ਕਹਾਣੀ ਧਾਰਾ' ਵਿਚ ਹੀ ਛਪੀਆਂ ਹਨ।

## 'ਹੱਕ-ਸੱਚ ਦਾ ਸੰਗਰਾਮ' ਲੋਕ ਅਰਪਣ ਅਤੇ ਲਾਲ ਸਿੰਘ ਢਿੱਲੋਂ ਦਾ ਸਨਮਾਨ

**ਮੋਗਾ** : ਮੁਲਾਜ਼ਮ ਲਹਿਰ ਦੇ ਬਹੁਤ ਹੀ ਪ੍ਰਸਿੱਧ ਆਗੂ ਲਾਲ ਸਿੰਘ ਢਿੱਲੋਂ ਵੱਲੋਂ ਲਿਖੀ ਹੋਈ ਸਵੈਜੀਵਨੀ 'ਹੱਕ ਸੱਚ ਦਾ ਸੰਗਰਾਮ' ਲੋਕ ਅਰਪਣ ਕਰਨ ਤੇ ਉਸ ਉੱਪਰ ਵਿਚਾਰ ਚਰਚਾ ਕਰਨ ਲਈ ਵਿਸ਼ਾਲ ਸਾਹਿਤਕ ਸਮਾਗਮ ਕਰਵਾਇਆ ਗਿਆ। ਮਹਿੰਦਰ ਸਾਥੀ ਯਾਦਗਾਰੀ ਮੰਚ ਵੱਲੋਂ ਕਰਵਾਏ ਇਸ ਸਮਾਗਮ 'ਚ 'ਸਿਰਜਣਾ' ਮੈਗਜ਼ੀਨ ਦੇ ਸੰਪਾਦਕ ਰਘਬੀਰ ਸਿੰਘ ਸਿਰਜਣਾ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਖੇਡ ਲੇਖਕ ਸਰਵਣ ਸਿੰਘ, ਵਿਅੰਗਕਾਰ ਕੇ ਐੱਲ ਗਰਗ, ਪ੍ਰਗਤੀਸ਼ੀਲ ਲੇਖਕ ਸੰਘ ਪੰਜਾਬ ਦੇ ਪ੍ਰਧਾਨ ਸੁਰਜੀਤ ਜੱਜ, ਪ੍ਰਿੰਸੀਪਲ ਗੁਰੂ ਨਾਨਕ ਕਾਲਜ ਮੋਗਾ ਸ੍ਰੀਮਤੀ ਜਤਿੰਦਰ ਕੌਰ, ਪ੍ਰਸਿੱਧ ਕਵਿਤਰੀ ਸੁਰਜੀਤ ਕੌਰ ਟੋਰਾਂਟੋ (ਕੈਨੇਡਾ) ਅਤੇ ਪ੍ਰਸਿੱਧ ਚਿੰਤਕ ਡਾਕਟਰ ਸੁਖਦੇਵ ਸਿੰਘ ਸਿਰਸਾ ਪ੍ਰਧਾਨਗੀ ਮੰਡਲ ਵਿੱਚ ਸ਼ਾਮਲ ਹੋਏ। ਪੁਸਤਕ ਲੋਕ ਅਰਪਣ ਕਰਨ ਦੀ ਰਸਮ ਪ੍ਰਧਾਨਗੀ ਮੰਡਲ, ਲਾਲ ਸਿੰਘ ਢਿੱਲੋਂ ਦੀ ਭੈਣ ਸ੍ਰੀਮਤੀ ਗਿਆਨ ਕੌਰ, ਉਹਨਾਂ ਦੀ ਬੇਟੀ ਡਾ. ਕਮਲਜੀਤ ਕੌਰ ਢਿੱਲੋਂ ਮੀਤ ਪ੍ਰਧਾਨ ਕੁੱਲ ਹਿੰਦ ਮਹਿਲਾ ਫੈਡਰੇਸ਼ਨ, ਮਹਿੰਦਰ ਸਾਥੀ ਯਾਦਗਾਰੀ ਮੰਚ ਦੇ ਪ੍ਰਧਾਨ ਗੁਰਮੀਤ ਕੜਿਆਲਵੀ, ਰਣਜੀਤ ਸਰਾਂਵਾਲੀ, ਗੁਰਪ੍ਰੀਤ ਧਰਮਕੋਟ, ਧਾਮੀ ਗਿੱਲ, ਜਸਵਿੰਦਰ ਸੋਨੀ, ਸਿਮਰਜੀਤ ਸਿੰਮੀ, ਸੀਨੀਅਰ ਮੀਤ ਪ੍ਰਧਾਨ ਨਵਨੀਤ ਸੇਖਾ ਅਤੇ ਹੋਰ ਹਾਜ਼ਰ ਸਾਹਿਤਕਾਰਾਂ ਵੱਲੋਂ ਕੀਤੀ ਗਈ।ਪੁਸਤਕ ਬਾਰੇ ਬੋਲਦਿਆਂ ਡਾਕਟਰ ਸੁਖਦੇਵ ਸਿੰਘ ਸਿਰਸਾ ਨੇ ਆਖਿਆ ਕਿ ਪੁਸਤਕ ਆਪਣੇ ਸਮਿਆਂ ਦਾ ਇੱਕ ਇਤਿਹਾਸਿਕ ਦਸਤਾਵੇਜ਼ ਹੈ। ਉੱਘੇ ਅਲੋਚਕ ਡਾਕਟਰ ਸੁਰਜੀਤ ਬਰਾੜ ਨੇ ਕਿਹਾ ਕਿ ਪੁਸਤਕ ਉਸ ਸਮੇਂ ਦੇ ਬੁਲੰਦ ਕਿਰਦਾਰ ਵਾਲੇ ਆਗੂਆਂ ਬਾਰੇ ਵੀ ਪੂਰੀ ਜਾਣਕਾਰੀ ਦਿੰਦੀ ਹੈ।ਸਮਾਗਮ ਦੇ ਮੁੱਖ ਮਹਿਮਾਨ ਡਾਕਟਰ ਰਘਬੀਰ ਸਿੰਘ ਸਿਰਜਣਾ ਨੇ ਲਾਲ ਸਿੰਘ ਢਿੱਲੋਂ ਦੇ ਜੀਵਨ ਨੂੰ ਨੌਜਵਾਨ ਪੀੜ੍ਹੀ ਲਈ ਪ੍ਰੇਰਨਾ ਦਾ ਸਰੋਤ ਆਖਿਆ। ਮੰਚ ਸੰਚਾਲਕ ਗੁਰਮੀਤ ਕੜਿਆਲਵੀ ਨੇ ਲਾਲ ਸਿੰਘ ਢਿੱਲੋਂ ਨੂੰ ਨਿੱਕੇ ਯੁੱਧਾਂ ਦਾ ਵੱਡਾ ਜੇਤੂ ਕਰਾਰ ਦਿੱਤਾ। ਸ਼ਾਇਰ ਸੁਰਜੀਤ ਜੱਜ ਨੇ ਕਿਹਾ ਕਿ ਲਾਲ ਸਿੰਘ ਢਿੱਲੋਂ ਨੇ ਖੁਦ ਹੀ ਬਲਕਿ ਸਾਰੇ ਪਰਵਾਰ ਨੂੰ ਹੀ ਲੋਕ ਪੱਖੀ ਲਹਿਰਾਂ ਦਾ ਸਾਥੀ ਬਣਾਇਆ। ਸੁਰਿੰਦਰ ਕੁੱਸਾ, ਜਗਤਾਰ ਸਿੱਧੂ, ਬਲਵੀਰ ਜੰਡੂ, ਪ੍ਰਿੰ. ਜਤਿੰਦਰ ਕੌਰ, ਜਸਵੀਰ ਕਲਸੀ, ਰਮੇਸ਼ ਯਾਦਵ, ਸੁਰਜੀਤ ਕੌਰ ਟੋਰਾਂਟੋ ਨੇ ਵੀ ਕਿਤਾਬ ਬਾਰੇ ਆਪਣੇ ਵਿਚਾਰ ਪ੍ਰਗਟ ਕੀਤੇ।ਰਣਜੀਤ ਸਰਾਂਵਾਲੀ ਨੇ ਗਜ਼ਲਾਂ ਦੇ ਖੂਬਸੂਰਤ ਸ਼ੇਅਰ ਕਹੇ। ਕੰਵਲਜੀਤ ਕੌਰ ਢਿੱਲੋਂ ਨੇ ਹਾਜ਼ਰ ਸਾਹਿਤਕਾਰਾਂ ਦਾ ਧੰਨਵਾਦ ਕਰਦਿਆਂ ਪੁਸਤਕ ਦੇ ਹੋਂਦ 'ਚ ਆਉਣ ਦੀ ਗਾਥਾ ਬਿਆਨ ਕੀਤੀ।



## ਸਾਹਿਤਕਾਰ ਜੋੜੀ ਪ੍ਰੋ. ਮੋਹਨ ਸਿੰਘ ਤੇ ਜਸਬੀਰ ਕੌਰ ਨਾਲ ਰਚਾਇਆ ਅਦਬੀ ਸੰਵਾਦ



**ਅੰਮ੍ਰਿਤਸਰ**-ਜਨਵਾਦੀ ਲੇਖਕ ਸੰਘ ਵੱਲੋਂ ਅਰੰਭੀ 'ਕਿਛ ਸੁਣੀਐ ਕਿਛੁ ਕਹੀਐ' ਸਮਾਗਮਾਂ ਦੀ ਲੜੀ ਤਹਿਤ ਪੰਜਾਬੀ ਸਾਹਿਤਕਾਰ ਜੋੜੀ ਪ੍ਰੋ. ਮੋਹਨ ਸਿੰਘ ਅਤੇ ਬਹੁ-ਵਿਧਾਈ ਲੇਖਕਾ ਜਸਬੀਰ ਕੌਰ ਨਾਲ ਸਾਹਿਤਕ ਸੰਵਾਦ ਰਚਾਇਆ ਗਿਆ। ਸਮਾਗਮ ਦੇ ਕਨਵੀਨਰ ਦੀਪ ਦੇਵਿੰਦਰ ਸਿੰਘ ਨੇ ਸਵਾਗਤੀ ਸ਼ਬਦ ਕਹਿੰਦਿਆਂ ਦੱਸਿਆ ਕਿ ਅਜਿਹੇ ਸਮਾਗਮਾਂ ਤੋਂ ਉਹਨਾਂ ਦਾ ਮਨੋਰਥ ਕੇਵਲ ਰਚਨਾਵਾਂ ਦਾ ਅਦਾਨ-ਪ੍ਰਦਾਨ ਹੀ ਨਹੀਂ, ਬਲਕਿ ਬਜ਼ੁਰਗ ਸਾਹਿਤਕਾਰਾਂ ਦੇ ਘਰੀਂ ਜਾ ਕੇ ਉਹਨਾਂ ਨਾਲ ਸੰਵਾਦ ਰਚਾਉਣਾ ਅਤੇ ਬੀਤੇ ਵੇਲਿਆਂ ਦੀਆਂ ਸਾਹਿਤਕ ਯਾਦਾਂ ਤਾਜ਼ਾ ਕਰਨ ਤੋਂ ਵੀ ਹੈ।ਖਾਲਸਾ ਕਾਲਜ ਅੰਮ੍ਰਿਤਸਰ ਤੋਂ ਅਧਿਆਪਨ ਦੇ ਕਿਤੇ ਤੋਂ ਸੇਵਾ-ਮੁਕਤ ਹੋਏ ਪ੍ਰੋ. ਮੋਹਨ ਸਿੰਘ ਹੁਰਾਂ ਨੇ ਦੱਸਿਆ ਕਿ ਦੂਜੀ ਸੰਸਾਰ ਜੰਗ ਵੇਲੇ ਬਰਮਾ ਤੋਂ ਭਾਰਤ ਵੱਲ ਕਠਿਨ ਹਾਲਤਾਂ ਵਿੱਚ ਕੀਤਾ ਸਫ਼ਰ ਅਤੇ ਸੰਤਾਲੀ ਦੇ ਉਜਾੜੇ ਦੀਆਂ ਅੱਖੀਂ ਡਿੱਠੀਆਂ ਘਟਨਾਵਾਂ ਭਾਵੁਕ ਤੌਰ 'ਤੇ ਸਾਂਝੀਆਂ ਕੀਤੀਆਂ। ਚੌਦਾਂ ਪੁਸਤਕਾਂ ਪੰਜਾਬੀ ਸਾਹਿਤ ਦੀ ਝੋਲੀ ਪਾਉਣ ਵਾਲੀ ਲੇਖਕਾ ਜਸਬੀਰ ਕੌਰ ਨੇ ਵੀ ਆਪਣੀ ਅਦਬੀ ਸਾਂਝ ਅਤੇ ਪਰਵਾਰਕ ਰਿਸ਼ਤਿਆਂ ਦੇ ਸੁਹਾਵਣੇ ਅਨੁਭਵ ਸਾਂਝੇ ਕੀਤੇ। ਲੇਖਕ ਸੰਘ ਦੇ ਸਕੱਤਰ ਸੁਮੀਤ ਸਿੰਘ ਅਤੇ ਮੀਤ ਪ੍ਰਧਾਨ ਡਾ. ਕਸ਼ਮੀਰ ਸਿੰਘ ਨੇ ਧੰਨਵਾਦ ਕੀਤਾ।

## ਕਹਾਣੀ ਸੰਗ੍ਰਹਿ 'ਸਲੋਚਨਾ' ਦਾ ਲੋਕ ਅਰਪਣ ਸਮਾਗਮ

**ਧੂਰੀ**-ਮਾਲਵਾ ਰਿਸਰਚ ਸੈਂਟਰ ਪਟਿਆਲਾ (ਰਜਿ:) ਵੱਲੋਂ ਸਥਾਨਕ ਗਰੀਨ ਵੁੱਡ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਵਿੱਚ ਆਯੋਜਿਤ ਸਾਹਿਤਕ ਸਮਾਗਮ ਵਿੱਚ ਅਮਰ ਗਰਗ ਕਲਮਦਾਨ ਦੁਆਰਾ ਰਚਿਤ ਕਹਾਣੀ ਸੰਗ੍ਰਹਿ 'ਸਲੋਚਨਾ' ਦਾ ਲੋਕ ਅਰਪਣ ਕੀਤਾ ਗਿਆ। ਪ੍ਰਧਾਨਗੀ ਕਤਾਰ ਵਿੱਚ ਡਾ. ਸਵਰਾਜ ਸਿੰਘ, ਡਾ. ਲਖਵਿੰਦਰ ਜੌਹਲ, ਡਾ. ਤੇਜਵੰਤ ਮਾਨ, ਡਾ. ਦਰਸ਼ਨ ਸਿੰਘ ਆਸ਼ਟ, ਪਵਨ ਹਰਚੰਦਪੁਰੀ, ਸ੍ਰੀ ਸੁਰਿੰਦਰ ਨਾਗਰਾ ਅਤੇ ਡਾ. ਭਗਵੰਤ ਸਿੰਘ ਸੁਸ਼ੋਭਿਤ ਸਨ। ਸਲੋਚਨਾ ਉੱਪਰ ਪਹਿਲਾ ਪੇਪਰ ਪੇਸ਼ ਕਰਦਿਆਂ ਡਾ. ਜਗਦੀਪ ਕੌਰ ਅਹੂਜਾ ਨੇ ਪੁਸਤਕ ਵਿਚਲੀਆਂ ਔਰਤ ਸ਼ਕਤੀ ਅਤੇ ਭਾਵਨਾਵਾਂ ਨੂੰ ਰੂਪਮਾਨ ਕਰਦੀਆਂ ਪੰਜ ਕਹਾਣੀਆਂ 'ਤੇ ਵਿਸਥਾਰ-ਪੂਰਵਕ ਚਰਚਾ ਕੀਤੀ। ਦੂਜਾ ਪੇਪਰ ਜੋਗਿੰਦਰ ਕੌਰ ਅਗਨੀਹੋਤਰੀ ਨੇ ਪੇਸ਼ ਕੀਤਾ। ਤੀਜਾ ਪੇਪਰ ਡਾ. ਕਮਲਜੀਤ ਟਿੱਬਾ ਨੇ ਪੇਸ਼ ਕਰਦਿਆਂ ਕਿਹਾ ਕਿ ਪੁਸਤਕ ਦੀ ਪਹਿਲੀ ਅਤੇ ਮਹੱਤਵਪੂਰਨ ਕਹਾਣੀ 'ਸਲੋਚਨਾ' ਭਾਰਤੀ ਵੈਦਿਕ ਸੰਸਕ੍ਰਿਤੀ 'ਤੇ ਪਹਿਰਾ ਦਿੰਦੀ ਹੋਈ ਬੇਲੋੜੇ ਅਤੇ ਗੈਰ ਮਨੁੱਖੀ ਕਰਮ ਕਾਂਡ ਖਾਸ ਕਰਕੇ ਮੰਗਲੀਕ, ਗੈਰ ਮੰਗਲੀਕ ਦੇ ਅਡੰਬਰ ਨੂੰ ਰੱਦ ਕਰਦੀ ਹੈ। ਬੀਰਇੰਦਰ ਸਿੰਘ ਬਨਭੌਰੀ ਨੇ ਆਪਣੇ ਪੇਪਰ ਰਾਹੀਂ ਪੁਸਤਕ ਦੀਆਂ ਉਹ ਕਹਾਣੀਆਂ ਚੁਣੀਆਂ, ਜਿਹੜੀਆਂ ਮਨੁੱਖ ਵਿਰੋਧੀ ਕੱਟੜਤਾ 'ਤੇ ਚੋਟ ਕਰਦੀਆਂ ਹਨ। ਸੁਖਦੇਵ ਔਲਖ, ਡਾ. ਗੁਰਮੀਤ ਸਿੰਘ, ਗੁਲਜ਼ਾਰ ਸਿੰਘ ਸ਼ੌਂਕੀ, ਮੇਘ ਰਾਜ ਸ਼ਰਮਾ, ਮੀਤ ਸਕਰੌਦੀ, ਨਾਹਰ ਸਿੰਘ ਮੁਬਾਰਕਪੁਰੀ, ਮਨਜੀਤ ਕੌਰ ਸੰਧੂ, ਦੇਸ਼ ਭੂਸ਼ਨ, ਸ਼ੇਰ ਸਿੰਘ ਬੇਨੜਾ ਨੇ ਚਰਚਾ ਵਿੱਚ ਭਾਗ ਲਿਆ ਅਤੇ ਬਹੁਤ ਉੱਚ ਪੱਧਰੀ ਵਿਚਾਰ ਪੇਸ਼ ਕੀਤੇ। ਪ੍ਰਧਾਨਗੀ ਮੰਡਲ ਵਿਚ ਬੈਠੇ ਸਾਰੇ ਵਿਦਵਾਨਾਂ ਨੇ 'ਸਲੋਚਨਾ' 'ਤੇ ਮੁੱਲਵਾਨ ਵਿਚਾਰ ਪ੍ਰਗਟ ਕੀਤੇ।



## ਮਾਲਵਾ ਲਿਖਾਰੀ ਸਭਾ ਵੱਲੋਂ ਗੁਰਪ੍ਰੀਤ ਸੈਣੀ ਦਾ ਵਿਸ਼ੇਸ਼ ਭਾਸ਼ਣ

**ਸੰਗਰੂਰ**-ਮਾਲਵਾ ਲਿਖਾਰੀ ਸਭਾ ਸੰਗਰੂਰ (ਰਜਿ:) ਦਾ ਮਹੀਨਾਵਾਰ ਸਾਹਿਤਕ ਸਮਾਗਮ ਉੱਘੀ ਸਾਹਿਤਕਾਰਾ ਸ਼ਸ਼ੀ ਬਾਲਾ ਦੀ ਪ੍ਰਧਾਨਗੀ ਵਿੱਚ ਲੇਖਕ ਭਵਨ, ਹਰੇੜੀ ਰੋਡ ਸੰਗਰੂਰ ਵਿਖੇ ਹੋਇਆ, ਜਿਸ ਵਿੱਚ ਪੰਜਾਬੀ ਸਾਹਿਤ ਦੀ ਮਾਣਮੱਤੀ ਸ਼ਖ਼ਸੀਅਤ ਗੁਰਪ੍ਰੀਤ ਕੌਰ ਸੈਣੀ ਕਲਚਰਲ ਸੁਪਰਵਾਈਜ਼ਰ ਗੁਰੂ ਜੰਭੇਸ਼ਵਰ ਯੂਨੀਵਰਸਿਟੀ, ਹਿਸਾਰ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਉਨ੍ਹਾ ਆਪਣੇ ਭਾਸ਼ਣ ਵਿੱਚ ਆਪਣੇ ਸਾਹਿਤਕ ਜੀਵਨ ਬਾਰੇ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਸਾਹਿਤਕ ਖੇਤਰ ਵਿੱਚ ਔਰਤਾਂ ਦੀ ਕਾਫੀ ਘਾਟ ਹੈ, ਸੋ ਔਰਤਾਂ ਨੂੰ ਸਾਹਿਤਕ ਖੇਤਰ ਵਿੱਚ ਅੱਗੇ ਲਿਆਉਣ ਲਈ ਉਤਸ਼ਾਹਿਤ ਕਰਨ ਦੀ ਲੋੜ ਹੈ। ਉੱਘੇ ਲੇਖਕ ਅਨੋਖ ਸਿੰਘ ਨੇ ਆਪਣੇ ਭਾਸ਼ਣ ਵਿੱਚ ਆਪਣੀ ਪਾਕਿਸਤਾਨ ਫੇਰੀ ਦੌਰਾਨ ਮਿਲੇ ਪਾਕਿਸਤਾਨੀ ਸਾਹਿਤਕਾਰਾਂ ਨਾਲ ਪੰਜਾਬੀ ਭਾਸ਼ਾ ਨੂੰ ਪ੍ਰਫੁੱਲਿਤ ਕਰਨ ਸੰਬੰਧੀ ਹੋਈ ਚਰਚਾ ਬਾਰੇ ਜਾਣਕਾਰੀ ਦਿੱਤੀ। ਸਭਾ ਦੇ ਆਰੰਭ ਵਿੱਚ ਉੱਘੇ ਗਜ਼ਲਗੋ ਸੁਖਵਿੰਦਰ ਸਿੰਘ ਲੋਟੇ ਨੇ ਗਜ਼ਲ ਵਰਕਸ਼ਾਪ ਕੀਤੀ। ਸਭਾ ਦੇ ਪ੍ਰੈੱਸ ਸਕੱਤਰ ਪਵਨ ਕੁਮਾਰ ਹੋਸ਼ੀ ਨੇ ਦੱਸਿਆ ਕਿ ਇਸ ਸਮਾਗਮ ਵਿੱਚ ਬਹੁਤ ਸਾਰੇ ਲੇਖਕਾਂ ਨੇ ਭਾਗ ਲਿਆ। ਸਭਾ ਵਿੱਚ ਹਾਜ਼ਰ ਸਾਰੇ ਸਾਹਿਤਕਾਰਾਂ ਨੇ ਸਰਬ-ਸੰਮਤੀ ਨਾਲ ਪਹਿਲਗਾਮ ਵਿਖੇ ਅੱਤਵਾਦੀ ਸੰਗਠਨ ਵੱਲੋਂ ਸੈਲਾਨੀਆਂ 'ਤੇ ਕਾਤਲਾਨਾ ਹਮਲਾ ਕਰਕੇ ਬੇਰਹਿਮੀ ਨਾਲ ਕੀਤੇ ਕਤਲੇਆਮ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕਰਦੇ ਹੋਏ ਰੋਸ ਪ੍ਰਗਟ ਕੀਤਾ। ਅੰਤ ਵਿੱਚ ਸਭਾ ਦੇ ਪ੍ਰਧਾਨ ਕਰਮ ਸਿੰਘ ਜ਼ਖਮੀ ਨੇ ਸਮੂਹ ਸਾਹਿਤਕਾਰਾਂ ਲਈ ਧੰਨਵਾਦੀ ਸ਼ਬਦ ਕਹੇ ਅਤੇ ਮੰਚ ਸੰਚਾਲਨ ਦੀ ਭੂਮਿਕਾ ਰਜਿੰਦਰ ਸਿੰਘ ਰਾਜਨ ਨੇ ਬਾਖੂਬੀ ਨਿਭਾਈ।

## ਸਾਡਾ ਟੀਚਾ ਪੰਜਾਬ, ਪੰਜਾਬੀ ਤੇ ਪੰਜਾਬੀਅਤ ਨੂੰ ਪ੍ਰਫੁੱਲਤ ਕਰਨਾ : ਪ੍ਰਿੰ. ਰੰਧਾਵਾ

**ਅੰਮ੍ਰਿਤਸਰ**-ਪੰਜਾਬੀ ਭਾਸ਼ਾ, ਪੰਜਾਬੀ ਸਾਹਿਤ ਅਤੇ ਪੰਜਾਬੀ ਸੱਭਿਆਚਾਰ ਨੂੰ ਪ੍ਰਫੁੱਲਤ ਕਰਨਾ ਹੀ ਸਾਡਾ ਮੁਢਲਾ ਅਤੇ ਮੁੱਖ ਫ਼ਰਜ਼ ਹੈ, ਜਿਸ ਲਈ ਅਸੀਂ ਵਿੱਦਿਆ ਦੇ ਖੇਤਰ ਵਿਚ ਨਿਰੰਤਰ ਕਾਰਜਸ਼ੀਲ ਹਾਂ ਅਤੇ ਰਹਾਂਗੇ। ਇਹ ਵਿਚਾਰ ਇਤਿਹਾਸਕ ਖਾਲਸਾ ਕਾਲਜ ਅੰਮ੍ਰਿਤਸਰ ਦੇ ਨਵ-ਨਿਯੁਕਤ 18ਵੇਂ ਪ੍ਰਿੰ. ਡਾ. ਆਤਮ ਰੰਧਾਵਾ ਹੁਰਾਂ ਨੇ ਵਧਾਈ ਦੇਣ ਗਏ ਵਫਦ ਨਾਲ ਗੈਰ ਰਸਮੀ ਗੱਲਬਾਤ ਦੌਰਾਨ ਕਹੇ। ਦੀਪ ਦੇਵਿੰਦਰ ਸਿੰਘ, ਮਨਮੋਹਨ ਸਿੰਘ ਢਿੱਲੋਂ, ਪ੍ਰਤੀਕ ਸਹਿਦੇਵ, ਡਾ. ਹੀਰਾ ਸਿੰਘ ਅਤੇ ਮੋਹਿਤ ਸਹਿਦੇਵ ਆਦਿ ਦਾ ਆਪਣੇ ਦਫਤਰ ਵਿੱਚ ਸਵਾਗਤ ਕਰਦਿਆਂ ਪ੍ਰਿੰ. ਡਾ. ਆਤਮ ਰੰਧਾਵਾ ਹੁਰਾਂ ਦੱਸਿਆ ਕਿ ਸੌ ਵਰ੍ਹੇ ਪਹਿਲਾਂ ਸਥਾਪਤ ਹੋਏ ਇਤਿਹਾਸਕ ਖਾਲਸਾ ਕਾਲਜ ਅੰਮ੍ਰਿਤਸਰ ਦੀ ਵਿਦਿਅਕ ਅਤੇ ਸੱਭਿਆਚਾਰਕ ਵਿਰਾਸਤ ਨੂੰ ਇੰਨ-ਬਿੰਨ ਕਾਇਮ ਰੱਖਦਿਆਂ ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਨੂੰ ਪ੍ਰਫੁੱਲਤ ਕਰਨ ਲਈ ਉਹ ਨਿਰੰਤਰ ਕਾਰਜਸ਼ੀਲ ਰਹਿਣਗੇ। ਉਹਨਾਂ ਇਸ ਬਹੁ ਵਕਾਰੀ ਅਹੁਦੇ 'ਤੇ ਬਿਰਾਜਮਾਨ ਰਹੇ ਭਾਈ ਜੋਧ ਸਿੰਘ, ਬਿਸ਼ਨ ਸਿੰਘ ਸਮੁੰਦਰੀ, ਗੁਰਬਖਸ਼ ਸਿੰਘ ਸ਼ੇਰਗਿੱਲ, ਹਰਭਜਨ ਸਿੰਘ ਸੋਚ ਅਤੇ ਡਾ. ਮਹਿਲ ਸਿੰਘ ਵਰਗੀਆਂ ਸ਼ਖਸੀਅਤਾਂ ਦਾ ਉਚੇਚਾ ਜ਼ਿਕਰ ਕਰਦਿਆਂ ਕਿਹਾ ਕਿ ਉਹ ਵੀ ਇਸ ਜ਼ਿੰਮੇਵਾਰੀ ਵਾਲੀ ਕੁਰਸੀ ਦਾ ਜਿੱਥੇ ਸਨਮਾਨ ਕਾਇਮ ਰੱਖਣਗੇ, ਉੱਥੇ ਪਹਿਲਾਂ ਵਾਂਗ ਹੀ ਸਾਹਿਤਕਾਰਾਂ ਅਤੇ ਹੋਰ ਬੁੱਧੀਜੀਵੀਆਂ ਲਈ ਖਾਲਸਾ ਕਾਲਜ ਪਹਿਲਾਂ ਵਾਂਗ ਹੀ ਆਪਣਾ ਹਰ ਤਰ੍ਹਾਂ ਦਾ ਸਹਿਯੋਗ ਮੁਹੱਈਆ ਕਰਵਾਏਗਾ।



## ਵਿਰਸਾ : ਗ਼ਦਰ ਲਹਿਰ ਪ੍ਰਤੀ ਪ੍ਰਤੀਬੱਧ

ਦੇਸ਼ ਭਗਤ ਯਾਦਗਰ ਕਮੇਟੀ, ਜਲੰਧਰ ਦੀ ਇਤਿਹਾਸ ਸਬ-ਕਮੇਟੀ ਦਾ ਬੁਲੇਟਿਨ 'ਵਿਰਸਾ' ਗ਼ਦਰ ਲਹਿਰ ਪ੍ਰਤੀ ਆਪਣੀ ਪ੍ਰਤੀਬੱਧਤਾ ਦੀਆਂ ਪੈੜਾ ਪਾਉਂਦਾ ਮੁੱਲਵਾਨ ਜਰਨਲ ਹੈ। 'ਵਿਰਸਾ' ਦਾ ਨਵਾਂ ਅੰਕ-25, ਅਪ੍ਰੈਲ, 2025 ਹੁਣੇ ਜਿਹੇ ਛਪਿਆ ਹੈ। ਸੰਪਾਦਕੀ ਵਿੱਚ ਸੰਪਾਦਕੀ ਬੋਰਡ ਨੇ ਸਾਡੀ ਅਕਾਦਮਿਕ ਇਤਿਹਾਸਕ ਦ੍ਰਿਸ਼ਟੀ ਨੂੰ ਸਵਾਲਾ ਦੇ ਘੇਰੇ ਵਿੱਚ ਲੈ ਕੇ ਆਪਣੀਆਂ ਧਾਰਨਾਵਾਂ ਪ੍ਰਗਟ ਕਰਦਿਆਂ, ਹੱਥਲੇ ਅੰਕ ਵਿੱਚ ਛਪੀਆਂ ਲਿਖਤਾਂ ਦਾ ਜ਼ਿਕਰ ਕੀਤਾ ਹੈ। ਮੱਠੀ ਤੋਰੇ ਤੁਰ ਰਹੇ ਇਤਿਹਾਸ-ਖੋਜ ਦੇ ਅਕਾਦਮਿਕ ਕਾਰਜ ਨੂੰ ਵੀ ਸਵਾਲਾਂ ਦੇ ਘੇਰੇ ਵਿੱਚ ਲਿਆ ਹੈ। 'ਚੌਰੀ ਚੌਰਾ ਵਿਦਰੋਹ ਦੀ ਦਾਸਤਾਨ' ਹਰਵਿੰਦਰ ਭੰਡਾਲ ਦਾ ਇਸ ਹੀ ਦ੍ਰਿਸ਼ਟੀ ਤੋਂ ਅਹਿਮ ਲੇਖ ਹੈ। ਭੰਡਾਲ ਨੇ ਉਨ੍ਹਾਂ ਜਨ-ਸਧਾਰਨ ਆਗੂਆਂ ਦੀ ਨਿਸ਼ਾਨਦੇਹੀ ਕੀਤੀ ਹੈ ਜੋ ਪੱਛੜੇ ਘਰਾਂ ਵਿੱਚ ਜੰਮੇ-ਪਲ਼ੇ, ਜਿਨ੍ਹਾਂ ਨੇ ਪ੍ਰਤੀਬੱਧਤਾ ਨਾਲ ਗ਼ਦਰ ਲਹਿਰ ਵਿੱਚ ਕਾਰਜ ਕੀਤਾ ਪਰ ਹਾਸ਼ੀਏ 'ਤੇ ਧੱਕ ਦਿੱਤੇ ਗਏ। ਇਤਿਹਾਸਕਾਰ ਚਰੰਜੀ ਲਾਲ ਕੰਗਣੀਵਾਲ ਨੇ ਵੀ ਭੰਡਾਲ ਵਾਲੇ ਨੁਕਤੇ ਤੋਂ 'ਪਛੜੇ ਵਰਗ ਦੇ ਗ਼ਦਰੀ ਬਾਬੇ' ਲੇਖ ਵਿੱਚ ਇਤਿਹਾਸ ਦੇ ਦੱਬੇ ਹੋਏ ਸਫ਼ਿਆ ਦੀ ਗੱਲ ਕੀਤੀ ਹੈ। ਉਨ੍ਹਾਂ ਨੇ ਗ਼ਦਰ ਲਹਿਰ 'ਚੋਂ ਦਲਿਤ ਸਮਾਜ ਦੇ ਦੇਸ਼ ਭਗਤਾਂ ਦੀ ਨਿਸ਼ਾਨਦੇਹੀ ਕਰਕੇ ਉਨ੍ਹਾਂ ਦੇ ਕਾਰਜਾਂ ਦਾ ਵਿਸ਼ਲੇਸ਼ਣ ਕੀਤਾ ਹੈ। ਇਹ ਦੋ ਮਹੱਤਵਪੂਰਨ ਲੇਖ ਅੰਕ ਦਾ ਹਾਸ਼ਲ ਹਨ। ਅਗਲੇ ਸਫ਼ਿਆ ਉੱਤੇ 'ਕਿਰਤੀ' ਤੇ 'ਗ਼ਦਰ' ਅਖ਼ਬਾਰਾਂ ਵਿੱਚੋਂ ਮਈ ਦਿਹਾੜੇ ਤੇ 'ਅਮਰੀਕਾ ਤੋਂ ਕਾਲਾ ਨਾਗ' ਨਾਲ ਸੰਬੰਧਤ ਦਸਤਾਵੇਜ਼ ਪ੍ਰਕਾਸ਼ਤ ਕੀਤੇ ਹਨ। ਚਰੰਜੀ ਲਾਲ ਕੰਗਣੀਵਾਲ ਦੀ 'ਦੇਸ਼ ਭਗਤ ਸ਼ਾਇਰ ਉਜਾਗਰ ਸਿੰਘ 'ਉਲਟ' ਬਾਰੇ ਲਿਖਤ ਵੀ ਕਈ ਪੱਖਾਂ ਤੋਂ ਅਹਿਮ ਹੈ। ਵਿਜੈ ਬੰਬੇਲੀ ਨੇ ਆਪਣੀ ਲਿਖਤ 'ਅਸੀਂ ਅੱਡ ਮੁਲਕ ਲਈ ਤਾਂ ਨਹੀਂ ਸੀ ਲੜੇ' ਵਿੱਚ ਫਤਿਹਗੜ੍ਹ, ਮੋਰਾਂਵਾਲੀ,ਵਜੀਕਦੇ ਤੇ ਕੋਟ ਫਤੂਹੀ ਆਦਿ ਪਿੰਡ ਦੇ ਉਨ੍ਹਾਂ ਨਾਇਕਾ ਦੀ ਪਛਾਣ ਕੀਤੀ ਜੋ ਸਿੱਧੇ-ਅਸਿੱਧੇ ਤਰੀਕੇ ਨਾਲ ਗ਼ਦਰ ਲਹਿਰ ਵਿੱਚ ਹਿੱਸਾ ਲੈਂਦੇ ਰਹੇ ਤੇ ਕੁਰਬਾਨੀਆਂ ਦਿੰਦੇ ਰਹੇ। ਅੰਤ ਵਿੱਚ ਚਰੰਜੀ ਲਾਲ ਕੰਗਣੀਵਾਲ ਨੇ ਵਿਦਰੋਹ ਦੇ ਬਦਲਦੇ ਸਰੂਪ ਦੀ ਬੱਬਰ ਅਕਾਲੀ ਲਹਿਰ ਦੇ ਸੰਦਰਭ ਵਿੱਚ ਪਰਖ ਪੜਚੋਲ ਕੀਤੀ ਹੈ। 'ਵਿਰਸਾ' ਦੇ ਹੱਥਲੇ ਅੰਕ ਵਿੱਚ ਵਿਦਵਾਨਾਂ ਨੇ ਗ਼ਦਰ ਲਹਿਰ ਦੇ ਅਣਗੌਲੇ, ਹਾਸ਼ੀਏ ਤੇ ਪਏ ਨਾਇਕਾਂ ਨੂੰ ਮੁੱਖ ਧਾਰਾ ਦੇ ਇਤਿਹਾਸ ਵਿੱਚ ਲਿਉਣ ਦਾ ਉਪਰਾਲਾ ਕੀਤਾ ਹੈ। ਅੰਕ ਕਈ ਪਹਿਲੂਆਂ ਤੋਂ ਮਹੱਤਵਪੂਰਨ ਹੈ।



ਪਰਚੇ ਦੇ ਪੰਨੇ : 96, ਮੁੱਲ : 50 ਰੁਪਏ, ਪਤਾ : ਵਿਰਸਾ, ਇਤਿਹਾਸ ਸਬ ਕਮੇਟੀ, ਦੇਸ਼ ਭਗਤ ਯਾਦਗਾਰ ਹਾਲ, ਜਲੰਧਰ।

ਪਰਚੇ ਦੇ ਸੰਪਾਦਕ : ਹਰਵਿੰਦਰ ਭੰਡਾਲ (98550-36890), ਸਹਿ ਸੰਪਾਦਕ : ਚਰੰਜੀ ਲਾਲ ਕੰਗਣੀਵਾਲ, ਸਹਿਯੋਗੀ ਸੰਪਾਦਕ : ਵਿਜੈ ਬੰਬੇਲੀ ਹਨ।

## ਡਾ. ਨਾਹਰ ਸਿੰਘ ਵੱਲੋਂ ਪੰਜਾਬੀ ਸਾਹਿਤ ਬਾਰੇ ਚਰਚਾ



**ਬਰੈਂਪਟਨ**-'ਪੰਜਾਬੀ ਕਲਮਾਂ ਦਾ ਕਾਫ਼ਲਾ ਟੋਰਾਂਟੋ' ਦੀ ਮੀਟਿੰਗ ਦੌਰਾਨ ਸੁਖਵਿੰਦਰ ਜੂਤਲਾ ਅਤੇ ਹਰਜਿੰਦਰ ਪੱਤੜ ਦਾ ਪੰਜਾਬੀ ਅਤੇ ਇੰਗਲਿਸ਼ ਵਿੱਚ ਸਾਂਝਾ ਕਾਵਿ ਸੰਗ੍ਰਹਿ 'ਮਿਲਾਪ' ਰਿਲੀਜ਼ ਕੀਤਾ ਗਿਆ ਅਤੇ ਡਾ. ਨਾਹਰ ਸਿੰਘ ਵੱਲੋਂ ਪੰਜਾਬੀ ਸਾਹਿਤ ਦੀ ਵਰਤਮਾਨ ਸਥਿਤੀ ਬਾਰੇ ਵਿਚਾਰ ਪੇਸ਼ ਕੀਤੇ ਗਏ।ਪੰਜਾਬੀ ਕਵੀ ਡਾ. ਸੁਖਪਾਲ ਨੇ ਬਹੁਤ ਹੀ ਫਿਲਾਸਫ਼ਿਕ ਅਤੇ ਵਿਸਥਾਰ-ਪੂਰਵਕ ਢੰਗ ਨਾਲ ਕਾਵਿ ਸੰਗ੍ਰਹਿ 'ਮਿਲਾਪ' ਬਾਰੇ ਆਪਣੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਦੋ ਕਵੀਆਂ ਵੱਲੋਂ ਰਲ ਕੇ ਇਸ ਕਿਤਾਬ ਨੂੰ ਦੋ ਭਾਸ਼ਾਵਾਂ ਵਿੱਚ ਲਿਖੇ ਜਾਣ ਨਾਲ਼ ਪੰਜਾਬੀ ਤੇ ਇੰਗਲਿਸ਼ ਭਾਸ਼ਾ ਨੂੰ ਜਾਨਣ ਵਾਲੇ ਪਾਠਕ ਇਸ ਨੂੰ ਪੜ੍ਹ ਸਕਦੇ ਹਨ। ਹਰਜਿੰਦਰ ਪੱਤੜ ਨੇ ਦੱਸਿਆ ਕਿ ਸੁਰਜੀਤ ਪਾਤਰ, ਅਜਮੇਰ ਰੋਡੇ ਤੇ ਸੁਖਪਾਲ ਨੇ ਇਸ ਕਿਤਾਬ ਬਾਰੇ ਬਹੁਤ ਸੋਹਣਾ ਲਿਖਿਆ ਹੈ। ਡਾ. ਨਾਹਰ ਸਿੰਘ ਨੇ ਪੰਜਾਬੀ ਸਾਹਿਤ ਦੀ ਵਰਤਮਾਨ ਸਥਿਤੀ ਬਾਰੇ ਬੋਲਦਿਆਂ ਕਿਹਾ ਕਿ ਸਿੰਘ ਸਭਾ ਲਹਿਰ ਤੋਂ ਸ਼ੁਰੂ ਹੋ ਕੇ 18ਵੀਂ ਸਦੀ ਦੀ ਸਿੱਖ ਲਹਿਰ ਸਮੇਂ ਤੱਕ ਪੰਜਾਬੀ ਸਾਹਿਤ ਵਿੱਚ ਨਵੀਂ ਚੇਤਨਾ ਦੀ ਸ਼ੁਰੂਆਤ ਹੋਈ, ਜਿਨ੍ਹਾਂ ਵਿੱਚ ਭਾਈ ਵੀਰ ਸਿੰਘ ਆਉਂਦੇ ਹਨ। ਫਿਰ ਪ੍ਰੋਗਰੈਸਿਵ ਲਹਿਰ ਸ਼ੁਰੂ ਹੋਈ, ਜਿਸ ਵਿੱਚ ਨਾਨਕ ਸਿੰਘ, ਸੰਤ ਸਿੰਘ ਸੇਖੋਂ ਤੇ ਹੋਰ ਲੇਖਕ ਆਉਂਦੇ ਹਨ। 1960 ਤੱਕ ਪੰਜਾਬੀ ਸਾਹਿਤ ਪਿੰਡਾਂ ਤੱਕ ਸੀਮਤ ਰਿਹਾ। ਗੁਰਬਖਸ਼ ਸਿੰਘ ਪ੍ਰੀਤਲੜੀ ਵੱਡੇ ਲੇਖਕ ਸਨ, ਜਿਨ੍ਹਾਂ ਬਹੁਤ ਸਾਰੇ ਵਿਸ਼ਿਆਂ ਨੂੰ ਛੂਹਿਆ। ਫਿਰ ਨਕਸਲਵਾਦੀ ਕਵਿਤਾ ਸਾਹਮਣੇ ਆਈ, ਜਿਸ ਵਿੱਚ ਸੰਤ ਰਾਮ ਉਦਾਸੀ, ਪਾਸ਼ ਤੇ ਦਰਸ਼ਨ ਖਟਕੜ ਦੀ ਕਵਿਤਾ ਹੈ। ਕੁਲਜੀਤ ਮਾਨ ਨੇ ਕਾਫ਼ਲੇ ਦੀ ਵੈਬਸਾਇਟ ਬਣਾਉਣ ਬਾਰੇ ਜਾਣਕਾਰੀ ਸਾਂਝੀ ਕੀਤੀ। ਹਾਜ਼ਰ ਕਵੀਆਂ ਨੇ ਭਰਵੀਂ ਹਾਜ਼ਰੀ 'ਚ ਆਪਣੀਆਂ ਕਵਿਤਾਵਾਂ ਪੜ੍ਹੀਆਂ।

## 'ਵਿਹਾਰਕ ਅਰੂਜ਼ੀ ਬਹਿਰਾਂ' ਪੁਸਤਕ 'ਤੇ ਗੋਸ਼ਟੀ

**ਬਰਨਾਲਾ** : ਮਾਲਵਾ ਸਾਹਿਤ ਸਭਾ ਬਰਨਾਲਾ ਵੱਲੋਂ ਸਥਾਨਕ ਪੰਜਾਬ ਆਈ ਟੀ ਆਈ ਵਿਖੇ ਸਾਹਿਤਕ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਵਿੱਚ ਗ਼ਜ਼ਲ ਸਕੂਲ ਧੂਰੀ ਦੇ ਸੰਚਾਲਕ ਰਣਜੀਤ ਸਿੰਘ ਧੂਰੀ ਦੀ ਪੁਸਤਕ 'ਵਿਹਾਰਕ ਅਰੂਜ਼ੀ ਬਹਿਰਾਂ' ਉੱਪਰ ਵਿਚਾਰ-ਚਰਚਾ ਕੀਤੀ ਗਈ। ਇਸ ਪੁਸਤਕ ਬਾਰੇ ਬੋਲਦਿਆਂ ਗਜ਼ਲਗੋ ਬੂਟਾ ਸਿੰਘ ਚੌਹਾਨ ਨੇ ਕਿਹਾ ਕਿ ਅਰੂਜ਼ ਪੰਜਾਬੀ ਗਜ਼ਲ ਵਿੱਚ ਅੱਜਕੱਲ੍ਹ ਪੂਰੀ ਤਰ੍ਹਾਂ ਪ੍ਰਚੱਲਤ ਹੋ ਗਿਆ ਹੈ। ਗਜ਼ਲ ਤੋਂ ਇਲਾਵਾ ਕਵਿਤਾ ਅਤੇ ਗੀਤ ਵਿੱਚ ਵੀ ਇਸ ਦੀ ਵਰਤੋਂ ਸਫ਼ਲਤਾ-ਪੂਰਵਕ ਕੀਤੀ ਜਾ ਰਹੀ ਹੈ। ਅਰੂਜ਼ ਇੱਕ ਅਜਿਹਾ ਕਾਵਿ ਸ਼ਾਸਤਰ ਹੈ, ਜਿਸ ਦੀ ਵਰਤੋਂ ਇਸ ਦੀ ਨਿਯਮਾਵਲੀ ਦੇ ਆਧਾਰ 'ਤੇ ਕਿਸੇ ਕਾਵਿ ਤੁਕ ਜਾਂ ਕਿਸੇ ਗਜ਼ਲ ਦੇ ਸ਼ੇਅਰ ਦੀ ਬਹਿਰ ਵਜ਼ਨ ਪੱਖੋਂ ਬਣਤਰ ਦੇ ਠੀਕ ਜਾਂ ਨਾ ਠੀਕ ਹੋਣ ਦੀ ਪੜਚੋਲ ਕਰਨ ਵਾਸਤੇ ਕੀਤੀ ਜਾਂਦੀ ਹੈ। ਰਣਜੀਤ ਸਿੰਘ ਧੂਰੀ ਨੇ ਆਪਣੀ ਪੁਸਤਕ ਬਾਰੇ ਬੋਲਦਿਆਂ ਕਿਹਾ ਕਿ ਫ਼ਾਰਸੀ ਭਾਸ਼ਾ ਵਿੱਚ ਰਚੇ ਗਏ ਬਹਿਰ ਸ਼ਾਸਤਰ ਜਾਂ ਕਾਵਿ ਸ਼ਾਸਤਰ ਨੂੰ ਅਰੂਜ਼ ਆਖਦੇ ਹਨ। ਇਸ ਕਾਵਿ ਨਿਯਮਾਵਲੀ ਦੀ ਵਰਤੋਂ ਅਰਬੀ, ਫ਼ਾਰਸੀ, ਉਰਦੂ ਅਤੇ ਪੰਜਾਬੀ ਵਿੱਚ ਅਰੂਜ਼ੀ ਬਹਿਰਾਂ ਦਾ ਨਾਪ-ਤੋਲ ਪੂਰਾ ਕਰਨ ਲਈ ਕੀਤੀ ਜਾਂਦੀ ਹੈ। ਇਹਨਾਂ ਤੋਂ ਇਲਾਵਾ ਸਭਾ ਦੇ ਪ੍ਰਧਾਨ ਡਾ. ਸੰਪੂਰਨ ਸਿੰਘ ਟੱਲੇਵਾਲੀਆ, ਤੇਜਾ ਸਿੰਘ ਤਿਲਕ, ਦਰਸ਼ਨ ਸਿੰਘ ਗੁਰੂ, ਡਾ. ਭੁਪਿੰਦਰ ਸਿੰਘ ਬੇਦੀ, ਭੋਲਾ ਸਿੰਘ ਸੰਘੇੜਾ, ਪਰਮਜੀਤ ਮਾਨ, ਮਾਲਵਿੰਦਰ ਸ਼ਾਇਰ ਅਤੇ ਡਾ. ਅਮਨਦੀਪ ਸਿੰਘ ਟੱਲੇਵਾਲੀਆ ਨੇ ਇਸ ਪੁਸਤਕ ਬਾਰੇ ਆਪਣੇ ਵਿਚਾਰ ਪੇਸ਼ ਕੀਤੇ।



# ਪਾਠਕਾਂ ਦੇ ਝਰੋਖੇ 'ਚੋਂ

### ਬੜੇ ਗੁਲਾਮ ਅਲੀ ਖਾਂ

27 ਅਪ੍ਰੈਲ ਦੇ ਨਵਾਂ ਜ਼ਮਾਨਾ ਅੰਕ 'ਚ ਪ੍ਰਸਿੱਧ ਸੰਗੀਤਕਾਰ ਬੜੇ ਗੁਲਾਮ ਅਲੀ ਖਾਂ ਬਾਰੇ ਮਕਸੂਦ ਸਾਕਿਬ ਦੀ ਲੰਮੀ ਅਨੁਵਾਦਿਤ ਰਚਨਾ ਪੜ੍ਹ ਕੇ ਖਾਨ ਸਾਹਿਬ ਦੀ ਜ਼ਿੰਦਗੀ ਦੇ ਕਈ ਦਿਲਚਸਪ ਪੱਖਾਂ ਦੀ ਜਾਣਕਾਰੀ ਮਿਲੀ।ਉਹ ਰਿਆਜ਼ ਨੂੰ ਪਹਿਲ ਦਿੰਦੇ ਸੀ।ਕਈ ਮੁਕਾਮ ਲੇਖਕ ਨੇ ਲਿਖੇ ਹਨ ਜਦੋਂ ਖਾਨ ਸਾਹਿਬ ਨੇ ਆਪਣੇ ਫਨ ਦਾ ਮੁਜ਼ਾਹਰਾ ਕੀਤਾ।ਖਾਨ ਸਾਹਿਬ ਦੀ ਤਬੀਅਤ ਹਾਸ ਰਸੀ ਸੀ।ਉਹ ਗੱਲ 'ਚੋਂ ਗਲ ਕੱਢ ਲਿਆ ਕਰਦੇ ਸਨ।ਖਾਨ ਸਾਹਿਬ ਸਥਿਤੀ ਅਨੁਸਾਰ ਆਪਣੇ ਆਪ ਨੂੰ ਢਾਲ ਲਿਆ ਕਰਦੇ ਸਨ।ਬਹੁਤੇ ਲੰਮੇ ਲੇਖ ਨੂੰ ਕਿਸ਼ਤਾਂ 'ਚ ਦੇਣ ਦੀ ਕ੍ਰਿਪਾਲਤਾ ਕਰੋ।ਸਾਹਿਤਕ ਰਚਨਾਵਾਂ ਬਹੁਤ ਘੱਟ ਛਪ ਰਹੀਆਂ ਹਨ।ਬਾਲ ਪੰਨਾ ਵੀ ਨਹੀਂ ਛਪ ਰਿਹਾ।ਬਲਜੀਤ ਕੌਰ ਦੀਆਂ ਮਿੰਨੀ ਕਹਾਣੀਆ ਚੰਗੀਆਂ ਹਨ।ਇਕੋ ਕਿਸ਼ਤੀ ਨਿਆਂ ਦੈਂਤ ਦੇ ਵਿਸ਼ੇ ਆਮ ਜ਼ਿੰਦਗੀ 'ਚੋਂ ਹਨ।ਡਾ. ਗੁਰਬਖਸ਼ ਸਿੰਘ ਭੰਡਾਲ ਦਾ ਲੇਖ ਕਾਸ਼ ਮਿਟ ਜਾਵਣ ਇਹ ਲੀਕਾਂ ਬਹੁਤ ਵਿਦਵਤਾ ਭਰਪੂਰ ਤੇ ਸੰਜੀਦਾ ਲੇਖ ਹੈ। ਲੀਕਾਂ ਤਾਂ, ਮਨੁੱਖ ਦੇ ਵਿਕਾਸ ਦੇ ਨਾਲ ਹੀ ਸ਼ੁਰੂ ਹੋ ਗਈਆਂ ਸਨ।ਲਿਪੀ ਦਾ ਨਿਕਾਸ ਤੇ ਵਿਕਾਸ ਵੀ ਲੀਕਾਂ ਤੋਂ ਹੀ ਹੋਇਆ ਪਰ ਲੇਖਕ ਲੋਕਾਂ ਦੇ ਆਪਸ ਵਿੱਚ ਵੰਡੇ ਜਾਣ ਦਾ ਸੰਕਲਪ ਲੈ ਕੇ ਤੁਰਿਆ ਹੈ।ਗੁਰਬਖਸ਼ ਸਿੰਘ ਭੰਡਾਲ ਦਾ ਇਹ ਲੇਖ ਚਿੰਤਨਸ਼ੀਲ ਹੈ।ਦ੍ਰਿਸ਼ਟੀਕੋਣ ਨੇ ਪਹਿਲਗਾਮ ਦੀ ਘਟਨਾ ਦਾ ਵਿਸ਼ਲੇਸ਼ਣ ਕੀਤਾ ਹੈ।ਇਸ ਘਟਨਾ ਵਿੱਚ ਜੋ ਵੀ ਜਾਨੀ ਨੁਕਸਾਨ ਹੋਇਆ ਹੈ ਉਸਦਾ ਫਿਕਰ ਤਾਂ ਸਾਰੇ ਦੇਸ਼ ਨੂੰ ਹੈ, ਪਰ ਵੇਖਣ ਦੀ ਲੋੜ ਹੈ ਕਿ ਕੁਤਾਹੀ ਕਿਸ ਥਾਂ 'ਤੇ ਹੋਈ ਹੈ।ਕੁਲਵੰਤ ਸਿੰਘ ਔਜਲਾ ਦੀ ਕਿਤਾਬ ਧੀਆਂ ਡਾਲਰ ਖੌਜਣ ਚਲੀਆ ਤੇ ਹਰੀਕ੍ਰਿਸ਼ਨ ਮਾਇਰ ਦੀ ਕਿਤਾਬ ਪੰਜਾਬੀ ਖੋਜਕਾਰ ਦੇ ਸਮੀਖਿਆ ਲੇਖ ਪੜ੍ਹ ਕੇ ਚੰਗੀ ਜਾਣਕਾਰੀ ਮਿਲੀ।ਸਾਹਿਤਕ ਸਰਗਰਮੀਆਂ ਵਿਚ ਕਿਤਾਬ ਗਰਾਰੀ ਅੜ ਗਈ ਤੇ ਨੂਰ ਦੇ ਨੇੜੇ ਰਿਲੀਜ਼ ਹੋਣ ਦੀ ਖੁਸ਼ੀ ਹੈ।ਦੋਨੋ ਕਿਤਾਬਾਂ ਦੇ ਸਿਰਜਕਾਂ ਨੂੰ ਮੁਬਾਰਕਾਂ।

-ਪ੍ਰਿੰ. ਗੁਰਮੀਤ ਸਿੰਘ ਫ਼ਾਜ਼ਿਲਕਾ

### ਬਲਜੀਤ ਕੌਰ ਦੀਆਂ ਮਿੰਨੀ ਕਹਾਣੀਆਂ

ਨਵਾਂ ਜ਼ਮਾਨਾ ਦਾ ਐਤਵਾਰਤਾ ਆਮ ਵਾਂਗ ਖਾਸ ਤਰ੍ਹਾਂ ਦੀ ਸਾਹਿਤਕ ਸਮੱਗਰੀ ਨਾਲ਼ ਲਬਰੇਜ਼ ਸੀ।ਬਸਤਰ 'ਚ ਕਤਲੇਆਮ-ਸ਼ਾਂਤੀ ਗੱਲਬਾਤ, ਜਤਿੰਦਰ ਪੰਨੂੰ ਦਾ ਦ੍ਰਿਸ਼ਟੀਕੋਣ, ਐਡਵੋਕੇਟ ਗੁਰਮੀਤ ਸਿੰਘ ਸ਼ੁਗਲੀ ਦੇ ਸੁਲਗਦੇ ਸਵਾਲ, ਡਾ. ਗੁਰਬਖਸ਼ ਸਿੰਘ ਭੰਡਾਲ ਦਾ ਲੇਖ 'ਕਾਸ਼! ਮਿਟ ਜਾਵਣ ਇਹ ਲੀਕਾਂ' ਅਤੇ ਸੁਰਜੀਤ ਸੁਮਨ ਦਾ ਕਾਲਮ 'ਸ਼ੀਸ਼ੇ ਦੇ ਵੱਲ ਦੇਖ ਨਾ ਹੋਵੇ' ਕਮਾਲ ਦੀ ਗੱਲ ਕਰਦੇ ਦਿਲ ਵਿੱਚ ਉੱਤਰ ਗਏ।ਇਸੇ ਤਰ੍ਹਾਂ ਬਲਜੀਤ ਕੌਰ ਦੀਆਂ ਮਿੰਨ੍ਹੀ ਕਹਾਣੀਆਂ ਵੀ ਬਹੁਤ ਵਧੀਆ ਲੱਗੀਆਂ।ਸੁਰ ਸੰਗੀਤ ਦੇ ਹੀਰੇ ਕਾਲਮ ਵਿੱਚ ਖ਼ਾਨ ਸਾਹਿਬ ਬੜੇ ਗੁਲਾਮ ਅਲੀ ਖਾਂ ਵੀ ਅਨਮੋਲ ਜਾਣਕਾਰੀ ਭਰਪੂਰ ਸੀ।

-ਸਰਬਜੀਤ ਸਿੰਘ ਸੈਣੀ, ਕੁਰਾਲ਼ੀ

**ਪਾਠਕਾਂ ਲਈ**

ਤੁਹਾਡੇ ਖ਼ਤਾਂ ਦਾ ਸਵਾਗਤ ਹੈ। ਖ਼ਤ ਸਾਨੂੰ ਹੇਠ ਲਿਖੀ ਈਮੇਲ 'ਤੇ ਭੇਜ ਸਕਦੇ ਹੋ।

atwartazamana@gmail.com

- ਸੰਪਾਦਕ

**ਆਉਂਦੇ ਐਤਵਾਰਤਾ 'ਚ ਵਿਸ਼ੇਸ਼**

ਸੋਸ਼ਲ ਮੀਡੀਆ ਦੀ ਸਮਾਜਿਕਤਾ : ਹਰਵਿੰਦਰ ਭੰਡਾਲ

ਸੁਰ-ਸੰਗੀਤ ਦੇ ਹੀਰੇ-9 : ਪ੍ਰੋ. ਬੀ ਆਰ ਦਿਓਧਰ

'ਸਿਰਲੇਖ' : ਸੰਜੋਗੀ ਅਮਰਜੀਤ ਚੰਦਨ , (ਫੋਕਸ) ਡਾ. ਪਰਮਜੀਤ ਢੀਂਗਰਾ

ਅਰਵਿੰਦਰ ਕੌਰ ਕਾਕੜਾ ਤੇ ਡਾ. ਸੁਖਵਿੰਦਰ ਸਿੰਘ ਦੀਆਂ ਕਵਿਤਾਵਾਂ ਤੇ ਹੋਰ ਬਹੁਤ ਕੁਝ

## ਨਯਾ ਗਿਆਨਉਦੇ : ਕਾਫ਼ਕਾ 'ਤੇ ਵਿਸ਼ੇਸ਼ ਅੰਕ



ਭਾਰਤੀ ਗਿਆਨਪੀਠ ਵੱਲੋਂ ਛਪਦੇ ਪਰਚੇ ਨਯਾ ਗਿਆਨਉਦੇ ਦਾ ਫਰਵਰੀ-ਮਾਰਚ, 2025 ਅੰਕ ਕਾਫ਼ਕਾ ਉੱਤੇ ਕੇਂਦਰਿਤ ਹੈ। ਜਿਸ ਵਿੱਚ ਕਾਫ਼ਕਾ ਦੀਆਂ ਚਾਰ ਮਹੱਤਵਪੂਰਨ ਕਹਾਣੀਆਂ, ਦੋ ਲਘੂ ਕਥਾਵਾਂ ਤੇ ਦੋ ਕਵਿਤਾਵਾਂ ਛਾਪੀਆਂ ਗਈਆਂ ਹਨ। ਕਾਫ਼ਕਾ ਦੀ ਸ਼ਖ਼ਸੀਅਤ, ਰਚਨਾ ਸੰਸਾਰ ਤੇ ਨਿੱਜੀ ਜ਼ਿੰਦਗੀ ਨੂੰ ਪੇਸ਼ ਕਰਦੇ ਸੱਤ ਲੇਖ, ਸ਼ਬਦ ਚਿੱਤਰ ਆਦਿ ਪ੍ਰਕਾਸ਼ਤ ਕੀਤੇ ਗਏ ਹਨ। ਸਿਨੇਮਾ ਵਿੱਚ ਕਾਫ਼ਕਾ ਦੇ ਸਥਾਨ ਬਾਰੇ ਵੀ ਚਰਚਾ ਕੀਤੀ ਗਈ ਹੈ। ਪਰਚੇ ਵਿੱਚ ਨਿੱਗਰ ਸਮੱਗਰੀ ਛਪੀ ਹੈ। ਕਾਫ਼ਕਾ ਬਾਰੇ ਪ੍ਰਕਾਸ਼ਤ ਇਹ ਅੰਕ ਪੜ੍ਹਨਯੋਗ ਤੇ ਸਾਂਭਣਯੋਗ ਹੈ।

ਪਰਚੇ ਦੇ ਪੰਨੇ : 80, ਮੁੱਲ : 50 ਰੁਪਏ, , ਪਤਾ : ਨਯਾ ਗਿਆਨਉਦੇ, ਭਾਰਤੀ ਗਿਆਨਪੀਠ, 18 ਇੰਸਟੀਚਿਊਸ਼ਨਲ ਏਰੀਆ, ਲੋਦੀ ਰੋਡ, ਨਵੀਂ ਦਿੱਲੀ-03, ਫੋਨ-011 2462 6467, 2469 8147,4152 3423

ਪਰਚੇ ਦੇ ਸੰਪਾਦਕ ਹਨ : ਮਧੂਸੂਦਨ ਆਨੰਦ।

- ਭਗਵੰਤ ਰਸੂਲਪੁਰੀ

# ਮਲਵਿੰਦਰ ਦੀਆਂ ਪਰਵਾਸ ਨਾਲ ਸੰਬੰਧਤ ਕਵਿਤਾਵਾਂ



## ਛਪਣ ਤੋਂ ਪਹਿਲਾਂ

ਛਪਣ ਤੋਂ ਪਹਿਲਾਂ
ਤਿਆਰ ਹੈ ਖਰੜਾ
ਪਿਛਾਂਹ ਪਰਤਣ ਨੂੰ ਜਹਾਜ਼ ਖੜ੍ਹਾ ਹੈ
ਛਪਦੇ, ਮੁੜਦੇ
ਕਈ ਕੁਝ ਕਿਰ ਜਾਣਾ ਹੈ
ਸੋਚਾਂ ਅੰਦਰ ਭਿੜ ਜਾਣਾ ਹੈ
ਥੋੜ੍ਹਾ ਛਾਂਗਦਿਆਂ
ਬਹੁਤੀ ਛਾਂ ਨੇ ਤੁਰ ਜਾਣਾ ਹੈ
ਸੰਪੂਰਨਤਾ ਨੂੰ ਗ੍ਰਹਿਣ ਕਰਦਿਆਂ
ਬੂਹਾਂ 'ਚੋਂ ਵਿਦਾ ਕਰਦਿਆਂ
ਕਵਿਤਾ ਕਿਹੜਾ ਖਿੜ ਜਾਣਾ ਹੈ

ਵਤਨ ਪਹੁੰਚ ਕੇ
ਜਹਾਜ਼ ਤਾਂ ਅੰਦਰ ਹੀ ਰਹਿਣਾ ਹੈ
ਅਣਛਪੀ ਕਵਿਤਾ ਵੀ ਕਿਹੜਾ
ਟਿਕ ਬਹਿਣਾ ਹੈ
ਭਟਕਣ ਸਿਰ ਸਵਾਰ ਹੈ ਰਹਿਣੀ
ਸੋਚ ਤੇਰੀ ਬਿਮਾਰ ਹੈ ਰਹਿਣੀ

ਤੂੰ ਰੁੱਤਾਂ ਸੰਗ ਖੇਡ ਰਿਹਾ ਹੈਂ
ਕਵਿਤਾ ਹਰਫ਼ੀਂ ਸਮੇਟ ਰਿਹਾ ਹੈਂ
ਅਜੇ ਤੂੰ ਇਹ ਸਮਝ ਨਾ ਪਾਇਆ
ਕਿਹੜੇ ਮੁਲਕ ਤੈਨੂੰ ਥਮਾਇਆ
ਕਿਸ ਕਵਿਤਾ ਤੈਨੂੰ ਅਪਣਾਇਆ

ਛਪਣ ਤੋਂ ਪਹਿਲਾਂ
ਛਪ ਜਾਣ ਤੋਂ ਪਿੱਛੋਂ ਵੀ
ਤੂੰ ਤੇ ਕਵਿਤਾ ਕਿੰਨੇ ਆੜੀ
ਕਿੰਨਿਆਂ ਸੰਗ ਨਿਭੀ ਇਹ ਯਾਰੀ

ਵਤਨ ਹੈ ਤੇਰਾ
ਕਵਿਤਾ ਵੀ ਤੇਰੀ
ਤੇਰੇ ਵਿਚ ਪਰਾਏ ਲੱਭਣੇ
ਕਿਸ ਸੋਚ ਦੇ ਕਬਰੀਂ ਦੱਬਣੇ

ਪੁੱਠੇ ਪੈਰੀਂ ਭਟਕ ਰਹੀ ਹੈ
ਪਰਵਾਸ ਖ਼ਲਾਅ ਵਿਚ ਲਟਕ ਰਹੀ ਹੈ

## ਬਹਿਸਦੀ ਪਾਰਕ

ਦਿਸ਼ਾਵਾਂ ਮਿੱਧਦੀਆਂ ਉਮਰਾਂ
ਪਾਰਕ ਵੱਲ ਆਉਂਦੀਆਂ
ਆਸਣ ਗ੍ਰਹਿਣ ਕਰਦੀਆਂ
ਝੂਟੇ ਝੂਲ ਰਹੀਆਂ ਕਿਲਕਾਰੀਆਂ ਨਿਹਾਰਦੀਆਂ
ਕਥਾ ਕੋਈ ਪੰਜਾਬ ਦੀ ਛੋਹ ਬਹਿੰਦੀਆਂ
ਰਾਗ ਕੋਈ ਰਾਜਨੀਤਕ ਛੇੜ ਲੈਂਦੀਆਂ

ਇਹਨਾਂ ਉਮਰਾਂ ਕੋਲ
ਤਜਰਬਿਆਂ ਦਾ ਗੂੜ੍ਹ ਗਿਆਨ
ਇਤਿਹਾਸ ਦਾ ਚਿਤ ਸਾਂਭਿਆ ਬਿਆਨ
ਨਿਰਣਿਆਂ ਦਾ ਨਿਰਣਾਇਕ ਬਖਿਆਨ
ਚੇਤਿਆਂ ਦਾ ਅਦੁੱਤੀ ਧਿਆਨ
ਬਹਿਸਣ ਦੀ ਕਲਾ ਪ੍ਰਧਾਨ

ਇਹ ਕੈਨੇਡਾ ਮਾਣਦੇ
ਸਾਥੀ ਸਭ ਹਾਣ ਦੇ
ਭਾਰਤ ਨੂੰ ਨਿੰਦਦੇ
ਪੰਜਾਬ ਨੂੰ ਛਾਣਦੇ
ਨੇਤਾਵਾਂ ਦੀਆਂ ਹਕੀਕਤਾਂ
ਬੋਝੇ ਸੰਭਾਲਦੇ

ਇਹਨਾਂ ਉਮਰਾਂ ਦੀ ਯਾਦ ਤਿਜੌਰੀ ਵਿੱਚ
ਪਰਵਾਸ ਦੀਆਂ ਜਟਿਲ ਹਕੀਕਤਾਂ
ਪਰਵਾਰ ਦੀਆਂ ਕਠਿਨ ਦੁਸ਼ਵਾਰੀਆਂ
ਜਗੀਰਦਾਰ ਕੁਨਬਿਆਂ ਦੀਆਂ ਕੁਟਿਲ ਨੀਤੀਆਂ
ਰਾਜਨੀਤਕ ਟੱਬਰਾਂ ਦੀਆਂ ਸ਼ੋਹਦੀਆਂ ਚਾਲਾਂ

ਇਹ ਪਰਵਾਸ ਦੇ ਦੁੱਖ ਬਿਆਨਦੇ
ਬੇਸਮੈਂਟਾਂ ਦੇ ਤਣਾਅ ਦਾ ਸੁੱਖ ਹੰਢਾਵੰਦੇ
ਜਗੀਰਦਾਰਾਂ ਦੇ ਖ਼ਿਤਾਬਾਂ ਦਾ ਸੱਚ ਸੁਣਾਉਂਦੇ
ਰਾਜਨੀਤਕ ਪਰਵਾਰਾਂ ਦਾ ਕੋਹਝ
ਪਾਰਕ ਕੋਲੋਂ ਵੀ ਨਾ ਛੁਪਾਉਂਦੇ

ਇਹ ਬੇਪਛਾਣ ਬਣ ਪਾਰਕ ਵਿਚ ਆਉਂਦੇ
ਆਪਣੇ ਜ਼ਿਲ੍ਹੇ ਖਿੱਤੇ ਦੀ ਧੂਣੀ ਧੁਖਾਉਂਦੇ
ਹੌਲੀ-ਹੌਲੀ ਰੁਤਬਿਆਂ ਅਹੁਦਿਆਂ ਨੂੰ ਦੁਹਰਾਉਂਦੇ
ਕੁਝ ਮਨੇਜਰ ਤੇ ਕੁਝ ਸਰਪੰਚ ਸਾਹਿਬ ਹੋ ਜਾਂਦੇ
ਅਧਿਆਪਕ ਰਹੇ ਕੁਝ ਮਾਸਟਰ ਹੀ ਕਹਾਉਂਦੇ

ਫਿਰ ਖੁੱਲ੍ਹਦਾ ਆਪਣੀਆਂ ਪ੍ਰਾਪਤੀਆਂ ਦਾ ਚਿੱਠਾ
ਦ੍ਰਿਸ਼ ਉਹ ਬਿਆਨਦੇ ਜੋ ਪਹਿਲਾਂ ਕਦੀ ਨਾ ਡਿੱਠਾ
ਜੀਵਨ ਦੀਆਂ ਦੁਸ਼ਵਾਰੀਆਂ ਨੂੰ ਬਣਾਉਂਦੇ ਗੁੜ ਮਿੱਠਾ
ਸੁਣ ਰਹੇ ਹਰ ਪ੍ਰਾਣੀ ਦਾ ਕਦ ਹੋ ਜਾਂਦਾ ਗਿੱਠਾ

ਸੈਂਕੜੇ ਵਾਰ ਦੁਹਰਾਉਂਦੇ ਇਹ ਜਾਂਬਾਜੀ ਦਾ ਚਿੱਠਾ

ਨੈਣ ਪਾਰਕਾਂ ਦੇ ਉਹ ਦੁਖਦ ਨਕਸ਼ ਵੀ ਵੇਂਹਦੇ
ਜਿਸ ਨੂੰ ਉਮਰਾਂ ਦੇ ਬੇਵੱਸ ਹਿਰਦੇ ਸਹਿੰਦੇ
ਕੁਝ ਘਰ ਤੋਂ ਦੁਰਕਾਰੇ ਪਾਰਕ ਦੀ ਗੋਦੀ ਬਹਿੰਦੇ
ਅੰਦਰ ਭਾਵਾਂ ਦੇ ਹੜ੍ਹ ਸ਼ੂਕਦੇ, ਪਰ
ਉਮਰਾਂ ਦੇ ਬਜ਼ੁਰਗ ਚਿਹਰੇ ਮੁੱਖੋਂ ਕੁਝ ਨਾ ਕਹਿੰਦੇ

ਅੱਜ ਬਹਿਸ ਦਾ ਕੇਂਦਰ ਰਣੌਤ ਸੀ
ਕੱਲ੍ਹ ਕੇਂਦਰ ਵਿਚ ਦੱਸੋ ਖਾਂ ਭਲਾ ਕੌਣ ਸੀ!
ਕੁਝ ਸਨ ਜੋ ਕੇਂਦਰ ਦੀ ਖਿੱਚ ਤੋਂ ਬਾਹਰ ਹੋ ਗਏ
ਕਦੀ ਉਹਨਾਂ ਦੇ ਹੀ ਚਰਚੇ ਸਨ ਹੁਣ ਹੰਕਾਰ ਹੋ ਗਏ

ਬਹਿਸਦੀ ਪਾਰਕ ਪਰਵਾਸ ਨੂੰ ਹੈ ਸਾਂਭਦੀ
ਜਾਂ ਪਰਵਾਸ ਪਾਰਕ ਨੂੰ ਹੈ ਸਾਂਭ ਰਹੀ
ਇਸ ਸਵਾਲ ਵਿਚ ਕਈ ਉਲਝਨਾਂ, ਬਵਾਲ ਹਨ
ਪਰ ਪਾਰਕ ਇਸ ਸਾਂਝੀ ਦੇ ਕਈ ਭਿਆਲ ਹਨ

ਅੱਜ ਇੱਕ ਸਾਥੀ ਪਰਤ ਪਿਛਾਂਹ ਹੈ ਜਾ ਰਿਹਾ
ਪ੍ਰਸੰਨ ਕਿ ਪੰਜਾਬ ਉਸ ਨੂੰ ਕੋਲ਼ ਹੈ ਬੁਲਾ ਰਿਹਾ
ਪਾਰਕ ਸਨਮਾਨ ਕੀਤਾ
ਜਸ਼ਨ ਵਿਦਾਇਗੀ ਦਾ ਰਲ਼ ਤਿਆਰ ਕੀਤਾ
ਉਸ ਧਰਤ ਛੋਹੀ, ਹੱਥ ਮੱਥੇ ਚੁੰਮਿਆਂ
ਛਿਣ ਆਜ਼ਾਦੀ ਦੇ ਦਾ ਉਸ ਸਤਿਕਾਰ ਕੀਤਾ

ਸੀਨੇ ਲਾਉਂਦੀਆਂ ਵਿਦਾ ਵੀ ਕਰਦੀਆਂ
ਇਹ ਸ਼ਾਂਤ ਪਾਰਕਾਂ ਮੌਸਮਾਂ ਨਾਲ਼ ਲੜਦੀਆਂ
ਅਸੀਂ ਖ਼ੁਸ਼, ਉਦਾਸ ਹੁੰਦੇ ਇਹ ਨਾ ਹਰਦੀਆਂ
ਤਪਸ਼ ਵੀ ਸਹਿੰਦੀਆਂ ਯਖ਼ ਮੌਸਮਾਂ 'ਚ ਠਰਦੀਆਂ
ਸਾਡੇ ਜਸ਼ਨ, ਦੁੱਖ ਤੇ ਇਕੱਲਤਾ ਦੇ ਸਾਗਰ ਤਰਦੀਆਂ

ਛੱਡੀਏ ਪਾਰਕਾਂ ਨਾਲ਼ ਬਹਿਸਣਾ
ਭੁੱਲੀਏ ਵਰਤਾਰਿਆਂ ਨੂੰ ਕੋਸਣਾ
ਪਿਆਰ ਕਰਨਾ ਸਿੱਖੀਏ, ਸਿੱਖੀਏ ਸਾਂਝ ਨੂੰ ਸਿਰਜਣਾ
ਜਪੀਏ ਉਸ ਨੂਰ ਨੂੰ ਜਿਸ ਜੱਗ ਉਪਜਾਇਆ
ਸਾਂਭੀਏ ਉਹ ਵਿਰਸਾ ਜੋ ਜਵਾਕਾਂ ਨੂੰ ਦੱਸਣਾ
ਜਿੱਥੇ ਵੀ ਹੋਈਏ ਧਰਤ ਇਸੇ 'ਤੇ ਵੱਸਣਾ

## ਵਿਵਾਦ

ਦਿਨ ਬਦਲਦੇ ਰਹਿੰਦੇ
ਵਿਵਾਦ ਵੀ
ਇੱਕੋ ਜਿਹੀ ਨਹੀਂ ਰਹਿੰਦੀ ਰੁੱਤ
ਬਦਲਦੇ ਰਹਿੰਦੇ ਮੌਸਮ ਵੀ

ਮੌਸਮ ਅਨੁਕੂਲ ਹੋ ਜਾਂਦੇ
ਪਰਤ ਆਉਂਦੀ ਬੀਤੀ ਰੁੱਤ ਵੀ
ਬਿਰਖਾਂ 'ਤੇ ਖੇੜਾ ਪਰਤ ਆਉਂਦਾ
ਪਰ ਚਿਹਰੇ ਵਿਵਾਦ ਦੇ
ਹੋਰ ਖ਼ੂੰਖਾਰ ਹੋ ਜਾਂਦੇ

ਡਰ ਵਧੇਰੇ ਸੰਘਣੇ
ਧਰਮਾਂ, ਜਾਤਾਂ ਦੇ ਕੰਧਾੜੇ ਚੜ੍ਹ
ਨਫ਼ਰਤ ਘਰਾਂ ਦੀਆਂ ਬਰੂਹਾਂ ਉਲੰਘ ਆਉਂਦੀ
ਜਿਉਣ ਦੇ ਸਬੱਬ
ਹੱਥਾਂ 'ਚੋਂ ਤਿਲਕ ਜਾਂਦੇ
ਪੰਛੀ ਉਦਾਸ ਹੋ ਜਾਂਦੇ
ਪਾਣੀ ਪ੍ਰਦੂਸ਼ਿਤ
ਜ਼ਹਿਰਾਂ 'ਚ ਹਵਾ ਰੁਮਕਦੀ
ਹਵਾ ਵਿਚ ਬੇਵਿਸ਼ਵਾਸੀ
ਹਰ ਸ਼ੈਅ ਪਰਵਾਸੀ ਹੋਣ ਦੇ ਮਸ਼ਵਰੇ ਕਰਦੀ

ਬੇਵੱਸੀ ਪਰਵਾਸ ਹੁੰਦੀ
ਸੁਪਨੇ ਪਰਵਾਸ ਕਰਦੇ
ਡਰ ਬੋਝਿਆਂ 'ਚ ਦੁਬਕਿਆ
ਨਫ਼ਰਤ ਆਦਰਾਂ 'ਚ ਸਾਹ ਲੈ ਰਹੀ
ਪਰਵਾਸ ਦੀ ਹਮਸਫ਼ਰ ਹੁੰਦੀ

ਪਤਾ ਨਹੀਂ ਕਿੰਝ
ਅਸਬਾਬ ਅੰਦਰ ਦੁਬਕ ਕੇ
ਸੱਤ ਸਾਗਰ ਉਲੰਘ ਆਉਂਦੀ ਜਾਤ
ਹਿਰਦਿਆਂ 'ਚ ਬੈਠ ਆ ਜਾਂਦਾ ਧਰਮ
ਨਫ਼ਰਤ ਸੜਕਾਂ 'ਤੇ ਬੜਕਦੀ
ਪਿੱਛੇ ਰਹਿ ਗਏ ਵਤਨ ਦੀਆਂ ਬੇਤਰਤੀਬੀਆਂ
ਪਰਾਈ ਧਰਤ 'ਤੇ ਮੁੜ ਆਕਾਰ ਲੈਂਦੀਆਂ

ਪਰਵਾਸ ਹੰਢਾਉਂਦਿਆਂ ਵੀ
ਸੱਤਾ ਸੱਚ ਦੀਆਂ ਪੈੜਾਂ ਨੱਪਦੀ
ਝੂਠ ਸਿਰ ਤਾਜ ਧਰਦੀ

ਵਿਵਾਦ ਤਾਂ ਵਿਵਾਦ ਹੁੰਦੇ
ਹਾਕਮਾਂ ਦੇ ਮੱਥਿਉਂ ਨਿਕਲੇ
ਵਿਵਾਦ ਕਦ ਖਹਿੜਾ ਛੱਡਦੇ

## ਰਿਵਰਸ ਪਰਵਾਸ

ਪੰਜ ਦਰਜਨ ਦੋਸਤਾਂ ਦੀਆਂ ਅੱਖਾਂ ਨਮ ਸਨ
ਇਹ ਮੇਰੀ ਵਿਦਾਇਗੀ ਦਾ ਛਿਣ ਸੀ
ਵਿਦਾਇਗੀ ਆਪਣੇ ਪੰਜਾਬ ਤੋਂ
ਵਿਦਾਇਗੀ ਆਪਣੇ ਵਤਨ ਤੋਂ
ਵਿਦਾਇਗੀ ਆਪਣੇ ਸਾਹਾਂ ਤੋਂ
ਆਪਣੇ ਜੀਣ ਦੇ ਸਬੱਬ ਤੋਂ
ਘਰ ਤੋਂ, ਘਰ ਅੰਦਰ ਵੱਸਦੇ
ਘਰ ਦੇ ਅਹਿਸਾਸ ਤੋਂ
ਆਪਣੀ ਭੋਇੰ ਤੋਂ
ਪੈਲੀਆਂ ਤੋਂ, ਡੰਗਰਾਂ ਤੋਂ
ਦੋਸਤਾਂ ਤੋਂ, ਦੁਸ਼ਮਣਾਂ ਤੋਂ
..
ਉਹ ਮੇਰਾ ਪਰਵਾਸ ਸੀ
ਪਰਵਾਸੀ ਹੋ ਗਏ ਪੁੱਤਰ ਦੇ ਦੇਸ ਵੱਲ
ਬੇਟੇ ਦੇ ਘਰ ਵੱਲ
ਘਰ ਜੋ ਮੇਰਾ ਨਹੀਂ ਸੀ
ਦੇਸ਼ ਜੋ ਮੇਰਾ ਨਹੀਂ ਸੀ

ਚੁਫ਼ੇਰੇ ਭਰ ਵੱਸਦੀ ਕੁਦਰਤ ਸੀ
ਝੀਲਾਂ ਸਨ, ਛੱਪੜ ਸਨ, ਸਾਗਰ ਸੀ
ਚਿਹਰਿਆਂ 'ਤੇ ਮੁਸਕਾਨ ਖਿੰਡਾਉਂਦੇ ਲੋਕ ਸਨ
ਪਰ ਮੇਰੇ ਅੰਦਰ ਵੱਸਦੇ ਵਤਨ ਦੇ ਹਾਣੀ ਨਹੀਂ ਸਨ
ਮੇਰੇ ਨਹੀਂ ਸਨ

ਅੱਜ ਮੇਰਾ ਪਰਤਦਾ ਪਰਵਾਸ ਸੀ
ਆਪਣਿਆਂ ਨੂੰ ਮਿਲਣ ਦਾ ਧਰਵਾਸ ਸੀ
ਅਪਣੱਤ ਨੂੰ ਧਾ ਮਿਲਣ ਦੀ ਆਸ ਸੀ
ਪਰ ਮੈਂ ਇੱਕ ਅੱਖ ਢੂੰਡ ਰਿਹਾ ਹਾਂ
ਅੱਖ ਜੋ ਨਮ ਹੋਵੇ
ਮੇਰੇ ਪਰਤ ਜਾਣ ਦੇ ਛਿਣ ਵਿਚ ਉਦਾਸ ਹੋਵੇ

ਪਰ ਅਜਿਹਾ ਕੁਝ ਵੀ ਨਹੀਂ ਸੀ
ਕੋਈ ਅੱਖ ਉਦਾਸ ਸੀ
ਕਿਸੇ ਅੱਖ ਕੋਲ਼ ਆਸ ਸੀ
ਮੈਂ ਪਿਛਾਂਹ ਪਰਤ ਰਿਹਾ ਹਾਂ
ਇਹ ਮੇਰਾ ਰਿਵਰਸ ਪਰਵਾਸ ਹੈ

## ਮਰ ਗਏ ਕਵੀ ਦੀ ਕਵਿਤਾ

ਵਗਦੇ ਪਾਣੀਆਂ ਦੇ ਸੰਗੀਤ ਕੋਲ਼
ਪੰਛੀਆਂ ਦੇ ਗੀਤ ਲੁਕਣਮੀਟੀ ਖੇਡ ਰਹੇ
ਬਿਰਖਾਂ ਦੀ ਸ਼ੀਤਲ ਛਾਂ 'ਚ
ਸੈਰ ਤੁਰ ਰਹੀ ਉਤਸ਼ਾਹੀ ਚਾਲ
ਫਤਹਿ ਸਾਂਝੀ ਕਰਦੇ ਚਿਹਰਿਆਂ 'ਤੇ
ਮੁਸਕਰਾਹਟ ਕਲਾਸਿਕ ਨ੍ਰਿਤ ਕਰ ਰਹੀ
ਕੁੱਤਾ ਕੋਈ ਬੜਬੋਲਾ
ਚੁੱਪ ਦੇ ਸ਼ੋਰ 'ਚ ਵਿਘਨ ਪਾ ਰਿਹਾ

ਸੂਰਜ ਓਹਲੇ 'ਚੋਂ ਝਾਤੀਆਂ ਮਾਰਦਾ
ਬੱਦਲ ਸਫ਼ੈਦ ਪਰਾਂ 'ਤੇ ਸਵਾਰ
ਧੁੱਪ ਦੇ ਸੇਕ 'ਚ ਖੁਰ ਰਹੇ
ਸੜਕ ਕਾਰਾਂ ਹੇਠ ਮਿੱਧੀ ਜਾ ਰਹੀ
ਕਾਹਲ ਮੋਬਾਇਲ ਫ਼ੋਨ 'ਚੋਂ ਨਿਕਲ
ਘੜੀ ਦੀਆਂ ਸੂਈਆਂ 'ਚ ਅਟਕ ਗਈ
ਲ਼ਾਲ ਬੱਤੀ ਦੀ ਆੜ 'ਚ
ਤੁਰ ਰਹੇ ਪੈਰ ਡਰੇ ਡਰੇ

ਕਿਸੇ ਬੋਝੇ 'ਚ ਧਰਮ ਸਥਾਨ ਹੈ
ਕਿਸੇ ਦੇ ਪਾਰਕ ਦਾ ਭਾਈਚਾਰਕ ਕੋਨਾ
ਕੋਈ ਕਮਿਨਿਟੀ ਸੈਂਟਰ ਦਾ ਆਕਾਰ ਸੋਚ ਰਿਹਾ
ਕੋਈ ਲਾਇਬ੍ਰੇਰੀ ਦਾ ਉਹ ਲੁਕਵਾਂ ਕੋਨਾ
ਜਿੱਥੇ ਉਸ ਸ਼ਾਇਰ ਦੀ ਕਿਤਾਬ ਹੈ
ਜਿਹੜਾ ਸਦੀਆਂ ਪਹਿਲਾਂ ਮਰ ਗਿਆ

ਅੱਜ ਮੁੜ ਜਿਉਂਦਾ ਹੋਵੇਗਾ
ਆਪਣੀ ਕਵਿਤਾ ਦੀ ਰਹਿ ਗਈ ਸਤਰ ਵਾਂਗ
ਇੱਕ ਨਵ-ਜਨਮੇ ਕਵੀ ਦੇ ਹੱਥਾਂ 'ਚ
ਵਗਦੇ ਪਾਣੀਆਂ ਦੇ ਸੰਗੀਤ ਕੋਲ

ਸੰਪਰਕ-97795-91344

ਹਿੰਦੀ ਵਿਅੰਗ

# ਸਦਾ ਇੱਕੋ ਜੇਹਾ ਰਹਿਣ ਵਾਲਾ

ਹਰੀ ਸ਼ੰਕਰ ਪਰਸਾਈ

ਅਨੁ. : ਹਰੀ ਕ੍ਰਿਸ਼ਨ ਮਾਇਰ

ਪੂਰੇ ਛੇ ਸਾਲ ਉਸ ਨੇ ਜੇਲ੍ਹ ਵਿੱਚ ਕੱਟੇ ਸਨ। ਉਨ੍ਹੀਂ ਦਿਨੀਂ ਇਕ ਨਾਹਰਾ ਲਗਾਇਆ ਜਾਂਦਾ ਸੀ- 'ਗੁਲਾਮੀ ਦੇ ਘਿਓ ਤੋਂ ਆਜ਼ਾਦੀ ਦਾ ਘਾਹ ਚੰਗਾ'। ਇਹੀ ਨਾਹਰਾ ਲਗਾਉਂਦੇ ਵੱਡੀ ਗਿਣਤੀ ਵਿੱਚ ਲੋਕ ਜੇਲ੍ਹ ਗਏ ਸਨ। ਉਹ ਵੀ ਜੇਲ੍ਹ ਚਲਾ ਗਿਆ। ਸੰਨ 1947 ਤੋਂ ਪਿੱਛੋਂ ਵੀ ਲੋਕ ਜੇਲ੍ਹ ਜਾਂਦੇ ਰਹੇ, ਪਰ ਉਹ ਨਹੀਂ ਗਿਆ। ਉਸ ਨੂੰ ਕੁਝ ਸਮਝ ਨਹੀਂ ਆਉਂਦਾ ਸੀ ਕਿ ਮੁਲਕ ਵਿੱਚ ਕੀ ਹੋ ਰਿਹਾ ਸੀ? ਤੇ ਕੀ ਹੋਣਾ ਚਾਹੀਦਾ ਸੀ। ਹੁਣ ਉਹ ਇਕ ਨੁੱਕਰੇ ਲੱਗਿਆ ਬੈਠਾ, ਆਜ਼ਾਦੀ ਦਾ ਘਾਹ ਖਾ ਰਿਹਾ ਸੀ।

ਮੋਟੀਆਂ ਐਨਕਾਂ ਨਾਲ ਉਹ ਪਹਿਲਾਂ ਮੇਰੀ ਤਰਫ ਦੇਖਦਾ ਹੈ ਅਤੇ ਫਿਰ ਕੰਧ ਵੱਲ। ਦੋਹਾਂ ਨੂੰ ਦੇਖਣ ਵਿੱਚ ਕੋਈ ਅੰਤਰ ਨਹੀਂ। ਖਿੜਕੀ 'ਤੇ ਉੱਡ ਕੇ ਬੈਠੀ ਚਿੜੀ ਵੱਲ ਵੀ ਉਹ ਏਦਾਂ ਹੀ ਦੇਖਦਾ ਹੈ। ਇਹ ਵੀ ਪੱਕਾ ਨਹੀਂ ਪਤਾ ਕਿ ਉਹ ਦੇਖਦਾ ਵੀ ਹੈ ਕਿ ਨਹੀਂ। ਅੱਖਾਂ ਕਿਸੇ ਹੋਰ ਵੱਲ ਘੁਮਾਉਂਦਾ ਹੈ, ਦੇਖਣ ਕਿਸੇ ਹੋਰ ਵੱਲ ਲੱਗਦਾ ਪੈਂਦਾ। ਇਸ ਤੋਂ ਯਕੀਨ ਹੋ ਜਾਂਦਾ ਹੈ ਕਿ ਉਹ ਦੇਖਦਾ ਹੈ। ਉਸ ਦੀਆਂ ਅੱਖਾਂ ਵਿੱਚ ਉਂਝ ਦੇਖਣ ਵਰਗਾ ਕੁਝ ਵੀ ਨਹੀਂ ਹੁੰਦਾ। ਮੇਰੇ ਹੱਥ ਵਿੱਚ ਅਖਬਾਰ ਹੈ। ਉਹ ਪੁੱਛਦਾ ਹੈ, "ਕਿਹੜੀ ਅਖਬਾਰ ਹੈ?" ਮੈਂ ਉਸ ਨੂੰ ਅਖਬਾਰ ਦਾ ਨਾਂਅ ਦੱਸਦਾ ਹਾਂ।

ਉਹ ਕਹਿੰਦਾ, "ਅੱਛਾ।"

ਉਹ ਪੁੱਛਦਾ, "ਕਿੱਥੋਂ ਛਪਦਾ ਹੈ?"

'ਬੰਬਈ ਤੋਂ' ਮੈਂ ਦੱਸਦਾ ਹਾਂ।

ਉਹ ਕਹਿੰਦਾ, "ਬੰਬਈ ਤੋਂ ਵੀ ਬੜੇ ਪੇਪਰ ਛਪਣ ਲੱਗ ਪਏ ਹਨ।" ਜੇ ਮੈਂ ਉਸ ਨੂੰ ਕਹਿ ਦਿੰਦਾ ਕਿ ਦਿੱਲੀ ਤੋਂ ਛਪਦਾ ਹੈ ਤਾਂ ਉਸ ਨੇ ਕਹਿਣਾ ਸੀ, ਦਿੱਲੀ ਤੋਂ ਵੀ ਬੜੇ ਪੇਪਰ ਛਪਣ ਲੱਗ ਪਏ ਹਨ। ਉਸ ਨੇ ਅਖਬਾਰ ਮੇਰੇ ਹੱਥੋਂ ਪਕੜ ਲਿਆ। ਲੱਗ ਪਿਆ ਉੱਚੀ-ਉੱਚੀ ਖਬਰਾਂ ਪੜ੍ਹਨ। ਪੜ੍ਹਨ ਦੇ ਨਾਲ-ਨਾਲ ਟਿੱਪਣੀਆਂ ਵੀ ਕਰੀ ਜਾਂਦਾ ਹੈ।

ਜਬਲਪੁਰ ਵਿੱਚ ਵਿਦਿਆਰਥੀਆਂ ਦੀ ਹੜਤਾਲ

"ਮੁੰਡੇ ਵੀ ਅੱਜ-ਕੱਲ੍ਹ ਬਹੁਤੀ ਗੜਬੜ ਕਰਨ ਲੱਗ ਪਏ ਹਨ।"

ਵਿਜੇਵਾੜਾ ਨੇੜੇ ਦੋ ਰੇਲ ਗੱਡੀਆਂ ਵਿਚਾਲੇ ਟੱਕਰ, ਪੰਦਰਾਂ ਬੰਦੇ ਮਾਰੇ ਗਏ।

"ਜੀਹਦੀ ਆ ਲੱਗੀ, ਉਸ ਨੇ ਤਾਂ ਮਰਨਾ ਹੀ ਹੈ।"

ਇੰਦੌਰ ਵਿੱਚ ਫਿਰਕਾਪ੍ਰਸਤਾਂ ਵੱਲੋਂ ਦੰਗੇ। ਅੱਠ ਆਦਮੀ ਮਾਰੇ ਗਏ। ਕਈ ਜ਼ਖਮੀ। ਕਈ ਘਰਾਂ ਨੂੰ ਅੱਗ ਲਗਾਈ ਗਈ।

"ਦੰਗੇ ਅੱਜ-ਕੱਲ੍ਹ ਬੜੇ ਹੋਣ ਲੱਗ ਪਏ। ਆਹ! ਅੱਠ ਹੋਰ ਚੱਲ ਵੱਸੇ।"

ਬੰਗਾਲ ਵਿੱਚ ਨਕਸਲੀਆਂ ਨੇ ਗੜਬੜ ਕੀਤੀ।

"ਇਹ ਨਕਸਲੀ ਵੀ ਨਵੇਂ-ਨਵੇਂ ਹੀ ਪੈਦਾ ਹੋਏ ਹਨ।"

ਪਤੀ ਨੇ ਪਤਨੀ ਦਾ ਨੱਕ ਕੱਟ ਦਿੱਤਾ।

"ਕੱਟ ਲੈ ਭਰਾਵਾ ਤੇਰੀ ਹੀ ਪਤਨੀ ਹੈ।"

ਇਸ ਵਰ੍ਹੇ ਅੰਨ ਪੱਖੋਂ ਦੇਸ਼ ਆਤਮ-ਨਿਰਭਰ ਹੋ ਜਾਵੇਗਾ- ਜਗਜੀਵਨ ਰਾਮ।

"ਹੋ ਜਾਵੇ! ਸਾਨੂੰ ਤਾਂ ਦੋ ਰੋਟੀਆਂ ਪਹਿਲਾਂ ਵੀ ਮਿਲਦੀਆਂ ਸੀ। ਅੱਗੇ ਵੀ ਮਿਲ ਜਾਣਗੀਆਂ।"

ਲਓ ਚੀਨ ਨੇ ਛੱਡ ਦਿੱਤਾ ਸੈਟੇਲਾਈਟ।

ਇਸ ਖਬਰ 'ਤੇ ਉਸ ਨੇ ਕੋਈ ਟਿੱਪਣੀ ਨਹੀਂ ਕੀਤੀ।

ਕਲਕੱਤੇ ਵਿੱਚ ਹੜਤਾਲੀ ਮਜ਼ਦੂਰਾਂ 'ਤੇ ਗੋਲੀ ਚੱਲੀ।

"ਮਜ਼ਦੂਰ ਵੀ ਬਹੁਤੀਆਂ ਹੜਤਾਲਾਂ ਕਰਨ ਲੱਗ ਪਏ। ਪੁਲਸ ਵੀ ਜ਼ਿਆਦਾ ਗੋਲੀਆਂ ਚਲਾਉਂਦੀ ਹੈ।"

"ਤੀਜਾ ਤਨਖਾਹ ਕਮਿਸ਼ਨ ਬੈਠ ਗਿਆ।"

"ਕਮਿਸ਼ਨ ਤਾਂ ਬੈਠਦੇ ਹੀ ਰਹਿੰਦੇ ਹਨ।"

ਅਮਰੀਕਾ ਨੇ ਕੰਬੋਡੀਆ ਵਿੱਚ ਫੌਜ ਭੇਜੀ।

"ਇਹ ਪੱਠਾ ਜਿੱਥੇ ਵੀ ਚਾਹੁੰਦਾ ਫੌਜ ਭੇਜ ਦਿੰਦਾ ਹੈ।"

ਅਮਰੀਕੀ ਵਿਦਿਆਰਥੀਆਂ ਨੇ ਰੋਸ ਪ੍ਰਦਰਸ਼ਨ ਕੀਤਾ।

"ਚੰਗਾ ਹੋਇਆ ਇਹ ਹਵਾ ਉਧਰ ਵੀ ਚਲੀ ਗਈ।"

ਦੇਸ਼ ਦਾ ਧਨ ਹੁਣ ਕੁਝ ਹੱਥਾਂ ਵਿੱਚ ਨਹੀਂ ਰਹਿਣ ਦੇਣਾ- ਇੰਦਰਾ ਗਾਂਧੀ

"ਸਾਰਾ ਆਪਣੇ ਹੀ ਹੱਥਾਂ ਵਿੱਚ ਰੱਖ ਲਓ।"

ਪਟਨੇ ਵਿੱਚ ਦੋ ਆਦਮੀਆਂ ਦਾ ਖ਼ੂਨ।

"ਲਓ ਫੇਰ ਖ਼ੂਨ ਹੋ ਗਿਆ।"

ਉਹ ਅਖਬਾਰ ਦੇ ਪੰਨੇ ਉਲਟਾਈ ਜਾਂਦਾ। ਖਬਰਾਂ ਦੀਆਂ ਸੁਰਖੀਆਂ ਪੜ੍ਹਦਾ ਅਤੇ ਟਿੱਪਣੀ ਕਰੀ ਜਾਂਦਾ। ਅਸੀਂ ਸੁਣੀ ਜਾਂਦੇ ਹਾਂ। ਕਦੀ-ਕਦੀ ਉਹ ਅੱਖ ਘੁੰਮਾ ਕੇ ਸਾਡੇ ਵੱਲ ਵੀ ਦੇਖ ਲੈਂਦਾ ਹੈ। ਉਸ ਨੂੰ ਸਾਡੇ ਉੱਥੇ ਹੋਣ ਦਾ ਅਹਿਸਾਸ ਹੈ। ਹੁਣ ਉਹ ਅਖਬਾਰ ਦੇ ਅਖੀਰਲੇ ਪੰਨੇ 'ਤੇ ਪਹੁੰਚ ਗਿਆ ਹੈ।

ਪਲਾਜਾ ਟਾਕੀਜ ਵਿੱਚ 'ਪ੍ਰੇਮ ਪੁਜਾਰੀ'।

"ਫਿਲਮਾਂ ਅੱਜ-ਕੱਲ੍ਹ ਬਹੁਤ ਬਣਨ ਲੱਗ ਪਈਆਂ ਹਨ।"

ਓਕਾਸਾ ਮਰਦਾਂ ਦੀਆਂ ਲੋੜਾਂ ਪੂਰੀਆਂ ਕਰਦਾ ਹੈ।

"ਕੈਸੀਆਂ ਕੈਸੀਆਂ ਦਵਾਈਆਂ ਬਣਨ ਲੱਗ ਪਈਆਂ ?"

ਅਖਬਾਰ ਉਹ ਪੂਰਾ ਪੜ੍ਹ ਚੁੱਕਾ ਹੈ। ਉਹ ਇਕ ਲੰਬੀ ਉਬਾਸੀ ਲੈਂਦਾ ਹੈ। ਫਿਰ ਸਾਡੇ ਵੱਲ ਵਿੰਹਦਾ ਹੈ। ਸਾਨੂੰ ਤਾਂ ਉਬਾਸੀ ਆ ਨਹੀਂ ਰਹੀ। ਉਹ ਨਾਰਾਜ਼ਗੀ ਜ਼ਾਹਰ ਕਰਦਾ ਹੈ। ਮੈਂ ਝੂਠੀ-ਮੂਠੀ ਉਬਾਸੀ ਲੈਂਦਾ ਹਾਂ। ਉਹ ਖੁਸ਼ ਹੋ ਜਾਂਦਾ ਹੈ। ਪੁੱਛਦਾ ਹੈ, "ਕਦੋਂ ਆਏ?"

"ਅੱਜ ਹੀ।"

"ਅੱਛਾ।"

ਜੇ ਮੈਂ ਆਖ ਦਿੰਦਾ ਪੰਦਰਾਂ ਦਿਨ ਪਹਿਲਾਂ ਆਇਆ ਸਾਂ, ਤਾਂ ਵੀ ਉਸ ਨੇ 'ਅੱਛਾ' ਹੀ ਕਹਿਣਾ ਸੀ।

ਪੁੱਛਦਾ ਹੈ, "ਕਦੋਂ ਵਾਪਸ ਜਾਣਾ ਹੈ?"

"ਕੱਲ੍ਹ"

"ਅੱਛਾ"

ਜੇ ਮੈਂ ਕਹਿ ਦਿੰਦਾ ਕਿ ਹੁਣੇ ਵਾਪਸ ਜਾਣਾ ਹੈ, ਤਾਂ ਵੀ ਉਸ ਨੇ 'ਅੱਛਾ' ਹੀ ਕਹਿਣਾ ਸੀ।

ਕਹਿੰਦਾ, "ਓਧਰ ਕੀ ਹਾਲ-ਚਾਲ ਹੈ?"

"ਸਭ ਠੀਕ ਹੈ।"

"ਅੱਛਾ"

ਜੇ ਮੈਂ ਕਹਿੰਦਾ ਕਿ ਉਧਰ ਮਹਾਂਮਾਰੀ ਫੈਲ ਗਈ, ਸਾਰੇ ਮਰ ਗਏ, ਤਾਂ ਵੀ ਉਸ ਨੇ 'ਅੱਛਾ' ਹੀ ਕਹਿਣਾ ਸੀ।

ਪੁੱਛਦਾ ਹੈ, "ਸੇਵਕ ਜੀ ਕਿਵੇਂ ਨੇ?"

"ਠੀਕ ਨੇ"

"ਅੱਛਾ"

ਜੇ ਮੈਂ ਕਹਿੰਦਾ ਕਿ ਸੇਵਕ ਜੀ ਨੂੰ ਅਧਰੰਗ ਹੋ ਗਿਆ, ਤਾਂ ਵੀ ਉਸ ਨੇ 'ਅੱਛਾ' ਹੀ ਕਹਿਣਾ ਸੀ।

ਪੁੱਛਦਾ ਹੈ, "ਉਧਰ ਵੀ ਮੱਛਰ ਬਹੁਤ ਹੋਣਗੇ।" ਮੈਂ ਹੈਰਾਨ ਹਾਂ ਕਿ ਉਹ ਆਪਣੇ ਨੇੜੇ ਦੇ ਸਾਥੀ 'ਸੇਵਕ ਜੀ' ਤੋਂ ਇਕਦਮ ਮੱਛਰਾਂ 'ਤੇ ਕਿਵੇਂ ਆ ਗਿਆ?

ਕਹਿੰਦਾ ਹੈ, "ਇਸ ਮੌਸਮ ਵਿੱਚ ਸਭਨਾਂ ਥਾਂਵਾਂ 'ਤੇ ਹੀ ਮੱਛਰਾਂ ਦੀ ਭਰਮਾਰ ਹੁੰਦੀ ਹੈ।"

ਉਹ ਹੁਣ ਥੋੜ੍ਹਾ ਸਰਗਰਮ ਹੁੰਦਾ ਲੱਗਦਾ ਹੈ। ਥੈਲੇ ਵਿੱਚੋਂ ਤੱਕਲੀ ਅਤੇ ਪੂਣੀ ਕੱਢ ਲੈਂਦਾ ਹੈ। ਸੂਤ ਕੱਤਣ ਲੱਗ ਪੈਂਦਾ ਹੈ। ਕੱਤਣ ਉਪਰੰਤ ਅਟੇਰਨ ਨਾਲ ਤੰਦਾਂ ਅਟੇਰੀ ਵੀ ਜਾਂਦਾ ਹੈ। ਕਦੀ ਸਾਡੇ ਵੱਲ ਵੀ ਦੇਖ ਲੈਂਦਾ ਹੈ। ਕੱਤਦੇ ਸਮੇਂ ਬੋਲੀ ਵੀ ਜਾਂਦਾ ਹੈ, "ਲੋਕ ਮੈਨੂੰ ਪੁੱਛਦੇ ਨੇ, ਤੁਸੀਂ ਸਿੰਡੀਕੇਟਾਂ ਵਿੱਚੋਂ ਹੋ ਜਾਂ ਇੰਡੀਕੇਟਾਂ ਵਿੱਚੋਂ ਹੋ?"

"ਓ ਬਾਬਾ! ਕੀ ਸਿੰਡੀਕੇਟ ਤੇ ਕੀ ਇੰਡੀਕੇਟ? ਸਿੰਡੀਕੇਟ ਹੋਣ ਨਾਲ ਕੀ ਇੰਡੀਕੇਟ ਨਹੀਂ ਰਹਿ ਸਕਦਾ, ਬੋਲੋ?"

ਅਸੀਂ ਕਹਿੰਦੇ ਹਾਂ, "ਜੀ ਹਾਂ।"

ਉਸ ਨੂੰ ਇਹ ਜਵਾਬ ਬੜਾ ਢੁਕਵਾਂ ਲੱਗਦਾ ਹੈ। ਉਹ ਕੱਤਣ ਲੱਗਦਾ ਹੈ। ਕਹਿੰਦਾ ਹੈ, "ਕੀ ਕਮਿਊਨਿਸਟ, ਕੀ ਸੋਸ਼ਲਿਸਟ ਤੇ ਕੀ ਕੈਪਟਿਲਿਸਟ, ਇਹ ਸਭ ਰਾਜਨੀਤੀ ਦੇ ਚੋਚਲੇ ਹਨ। ਮੇਰੇ ਕੋਲ ਆਓ, ਮੈਂ ਤੁਹਾਨੂੰ ਰਾਜਨੀਤੀ ਬਾਰੇ ਦੱਸਦਾ ਹਾਂ। ਉਹ ਕੱਤੀ ਜਾਂਦਾ ਅਤੇ ਅਟੇਰੀ ਜਾਂਦਾ ਹੈ।

ਕਹਿੰਦਾ, "ਲੋਕ ਕਹਿੰਦੇ ਨੇ ਐਟਮ ਬੰਬ ਬਣਾ। ਬਣਾ ਲਓ ਬਈ ਮੈਂ ਕਿਹੜਾ ਰੋਕਦਾ ਹਾਂ, ਪਰ ਵਿਚਾਰ ਕਰ ਲੈਣਾ ਕਿ ਐਟਮ ਬੰਬ ਬਣਾਉਣ ਦਾ ਕੀ ਫਾਇਦਾ ਹੋਵੇਗਾ ਅਤੇ ਜੇ ਨਾ ਬਣਾਈਏ ਤਾਂ ਕੀ ਫਾਇਦਾ ਹੋਵੇਗਾ? ਹੁਣ ਤੱਕ ਉਸ ਨੇ ਕਾਫੀ ਸੂਤ ਕੱਤ ਲਿਆ ਹੈ। ਹੁਣ ਸੂਤ ਲਪੇਟ ਰਿਹਾ ਹੈ। ਕਹਿੰਦਾ ਹੈ, "ਲੋਕ ਮੇਰੇ ਕੋਲ ਆਉਂਦੇ ਹਨ, ਮੈਨੂੰ ਕਹਿੰਦੇ ਹਨ, ਅੰਦੋਲਨ ਕਰੇਂਗਾ? ਤਾਂ ਫਿਰ ਕਰੋ ਅੰਦੋਲਨ। ਮੈਂ ਕਿਹੜਾ ਰੋਕਦਾਂ, ਪਰ ਜੇ ਅੰਦੋਲਨ ਕਰੋਗੇ ਤਾਂ ਵੀ ਕੀ ਹੋਣ ਵਾਲਾ ਹੈ?"

ਉਹ ਇਕਦਮ ਕੱਤਣਾ ਬੰਦ ਕਰ ਦਿੰਦਾ ਹੈ। ਕਹਿੰਦਾ, "ਚਾਲੀ ਸਾਲ ਸਾਨੂੰ ਸੂਤ ਕੱਤਦਿਆਂ ਨੂੰ ਹੋ ਗਏ, ਪਰ ਸੂਤ ਕੱਤਣ ਨਾਲ ਵੀ ਕੀ ਹੁੰਦਾ ਹੈ? ਉਹ ਤੱਕਲੀ 'ਤੇ ਪੂਣੀਆਂ ਮੁੜ ਆਪਣੇ ਥੈਲੇ ਵਿੱਚ ਸੁੱਟ ਲੈਂਦਾ ਹੈ। ਫਿਰ ਉਹ ਕੰਧ ਵੱਲ ਦੇਖਣ ਲੱਗਦਾ ਹੈ। ਫਿਰ ਸਾਡੇ ਵੱਲ ਦੇਖਦਾ ਹੈ ਅਤੇ ਸਾਨੂੰ ਇਉਂ ਪ੍ਰਤੀਤ ਹੋ ਰਿਹਾ, ਜਿਵੇਂ ਅਸੀਂ ਵੀ ਇਕ ਕੰਧ ਬਣ ਕੇ ਖਲੋ ਗਏ ਹੋਈਏ।

*ਮੋਬਾ. 97806-67686*

ਸਫ਼ਾ 1 ਦੀ ਬਾਕੀ

## ਮਾਰਕਸਵਾਦ ਅਤੇ ਪ੍ਰਸੰਗਤਾ...

ਇਸ ਦਾ 'ਦਵੰਦਵਾਦ' ਸਮਝਣਾ ਜ਼ਰੂਰੀ ਹੈ।

ਕਿਰਤ-ਸ਼ਕਤੀ 'ਖਾਸ-ਜਿਨਸ' ਹੈ। ਜਿਨਸ ਵਟਾਂਦਰਾ, ਬਰਾਬਰੀ ਦੇ ਆਧਾਰ 'ਤੇ ਹੁੰਦਾ ਹੈ। ਕਿਰਤ-ਸ਼ਕਤੀ ਦਾ ਵਟਾਂਦਰਾ ਉਜਰਤ ਨਾਲ ਹੋਣ 'ਤੇ ਹੀ ਇਹ 'ਉਜਰਤੀ-ਕਿਰਤ' ਬਣਦੀ ਹੈ।

ਕਿਰਤ ਸ਼ਕਤੀ, ਕਿਰਤੀ ਤੋਂ ਜੁਦਾ ਨਹੀਂ ਹੁੰਦੀ, ਇਸ ਲਈ 'ਉਜਰਤੀ-ਕਿਰਤ', 'ਜਿੰਦਾ-ਕਿਰਤ'

ਹੈ। ਇਹ ਇਕਲੌਤੀ ਜਿਨਸ ਹੈ, ਜਿਸ ਦੀ ਖਪਤ ਹੋਣ 'ਤੇ ਇਹ ਆਪਣੇ ਮੁੱਲ ਤੋਂ ਵਧੇਰੇ ਮੁੱਲ ਦੀ ਸਿਰਜਨਾ ਕਰਦੀ ਹੈ। ਇਹ ਖਪਤ ਕੀਤਿਆਂ ਵਧੇਰੇ ਮੁੱਲ ਸਿਰਜਕ ਹੈ।(Labour power creates value and greater than its own ) ਇਹ ਹੀ ਸਮਾਜ ਨੂੰ, (ਵਾਧੂ ਮੁੱਲ ਸਿਰਜ ਕੇ) ਅਮੀਰ ਬਣਾਉਂਦੀ ਹੈ।

ਸਰਮਾਏਦਾਰ ਇਹ ਭੇਤ ਜਾਣਦਾ ਹੈ। ਉਹ ਕਿਰਤੀ ਰਾਹੀਂ 'ਉਜਰਤੀ-ਕਿਰਤ' ਨੂੰ ਨਿਸ਼ਚਿਤ ਸਮੇਂ ਲਈ ਉਜਰਤ ਬਦਲੇ ਵਟਾਉਂਦਾ (ਖਰੀਦ ਕਰਦਾ) ਹੈ। ਵਰਤੋਂ ਕਰਦਾ ਹੈ।ਇਹ ਨਿਸ਼ਚਿਤ ਸਮਾਂ 'ਕੰਮ-ਦਿਹਾੜੀ' ('ਕੰਮ-ਦਿਨ', 'working day') ਹੈ।

ਇਹ ਕੰਮ ਦਿਹਾੜੀ ਸਮਾਂ (ਨਿਸ਼ਚਿਤ ਹੋਣ ਕਰਕੇ) ਦੋ ਭਾਗਾਂ ਵਿਚ ਵੰਡਿਆ ਜਾਂਦਾ ਹੈ।

ਕੰਮ ਦਿਹਾੜੀ ਸਮੇਂ ਦਾ ਦਵੰਦਵਾਦ ਸਮਝੇ ਬਗੈਰ, ਸਹੀ ਅਮਲ ਦੀ ਸੰਭਾਵਨਾ ਖਤਰੇ ਵਿਚ ਪੈ ਜਾਂਦੀ ਹੈ।

ਇਸ ਨੂੰ ਸਮਝਾਉਣ ਲਈ ਦਾਸ ਕੈਪੀਟਲ ਦੇ ਪਹਿਲੇ ਚੈਪਟਰ ਵਿੱਚ ਮਾਰਕਸ, ਹੀਗਲ ਦੇ 'ਤਰਕ ਦੇ ਵਿਗਿਆਨ' (science of logic) ਦੀ ਵਰਤੋਂ ਕਰਦਾ ਹੈ। ਇਹੀ ਤਰਕ 'ਉਜਰਤੀ-ਕਿਰਤ' ਨੂੰ, 'ਉਜਰਤੀ-ਗੁਲਾਮੀ' 'ਚ ਪ੍ਰਗਟ ਕਰਦਾ ਹੈ। 'ਉਜਰਤੀ ਕਿਰਤ ਦਾ ਖਾਤਮਾ' ਹੀ 'ਉਜਰਤੀ ਗੁਲਾਮੀ ਦਾ ਖਾਤਮਾ' ਹੈ, ਜਿਸ ਬਾਰੇ ਲੈਨਿਨ ਦੀ 'ਨੋਟ ਬੁੱਕ' ਟਿੱਪਣੀ ਦਾ ਜ਼ਿਕਰ ਪਹਿਲਾਂ ਆ ਚੁੱਕਾ ਹੈ।ਟਿੱਪਣੀ ਮੂਲ ਰੂਪ ਵਿਚ ਅੱਜ ਵੀ ਸੱਚ ਹੈ।

ਇਸ ਸਮਝਦਾਰੀ ਬਗੈਰ ਅੱਜ ਦੀ ਏ ਆਈ, (ਆਰਟੀਫੀਸ਼ੀਅਲ ਇੰਟੈਲੀਜੈਂਸ-(AI), ਬਨਾਉਟੀ ਬੌਧਿਕਤਾ ਦੀ ਵਰਤੋਂ ਵਾਲੀ ਦੁਨੀਆ ਨੂੰ ਸਮਝਣਾ ਹੋਰ ਵੀ ਮੁਸ਼ਕਲ ਹੈ।

ਕਾਨੂੰਨ ਦੁਆਰਾ ਮਿੱਥੇ ਕੰਮ ਦਿਹਾੜੀ ਸਮੇਂ ਦਾ ਦਵੰਦਵਾਦ ਕੀ ਹੈ ?

ਇਹ ਦੋ ਭਾਗਾਂ (ਜ਼ਰੂਰੀ ਕਿਰਤ ਸਮਾਂ+ਵਾਧੂ ਕਿਰਤ ਸਮਾਂ) ਦਾ ਜੋੜ ਅਤੇ ਸਾਪੇਖ ਅੰਤਰ ਦਾ ਅਮਲ ਹੈ।

(Working day=necessary labour time+surplus labour time)

ਕਿਰਤੀ, ਉਜਰਤ ਨਾਲ ਵਟਾਂਦਰੇ 'ਚ ਮਿੱਥੇ (ਕੰਮ ਦਿਹਾੜੀ) ਸਮੇਂ ਅਨੁਸਾਰ ਕੰਮ ਕਰਨ ਲਈ ਪਾਬੰਧ ਹੈ। ਉਹ ਮੁੱਲ ਸਿਰਜਕ ਹੈ। ਜਦੋਂ ਤੱਕ ਉਹ ਪ੍ਰਾਪਤ ਉਜਰਤ ਬਰਾਬਰ ਮੁੱਲ ਦੀ ਸਿਰਜਨਾ ਕਰਦਾ ਹੈ, ਉਸ ਨੂੰ 'ਜ਼ਰੂਰੀ ਕਿਰਤ ਸਮਾਂ' ਸੱਦਿਆ ਜਾਂਦਾ ਹੈ।ਇਸ ਜ਼ਰੂਰੀ ਕਿਰਤ ਸਮੇਂ ਤੋਂ ਅੱਗੇ, ਨਿਸ਼ਚਿਤ ਸਮੇਂ ਤੱਕ ਕੀਤੇ ਕੰਮ ਨੂੰ 'ਵਾਧੂ ਕਿਰਤ ਸਮਾਂ' ਸੱਦਿਆ ਜਾਂਦਾ ਹੈ।

'ਵਾਧੂ ਕਿਰਤ ਸਮੇਂ' ਦੀ ਸਿਰਜਨਾ 'ਵਾਧੂ ਮੁੱਲ' ਹੈ। ਬੁਰਜੂਆ ਭਾਸ਼ਾ ਵਿੱਚ 'ਵਾਧੂ ਮੁੱਲ' ਨੂੰ 'ਮੁਨਾਫਾ' ਸੱਦਿਆ ਜਾਂਦਾ ਹੈ।ਪਰੋਲਤਾਰੀ ਭਾਸ਼ਾ ਵਿਚ ਮੁਨਾਫਾ=ਵਾਧੂ ਮੁੱਲ (ਨਾ ਅਦਾ ਕੀਤੀ ਉਜਰਤ) ਨੂੰ, ਕਿਰਤ ਦੀ ਲੁੱਟ ਸੱਦਿਆ ਜਾਂਦਾ ਹੈ।

ਇਸ ਤਰ੍ਹਾਂ ਕਿਰਤੀ ਵੱਲੋਂ ਸਿਰਜੇ ਮੁੱਲ ਦੀ ਸਮੀਕਰਨ ਹੈ:

(ਸਿਰਜਿਆ ਕੁੱਲ ਮੁੱਲ=ਉਜਰਤ+ਮੁਨਾਫਾ)

ਹੁਣ ਦੋ ਧਾਰਨਾਵਾਂ ਸਪੱਸ਼ਟ ਹਨ :

1) 'ਜ਼ਰੂਰੀ ਕਿਰਤ ਸਮਾਂ' (ਜ. ਕਿ. ਸ)

2) 'ਵਾਧੂ ਕਿਰਤ ਸਮਾਂ' (ਵ. ਕਿ. ਸ)

ਰਾਜਸੀ ਅਰਥ ਵਿਗਿਆਨ ਦੀ ਸਮਝਦਾਰੀ ਵਿਚ, ਇਹਨਾਂ ਦੋ ਧਾਰਨਾਵਾਂ ਦੀ ਸਾਫ ਸਪੱਸ਼ਟ ਸਮਝ ਬਗੈਰ ਅੱਗੇ ਵਧਣਾ ਔਖਾ ਹੈ।

ਇਹ ਦੋਵੇਂ ਜਿਣਸ ਵਿਚਲੇ ਦੋਹਰੇ ਗੁਣ

'ਵਰਤੋਂ ਮੁੱਲ' ਅਤੇ 'ਵਟਾਂਦਰਾ ਮੁੱਲ' ਲਈ ਜ਼ਿੰਮੇਵਾਰ ਹਨ। ਤਰਕ ਦਾ ਵਿਗਿਆਨ ਇਸ ਨੂੰ ਫਿਰ 'ਵਸਤਾਂ' ਤੇ 'ਜਿਨਸਾਂ' ਵਿੱਚ ਪ੍ਰਗਟ ਕਰ ਦਿੰਦਾ ਹੈ। ਮੂਰਤ-ਕਿਰਤ, ਵਸਤਾਂ (Goods) ਪੈਦਾ ਕਰਦੀ ਹੈ ਅਤੇ ਅਮੂਰਤ-ਕਿਰਤ, ਮੁੱਲ (Value) ਪੈਦਾ ਕਰਦੀ ਹੈ।

# ਇਹ ਦਵੰਦਵਾਦ ਵਿਸ਼ੇਸ਼ ਧਿਆਨ ਮੰਗਦੈ :

ਕਿਰਤੀ, ਮੂਰਤ ਕਿਰਤ+ਅਮੂਰਤ ਕਿਰਤ ਦਾ ਜੋੜ ਹੈ, ਕਿਰਤੀ ਦਾ 'ਕੰਮ ਦਿਹਾੜੀ ਸਮਾਂ' ਹੀ ਜ਼ਰੂਰੀ ਕਿਰਤ ਸਮਾਂ+ਵਾਧੂ ਕਿਰਤ ਸਮਾਂ ਦਾ ਜੋੜ ਹੈ।[ਕੰ.ਦਿ.ਸ=ਜ.ਕਿ.ਸ+ਵਾ.ਕਿ.ਸ]

ਕਿਰਤੀ ਦੀ ਕਿਰਤ ਸ਼ਕਤੀ ਹੀ ਮੁੱਲ ਸਿਰਜਕ ਹੈ।ਕਿਰਤ-ਸ਼ਕਤੀ (Labour power) ਹੀ 'ਅਮੂਰਤ-ਕਿਰਤ' ਹੈ।

ਤਰਕ ਦੋਹਰਾ ਨਤੀਜਾ ਦਿੰਦਾ ਹੈ :

1) ਮੂਰਤ ਕਿਰਤ, ਵਸਤਾਂ (Goods) ਦੀ ਮਾਤਰਾ ਰਾਹੀਂ 'ਵਰਤੋਂ ਮੁੱਲ' ਸਿਰਜਦੀ ਹੈ।[ਮੂਰਤ ਕਿਰਤ, ਮੂਰਤ ਵਸਤਾਂ ਉਪਜਦੀ ਹੈ, ਜਿਨ੍ਹਾ ਦਾ ਉਪਯੋਗ (ਵਰਤੋਂ ਮੁੱਲ) ਹੁੰਦਾ ਹੈ]

2) ਅਮੂਰਤ ਕਿਰਤ, 'ਵਟਾਂਦਰਾ ਮੁੱਲ' ਭਾਵ 'ਮੁੱਲ' (value) ਸਿਰਜਦੀ ਹੈ।

ਮੂਰਤ ਕਿਰਤ (Concrete labour)

ਵਿਚ ਸ਼ਾਮਲ ਹੈ; ਕਿਰਤੀ (ਸਰੀਰ) +ਪੈਦਾਵਾਰੀ ਔਜ਼ਾਰ [ਜੋ ਮਨੁੱਖ ਰਾਹੀਂ ਉਸ ਦੀ ਨਿਰਦੇਸ਼ਨਾ ਹੇਠ ਪੈਦਾਵਾਰੀ ਕੰਮ ਕਰਦੇ ਹਨ, ਉਹ ਸਾਰੇ ਔਜ਼ਾਰ (ਸੰਦ, ਮਸ਼ੀਨ, ਸਵੈ ਚਲਕ ਮਸ਼ੀਨ, ਕੰਪਿਊਟਰ, ਸੁਪਰ ਕੰਪਿਊਟਰ ਅਤੇ ਏ ਆਈ ਆਦਿ) ਹਨ।]

'ਵਰਤੋਂ ਮੁੱਲ', ਵਸਤਾਂ (Goods) ਦੀ ਮਾਤਰਾ ਦੇ ਰੂਪ ਵਿਚ ਹੁੰਦਾ ਹੈ। ਅੱਜ ਦੀਆਂ ਵਿਕਸਤ ਪੈਦਾਵਾਰੀ ਸ਼ਕਤੀਆਂ ਦੀ ਬਦੌਲਤ, ਸਮੁੱਚਾ ਸੰਸਾਰ ਆਪਣੀਆਂ ਸਮਾਜਿਕ ਲੋੜਾਂ ਦੀ ਮਾਤਰਾ ਦੀ ਪੂਰਤੀ ਕਰਨ ਦੇ ਬਾਖੂਬੀ ਯੋਗ ਹੈ।

ਅਮੂਰਤ ਕਿਰਤ, 'ਮੁੱਲ' ਸਿਰਜਕ ਹੈ।

ਪੈਦਾਵਾਰੀ ਤਕਨੀਕ ਦੇ ਇਨਕਲਾਬੀ ਵਾਧੇ ਨਾਲ, ਕਿਰਤੀ (ਜਿੰਦਾ ਕਿਰਤ) ਦੀ ਘਟਦੀ ਲੋੜ, ਅਮੂਰਤ ਕਿਰਤ ਦੇ ਘਟਣ ਦਾ ਸਬੱਬ ਹੈ।

ਨਤੀਜਾ; 'ਮੁੱਲ' ਘਟਦੇ ਪ੍ਰਤੀਫਲ ਨਾਲ ਵਧਦਾ ਹੈ। ਇਸ ਦਾ ਰੁਝਾਨ ਕੁਦਰਤੀ ਉਪਜਾਂ ਬਣਨ ਵੱਲ, ਵਾਧੇ ਵਾਲਾ ਹੈ।

ਕੁਦਰਤੀ ਉਪਜਾਂ ਵਟਾਂਦਰਾ ਮੁੱਲ ਤੋਂ ਰਹਿਤ, ਕੇਵਲ 'ਵਰਤੋਂ ਮੁੱਲ' ਰੱਖਦੀਆਂ ਹਨ। ਉਹਨਾਂ ਦੀ ਵਰਤੋਂ, ਮਨੁੱਖ ਆਪਣੀਆਂ ਲੋੜਾਂ ਅਨੁਸਾਰ ਕਰਦਾ ਹੈ। ਉਤਪਾਦਕਤਾ ਦੇ ਖੇਤਰ ਵਿੱਚ, ਆਰਟੀਫੀਸ਼ਲ ਇੰਟੈਲੀਜੈਂਸ ਦਾ ਪਰਵੇਸ਼, ਇਸ ਪਾਸੇ ਵੱਲ ਮਹੱਤਵਪੂਰਨ ਕਦਮ ਹੈ।

# ਮਾਰਕਸ ਨੇ ਇਸ ਵਰਤਾਰੇ ਦਾ ਸੂਤਰ ਪੇਸ਼ ਕੀਤਾ ਹੈ :

ਅਬਦਲ ਸਰਮਾਇਆ ਅਨੁਪਾਤ ਬਦਲਾਓ ਦਾ ਸਰਮਾਇਆ; [Constant capital : Variable capital] ਪੈਦਾਵਾਰ ਦੇ ਸਾਧਨਾਂ ਉਤੇ ਲੱਗੇ ਸਰਮਾਏ ਨੂੰ 'ਅਬਦਲ ਸਰਮਾਇਆ' ਅਤੇ ਉਜਰਤਾਂ ਉੱਪਰ ਲੱਗੇ ਸਰਮਾਏ ਨੂੰ 'ਬਦਲਾਓ ਦਾ ਸਰਮਾਇਆ' ਦੀਆਂ ਧਾਰਨਾਵਾਂ ਰਾਹੀਂ ਪੇਸ਼ ਕੀਤਾ ਹੈ।

ਤਕਨੀਕ ਦਾ ਵਾਧਾ 'ਜਿੰਦਾ-ਕਿਰਤ' ਦੀ ਲੋੜ ਘਟਾਉਂਦਾ ਹੈ। ਉਜਰਤਾਂ ਉੱਤੇ ਲੱਗਿਆ ਸਰਮਾਇਆ ਘਟਦਾ ਜਾਂਦਾ ਹੈ, ਜਿਸ ਨਾਲ ਵਿਕਾਸ ਦਰ, ਘਟਦੀ ਦਰ ਵਾਲੀ ਹੁੰਦੀ ਹੈ। ਇੱਕ ਪੜਾਅ ਉਤੇ ਸਰਮਾਏ ਦਾ ਵਾਧਾ ਅਰਥਹੀਣ ਬਣ ਜਾਂਦਾ ਹੈ। ਕਾਰਲ ਮਾਰਕਸ ਇਸ ਨੂੰ ਇੰਜ ਪੇਸ਼ ਕਰਦੇ ਹਨ :

ਜੇ ਕਿਰਤ ਉਤਪਾਦਕਤਾ ਦੇ ਵਾਧੇ ਕਾਰਨ 'ਜ਼ਰੂਰੀ ਕਿਰਤ' (ਸਮਾਂ) 1/1000 ਹੈ ਤਾਂ 'ਵਾਧੂ ਕਿਰਤ' (ਸਮਾਂ) 999/1000 ਹੋਵੇਗਾ। ਮੰਨ ਲਵੋ ਕਿਰਤ ਉਤਪਾਦਕਤਾ ਇਕ ਹਜ਼ਾਰ ਦਿਹਾੜੀ ਗੁਣਾ ਵਧ ਜਾਵੇ ਤਾਂ 'ਜ਼ਰੂਰੀ ਕਿਰਤ' (ਸਮਾਂ) 1/10 ਲੱਖ ਦਿਹਾੜੀ ਰਹਿ ਜਾਵੇਗਾ ਅਤੇ 'ਵਾਧੂ ਕਿਰਤ' (ਸਮਾਂ)

999999/10 ਲੱਖ ਹੋਵੇਗਾ।ਨਵਾਂ ਮੁੱਲ ਵਾਧਾ 9,99,999/10,00,000 ਮਨਫੀ 999/1000 = 999/10,00,000

ਹੋਵੇਗਾ। ਮਤਲਬ ਨਵਾਂ ਮੁੱਲ ਵਾਧਾ 1/1001 ਦਿਹਾੜੀ ਤੋਂ ਵੀ ਘੱਟ ਦਰਜ ਹੋਵੇਗਾ, ਕਿਉਂਕਿ 1/1001 ਵੱਡਾ ਹੈ > 1/1001.001(999/10 ਲੱਖ) ਤੋਂ ।

ਇਸ ਤਰ੍ਹਾਂ ਨਵਾਂ ਵਾਧਾ, ਘਟਦੀ ਦਰ ਨਾਲ (infinitesimal) ਨਾ-ਮਾਤਰ ਵਾਧਾ ਹੋਣ ਵੱਲ ਜਾਂਦਾ ਹੈ।

ਦੁਨੀਆ ਦੇ ਵਿਕਸਿਤ ਦੇਸ਼ਾਂ ਵਿੱਚ (GDP) ਵਿਕਾਸ ਦਰ ਘਟਦਿਆਂ ਲੱਗਭੱਗ ਸਿਫਰ ਹੋਣ ਵੱਲ ਵਧ ਰਹੀ ਹੈ।

'ਸਰਮਾਇਆ ਆਪਣੀ ਮੌਤ ਆਪ ਮਰਦਾ ਹੈ', ਇਹ ਕਥਨ ਇਸੇ ਵਰਤਾਰੇ ਨਾਲ ਸੰਬੰਧਤ ਹੈ। ਸਮਾਜ ਨੂੰ 'ਸਰਮਾਏਦਾਰਾ ਪੈਦਾਵਾਰ ਅਤੇ ਵੰਡ ਢੰਗ' (Capitalist mode of production & distribution) ਦੀ ਥਾਂ ਨਵਾਂ 'ਪੈਦਾਵਾਰ ਤੇ ਵੰਡ ਢੰਗ' ਅਪਣਾਉਣਾ ਹੋਵੇਗਾ। ਇਸ ਨੂੰ 'ਸੁਤੰਤਰ ਸਮਾਂ ਪੈਦਾਵਾਰ ਤੇ ਵੰਡ ਢੰਗ'

(free time mode of production & distribution)—ਔਰ— ਜਿਸ ਨੂੰ 'ਸਾਂਝੀਵਾਲ ਸਮਾਜ ਦਾ ਪੈਦਾਵਾਰ ਤੇ ਵੰਡ ਢੰਗ' ਕਹਿਣਾ ਹੀ ਸੰਭਵ ਹੈ।

ਮਾਰਕਸ ਨੇ 'ਉਜਰਤੀ ਗੁਲਾਮੀ ਦੇ ਖਾਤਮੇ' ਦੇ ਐਲਾਨ ਸਮੇਂ ਹੀ ਇਸ ਵਰਤਾਰੇ ਦੇ ਦਵੰਦਵਾਦ ਵਿੱਚੋਂ ਇਹ ਜਾਣ ਲਿਆ ਸੀ : ਪਰਖ ਪੜਤਾਲ ਦੱਸਦੀ ਹੈ; ਪਰੋਲੇਤਾਰੀ ਦੇ ਜੇਤੂ ਜਮਾਤੀ ਘੋਲ ਦੇ, 'ਕੰਮ ਦਿਹਾੜੀ ਸਮਾਂ ਸੀਮਾ ਕਾਨੂੰਨੀ ਰੂਪ ਵਿੱਚ ਤੈਹ' ਕਰਵਾਉਣ ਨਾਲ, ਜਮਾਤੀ ਘੋਲ ਦਾ ਕੇਂਦਰ ਬਿੰਦੂ 'ਜ਼ਰੂਰੀ ਕੰਮ ਸਮਾਂ' ਬਣ ਜਾਂਦਾ ਹੈ।

ਜ਼ਰੂਰੀ ਕੰਮ ਸਮਾਂ + ਵਾਧੂ ਕੰਮ ਸਮਾਂ = ਕੰਮ ਦਿਹਾੜੀ ਸਮਾਂ (ਜ.ਕੰ.ਸ + ਵਾ.ਕੰ.ਸ = ਕੰ.ਦਿ.ਸ) ਹੈ।

ਕੰਮ ਦਿਹਾੜੀ ਦੀ ਕਾਨੂੰਨੀ ਸੀਮਾ ਤਹਿ ਹੋਣ ਕਾਰਨ, ਸਰਮਾਏਦਾਰ ਲਈ ਮੁਨਾਫਾ ਵਧਾਉਣ ਖਾਤਰ, 'ਸਾਪੇਖ ਵਾਧੂ ਕੰਮ ਸਮਾਂ' (ਰੈਲੇਟਿਵ ਸਰਪਲਸ ਲੇਬਰ ਟਾਈਮ) ਵੱਡਾ ਕਰਨਾ ਹੋਵੇਗਾ, ਜਿਸ ਨਾਲ 'ਸਾਪੇਖ ਜ਼ਰੂਰੀ ਕੰਮ ਸਮਾਂ' (relative necessary labour time) ਛੋਟਾ ਕਰਨਾ ਪਵੇਗਾ।

ਮਾਰਕਸ ਨੇ ਕਿਹਾ, 'ਹੁਣ ਸਰਮਾਏਦਾਰ ਕਿਰਤ ਉਤਪਾਦਕਤਾ ਵਧਾਉਣ ਉੱਤੇ ਕੇਂਦਰਿਤ ਕਰੇਗਾ'। ਏ ਆਈ ਤੱਕ ਦਾ ਵਿਕਾਸ, ਮਾਰਕਸ ਦੇ ਕਥਨ ਦੀ ਪੁਸ਼ਟੀ ਕਰਦਾ ਹੈ।

ਜ.ਕੰ.ਸ+ਵਾ.ਕੰ.ਸ=ਕੰ.ਦਿ.ਸ, ਦੀ ਸਮੀਕਰਨ ਵਿਚ 'ਜ਼ਰੂਰੀ ਕੰਮ ਸਮਾਂ' ਹੀ, ਬੁਰਜੂਆ ਅਤੇ ਪਰੋਲੇਤਾਰੀ ਲਈ, ਕਰਮਵਾਰ 'ਉਜਰਤੀ ਗੁਲਾਮੀ ਵਧਾਉਣ, ਪੱਕੀ ਕਰਨ' ਅਤੇ 'ਉਜਰਤੀ ਗੁਲਾਮੀ ਦਾ ਖਾਤਮਾ' ਦੇ ਮਾਰਗ ਹਨ। ਇਹ 'ਜਮਾਤੀ ਘੋਲ' ਦਾ ਕੇਂਦਰ ਬਿੰਦੂ ਹੈ।

ਉਤਪਾਦਕਤਾ ਦੇ ਵਾਧੇ ਨਾਲ 'ਜ਼ਰੂਰੀ ਕਿਰਤ ਸਮਾਂ' ਸਾਪੇਖ ਰੂਪ ਵਿੱਚ ਛੋਟਾ ਹੁੰਦਾ ਹੈ, ਲੁੱਟ ਵਧਦੀ ਹੈ। ਇਹ ਬੁਰਜੂਆ ਮਾਰਗ ਹੈ।

ਪਰੋਲੇਤਾਰੀ ਉਤਪਾਦਕਤਾ ਦੇ ਵਾਧੇ ਵਿਰੁੱਧ ਨਹੀਂ ਜਾ ਸਕਦਾ।ਇਸ ਲਈ ਉਸ ਨੂੰ 'ਸਾਪੇਖ ਜ਼ਰੂਰੀ ਕਿਰਤ ਸਮਾਂ' ਵੱਡਾ ਕਰਨ ਲਈ ਆਪਣਾ ਹਿੱਸਾ ਵਧਾਉਣ ਲਈ,

'ਕੰਮ ਦਿਹਾੜੀ ਦੀ ਸਮਾਂ ਸੀਮਾ ਛੋਟੀ' ਕਰਨ ਲਈ ਲੜਨਾ ਹੁੰਦਾ ਹੈ। ਪਰੋਲੇਤਾਰੀ ਦਾ ਜੰਗਜੂ, ਜਮਾਤੀ ਨਾਹਰਾ 'ਛੁਟੇਰੀ ਕੰਮ ਦਿਹਾੜੀ' ਹੈ। ਜਿਸ ਨਾਲ ਜ਼ਰੂਰੀ ਕੰਮ ਸਮਾਂ, ਸਾਪੇਖ ਰੂਪ ਵਿੱਚ ਵੱਡਾ ਹੋ ਜਾਂਦਾ ਹੈ।ਪਰੋਲਤਾਰੀ ਦੀ ਇਸ ਵਿਗਿਆਨਕ ਚੇਤਨਾ ਦਾ ਜਮਾਤੀ ਘੋਲ 'ਉਜਰਤੀ ਗੁਲਾਮੀ ਦੇ ਖਾਤਮੇ' ਦਾ ਮਾਰਗ ਹੈ।

ਦਾਸ ਕੈਪੀਟਲ ਦਾ ਮੁਲਾਂਕਣ ਕਰਦਿਆਂ ਲੈਨਿਨ ਦਾ ਹੇਠਲਾ ਕਥਨ ਸਾਰੇ ਸ਼ੰਕੇ ਨਵਿਰਤ ਕਰਦਿਆਂ ਘੋਲ ਦਾ ਰਾਹ ਦਰਸਾਊ ਹੈ:

['ਪੂੰਜੀ' ਵਿੱਚ ਕਾਰਲ ਮਾਰਕਸ ਮਨੁੱਖ ਦੀ ਆਜ਼ਾਦੀ ਅਤੇ ਉਸ ਦੇ ਅਧਿਕਾਰਾਂ ਦੇ ਸ਼ਾਨਦਾਰ ਅਤੇ ਲੱਛੇਦਾਰ ਬੁਰਜੂਆ ਜਮਹੂਰੀ ਮਹਾਨ ਚਾਰਟਰ ਦੀ ਖਿੱਲੀ ਉਡਾਉਂਦਾ ਹੈ, ਆਮ ਰੂਪ ਵਿੱਚ ਆਜ਼ਾਦੀ, ਬਰਾਬਰੀ ਅਤੇ ਭਰਪੇ ਬਾਰੇ, ਇਸ ਫਿਕਰੇਬਾਜ਼ੀ ਦਾ ਮਜ਼ਾਕ ਉਡਾਉਂਦਾ ਹੈ, ਜਿਸ ਤੋਂ ਸਭਨਾਂ ਦੇਸ਼ਾਂ ਦੇ ਨਿਕ-ਬੁਰਜੂਆ ਅਤੇ ਲਾਲ ਭੁੱਝਕੜ, ਸਮੇਤ ਘਿਰਨਾਮਈ ਬੇਰਨ ਇੰਟਰਨੈਸ਼ਨਲ ਦੇ ਵਰਤਮਾਨ ਘਿਰਨਾਮਈ ਨਾਇਕਾਂ ਦੇ, ਸਭ ਚੁੰਧਿਆ ਜਾਂਦੇ ਹਨ। ਮਾਰਕਸ ਅਧਿਕਾਰਾਂ ਦੇ ਇਹਨਾਂ ਧੂੰਆਂ ਧਾਰ ਐਲਾਨਾਂ ਦੀ, ਉਸ ਸਾਦੇ, ਨਿਰਮਾਣ, ਅਮਲੀ, ਸਰਲ ਢੰਗ ਨਾਲ ਤੁਲਨਾ ਕਰਦਾ ਹੈ, ਜਿਸ ਵਿੱਚ ਇਸ ਸਵਾਲ ਨੂੰ ਪਰੋਲੇਤਾਰੀਆਂ ਨੇ ਪੇਸ਼ ਕੀਤਾ ਹੈ—ਛੁਟੇਰੀ ਕੰਮ ਦਿਆੜੀ ਨੂੰ ਵਿਧਾਨਿਕ ਰੂਪ ਵਿੱਚ ਕਾਨੂੰਨ ਬਣਾਉਣਾ, ਅਜਿਹੇ ਵਿਹਾਰ ਦੀ ਇੱਕ ਵਿਸ਼ੇਸ਼ ਮਿਸਾਲ ਹੈ '।]

'Free time mode of production and distribution'. ਤੋਂ ਪਾਸਾ ਵੱਟਣ ਵਾਲੇ ਮਾਰਕਸਵਾਦੀ ਨਹੀਂ! ਉਹ ਹੋਰ ਖਿਆਲੀ ਵੰਨਗੀਆਂ ਵਿੱਚ ਸ਼ੁਮਾਰ ਹਨ। ਮਾਰਕਸਵਾਦੀ ਤੇ ਉਹੀ ਹੈ, ਜੋ ਉਵੇਂ ਸੋਚੇ, ਜਿਵੇਂ ਅੱਜ ਦੀਆਂ ਪਦਾਰਥਕ ਹਾਲਤਾਂ ਵਿੱਚ, ਜੇ ਮਾਰਕਸ ਹੁੰਦਾ ਤਾਂ ਉਹ ਸੋਚਦਾ !

2025 ਆਰਟੀਫੀਸ਼ੀਅਲ ਇੰਟੈਲੀਜੈਂਸ ਦੇ ਅਮਲ ਦਾ ਸਾਲ ਹੈ। ਸਰਮਾਏਦਾਰੀ ਵਿਕਾਸ ਉੱਚਤਮ ਸੀਮਾ ਉਤੇ ਹੈ। ਪਰੋਲਤਾਰੀ ਦਾ ਵਾਧਾ ਵੀ ਸਿਖਰਾਂ ਛੂਹ ਰਿਹੈ। ਸਮਾਜ ਅੰਗੜਾਈ ਲੈ ਰਿਹੈ, ਚੇਤਨ ਪਰੋਲੇਤਾਰੀ ਲਹਿਰ ਪੁਰਉਮੀਦ ਹੈ।ਆਓ ਇਨਕਲਾਬੀ ਦਰਸ਼ਨ ਤੋਂ ਅਗਵਾਈ ਲੈ ਕੇ, ਸਮਾਜਿਕ ਇਨਕਲਾਬ ਵਿਚ ਆਪਣਾ ਬਣਦਾ ਹਿੱਸਾ ਪਾ ਸਕਣਯੋਗ ਹੋਈਏ। ਜਿੱਤ ਯਕੀਨੀ ਹੈ।

ਅੰਤ ਵਿਚ, ਲੈਨਿਨ ਵੱਲੋਂ ਕੋਟ ਕੀਤੇ ਮਾਰਕਸ ਦੇ ਸ਼ਬਦ : 'ਅਸੀਂ ਸੰਸਾਰ ਨੂੰ ਇਹ ਨਹੀਂ ਕਹਿੰਦੇ : ਘੋਲ ਕਰਨਾ ਛੱਡ ਦੇ—ਤੇਰਾ ਸਾਰਾ ਘੋਲ ਅਰਥਹੀਣ ਹੈ। ਬਸ ਇੰਨਾ ਹੀ ਕਹਿੰਦੇ ਹਾਂ ਕਿ ਅਸੀਂ ਇਹਨੂੰ ਘੋਲ ਦਾ ਇੱਕ ਸੱਚਾ ਨਾਹਰਾ ਦਿੰਦੇ ਹਾਂ।'

ਬੁਰਜੂਆਜੀ ਵਿਰੁੱਧ ਪਰੋਲਤਾਰੀਏ ਦੇ ਇਸ 'ਜੰਗਜੂ ਨਾਹਰਾ' ਦਾ ਨੇਮ - 'ਛੁਟੇਰੀ ਕੰਮ ਦਿਹਾੜੀ' ਹੈ।ਪਰੋਲਤਾਰੀਆ ਨੇ ਪਹਿਲੀ ਕੌਮਾਂਤਰੀ (28 ਸਤੰਬਰ 1864) ਦੀ, ਦੂਜੀ ਜਨੇਵਾ ਕਾਂਗਰਸ 1866 ਵਿੱਚ ਇਸ ਨੂੰ ਪੇਸ਼ ਕਰਦਿਆਂ ਕਿਹਾ : 'ਕੰਮ-ਦਿਹਾੜੀ ਦੀ ਸੀਮਾ ਉਹ ਮੁੱਢਲੀ ਸ਼ਰਤ ਹੈ, ਜਿਸ ਤੋਂ ਬਿਨਾਂ ਸੁਧਾਰ ਤੇ ਮੁਕਤੀ ਦੇ ਸਾਰੇ ਅਗਲੇ ਯਤਨ ਅਸਫਲ ਸਿੱਧ ਹੋਣਗੇ...। ਕਾਂਗਰਸ ਦਾ ਸੁਝਾਓ ਹੈ ਕਿ ਕੰਮ-ਦਿਹਾੜੀ ਦੀ ਕਾਨੂੰਨੀ ਸੀਮਾ ਅੱਠ ਘੰਟੇ ਹੋਵੇ।' (ਸਰਮਾਇਆ, ਸਫਾ-313)

'ਪਦਾਰਥਵਾਦ ਦਵੰਦਵਾਦੀ ਜੀਵਤ ਰਾਹ ਦਸੇਰਾ (living guide to action) ਹੈ'। ਇਸ ਤੋਂ ਅਗਵਾਈ ਦੀ ਲੋੜ ਹੈ।

*ਸੰਪਰਕ : 94174-09216*

ਅਨਿਲ ਰਾਜੀਮਵਾਲੇ

ਅਨੁ. ਐੱਮ ਐੱਸ ਭਾਟੀਆ

# ਸੋਹਣ ਸਿੰਘ ਜੋਸ਼ : 1937 ਦੀਆਂ ਚੋਣਾਂ ਦੇ ਕਮਿਊਨਿਸਟ ਵਿਧਾਇਕ

CPI 1925-2025 CENTENARY OF STRUGGLES & SACRIFICES

ਸੋਹਨ ਸਿੰਘ ਜੋਸ਼ ਦਾ ਜਨਮ 18 ਨਵੰਬਰ, 1898 ਨੂੰ ਜ਼ਿਲ੍ਹਾ ਅੰਮ੍ਰਿਤਸਰ ਦੀ ਤਹਿਸੀਲ ਅਜਨਾਲਾ ਦੇ ਪਿੰਡ ਚੇਤਨਪੁਰ ਵਿੱਚ ਪਿਤਾ ਲਾਲ ਸਿੰਘ ਅਤੇ ਮਾਤਾ ਦਿਆਲ ਕੌਰ ਦੇ ਘਰ ਹੋਇਆ। ਉਹ ਇੱਕ ਹੇਠਲੇ ਮੱਧ ਵਰਗ ਦੇ ਕਿਸਾਨ ਪਰਵਾਰ ਨਾਲ ਸੰਬੰਧਤ ਸਨ।

ਗੁਰੂ ਸਿੰਘ ਸਭਾ ਲਹਿਰ ਨੇ ਸਿੱਖਾਂ ਵਿੱਚ ਧਾਰਮਿਕ ਅਤੇ ਵਿਦਿਅਕ ਗਿਆਨ ਦਾ ਸੰਚਾਰ ਕੀਤਾ। ਨਤੀਜੇ ਵਜੋਂ ਚੇਤਨਪੁਰ ਵਿੱਚ ਇੱਕ ਪ੍ਰਾਇਮਰੀ ਸਕੂਲ ਖੋਲ੍ਹਿਆ ਗਿਆ, ਜਿਸ ਵਿੱਚ ਸੋਹਣ ਸਿੰਘ ਨੇ ਦਾਖਲਾ ਲਿਆ। ਬਾਅਦ ਵਿੱਚ ਉਨ੍ਹਾਂ ਨੂੰ ਈਸਾਈ ਮਿਸ਼ਨ ਸਕੂਲ ਮਜੀਠਾ ਵਿੱਚ ਦਾਖਲ ਕਰਵਾਇਆ ਗਿਆ। ਉਨ੍ਹਾਂ ਨੇ 1916 ਵਿੱਚ ਦਸਵੀਂ ਜਮਾਤ ਪਾਸ ਕੀਤੀ ਅਤੇ ਖਾਲਸਾ ਕਾਲਜ, ਅੰਮ੍ਰਿਤਸਰ ਵਿੱਚ ਦਾਖਲਾ ਲਿਆ, ਪਰ ਆਰਥਿਕ ਕਾਰਨਾਂ ਕਰਕੇ ਉਨ੍ਹਾਂ ਨੂੰ ਪੜ੍ਹਾਈ ਵਿੱਚ ਹੀ ਛੱਡਣੀ ਪਈ।

### ਬੰਬਈ ਵਿੱਚ

ਉਹ ਪਹਿਲੇ ਵਿਸ਼ਵ ਯੁੱਧ (1914-1918) ਦੇ ਵਧਦੇ ਆਰਥਿਕ ਸੰਕਟ ਦਾ ਦੌਰ ਸੀ। ਸੋਹਣ ਸਿੰਘ ਨੂੰ ਆਪਣੇ ਸੰਪਰਕ ਰਾਹੀਂ ਬੰਬਈ ਵਿੱਚ ਨੌਕਰੀ ਮਿਲ ਗਈ। ਇਸ ਤੋਂ ਬਾਅਦ ਉਹ ਹੁਬਲੀ ਚਲੇ ਗਏ, ਜਿੱਥੇ ਉਹ ਦਿਨ ਵੇਲੇ ਇਲੈਕਟ੍ਰੀਸ਼ੀਅਨ ਅਤੇ ਸ਼ਾਮ ਨੂੰ ਕਲਰਕ ਵਜੋਂ ਕੰਮ ਕਰਦੇ ਸਨ। ਹੁਬਲੀ ਵਿੱਚ ਲੋਕਾਂ ਨੂੰ ਸਿੱਖਾਂ ਬਾਰੇ ਪਤਾ ਨਹੀਂ ਸੀ ਅਤੇ ਉਹਨਾਂ ਦੀ ਪਛਾਣ ਸਿੱਖ ਦੀ ਬਜਾਏ 'ਸੇਖ' ਵਜੋਂ ਕੀਤੀ ਜਾਂਦੀ ਸੀ।

ਸੋਹਣ ਸਿੰਘ ਬੰਬਈ ਵਾਪਸ ਆ ਗਏ ਅਤੇ ਸਿੰਘ ਸਭਾ ਦੇ ਸਕੱਤਰ ਬਣ ਗਏ। ਉਹਨਾਂ ਨੇ ਦਿਹਾੜੀਦਾਰ ਵਜੋਂ ਵੀ ਕੰਮ ਕੀਤਾ। ਕੁਝ ਸਮੇਂ ਬਾਅਦ ਉਹਨਾਂ ਨੂੰ ਸੈਂਸਰ ਵਿਭਾਗ ਵਿੱਚ 100 ਰੁਪਏ ਪ੍ਰਤੀ ਮਹੀਨਾ ਦੀ ਨੌਕਰੀ ਮਿਲ ਗਈ, ਇਸ ਦਾ ਉਹਨਾਂ ਨੂੰ ਬਹੁਤ ਫਾਇਦਾ ਹੋਇਆ ਕਿਉਂਕਿ ਉਹਨਾਂ ਨੂੰ ਇਨਕਲਾਬੀਆਂ, ਆਜ਼ਾਦੀ ਘੁਲਾਟੀਆਂ ਅਤੇ ਗਦਰ ਪਾਰਟੀ ਆਦਿ ਬਾਰੇ ਪਤਾ ਲੱਗਾ। ਉਹਨਾਂ ਨੂੰ ਉਨ੍ਹਾਂ ਦੇ ਪੱਤਰ ਵਿਹਾਰ ਨੂੰ ਪੜ੍ਹਨਾ ਅਤੇ ਨਸ਼ਟ ਕਰਨਾ ਪਿਆ, ਪਰ ਸੈਂਸਰਾਂ ਵਿੱਚ ਆਪਣੇ ਕੰਮ ਤੋਂ ਬਹੁਤ ਕੁਝ ਪ੍ਰਾਪਤ ਕੀਤਾ। ਇਹ 1918 ਵਿੱਚ ਬੰਦ ਹੋ ਗਿਆ। ਫਿਰ ਉਹਨਾਂ ਨੇ ਮਜੀਠਾ ਵਿੱਚ ਅਧਿਆਪਕ ਦੀ ਨੌਕਰੀ ਕੀਤੀ।

### ਅਕਾਲੀ ਲਹਿਰ ਵਿੱਚ

ਪੰਜਾਬ ਦੇ ਸਿੱਖਾਂ ਵਿੱਚ 'ਚਾਬੀਆਂ ਦਾ ਮੋਰਚਾ' ਉਦੋਂ ਸ਼ੁਰੂ ਹੋਈ, ਜਦੋਂ ਦਰਬਾਰ ਸਾਹਿਬ ਦੀਆਂ ਚਾਬੀਆਂ ਸਰਕਾਰੀ ਪ੍ਰਤੀਨਿਧੀਆਂ ਦੇ ਹੱਥਾਂ ਵਿੱਚ ਹੁੰਦੀਆਂ ਸਨ। ਇਹ ਡਿਪਟੀ ਕਮਿਸ਼ਨਰ ਡਨੇਟ ਕੋਲ ਸਨ। ਸਿੱਖਾਂ ਨੇ ਮੰਗ ਕੀਤੀ ਕਿ ਉਨ੍ਹਾਂ ਨੂੰ ਪੰਥ ਦੇ ਪ੍ਰਤੀਨਿਧੀਆਂ ਨੂੰ ਸੌਂਪਿਆ ਜਾਵੇ। ਸੋਹਣ ਸਿੰਘ ਨੇ ਇਸ ਦੇ ਵਿਰੋਧ ਵਿੱਚ ਕਈ ਮੀਟਿੰਗਾਂ ਕੀਤੀਆਂ ਅਤੇ ਭੜਕੀਲੇ ਭਾਸ਼ਣ ਦਿੱਤੇ। ਉਹ ਆਪਣੇ ਜੋਸ਼ੀਲੇ ਭਾਸ਼ਣਾਂ ਲਈ ਪ੍ਰਸਿੱਧ ਹੋਏ। ਇਸ ਲਈ ਸੋਹਣ ਸਿੰਘ ਨੇ ਆਪਣੇ-ਆਪ ਨੂੰ 'ਜੋਸ਼' ਕਿਹਾ ਅਤੇ ਸੋਹਨ ਸਿੰਘ 'ਜੋਸ਼' ਬਣ ਗਏ। ਲਹਿਰ ਦੇ ਦਬਾਅ ਹੇਠ ਉਹਨਾਂ ਨੂੰ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ ਹੀ ਨਹੀਂ, ਸਗੋਂ ਸ਼੍ਰੋਮਣੀ ਕਮੇਟੀ ਦੇ ਸੰਸਥਾਪਕਾਂ ਵਿੱਚੋਂ ਇੱਕ ਵੀ ਲੈਣਾ ਪਿਆ ਸੀ। ਬਾਅਦ ਵਿੱਚ ਉਹ ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਵੀ ਬਣੇ ਅਤੇ 'ਅਕਾਲੀ' ਅਖ਼ਬਾਰ ਵਿੱਚ ਕੰਮ ਕੀਤਾ।

### ਕਾਂਗਰਸ ਵਿੱਚ


ਜੋਸ਼ ਨੂੰ 1920 ਦੇ ਦਹਾਕੇ ਦੇ ਸ਼ੁਰੂ ਵਿੱਚ ਦੋ ਵਾਰ ਗ੍ਰਿਫਤਾਰ ਕੀਤਾ ਗਿਆ ਅਤੇ 1923 ਤੋਂ 1926 ਤੱਕ 'ਮਹਾਰਾਜਾ ਨਾਭਾ' ਘਟਨਾਕ੍ਰਮ ਵਿੱਚ ਅਦਾਲਤੀ ਕੇਸਾਂ ਦਾ ਸਾਹਮਣਾ ਕਰਨਾ ਪਿਆ। ਮਹਾਰਾਜਾ ਨੂੰ ਜੁਲਾਈ 1923 ਵਿੱਚ ਅਕਾਲੀਆਂ ਨਾਲ ਹਮਦਰਦੀ ਕਾਰਨ ਬ੍ਰਿਟਿਸ਼ ਅਧਿਕਾਰੀਆਂ ਨੇ ਗੱਦੀਓਂ ਲਾਹ ਦਿੱਤਾ। ਜੋਸ਼ ਅਤੇ ਹੋਰਾਂ ਨੂੰ ਅਣਕਿਆਸੇ ਅੱਤਿਆਚਾਰਾਂ ਦਾ ਸਾਹਮਣਾ ਕਰਨਾ ਪਿਆ। ਰਿਹਾਈ ਤੋਂ ਬਾਅਦ ਜੋਸ਼ ਨੇ ਕਾਂਗਰਸ ਵਿੱਚ ਕੰਮ ਕਰਨਾ ਸ਼ੁਰੂ ਕਰ ਦਿੱਤਾ। ਇਸ ਤੋਂ ਇਲਾਵਾ ਉਹਨਾਂ ਨੇ ਮਾਸਿਕ ਪੱਤਰ 'ਕਿਰਤੀ' ਦਾ ਪ੍ਰਕਾਸ਼ਨ ਸੰਭਾਲਿਆ। ਇਸ ਨੂੰ ਸੰਤੋਖ ਸਿੰਘ ਨੇ 1925 ਵਿੱਚ ਭਾਗ ਸਿੰਘ 'ਕੈਨੇਡੀਅਨ' ਅਤੇ ਕਰਮ ਸਿੰਘ ਚੀਮਾ ਨਾਲ ਮਿਲ ਕੇ ਮਾਰਕਸਵਾਦ ਅਧਾਰਤ ਪੱਤਰ ਵਜੋਂ ਸ਼ੁਰੂ ਕੀਤਾ ਸੀ। ਮਾਸਕੋ ਤੋਂ ਆਰ ਸੀ ਪੀ (ਬੀ) ਦੇ 'ਪ੍ਰਵਦਾ' ਨੇ ਇਸ ਦੇ ਪ੍ਰਕਾਸ਼ਨ ਦਾ ਸਵਾਗਤ ਕੀਤਾ। ਕਿਰਤੀ ਨੇ ਆਜ਼ਾਦੀ ਅੰਦੋਲਨ ਵਿੱਚ ਇੱਕ ਇਤਿਹਾਸਕ ਭੂਮਿਕਾ ਨਿਭਾਈ। ਇਸ ਪੱਤਰ ਵਿੱਚ ਭਗਤ ਸਿੰਘ ਨੇ ਕਈ ਮਹੀਨਿਆਂ ਤੱਕ ਕੰਮ ਕੀਤਾ ਅਤੇ ਮਾਰਕਸਵਾਦ ਤੋਂ ਜਾਣੂ ਹੋਏ।

### 'ਕਿਰਤੀ ਕਿਸਾਨ ਪਾਰਟੀ' ਦਾ ਗਠਨ

ਐਮ ਸਿੰਗਾਰਾਵੇਲੂ ਅਤੇ ਹੋਰਾਂ ਨੇ 1923 ਵਿੱਚ ਮਦਰਾਸ ਵਿੱਚ ਵਰਕਰਜ਼ ਐਂਡ ਪੀਜ਼ੈਂਟਸ ਪਾਰਟੀ ਦੀ ਸਥਾਪਨਾ ਕੀਤੀ ਸੀ ਅਤੇ ਲੇਬਰ ਕਿਸਾਨ ਗਜ਼ਟ ਪ੍ਰਕਾਸ਼ਤ ਕਰਨਾ ਸ਼ੁਰੂ ਕੀਤਾ ਸੀ। ਉਦੋਂ ਤੋਂ ਹੀ ਪੰਜਾਬ ਵਿਚ ਵਰਕਰਜ਼ ਐਂਡ ਪੀਜ਼ੈਂਟਸ ਪਾਰਟੀ ਸਥਾਪਤ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ। ਕਿਰਤੀ ਕਿਸਾਨ ਪਾਰਟੀ 1927 ਵਿੱਚ ਹੁਸ਼ਿਆਰਪੁਰ ਵਿੱਚ ਸਥਾਪਤ ਕੀਤੀ ਗਈ ਸੀ, ਜਿਸ ਦੀ ਪ੍ਰਧਾਨਗੀ ਜੋਸ਼ ਨੇ ਕੀਤੀ ਸੀ। ਵਰਕਰਜ਼ ਐਂਡ ਪੀਜ਼ੈਂਟਸ ਪਾਰਟੀ ਦੀ ਇੱਕ ਆਲ ਇੰਡੀਆ ਮੀਟਿੰਗ 1928 ਵਿੱਚ ਮੇਰਠ ਵਿੱਚ ਹੋਈ ਸੀ, ਜਿਸ ਵਿੱਚ ਪੰਜਾਬ, ਬੰਬਈ, ਬੰਗਾਲ, ਯੂਪੀ ਆਦਿ ਦੇ ਪ੍ਰਤੀਨਿਧ ਸ਼ਾਮਲ ਸਨ। ਸੋਹਣ ਸਿੰਘ ਜੋਸ਼ ਨੂੰ ਇਸ ਦਾ ਪ੍ਰਧਾਨ ਚੁਣਿਆ ਗਿਆ। ਉਹ ਸੀ ਪੀ ਆਈ ਦਾ ਮੈਂਬਰ ਵੀ ਬਣੇ।

ਕਿਰਤੀ ਸਾਥੀਆਂ ਦੀ ਪਹਿਲਕਦਮੀ 'ਤੇ ਵਰਕਰਜ਼ ਐਂਡ ਪੀਜ਼ੈਂਟਸ ਪਾਰਟੀ 12 ਅਗਸਤ 1928 ਨੂੰ ਅੰਮ੍ਰਿਤਸਰ ਵਿੱਚ ਕੀਤੀ ਗਈ ਸੀ। ਇਸ ਸਮੂਹ ਨੇ ਪਹਿਲਾਂ 1927 ਵਿੱਚ ਇੱਕ ਵਰਕਰਜ਼ ਕਾਨਫਰੰਸ ਵੀ ਆਯੋਜਿਤ ਕੀਤੀ ਸੀ। ਪੰਜਾਬ ਵਰਕਰਜ਼ ਐਂਡ ਪੀਜ਼ੈਂਟਸ ਪਾਰਟੀ ਦੀ ਦੂਜੀ ਕਾਨਫਰੰਸ 29 ਸਤੰਬਰ 1928 ਨੂੰ ਲਾਇਲਪੁਰ ਵਿੱਚ ਹੋਈ ਸੀ ਅਤੇ ਤੀਜੀ ਕਾਨਫਰੰਸ 10 ਮਾਰਚ 1929 ਨੂੰ ਹੋਈ। ਜੋਸ਼ ਨੇ ਇੱਕ ਭਾਸ਼ਣ ਦਿੱਤਾ, ਜਿਸ ਵਿੱਚ ਉਹਨਾਂ ਨੇ ਕਿਸਮਤਵਾਦ ਦਾ ਵਿਰੋਧ ਕੀਤਾ। ਵਰਕਰਜ਼ ਐਂਡ ਪੀਜ਼ੈਂਟਸ ਪਾਰਟੀ ਦੀ ਇੱਕ ਆਲ ਇੰਡੀਆ ਕਾਨਫਰੰਸ 21-23 ਦਸੰਬਰ, 1928 ਨੂੰ ਕਲਕੱਤਾ ਵਿੱਚ ਸੋਹਨ ਸਿੰਘ ਜੋਸ਼ ਦੀ ਪ੍ਰਧਾਨਗੀ ਹੇਠ ਹੋਈ। ਇਹ ਇੱਕ ਇਤਿਹਾਸਕ ਕਾਨਫਰੰਸ ਸੀ, ਕਿਉਂਕਿ ਇਸ ਵਿੱਚ ਕਾਂਗਰਸ ਵੱਲੋਂ ਪੂਰਨ ਆਜ਼ਾਦੀ ਦੀ ਮੰਗ ਕਰਨ 'ਤੇ ਜ਼ੋਰ ਦਿੱਤਾ ਗਿਆ ਸੀ। ਵਰਕਰਜ਼ ਐਂਡ ਪੀਜ਼ੈਂਟਸ ਪਾਰਟੀ ਨੇ ਪੂਰੀ ਆਜ਼ਾਦੀ ਦੀ ਮੰਗ ਕਰਦੇ ਹੋਏ ਲੱਗਭੱਗ 50 ਹਜ਼ਾਰ ਲੋਕਾਂ ਦਾ ਇੱਕ ਵਿਸ਼ਾਲ ਪ੍ਰਦਰਸ਼ਨ ਕੀਤਾ। ਗਾਂਧੀ ਜੀ ਨੇ ਵਾਅਦਾ ਕੀਤਾ ਸੀ ਕਿ ਕਾਂਗਰਸ ਇਸ ਨੂੰ ਇੱਕ ਸਾਲ ਦੇ ਅੰਦਰ ਸਵੀਕਾਰ ਕਰ ਲਵੇਗੀ ਅਤੇ ਉਹਨਾਂ ਨੇ ਆਪਣਾ ਵਾਅਦਾ ਪੂਰਾ ਕੀਤਾ।

ਸੋਹਨ ਸਿੰਘ ਭਾਰਤ ਨੌਜਵਾਨ ਸਭਾ ਨਾਲ ਵੀ ਜੁੜੇ ਹੋਏ ਸਨ, ਜਿਸ ਨੇ ਸਾਈਮਨ ਕਮਿਸ਼ਨ ਦੇ ਵਿਰੁੱਧ ਇੱਕ ਵੱਡਾ ਅੰਦੋਲਨ ਸ਼ੁਰੂ ਕੀਤਾ ਸੀ। ਇਸ ਸੰਗਠਨ ਵਿੱਚ ਹੀ ਭਗਤ ਸਿੰਘ ਨੇ ਇੱਕ ਪ੍ਰੇਰਨਾਦਾਇਕ ਭੂਮਿਕਾ ਨਿਭਾਈ ਸੀ। ਇਸ ਤਰ੍ਹਾਂ ਜੋਸ਼ ਨੇ ਉਸ ਨੂੰ ਆਕਾਰ ਦੇਣ ਵਿੱਚ ਇੱਕ ਮਹੱਤਵਪੂਰਨ ਭੂਮਿਕਾ



ਨਿਭਾਈ।

### ਮੇਰਠ ਸਾਜ਼ਿਸ਼ ਕੇਸ (1929-33)

ਸੋਹਨ ਸਿੰਘ ਜੋਸ਼ ਸਮੇਤ ਦੇਸ਼ ਭਰ ਦੇ 32 ਚੋਟੀ ਦੇ ਕਮਿਊਨਿਸਟ ਅਤੇ ਟਰੇਡ ਯੂਨੀਅਨ ਆਗੂਆਂ ਨੂੰ ਗ੍ਰਿਫਤਾਰ ਕਰਕੇ ਮੇਰਠ ਦੀ ਇੱਕ ਵਿਸ਼ੇਸ਼ ਤੌਰ 'ਤੇ ਬਣਾਈ ਗਈ ਜੇਲ੍ਹ ਵਿੱਚ ਬੰਦ ਕਰ ਦਿੱਤਾ ਗਿਆ। ਉਨ੍ਹਾਂ ਵਿੱਚ ਪੰਜਾਬ ਤੋਂ ਅਬਦੁਲ ਮਜੀਦ ਅਤੇ ਕੇਦਾਰ ਨਾਥ ਸਹਿਗਲ ਵੀ ਸ਼ਾਮਲ ਸਨ। ਜੋਸ਼ ਉਸ ਸਮੇਂ ਪੰਜਾਬ ਨੌਜਵਾਨ ਸਭਾ ਦੇ ਪ੍ਰਧਾਨ ਸਨ।

ਜੋਸ਼ ਨੂੰ 1933 ਵਿੱਚ ਰਿਹਾਅ ਕਰ ਦਿੱਤਾ ਗਿਆ ਅਤੇ ਜੋਸ਼ ਨੇ ਪੰਜਾਬ ਵਿੱਚ ਪਾਰਟੀ ਦਾ ਕੰਮ ਦੁਬਾਰਾ ਸ਼ੁਰੂ ਕੀਤਾ। ਉਹ 1934 ਵਿੱਚ ਕਾਂਗਰਸ ਸੋਸ਼ਲਿਸਟ ਪਾਰਟੀ ਵਿੱਚ ਸ਼ਾਮਲ ਹੋ ਗਏ। ਉਹਨਾਂ ਨੇ ਇੱਕ ਪੰਜਾਬੀ ਸਾਹਿਤਕ ਰਸਾਲਾ 'ਪ੍ਰਭਾਤ' ਦਾ ਪ੍ਰਕਾਸ਼ਨ ਵੀ ਸ਼ੁਰੂ ਕੀਤਾ। ਉਹਨਾਂ ਨੇ ਮੇਰਠ ਵਿੱਚ ਬੰਗਲਾ ਅਤੇ ਮਰਾਠੀ ਦੀ ਪੜ੍ਹਾਈ ਵੀ ਕੀਤੀ।

### 1937 ਦੀਆਂ ਚੋਣਾਂ ਵਿੱਚ ਵਿਧਾਇਕ ਚੁਣੇ ਗਏ

1937 ਦੀਆਂ ਆਮ ਚੋਣਾਂ ਸੀਮਤ ਵੋਟ ਅਧਿਕਾਰ 'ਤੇ ਲੜੀਆਂ ਗਈਆਂ, ਜਿਸ ਵਿੱਚ ਕਾਂਗਰਸ ਨੇ ਸ਼ਾਨਦਾਰ ਜਿੱਤਾਂ ਪ੍ਰਾਪਤ ਕੀਤੀਆਂ : ਇਸ ਨੇ 11 ਵਿੱਚੋਂ 6 ਸੂਬਿਆਂ ਵਿੱਚ ਭਾਰੀ ਬਹੁਮਤ ਪ੍ਰਾਪਤ ਕੀਤਾ ਅਤੇ 4 ਵਿੱਚ ਸਭ ਤੋਂ ਵੱਡੀ ਪਾਰਟੀ ਬਣ ਕੇ ਉੱਭਰੀ। ਸਿਰਫ ਦੋ ਸੂਬਿਆਂ ਵਿੱਚ ਇਹ ਘੱਟ ਗਿਣਤੀ ਵਿੱਚ ਸੀ।

ਸਾਰੀਆਂ ਪ੍ਰਗਤੀਸ਼ੀਲ ਪਾਰਟੀਆਂ ਨੇ ਸੀਮਤ ਸੰਵਿਧਾਨ ਦਾ ਵਿਰੋਧ ਕੀਤਾ। ਸੀ ਪੀ ਆਈ ਅਰਧ-ਕਾਨੂੰਨੀ ਸੀ ਅਤੇ ਇਸ ਲਈ ਲੜਨ ਦੀ ਸਥਿਤੀ ਵਿੱਚ ਨਹੀਂ ਸੀ। ਇਸ ਨੇ ਸੁਤੰਤਰ ਤੌਰ 'ਤੇ ਅਤੇ ਕਾਂਗਰਸ ਰਾਹੀਂ ਹਿੱਸਾ ਲੈਣ ਦਾ ਫੈਸਲਾ ਕੀਤਾ। ਸੀ ਪੀ ਆਈ ਪੰਜਾਬ ਵਿੱਚ ਭੂਮੀਗਤ ਸੀ ਅਤੇ ਕਾਂਗਰਸ ਦੀ ਟਿਕਟ 'ਤੇ ਚੋਣਾਂ ਲੜੀਆਂ।

ਪੰਜ ਕਮਿਊਨਿਸਟਾਂ ਨੇ ਪੰਜਾਬ ਵਿਧਾਨ ਸਭਾ ਲਈ ਚੋਣ ਲੜੀ, ਚਾਰ ਨੇ ਕਾਂਗਰਸ ਦੀ ਟਿਕਟ 'ਤੇ ਅਤੇ ਸੋਹਣ ਸਿੰਘ ਜੋਸ਼ ਨੇ ਤਰਨ ਤਾਰਨ ਹਲਕੇ ਤੋਂ 'ਕਮਿਊਨਿਸਟ-ਆਜ਼ਾਦ' ਵਜੋਂ ਚੋਣ ਲੜੀ, ਜਿਸ ਵਿੱਚ ਅਜਨਾਲਾ ਅਤੇ ਤਰਨ ਤਾਰਨ ਤਹਿਸੀਲਾਂ ਸ਼ਾਮਲ ਸਨ। ਉਹਨਾਂ ਨੇ 12,000 ਵੋਟਾਂ ਦੇ ਫਰਕ ਨਾਲ ਸ਼ਾਨਦਾਰ ਜਿੱਤ ਪ੍ਰਾਪਤ ਕੀਤੀ। ਕਮਿਊਨਿਸਟਾਂ ਨੇ ਕੇਰਲਾ, ਬੰਗਾਲ ਅਤੇ ਕੁਝ ਹੋਰ ਥਾਵਾਂ 'ਤੇ ਵੀ ਲੜਾਈ ਲੜੀ। 'ਦਿ ਟ੍ਰਿਬਿਊਨ' ਨੇ ਜੋਸ਼ ਦੀ ਜਿੱਤ ਬਾਰੇ ਲਿਖਿਆ : "ਇੱਕ ਕਮਿਊਨਿਸਟ ਪੰਜਾਬ ਦੇ ਸਭ ਤੋਂ ਵੱਡੇ ਜ਼ਿਮੀਂਦਾਰ ਨੂੰ ਹਰਾਉਂਦਾ ਹੈ"। ਇਹ ਉਨ੍ਹਾਂ ਦਿਨਾਂ ਲਈ ਇੱਕ ਬੇਮਿਸਾਲ ਘਟਨਾ ਸੀ। ਇੰਨਾ ਹੀ ਨਹੀਂ, ਜੋਸ਼ ਵਿਧਾਨ ਸਭਾ ਵਿੱਚ ਕਾਂਗਰਸ ਸਮੂਹ ਦੇ ਮੁੱਖ ਵ੍ਹਿਪ ਵੀ ਸਨ। ਕਾਂਗਰਸ ਵਿਰੋਧੀ ਧਿਰ ਵਿੱਚ ਬੈਠੀ ਸੀ, ਜਦੋਂ ਕਿ ਯੂਨੀਅਨਿਸਟ ਪਾਰਟੀ ਦੇ ਸਿਕੰਦਰ ਹਯਾਤ ਨੇ ਸਰਕਾਰ ਬਣਾਈ। ਜੋਸ਼ ਨੂੰ 1939 ਵਿੱਚ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦਾ ਪ੍ਰਧਾਨ ਚੁਣਿਆ ਗਿਆ।

ਉਨ੍ਹਾਂ ਨੇ 1938-39 ਦੌਰਾਨ ਅੰਮ੍ਰਿਤਸਰ, ਲਾਹੌਰ ਅਤੇ ਹੋਰ ਥਾਵਾਂ 'ਤੇ ਕਿਸਾਨ ਸੰਘਰਸ਼ਾਂ ਦੀ ਅਗਵਾਈ ਕੀਤੀ।

### ਦਿਓਲੀ ਕੈਂਪ ਅਤੇ 'ਕਿਰਤੀ ਕਮਿਊਨਿਸਟਾਂ' ਨਾਲ ਬਹਿਸ

ਜੋਸ਼ ਨੂੰ 1940 ਵਿੱਚ ਹੋਰ ਕਮਿਊਨਿਸਟਾਂ ਦੇ ਨਾਲ ਗ੍ਰਿਫਤਾਰ ਕਰਕੇ ਦਿਓਲੀ ਹਿਰਾਸਤ ਕੈਂਪ ਵਿੱਚ ਰੱਖਿਆ ਗਿਆ ਸੀ। ਸੋਵੀਅਤ ਰੂਸ ਤੋਂ ਵਾਪਸ ਆਉਣ ਵਾਲੇ ਕਈ ਇਨਕਲਾਬੀ ਅਤੇ ਕਮਿਊਨਿਸਟ ਹੋਰ ਥਾਵਾਂ 'ਤੇ ਇਕੱਠੇ ਹੋਏ ਸਨ, ਕੁਝ ਹੋਰਾਂ ਦੇ ਨਾਲ-ਨਾਲ 'ਕਿਰਤੀ ਕਮਿਊਨਿਸਟ' ਵੀ ਬਣ ਗਏ ਸਨ। ਨੌਜਵਾਨ ਸਭਾ ਦੀਆਂ ਵੀ ਆਪਣੀਆਂ ਸਮੱਸਿਆਵਾਂ ਸਨ। ਕਿਰਤੀ ਕਮਿਊਨਿਸਟਾਂ ਵਿੱਚ ਤੇਜਾ ਸਿੰਘ ਸੁਤੰਤਰ ਪ੍ਰਮੁੱਖ ਸਨ।

ਸੀ ਪੀ ਆਈ ਕਮਿਊਨਿਸਟਾਂ ਅਤੇ ਕਿਰਤੀ ਕਮਿਊਨਿਸਟਾਂ ਵਿਚਕਾਰ ਗੰਭੀਰ ਮੱਤਭੇਦ ਪੈਦਾ ਹੋ ਗਏ। ਕਿਰਤੀ ਸਮੂਹ ਅਕਸਰ ਅਤਿ ਖੱਬੇ ਸੰਪਰਦਾਇਕ ਪੁਜ਼ੀਸ਼ਨਾਂ ਲੈਂਦਾ ਸੀ ਅਤੇ ਕਾਂਗਰਸ ਅਤੇ ਸੰਬੰਧਤ ਸਵਾਲਾਂ 'ਤੇ ਸੀ ਪੀ ਆਈ ਨਾਲ ਟਕਰਾਉਂਦਾ ਸੀ।

ਜੋਸ਼, ਘਾਟੇ ਅਤੇ ਹੋਰਾਂ ਨਾਲ ਮਿਲ ਕੇ ਬੜੇ ਧੀਰਜ ਨਾਲ ਕਿਰਤੀ ਕਮਿਊਨਿਸਟਾਂ ਨੂੰ ਸਹੀ ਪੁਜ਼ੀਸ਼ਨਾਂ 'ਤੇ ਲਿਆਉਂਦਾ ਸੀ। ਨਤੀਜੇ ਵਜੋਂ ਬਾਅਦ ਵਾਲਾ ਸੀ ਪੀ ਆਈ ਵਿੱਚ ਸ਼ਾਮਲ ਹੋ ਗਿਆ।

ਜੋਸ਼ ਨੂੰ ਮਈ 1942 ਵਿੱਚ ਦਿਓਲੀ ਤੋਂ ਰਿਹਾਅ ਕਰ ਦਿੱਤਾ ਗਿਆ ਅਤੇ ਪਾਰਟੀ ਦਫਤਰ ਸਥਾਪਤ ਕਰਨ ਲਈ ਉਹ ਸਿੱਧਾ ਲਾਹੌਰ ਚਲੇ ਗਏ।

### ਆਜ਼ਾਦੀ ਤੋਂ ਬਾਅਦ

ਜੋਸ਼ ਨੇ ਬੀ.ਟੀ.ਆਰ. ਦੇ ਸਮੇਂ ਦੌਰਾਨ ਪਾਰਟੀ ਵੱਲੋਂ ਅਪਨਾਈ ਗਈ ਅਤਿ ਖੱਬੇ-ਪੱਖੀ ਅਤੇ ਸੰਕੀਰਨ ਲਾਈਨ ਦਾ ਸਖਤ ਵਿਰੋਧ ਕੀਤਾ। ਉਹ ਪੰਜਾਬ ਇਕਾਈ ਦੇ ਪਾਰਟੀ ਸਕੱਤਰ ਸਨ। ਉਨ੍ਹਾਂ ਨੇ ਅਜੋਏ ਘੋਸ਼ ਦੇ ਮੇਜ਼ਬਾਨ ਵਜੋਂ ਕੰਮ ਕੀਤਾ, ਜੋ 1948 ਵਿੱਚ ਆਪਣੀ ਸਿਹਤ ਠੀਕ ਕਰਨ ਲਈ ਪੰਜਾਬ ਆਏ ਸਨ ਅਤੇ ਉਨ੍ਹਾਂ ਨਾਲ ਦੋ ਸਾਲ ਰਹੇ। ਇਸ ਸਮੇਂ ਦੌਰਾਨ ਉਹ ਇੱਕ-ਦੂਜੇ ਦੇ ਬਹੁਤ ਨੇੜੇ ਆ ਗਏ।

ਜੋਸ਼ ਨੇ 1957 ਵਿੱਚ ਮਾਸਕੋ ਵਿੱਚ ਰੂਸੀ ਇਨਕਲਾਬ ਦੀ 40ਵੀਂ ਵਰ੍ਹੇਗੰਢ ਵਿੱਚ ਅਜੋਏ ਘੋਸ਼ ਦੀ ਅਗਵਾਈ ਵਿੱਚ ਸੀ.ਪੀ.ਆਈ. ਵਫਦ ਦੇ ਹਿੱਸੇ ਵਜੋਂ ਸ਼ਿਰਕਤ ਕੀਤੀ।

ਜੋਸ਼ ਨੂੰ ਅੰਮ੍ਰਿਤਸਰ ਕਾਂਗਰਸ (1958) ਵਿੱਚ ਚੁਣੀ ਗਈ ਸੀ.ਪੀ.ਆਈ. ਦੀ ਕੌਮੀ ਕੌਂਸਲ ਵਿੱਚ ਸ਼ਾਮਲ ਕੀਤਾ ਗਿਆ ਸੀ। ਉਹ ਬਾਅਦ ਵਿੱਚ ਸੀ.ਪੀ.ਆਈ. ਦੇ ਕੇਂਦਰੀ ਕਾਰਜਕਾਰੀ ਕਮੇਟੀ ਦੇ ਮੈਂਬਰ ਰਹੇ। ਉਹ 1971 ਤੋਂ 1974 ਤੱਕ ਕੇਂਦਰੀ ਕੰਟਰੋਲ ਕਮਿਸ਼ਨ ਦੇ ਚੇਅਰਮੈਨ ਰਹੇ।

ਆਪਣੇ ਆਖਰੀ ਸਾਲਾਂ ਵਿੱਚ ਜੋਸ਼ ਜ਼ਿਆਦਾਤਰ ਸਮਾਂ ਨਵੀਂ ਦਿੱਲੀ ਦੇ ਅਜੋਏ ਭਵਨ ਵਿੱਚ ਰਹੇ ਅਤੇ ਭਾਰਤ ਦੇ ਕਮਿਊਨਿਸਟ ਅੰਦੋਲਨ, ਅਕਾਲੀ ਅਤੇ ਗਦਰ ਅੰਦੋਲਨਾਂ ਬਾਰੇ ਖੋਜ ਕੀਤੀ। ਉਨ੍ਹਾਂ ਨੇ ਸੀ.ਪੀ.ਆਈ. ਇਤਿਹਾਸ, ਅਕਾਲੀ ਅੰਦੋਲਨ ਦੇ ਦੋ ਭਾਗਾਂ ਦਾ ਇਤਿਹਾਸ, ਗਦਰ ਅੰਦੋਲਨ ਦਾ ਇਤਿਹਾਸ, ਯਾਦਾਂ ਅਤੇ ਹੋਰ ਰਚਨਾਵਾਂ ਸਮੇਤ ਕਈ ਕਿਤਾਬਾਂ ਲਿਖੀਆਂ। ਉਹਨਾਂ ਇੰਗਲੈਂਡ, ਕੈਨੇਡਾ, ਅਮਰੀਕਾ ਅਤੇ ਹੋਰ ਦੇਸ਼ਾਂ ਸਮੇਤ ਵੱਖ-ਵੱਖ ਦੇਸ਼ਾਂ ਤੋਂ ਬਹੁਤ ਸਾਰੀ ਖੋਜ ਸਮੱਗਰੀ ਇਕੱਠੀ ਕੀਤੀ ਅਤੇ ਉਦੋਂ ਜੀਵਤ ਇਨਕਲਾਬੀਆਂ ਅਤੇ ਉਨ੍ਹਾਂ ਦੇ ਪਰਵਾਰਾਂ ਅਤੇ ਦੋਸਤਾਂ ਨਾਲ ਸੰਪਰਕ ਸਥਾਪਤ ਕੀਤੇ।

ਸੋਹਣ ਸਿੰਘ ਜੋਸ਼ ਦਾ ਦੇਹਾਂਤ 29 ਜੁਲਾਈ, 1982 ਨੂੰ ਅੰਮ੍ਰਿਤਸਰ ਵਿੱਚ ਹੋਇਆ।

---

ਫ਼ਿਲਮ ਚਰਚਾ

ਤਰਸੇਮ ਬਸ਼ਰ

# ਮੜ੍ਹੀ ਦਾ ਦੀਵਾ -1989

ਪੰਜਾਬੀ ਸਿਨੇਮਾ 'ਚ ਵੱਡੇ ਪੱਧਰ 'ਤੇ ਸਮਾਨੰਤਰ ਸਿਨੇਮਾ, ਜਿਸ ਨੂੰ ਕਲਾ ਫਿਲਮਾਂ ਵੀ ਕਿਹਾ ਜਾਂਦਾ ਹੈ, ਬਹੁਤ ਘੱਟ ਬਣਿਆ ਹੈ ਤੇ ਬਿਨਾਂ ਸ਼ੱਕ 'ਮੜ੍ਹੀ ਦਾ ਦੀਵਾ' ਅਜਿਹੀਆਂ ਫਿਲਮਾਂ ਵਿੱਚੋਂ ਸਭ ਤੋਂ ਮਹੱਤਵਪੂਰਨ ਫਿਲਮ ਹੈ।ਸਰਦਾਰ ਸੁਰਿੰਦਰ ਸਿੰਘ ਦੀ ਨਿਰਦੇਸ਼ਨਾ 'ਚ ਬਣੀ 'ਮੜ੍ਹੀ ਦਾ ਦੀਵਾ' ਅੱਜ ਵੀ ਦੇਖੀ ਜਾਂਦੀ ਹੈ ਇੱਕ ਅਜਿਹੀ ਫਿਲਮ, ਜੋ ਕਲਾ ਫਿਲਮ ਸੀ, ਪਰ ਬਹੁਤ ਚਰਚਿੱਤ ਰਹੀ।'ਮੜ੍ਹੀ ਦਾ ਦੀਵਾ' ਗੁਰਦਿਆਲ ਸਿੰਘ ਹੁਰਾਂ ਦਾ ਲਿਖਿਆ ਪਹਿਲਾ ਨਾਵਲ ਸੀ, ਜੋ ਪਹਿਲੀ ਵਾਰ 1964 'ਚ ਛਪਿਆ ਸੀ।

'ਮੜ੍ਹੀ ਦਾ ਦੀਵਾ' ਨੂੰ ਉਸ ਸਾਲ ਦੀ ਸਰਵਸ੍ਰੇਸ਼ਟ ਪੰਜਾਬੀ ਫੀਚਰ ਫਿਲਮ ਦਾ ਰਾਸ਼ਟਰੀ ਐਵਾਰਡ ਵੀ ਮਿਲਿਆ ਸੀ, ਇਸ ਨਾਲ ਬੜੇ ਵੱਡੇ ਨਾਂਅ ਜੁੜੇ ਹੋਏ ਸਨ, ਮਸਲਨ ਰਾਜ ਬੱਬਰ, ਪੰਕਜ ਕਪੂਰ, ਦੀਪਤੀ ਨਵਲ, ਕੰਵਲਜੀਤ, ਪ੍ਰੀਕਸ਼ਤ ਸਾਹਨੀ ਤੇ ਹੋਰ। ਫਿਲਮ ਦਾ ਨਿਰਮਾਣ ਸਹਿਯੋਗ ©643 ਅਤੇ ਦੂਰਦਰਸ਼ਨ ਨੇ ਕੀਤਾ ਸੀ। ਨਾਵਲ ਪਹਿਲਾਂ ਹੀ ਚਰਚਾ ਵਿੱਚ ਆ ਚੁੱਕਿਆ ਸੀ। ਇਸ ਬਾਰੇ ਨਾਨਕ ਸਿੰਘ ਹੁਰਾਂ ਦਾ ਕਥਨ ਸੀ ਕਿ ਨਾਵਲ ਪੜ੍ਹ ਕੇ ਰੂਹ ਨਸ਼ਿਆ ਗਈ ਹੈ। ਰਾਸ਼ਟਰੀ ਪੱਧਰ 'ਤੇ ਵੀ ਨਾਵਲ ਜ਼ਿਕਰ ਵਿੱਚ ਸੀ, ਲੋਕ ਇਸ ਨੂੰ ਮੁਨਸ਼ੀ ਪ੍ਰੇਮ ਚੰਦ ਦੀਆਂ ਲਿਖਤਾਂ ਦੇ ਬਰਾਬਰ ਤੱਕ ਕਹਿ ਰਹੇ ਸਨ। ਪ੍ਰਸਿੱਧ ਵਿਦਵਾਨ ਡਾਕਟਰ ਨਾਮਵਰ ਸਿੰਘ ਨੇ ਕਿਹਾ ਸੀ ਕਿ ਅਜਿਹਾ ਨਾਵਲ ਕਦੇ-ਕਦੇ ਹੀ ਆਉਂਦਾ ਹੈ। ਹੁਣ ਜਦੋਂ ਭਾਰਤੀ ਨਾਵਲ ਵਿਧਾ ਖੜੋਤ ਵਿੱਚ ਹੈ ਤਾਂ ਯਥਾਰਥ ਦੇ ਨੇੜੇ ਦਾ ਇਹ ਚਿਤਰਨ ਭਾਰਤੀ ਸਾਹਿਤ ਨੂੰ ਨਵੀਂ ਦਿਸ਼ਾ ਦੇਵੇਗਾ।

'ਮੜ੍ਹੀ ਦਾ ਦੀਵਾ' ਬਹੁਤ ਸਾਰੀਆਂ ਭਾਸ਼ਾਵਾਂ ਵਿੱਚ ਅਨੁਵਾਦ ਹੋਇਆ ਹੈ, ਰੂਸੀ ਭਾਸ਼ਾ ਵਿੱਚ ਅਨੁਵਾਦ ਹੋਣ ਤੋਂ ਬਾਅਦ ਕਿਹਾ ਜਾਂਦਾ ਹੈ ਕਿ ਇਸ ਦੀਆਂ ਪੰਜ ਲੱਖ ਕਾਪੀਆਂ ਵਿਕੀਆਂ ਸਨ।

'ਮੜ੍ਹੀ ਦਾ ਦੀਵਾ' ਆਜ਼ਾਦੀ ਉਪਰੰਤ ਮਾਲਵੇ ਦੇ ਪੇਂਡੂ ਜੀਵਨ, ਇਸ ਪੱਛੜੀ ਕਹੀ ਜਾਂਦੀ ਰਹਿਤਲ ਦੇ ਲੋਕਾਂ ਦਾ ਚਿਤਰਨ ਹੈ, ਬਦਲਦੇ ਹਾਲਾਤ ਕਿਸ ਤਰ੍ਹਾਂ ਲੋਕਾਂ ਦੇ ਜੀਵਨ ਨੂੰ, ਸਮਾਜਿਕ ਕਦਰਾਂ-ਕੀਮਤਾਂ ਨੂੰ ਪ੍ਰਭਾਵਿਤ ਕਰਦੇ ਹਨ, ਦਾ ਬਿਰਤਾਂਤ ਹੈ। ਉੱਥੇ ਹੀ ਕਿਸਾਨ ਤੇ ਉਸ ਦੇ ਕਾਮੇ ਵਿਚਕਾਰ ਦੇ ਰਿਸ਼ਤੇ ਨੂੰ ਬੜੇ ਸੂਖਮ ਤਰੀਕੇ ਨਾਲ ਦਰਸਾਇਆ ਗਿਆ ਹੈ, ਬਦਲਦੇ ਹਾਲਾਤ ਤੇ ਭੌਤਿਕੀ ਜ਼ਰੂਰਤਾਂ ਇਸ ਰਿਸ਼ਤੇ ਨੂੰ ਕਿਸ ਤਰ੍ਹਾਂ ਕਮਜ਼ੋਰ ਕੀਤਾ, ਵੀ ਕਹਾਣੀ ਦਾ ਅਹਿਮ ਹਿੱਸਾ ਹੈ।

ਪਾਤਰ ਸੁਭਾਵਿਕ ਅਤੇ ਸੱਚੇ ਪ੍ਰਤੀਤ ਹੁੰਦੇ ਹਨ, ਇਹ ਨਹੀਂ ਲੱਗਦਾ ਕਿ ਕਹਾਣੀ ਨੂੰ ਕਿਸੇ ਸਿੱਟੇ 'ਤੇ ਪਹੁੰਚਾਉਣ ਲਈ ਪਾਤਰਾਂ ਤੇ ਘਟਨਾਵਾਂ ਨੂੰ ਸਿਰਜਿਆ ਗਿਆ ਹੈ। ਜਿਵੇਂ ਮਾਲਵੇ 'ਚ ਉਸ ਸਮੇਂ ਔਰਤਾਂ ਦੀ ਅਜਿਹੀ ਸਥਿਤੀ ਨਹੀਂ ਸੀ ਕਿ ਉਹ ਆਪਣੀ ਮਰਜ਼ੀ ਨਾਲ ਜ਼ਿੰਦਗੀ ਬਸਰ ਕਰ ਸਕਣ, ਆਪਣੀ ਪਸੰਦ ਦਾ ਇਜ਼ਹਾਰ ਕਰ ਸਕੇ, ਪਰ ਕਹਾਣੀ ਦੀ ਇਸਤਰੀ ਪਾਤਰ ਭਾਨੀ (ਦੀਪਤੀ ਨਵਲ) ਜਿਸ ਦਾ ਵਿਆਹ ਉਸ ਦੀ ਪਸੰਦ ਦੇ ਇਨਸਾਨ ਨਾਲ ਨਹੀਂ ਹੋਇਆ ਅਤੇ ਉਹ ਉਸ ਦੇ ਦੋਸਤ ਨੂੰ ਪਸੰਦ ਕਰਦੀ ਹੈ, ਉਹ ਇਸ ਦਾ ਇਜ਼ਹਾਰ ਵੀ ਕਰ ਦਿੰਦੀ ਹੈ ਤੇ ਦ੍ਰਿੜ੍ਹਤਾ ਨਾਲ ਆਪਣੀ ਮੁਹੱਬਤ 'ਤੇ ਖੜੀ ਵੀ ਰਹਿੰਦੀ ਹੈ।

ਉਹਨਾਂ ਸਾਲਾਂ ਦੇ ਹਾਲਾਤ ਵਿੱਚ ਔਰਤ ਲਈ ਇਹ ਆਸਾਨ ਨਹੀਂ ਸੀ, ਬੜਾ ਕਠਿਨ ਸੀ, ਪਰ ਇਸ ਦਾ ਮਤਲਬ ਇਹ ਵੀ ਨਹੀਂ ਕਿ ਅਜਿਹਾ ਕੋਈ ਵੀ ਨਹੀਂ ਹੋ ਸਕਦਾ, ਹੁੰਦੇ ਵੀ ਹਨ। ਨਾਵਲ ਦਾ ਇਹ ਇਸਤਰੀ ਪਾਤਰ ਉਹਨਾਂ 'ਵਿਰਲੇ ਲੋਕਾਂ' ਵਿੱਚੋਂ ਹੀ ਲਿਆ ਗਿਆ ਇੱਕ ਪਾਤਰ ਹੈ।

ਇਸੇ ਤਰ੍ਹਾਂ ਧਰਮ ਸਿੰਘ (ਜਿਸ ਦੀ ਭੂਮਿਕਾ ਪ੍ਰੀਕਸ਼ਤ ਸਾਹਨੀ ਨੇ ਨਿਭਾਈ ਹੈ ਅਤੇ ਸੰਵਾਦਾਂ ਵਿੱਚ ਆਵਾਜ਼ 'ਸਰਦਾਰ ਸੋਹੀ' ਨੇ ਦਿੱਤੀ ਹੈ) ਜੋ ਖੁਦ ਜ਼ਿੰਮੀਦਾਰ ਹੈ, ਜਿਸ ਕੋਲ ਨਾਵਲ ਦਾ ਮੁੱਖ ਪਾਤਰ ਜਗਸੀਰ ਕਾਮੇ ਦੇ ਤੌਰ 'ਤੇ ਕੰਮ ਕਰਦਾ ਹੈ, ਵੀ ਅਹਿਮ ਤੇ ਨਿਵੇਕਲਾ ਪਾਤਰ ਹੈ। ਉਹ ਕਾਮੇ ਅਤੇ ਕਿਸਾਨ ਦੇ ਰਿਸ਼ਤੇ ਵਿਚਲੀ ਮਾਸੂਮੀਅਤ ਨੂੰ ਸਾਂਭਣ ਦਾ ਯਤਨ ਕਰ ਰਿਹਾ ਹੈ, ਉਸ ਦੇ ਪਿਤਾ ਨੇ ਤੇ ਖੁਦ ਉਸ ਨੇ ਕਾਮੇ ਅਤੇ ਜ਼ਿਮੀਦਾਰ ਵਿਚਲੇ ਰਿਸ਼ਤੇ ਨੂੰ ਨੌਕਰ ਅਤੇ ਮਾਲਕ ਦਾ ਰਿਸ਼ਤਾ ਨਹੀਂ ਸਮਝਿਆ, ਬਲਕਿ ਆਪਣੇ ਦੁੱਖ-ਸੁੱਖ ਦਾ ਸਾਂਝੀ ਕਰਕੇ ਸਮਝਿਆ ਹੈ। ਆਪਣੇ ਪਿਤਾ ਦੇ ਕੌਲ ਨੂੰ, ਜੋ ਕਿ ਉਸ ਨੇ ਆਪਣੇ ਕਾਮੇ ਠੋਲੂ ਸਿੰਘ ਨਾਲ ਕੀਤਾ ਸੀ, ਪੂਰਾ ਕਰਨਾ ਚਾਹੁੰਦਾ ਹੈ, ਪਰ ਅਖੀਰ ਵਿੱਚ ਬਦਲਦੇ ਹਾਲਾਤ ਸਾਹਮਣੇ ਹਾਰ ਜਾਂਦਾ ਹੈ, ਵਾਅਦਾ ਪੂਰਾ ਨਾ ਹੋਣ ਦੇ ਕਾਰਨ ਉਸ ਅੰਦਰ ਗਹਿਰੀ ਨਮੋਸ਼ੀ ਆ ਜਾਂਦੀ ਹੈ ਅਤੇ ਉਹ ਘਰ-ਬਾਰ ਤਿਆਗ ਕੇ ਚਲਾ ਜਾਂਦਾ ਹੈ।

ਇਸ ਇੱਕ ਪਾਤਰ ਦੇ ਜ਼ਰੀਏ ਸਾਨੂੰ ਆਪਣੇ ਵਿਰਸੇ ਵਿੱਚ ਸਮਾਜਿਕ ਅਤੇ ਨੈਤਿਕ ਕਦਰਾਂ-ਕੀਮਤਾਂ ਦੀ ਅਹਿਮੀਅਤ ਨੂੰ ਜਾਨਣ ਦਾ ਮੌਕਾ ਮਿਲਦਾ ਹੈ। ਉਦੋਂ ਵੀ ਧਰਮ ਸਿੰਘ ਵਰਗੇ ਲੋਕ ਸਨ, ਜੋ ਆਪਣੇ ਸਾਂਝੀ ਨੂੰ ਆਪਣੇ ਦੁੱਖ-ਸੁੱਖ ਦਾ ਸਾਂਝੀ ਸਮਝਦੇ ਸਨ, ਨਾ ਕਿ ਨੌਕਰ ਅਤੇ ਉਹਨਾਂ ਲਈ ਕਿਸੇ ਨਾਲ ਕੀਤੇ ਹੋਏ 'ਕੌਲ' ਦੇ ਕੀ ਅਰਥ ਹੁੰਦੇ ਸਨ।

ਕੌਲ ਨਿਭਾਉਣ ਵਿੱਚ ਅਸਫਲ ਰਹਿਣ 'ਤੇ ਉਹ ਨਮੋਸ਼ੀ ਕਾਰਨ ਘਰ ਤੱਕ ਛੱਡ ਜਾਂਦਾ ਹੈ।

ਕਹਾਣੀ ਵਿੱਚ ਇਹ ਵੀ ਜ਼ਿਕਰਯੋਗ ਹੈ ਕਿ ਉਹ ਹਰ ਸਮੇਂ ਜਗਸੀਰ ਅਤੇ ਉਸ ਦੇ ਗਰੀਬ ਪਰਿਵਾਰ ਦੇ ਪੱਖ ਵਿੱਚ ਖੜਾ ਨਜ਼ਰ ਆਉਂਦਾ ਹੈ।

ਜਿਵੇਂ ਕਿ ਆਰੰਭ 'ਚ ਲਿਖਿਆ ਹੈ ਕਿ ਕਹਾਣੀ ਮਾਲਵੇ ਦੇ ਪਿੰਡਾਂ ਦੀ ਰਹਿਤਲ ਨੂੰ ਆਧਾਰ ਬਣਾ ਕੇ ਲਿਖੀ ਗਈ ਹੈ, ਤੇ ਕਹਾਣੀ ਦਾ ਕਾਲ ਦੇਸ਼ ਆਜ਼ਾਦ ਹੋਣ ਤੋਂ ਕੁਝ ਸਾਲਾਂ ਬਾਅਦ ਦਾ ਹੈ। ਉਨ੍ਹਾਂ ਸਾਲਾਂ ਦਾ ਜਦੋਂ ਲੋਕਾਂ ਦੀ ਜੀਵਨ ਸ਼ੈਲੀ ਬਦਲ ਰਹੀ ਹੈ ਤਾਂ ਸਮਾਜਿਕ ਬਣਤਰ ਵਿੱਚ ਵੀ ਬਦਲਾਓ ਆ ਰਿਹਾ ਹੈ, ਆਧੁਨਿਕ ਸਹੂਲਤਾਂ ਪੈਰ ਪਸਾਰ ਰਹੀਆਂ ਹਨ, ਜ਼ਮੀਨਾਂ ਦੀ ਅਹਿਮੀਅਤ ਵਧ ਰਹੀ ਹੈ। ਠੋਲਾ ਸਿੰਘ ਆਪਣੇ ਹੀ ਪਿੰਡ ਦੇ ਇੱਕ ਜ਼ਿਮੀਦਾਰ ਨਾਲ ਬੜੇ ਸਾਲਾਂ ਤੋਂ ਸਾਂਝੀ (ਸੀਰੀ) ਰਲਿਆ ਹੈ, ਠੋਲਾ ਸਿੰਘ ਹੁਣ ਆਪ ਬੁੱਢਾ ਹੋ ਗਿਆ ਹੈ ਤੇ ਬਿਮਾਰ ਹੈ ਅਤੇ ਉਹ ਆਪਣੇ ਪੁੱਤਰ ਜਗਸੀਰ ਅਤੇ ਪਤਨੀ ਨਾਲ ਰਹਿੰਦਾ ਹੈ। ਜ਼ਿਮੀਦਾਰ ਦਾ ਵੀ ਹੁਣ ਸਵਰਗਵਾਸ ਹੋ ਚੁੱਕਿਆ ਹੈ, ਸਾਰਾ ਕੰਮ ਉਸ ਦਾ ਪੁੱਤਰ ਧਰਮ ਸਿੰਘ ਦੇਖਦਾ ਹੈ। ਧਰਮ ਸਿੰਘ ਪਿਤਾ ਦੇ ਨਕਸ਼ੇ-ਕਦਮ 'ਤੇ ਚੱਲਣ ਵਾਲਾ ਜ਼ਿਮੀਦਾਰ ਹੈ, ਮਨੁੱਖਤਾ ਦਾ ਹਾਮੀ। ਉਹ ਕਾਮੇ ਨੂੰ ਸਿਰਫ ਕਾਮਾ ਸਮਝਣ ਵਾਲੇ ਆਦਰਸ਼ਾਂ 'ਤੇ ਨਹੀਂ ਚੱਲਦਾ, ਉਹ ਕਾਮੇ ਨੂੰ ਆਪਣੇ ਦੁੱਖ-ਸੁੱਖ ਦਾ ਭਾਗੀਦਾਰ ਮੰਨਦਾ ਹੈ, ਕਿਉਂਕਿ ਠੋਲਾ ਸਿੰਘ ਬਿਮਾਰ ਹੈ ਤਾਂ ਹੁਣ ਉਸ ਦਾ ਪੁੱਤਰ ਜਗਸੀਰ ਉਹਨਾਂ ਦੇ ਕੰਮ ਕਰਦਾ ਹੈ। ਧਰਮ ਸਿੰਘ ਜਗਸੀਰ ਨਾਲ ਵੀ ਉਹੀ ਰਿਸ਼ਤਾ ਰੱਖਦਾ ਹੈ, ਜੋ ਉਸ ਦਾ ਪਿਤਾ ਠੋਲਾ ਸਿੰਘ ਨਾਲ ਰੱਖਦਾ ਸੀ।

ਜਗਸੀਰ ਇੱਕ ਸੋਹਣਾ-ਸੁਨੱਖਾ, ਲੰਮਾ-ਉੱਚਾ ਨੌਜਵਾਨ ਹੈ, ਭਾਵੇਂ ਉਹ ਸ਼ਰਮੀਲੇ ਸੁਭਾਅ ਦਾ ਹੈ, ਸਾਫ ਦਿਲ ਦਾ ਵੀ ਹੈ। ਆਮ ਨੌਜਵਾਨਾਂ ਵਾਂਗ ਉਸ ਅੰਦਰ ਵੀ ਚਾਅ ਅੰਗੜਾਈ ਲੈ ਰਹੇ ਹਨ, ਪਿਤਾ ਠੋਲਾ ਸਿੰਘ ਬਿਮਾਰ ਹੈ, ਇਸ ਲਈ ਉਸ ਦੀ ਵੀ ਇੱਛਾ ਹੈ ਕਿ ਜਗਸੀਰ ਦਾ ਵਿਆਹ ਹੋ ਜਾਵੇ, ਉਸ ਦੀ ਮਾਤਾ ਵੀ ਚਾਹੁੰਦੀ ਹੈ, ਪਰ ਜਗਸੀਰ ਦਾ ਵਿਆਹ ਛੇਤੀ ਹੋ ਜਾਵੇ, ਬਿਮਾਰ ਪਿਤਾ ਵਿਆਹ ਦੇਖ ਲਵੇ, ਪਰ ਇਹ ਆਸਾਨ ਨਹੀਂ..... ਕਿਉਂਕਿ ਠੋਲਾ ਸਿੰਘ ਨੇ ਵਿਆਹ ਕੁਝ ਅਜਿਹੇ ਹਾਲਾਤ ਵਿੱਚ ਕਰਾਇਆ ਸੀ ਕਿ ਕਿਹਾ ਜਾਂਦਾ ਹੈ ਕਿ ਉਸ ਦੀ ਪਤਨੀ ਭੱਜ ਕੇ ਉਸ ਨਾਲ ਆਈ ਹੈ ਅਤੇ ਉਦੋਂ ਦੇ ਸਮਾਜਿਕ ਹਾਲਾਤ ਵਿੱਚ ਇਹ ਗੱਲ ਬੜੀ ਮਹੱਤਵਪੂਰਨ ਤੇ ਬੁਰੀ ਮੰਨੀ ਜਾਂਦੀ ਸੀ। ਕਿਸੇ ਵੀ ਰਿਸ਼ਤੇ ਵਿੱਚ ਨਾਨਕਿਆਂ ਦਾ ਪੱਖ ਦੇਖਿਆ ਜਾਂਦਾ ਸੀ, ਇਸ ਪੱਖੋਂ ਠੋਲਾ ਸਿੰਘ ਦਾ ਸਮਾਜੀ ਜੀਵਨ ਸਮਾਜ ਦੀ ਨਿਗ੍ਹਾ ਵਿੱਚ ਦਾਗੀ ਸੀ।

ਤੇ ਹਰ ਵਾਰ ਇਹ ਪੱਖ ਜਗਸੀਰ ਦੇ ਰਿਸ਼ਤੇ ਵੇਲੇ ਸਾਹਮਣੇ ਆ ਜਾਂਦਾ ਤੇ ਰਿਸ਼ਤਾ ਸਿਰੇ ਨਾ ਚੜ੍ਹਦਾ।

ਪਰ ਫਿਰ ਵੀ ਠੋਲਾ ਸਿੰਘ ਨੂੰ ਇਹ ਹੌਸਲਾ ਹੈ ਕਿ ਉਹ ਜਗਸੀਰ ਲਈ ਚਾਰ ਵਿੱਘੇ ਜ਼ਮੀਨ ਛੱਡ ਕੇ ਜਾਵੇਗਾ, ਜੋ ਕਿ ਧਰਮ ਸਿੰਘ ਦੇ ਪਿਤਾ ਨੇ ਉਸ ਨੂੰ ਦੇ ਦਿੱਤੀ ਸੀ। ਦਿੱਤੀ ਭਾਵੇਂ ਜ਼ੁਬਾਨੀ-ਕਲਾਮੀ ਸੀ, ਪਰ ਚਿਰਾਂ ਤੋਂ ਉਹੀ ਵਾਹ ਰਿਹਾ ਸੀ। ਉਸ ਨੇ ਉਹਨਾਂ ਚਾਰ ਵਿਘਿਆਂ ਵਿੱਚ ਬਹੁਤ ਸਾਲ ਪਹਿਲਾਂ ਇਕ ਟਾਹਲੀ ਲਾ ਦਿੱਤੀ ਸੀ, ਜਿਸ ਨੂੰ ਉਸ ਨੇ ਬੜੇ ਚਾਅ-ਮੁਹੱਬਤ ਨਾਲ ਪਾਲਿਆ ਹੋਇਆ ਸੀ, ਇਸ ਤਰ੍ਹਾਂ ਉਸ ਨੇ ਇਹਨਾਂ ਚਾਰ ਵਿਘਿਆਂ ਨਾਲ ਆਪਣੇ ਮੋਹ ਪੈਦਾ ਕਰ ਲਈ ਸੀ। ਇਹਨਾਂ ਚਾਰ ਵਿਘਿਆਂ ਵਾਸਤੇ ਧਰਮ ਸਿੰਘ ਦਾ ਵੀ ਅਜਿਹਾ ਮੰਨਣਾ ਸੀ ਕਿ ਇਹ ਠੋਲਾ ਸਿੰਘ ਨੂੰ ਦਿੱਤੀ ਹੋਈ ਹੈ, ਉਸੇ ਦੀ ਹੈ, ਭਾਵੇਂ ਕਿ ਲਿਖਤ-ਪੜਤ ਕੋਈ ਨਹੀਂ ਹੋਈ, ਪਰ ਪਿਤਾ ਨੇ ਵਾਅਦਾ ਕੀਤਾ ਹੈ ਤਾਂ ਲੋਹੇ ਦੀ ਲਕੀਰ ਹੈ।

ਠੋਲਾ ਸਿੰਘ ਆਪਣੇ ਇਸ ਸੁਪਨੇ ਨੂੰ ਅਧੂਰਾ ਛੱਡ ਕੇ ਜਹਾਨੋਂ ਕੂਚ ਕਰ ਜਾਂਦਾ ਹੈ ਕਿ ਜਗਸੀਰ ਦਾ ਵਿਆਹ ਹੋ ਜਾਂਦਾ।

ਠੋਲਾ ਸਿੰਘ ਆਪਣੇ ਸਾਹ ਛੱਡਣ ਤੋਂ ਪਹਿਲਾਂ ਵਿੱਚ ਜਗਸੀਰ ਨੂੰ ਕਹਿੰਦਾ ਹੈ ਕਿ ਉਹ ਚਾਰ ਵਿੱਘਿਆਂ ਵਿੱਚ ਲੱਗੀ ਟਾਹਲੀ ਦੇ ਥੱਲੇ ਉਸ ਦੀ ਮਟੀ (ਮੜ੍ਹੀ) ਜ਼ਰੂਰ ਬਣਾਵੇ, ਮਰ ਰਹੇ ਪਿਤਾ ਦੇ ਇਹ ਕਹਿਣ ਪਿੱਛੇ ਦਰਅਸਲ ਇੱਕ ਲੁਕਿਆ ਮਕਸਦ ਹੈ, ਉਹ ਹੈ ਇਸ ਨਾਲ ਜਗਸੀਰ ਦਾ ਇਹਨਾਂ ਚਾਰ ਵਿਘਿਆਂ 'ਤੇ ਦਾਅਵਾ ਮਜ਼ਬੂਤ ਹੋਵੇਗਾ, ਮੋਹ ਹੋ ਜਾਏਗੀ। ਦਰਅਸਲ ਉਸ ਦੇ ਅੰਦਰ ਡਰ ਹੈ ਕਿ ਕਿਤੇ ਉਸ ਤੋਂ ਬਾਅਦ ਕੋਈ ਅਜਿਹੇ ਹਾਲਾਤ ਨਾ ਬਣ ਜਾਣ ਕਿ ਜਗਸੀਰ ਉਹਨਾਂ ਚਾਰ ਵਿਘਿਆਂ ਤੋਂ ਵਾਂਝਾ ਹੋ ਜਾਵੇ।

ਜਗਸੀਰ ਪਿਤਾ ਦੀ ਇੱਛਾ ਮੁਤਾਬਕ ਚਾਰ ਵਿਘਿਆਂ ਦੇ ਖੇਤ ਵਿੱਚ ਖੜੀ ਟਾਹਲੀ ਥੱਲੇ ਇੱਟਾਂ ਨਾਲ ਪਿਤਾ ਦੀ ਮੜ੍ਹੀ ਬਣਾ ਦਿੰਦਾ ਹੈ।

ਜ਼ਿੰਦਗੀ ਫਿਰ ਉਸੇ ਮਾਮੂਲ 'ਤੇ ਚੱਲ ਪੈਂਦੀ ਹੈ।

ਪਿੰਡ ਵਿੱਚ ਜਗਸੀਰ ਦੋਸਤ ਨਿੱਕੇ (ਗੋਪੀ ਭੱਲਾ) ਦਾ ਵਿਆਹ ਹੁੰਦਾ ਹੈ। ਜਗਸੀਰ, ਨਿੱਕੇ ਦੀ ਨਵ-ਵਿਆਹੀ ਦੁਲਹਨ ਭਾਨੀ ਨੂੰ ਬਹੁਤ ਪਸੰਦ ਕਰਦਾ ਹੈ, ਕੁਝ ਘਟਨਾਵਾਂ ਇਸ ਤਰ੍ਹਾਂ ਹੁੰਦੀਆਂ ਹਨ ਕਿ ਭਾਨੀ ਵੀ ਜਗਸੀਰ ਨੂੰ ਪਸੰਦ ਕਰਨ ਲੱਗ ਪੈਂਦੀ ਹੈ।ਪਰ ਜਲਦੀ ਹੀ ਭਾਨੀ ਦੇ ਘਰੇ ਪਤਾ ਲੱਗਣ 'ਤੇ ਕਲੇਸ਼ ਖੜਾ ਹੋ ਜਾਂਦਾ ਹੈ। ਉਸ ਦਾ ਪਤੀ ਨਿੱਕਾ ਭਾਨੀ ਨਾਲ ਕੁੱਟਮਾਰ ਕਰਦਾ ਹੈ।

ਗੁੱਸੇ 'ਚ ਇੱਕ ਸ਼ਾਮ ਜਗਸੀਰ ਸ਼ਰਾਬ ਪੀ ਕੇ ਨਿੱਕੇ ਦੇ ਘਰ ਚਲਾ ਜਾਂਦਾ ਹੈ ਜਿਸ ਦੇ ਝਗੜੇ ਨੂੰ ਸਾਰੇ ਪਿੰਡ ਵਾਲੇ ਦੇਖਦੇ ਹਨ ਪਿੰਡ ਵਾਲਿਆਂ ਵਿੱਚ ਹੁਣ ਭਾਨੀ ਤੇ ਜਗਸੀਰ ਦੀਆਂ ਗੱਲਾਂ ਹੋ ਰਹੀਆਂ ਹੁੰਦੀਆਂ ਹਨ।ਜਗਸੀਰ ਦੀ ਮੁਹੱਬਤ ਵਿੱਚ ਪਾਕੀਜ਼ਗੀ ਹੈ, ਖਾਹਿਸ਼ਾਂ ਰਹਿਤ ਮੁਹੱਬਤ। ਉਹ ਪਾਸਾ ਵੱਟ ਜਾਂਦਾ ਹੈ।

ਸਮਾਂ ਬੀਤਦਾ ਹੈ, ਕਦੇ-ਕਦਾਈਂ ਜਗਸੀਰ ਅਤੇ ਭਾਨੀ ਦਾ ਆਹਮਣਾ-ਸਾਹਮਣਾ ਹੋ ਜਾਂਦਾ ਹੈ ਤੇ ਭਾਨੀ ਉਸ ਨਾਲ ਦੁੱਖ-ਸੁੱਖ ਵੰਡਾਉਣ ਦੀ ਗੱਲ ਕਰਦੀ ਹੈ, ਜਿਸ ਨੂੰ ਜਗਸੀਰ ਚੁੱਪ-ਚਾਪ ਸੁਣਦਾ ਹੈ ਅੱਗੋਂ ਕੁਝ ਨਹੀਂ ਬੋਲਦਾ।



ਉਧਰ ਧਰਮ ਸਿੰਘ ਕੋਸ਼ਿਸ਼ ਕਰ ਰਿਹਾ ਹੈ ਕਿ ਜਗਸੀਰ ਦਾ ਵਿਆਹ ਹੋ ਜਾਵੇ, ਪਰ ਹਰ ਥਾਂ ਤੋਂ ਜਵਾਬ ਮਿਲ ਜਾਂਦਾ ਹੈ, ਉਸ ਦੇ ਮਾਤਾ-ਪਿਤਾ ਦਾ ਪਿਛੋਕੜ ਹਰ ਵਾਰ ਕੰਧ ਬਣ ਕੇ ਉਸ ਦੀ ਕਿਸਮਤ ਵਿੱਚ ਖੜਾ ਹੋ ਜਾਂਦਾ ਹੈ।

ਜਗਸੀਰ ਕਾਮਿਆਂ ਦਾ ਲੜਕਾ ਹੈ। ਪੱਛੜੇ ਹੋਏ ਘਰ ਦਾ ਬੱਚਾ ਪਰ ਉਹ ਧਰਮ ਸਿੰਘ ਦਾ ਬਹੁਤ ਸਤਿਕਾਰ ਕਰਦਾ ਹੈ, ਧਰਮ ਸਿੰਘ ਦਾ ਉਸ ਨੂੰ ਬਾਪ ਵਰਗਾ ਆਸਰਾ ਹੈ। ਉਧਰ ਧਰਮ ਸਿੰਘ ਦਾ ਆਪਣਾ ਪੁੱਤ ਭੰਤਾ (ਕੰਵਲਜੀਤ) ਹੁਣ ਕੰਮਾਂਕਾਰਾਂ ਵਿੱਚ ਦਿਲਚਸਪੀ ਲੈਣ ਲੱਗ ਗਿਆ ਹੈ। ਉਸ ਨੂੰ ਉਹ ਚਾਰ ਵਿਘੇ ਚੁੱਭ ਰਹੇ ਹਨ, ਜੋ ਉਸ ਦੇ ਵੱਡਿਆਂ ਨੇ ਜਗਸੀਰ ਦੇ ਪਿਤਾ ਨੂੰ ਦਿੱਤੇ ਸਨ ਅਤੇ ਹੁਣ ਭੰਤੇ ਦੇ ਪਿਤਾ ਧਰਮ ਸਿੰਘ ਨੇ ਜਗਸੀਰ ਨੂੰ ਦੇ ਦਿੱਤੇ ਹਨ। ਜ਼ਮੀਨਾਂ ਦੀ ਕਦਰ ਵਧ ਗਈ ਹੈ ਤਾਂ ਕੀਮਤ ਵੀ ਵਧ ਗਈ ਹੈ। ਪਿੰਡਾਂ ਵਿੱਚ ਬਿਜਲੀ ਦੇ ਖੰਭੇ ਲੱਗਣ ਲੱਗ ਪਏ ਹਨ, ਇਸ ਨਾਲ ਕਈ ਤਰ੍ਹਾਂ ਦੇ ਹੋਰ ਬਦਲਾਓ ਵੀ ਆਉਣ ਲੱਗੇ ਹਨ।

ਧਰਮ ਸਿੰਘ ਦੀ ਪਤਨੀ ਵੀ ਆਪਣੇ ਪੁੱਤ ਭੰਤੇ ਦੀ ਹਮਾਇਤ ਵਿੱਚ ਹੈ। ਉਹ ਧਰਮ ਸਿੰਘ ਨੂੰ ਭਲਾ-ਬੁਰਾ ਕਹਿੰਦੀ ਹੈ, ਕਹਿੰਦੀ ਹੈ ਕਿ ਕਿਉਂ ਉਹ ਨੌਕਰਾਂ ਨੂੰ ਜ਼ਮੀਨ ਦੇ ਰਿਹਾ ਹੈ। ਧਰਮ ਸਿੰਘ ਬਹੁਤ ਸਮਝਾਉਂਦਾ ਹੈ ਕਿ ਪਿਤਾ-ਪੁਰਖਿਆਂ ਨੇ ਜ਼ਮੀਨ ਦਿੱਤੀ ਹੋਈ ਹੈ। ਹੁਣ ਵਾਪਸ ਨਹੀਂ ਲੈ ਸਕਦੇ, ਆਖਰ ਪੁਰਖਿਆਂ ਦੀ ਦਿੱਤੀ ਹੋਈ ਜ਼ੁਬਾਨ ਵੀ ਕੋਈ ਕੀਮਤ ਰੱਖਦੀ ਹੈ ਕਿ ਨਹੀਂ, ਪਰ ਉਹ ਮਾਂ ਪੁੱਤ ਆਪਣੀ ਜ਼ਿੱਦ 'ਤੇ ਬਜ਼ਿੱਦ ਹਨ।

ਭੰਤਾ ਕਿਸੇ ਵੀ ਤਰ੍ਹਾਂ ਉਹ ਚਾਰ ਵਿੱਗੇ ਵਾਪਸ ਲੈਣਾ ਚਾਹੁੰਦਾ ਹੈ, ਉਹ ਸਾਜ਼ਿਸ਼ ਕਰਕੇ ਖੇਤ ਵਿਚਲੀ ਟਾਹਲੀ ਨੂੰ ਵਢਵਾ ਦਿੰਦਾ ਹੈ। ਉਹ ਟਾਹਲੀ ਸਿਰਫ ਇੱਕ ਦਰੱਖਤ ਨਹੀਂ ਸੀ, ਉਹ ਜਗਸੀਰ ਤੇ ਉਸ ਦੇ ਪਿਤਾ ਦੀ ਹੋਂਦ ਨਾਲ ਜੁੜਿਆ ਹੋਇਆ ਇੱਕ ਦਰੱਖਤ ਸੀ, ਜਿਸ ਨਾਲ ਉਸ ਪਰਵਾਰ ਦਾ ਭਾਵਨਾਵਾਂ ਸਮੇਤ ਬਹੁਤ ਕੁਝ ਜੁੜਿਆ ਹੋਇਆ ਸੀ। ਜਗਸੀਰ ਨੂੰ ਭਾਵੇਂ ਭਾਰੀ ਸਦਮਾ ਲੱਗਦਾ ਹੈ, ਪਰ ਉਹ ਚੁੱਪ ਰਹਿੰਦਾ ਹੈ,। ਟਾਹਲੀ ਵੱਢੇ ਜਾਣ ਤੋਂ ਬਾਅਦ ਉਹ ਆਪਣੇ ਪਿਉ ਦੀ ਮਟੀ ਦੀਆਂ ਇੱਟਾਂ ਆਪਣੇ ਘਰ ਲੈ ਆਉਂਦਾ ਹੈ। ਜਗਸੀਰ ਦੀ ਮਾਤਾ ਜੋ ਹੁਣ ਬਿਰਧ ਅਤੇ ਬਿਮਾਰ ਹੈ, ਇਹ ਹਾਲਾਤ ਦੇਖ ਕੇ ਹੋਰ ਬਿਮਾਰ ਹੋ ਜਾਂਦੀ ਹੈ। ਭਾਵੇਂ ਉਹ ਉਲ੍ਹਾਂਭਾ ਲੈ ਕੇ ਧਰਮ ਸਿੰਘ ਕੋਲ ਵੀ ਜਾਂਦੀ ਹੈ, ਪਰ ਧਰਮ ਸਿੰਘ ਉਸ ਨੂੰ ਭਰੋਸੇ ਤੋਂ ਇਲਾਵਾ ਕੁਝ ਨਹੀਂ ਦੇ ਸਕਦਾ। ਹਾਲਾਤ ਉਸ 'ਤੇ ਵਸੋਂ ਬਾਹਰ ਹੁੰਦੇ ਜਾ ਰਹੇ ਹਨ।

ਕਾਮਿਆਂ ਦੇ ਮੁੰਡੇ ਜਗਸੀਰ ਦਾ ਟੁੱਟਣਾ ਹਾਲੇ ਬਾਕੀ ਸੀ।

ਫਸਲ ਆਉਣ ਵੇਲੇ ਭੰਤਾ ਉਹਨਾਂ ਚਾਰ ਵਿਘਿਆਂ ਦੀ ਫਸਲ ਵੀ ਵੇਚਣ ਵਾਸਤੇ ਲੱਦ ਲੈਂਦਾ ਹੈ, ਜੋ ਜਗਸੀਰ ਨੂੰ ਦਿੱਤੇ ਹੋਏ ਸਨ।

ਇਹ ਜਗਸੀਰ ਨਾਲ ਬਹੁਤ ਵੱਡੀ ਜ਼ਿਆਦਤੀ ਸੀ। ਜਗਸੀਰ ਵਿਰੋਧਤਾ ਕਰਦਾ ਹੈ, ਪਰ ਉਹ ਭੰਤੇ 'ਤੇ ਹੱਥ ਨਹੀਂ ਚੁੱਕਦਾ, ਭਾਵੇਂ ਕਿ ਭੰਤਾ ਉਸ ਨਾਲ ਮਾਰਕੁੱਟ ਵੀ ਕਰ ਲੈਂਦਾ ਹੈ।

ਇਸ ਧੱਕੇ ਨਾਲ ਜਗਸੀਰ ਅੰਦਰੋਂ ਟੁੱਟ ਚੁੱਕਿਆ ਹੈ ਤੇ ਫਿਰ ਮਾਂ ਵੀ ਦੁੱਖ ਦੀ ਮਾਰੀ ਜਹਾਨੋਂ ਕੂਚ ਕਰ ਜਾਂਦੀ ਹੈ।

ਧਰਮ ਸਿੰਘ ਹਾਲੇ ਵੀ ਆਪਣੇ ਕੌਲ ਦੇ ਉੱਪਰ ਖੜਾ ਹੈ, ਉਹ ਫਸਲ ਦੇ ਪੈਸੇ ਲਿਆ ਕੇ ਜਗਸੀਰ ਨੂੰ ਦੇ ਦਿੰਦਾ ਹੈ, ਤੇ ਉਹ ਜਗਸੀਰ ਨੂੰ ਹਾਲਾਤ ਵਧੀਆ ਹੋਣ ਦਾ ਹੌਸਲਾ ਵੀ ਦਿੰਦਾ ਹੈ। ਜਗਸੀਰ ਨਾਲ ਹੋਈ ਜ਼ਿਆਦਤੀ ਕਾਰਨ ਧਰਮ ਸਿੰਘ ਬਹੁਤ ਦੁਖੀ ਹੈ। ਉਹ ਪਤਨੀ ਅਤੇ ਪੁੱਤ ਨੂੰ ਨਹੀਂ ਸਮਝਾ ਸਕਦਾ ਤਾਂ ਨਮੋਸ਼ੀ ਦੇ ਚੱਲਦਿਆਂ ਉਹ ਬਿਨਾਂ ਦੱਸਿਓਂ ਘਰ ਛੱਡ ਕੇ ਚਲਾ ਜਾਂਦਾ ਹੈ।

ਧਰਮ ਸਿੰਘ ਦੇ ਘਰ ਛੱਡਣ ਤੋਂ ਬਾਅਦ ਜਗਸੀਰ ਹੋਰ ਬੇਸਹਾਰਾ ਹੋ ਜਾਂਦਾ ਹੈ, ਕਿਉਂਕਿ ਹੁਣ ਉਸ ਦੀ ਮਾਂ ਵੀ ਨਹੀਂ ਰਹੀ ਹੈ।

ਜ਼ਮੀਨ ਵੀ ਨਹੀਂ ਰਹੀ ਤੇ ਉਸ ਦੇ ਆਪਣੇ ਵੀ ਸਾਥ ਛੱਡਦੇ ਜਾ ਰਹੇ ਹਨ, ਅਜਿਹੀ ਸਥਿਤੀ ਵਿੱਚ ਉਸ ਦਾ ਇੱਕੋ ਸਾਥੀ ਹੈ। ਉਸ ਦਾ ਲੰਗੋਟੀਆ ਯਾਰ 'ਰੌਣਕੀ'।

ਰੌਣਕੀ ਵੀ ਇਕੱਲਾ ਹੈ। ਉਹ ਅਮਲ ਕਰਦਾ ਹੈ, ਘਰ ਵਾਲੀ ਛੱਡ ਕੇ ਜਾ ਚੁੱਕੀ ਹੈ। ਰੌਣਕੀ ਦਾ ਕਿਰਦਾਰ ਪੰਕਜ ਕਪੂਰ ਨੇ ਨਿਭਾਇਆ ਹੈ ਤੇ ਬਹੁਤ ਸ਼ਾਨਦਾਰ ਨਿਭਾਇਆ ਹੈ। ਉਸ ਦੀ ਬੋਲੀ ਵਿੱਚ ਮਾਲਵੇ ਦੀ ਪੁੱਠ ਹੈ। ਉਹ ਜਗਸੀਰ ਨੂੰ ਹੌਸਲਾ ਦਿੰਦਾ ਹੈ ਅਤੇ ਉਸ ਦੀ ਬਿਮਾਰੀ ਵਾਸਤੇ ਤਰੱਦਦ ਕਰਦਾ ਹੈ, ਪਰ ਹਕੀਮ ਉਸ ਨੂੰ ਦੱਸ ਦਿੰਦਾ ਹੈ ਕਿ ਜਗਸੀਰ ਨਸ਼ੇ ਅਤੇ ਭੁੱਖ ਦੇ ਕਾਰਨ ਹੁਣ ਜ਼ਿਆਦਾ ਦੇਰ ਜ਼ਿੰਦਾ ਨਹੀਂ ਰਹਿ ਸਕਦਾ।

ਆਖਰੀ ਸਮੇਂ ਵਿੱਚ ਰੌਣਕੀ ਅਤੇ ਜਗਸੀਰ ਗੱਲਾਂ ਕਰਦੇ ਹਨ। ਫਿਲਮ ਦੇ ਇਹ ਦ੍ਰਿਸ਼ ਬੜੇ ਮਾਰਮਿਕ ਹਨ। ਰੌਣਕੀ ਰੱਬ ਨੂੰ ਉਲ੍ਹਾਂਭੇ ਦਿੰਦਾ ਹੈ ਕਿ ਉਸ ਕੋਲ ਦਇਆ, ਤਰਸ ਨਾਂਅ ਦੀ ਕੋਈ ਚੀਜ਼ ਨਹੀਂ ਹੈ, ਉਹ ਗਰੀਬਾਂ ਦਾ ਹਾਮੀ ਹੀ ਨਹੀਂ, ਉਹ ਸਾਰੇ ਦੁੱਖ ਗਰੀਬਾਂ ਦੀ ਝੋਲੀ ਪਾਉਂਦਾ ਹੈ ਆਦਿ।

ਜਗਸੀਰ ਬਿਮਾਰ ਹੈ ਅਤੇ ਉਸ ਦੀ ਆਵਾਜ਼ ਵਿੱਚ ਬਹੁਤ ਕਮਜ਼ੋਰੀ ਹੈ, ਜਿਸ ਕਾਰਨ ਰੌਣਕੀ ਅੰਦਰੋਂ ਡਰਿਆ ਹੁੰਦਾ ਹੈ।

ਜਗਸੀਰ ਰੌਣਕੀ ਨੂੰ ਕਹਿੰਦਾ ਹੈ ਕਿ ਜੇਕਰ ਉਸ ਦੀ ਮੌਤ ਹੋ ਜਾਵੇ ਤਾਂ ਉਹ ਉਸ ਦੀ ਮਟੀ ਬਣਾ ਦੇਵੇ ਤੇ ਹੁਣ ਦੁਨੀਆ ਵਿੱਚ ਭਾਨੀ ਹੀ ਹੈ ਜੋ ਉਸ ਨੂੰ ਆਪਣਾ ਸਮਝਦੀ ਹੈ। ਉਹ ਭਾਨੀ ਨੂੰ ਕਹਿ ਦੇਵੇ ਕਿ ਉਹ ਮੇਰੇ ਬਾਅਦ ਮੇਰੀ ਮੜ੍ਹੀ 'ਤੇ ਦੀਵਾ ਜਗਾ ਦਿਆ ਕਰੇ।

ਰੌਣਕੀ ਭਰੇ ਮਨ ਨਾਲ ਉਸ ਦੀਆਂ ਗੱਲਾਂ ਦੀ ਹਾਮੀ ਭਰ ਦਿੰਦਾ ਹੈ ਅਤੇ ਜਗਸੀਰ ਨੂੰ ਮਰਦਿਆਂ ਹੋਇਆਂ ਦੇਖਦਾ ਹੈ। ਉਹ ਖੁਦ ਵੀ ਤਾਂ ਇਕੱਲਾ ਹੀ ਹੈ। ਇੱਕ ਜਗਸੀਰ ਹੀ ਸੀ, ਜਿਸ ਦਾ ਉਸ ਨੂੰ ਸਾਥ ਮਿਲਿਆ ਹੋਇਆ ਸੀ। ਉਸ ਦਾ ਵੀ ਹੋਰ ਸੰਗੀ-ਸਾਥੀ ਕੋਈ ਨਹੀਂ ਸੀ।

ਰੌਣਕੀ ਜਗਸੀਰ ਵਾਸਤੇ ਦਵਾਈ ਦੀਆਂ ਪੁੜੀਆਂ ਲੈਣ ਗਿਆ ਹੁੰਦਾ ਹੈ, ਪਰ ਜਦੋਂ ਵਾਪਸ ਆਉਂਦਾ ਹੈ ਤਾਂ ਜਗਸੀਰ ਇਸ ਦੁਨੀਆ ਤੋਂ ਜਾ ਚੁੱਕਿਆ ਹੁੰਦਾ ਹੈ।

ਦੁੱਖਾਂ ਦੀ ਇਕ ਲੰਮੀ ਕਹਾਣੀ ਖਤਮ ਹੋ ਗਈ ਹੁੰਦੀ ਹੈ।

ਫਿਲਮ ਦੇ ਅਖੀਰਲੇ ਦ੍ਰਿਸ਼ਾਂ ਵਿੱਚ ਰੌਣਕੀ ਮੜ੍ਹੀ ਬਣਾਉਂਦਾ ਹੋਇਆ ਨਜ਼ਰ ਆਉਂਦਾ ਹੈ ਅਤੇ ਫਿਰ ਭਾਨੀ ਉਸ ਮੜ੍ਹੀ 'ਤੇ ਦੀਵਾ ਬਾਲਦੀ ਵੀ ਨਜ਼ਰ ਆਉਂਦੀ ਹੈ।

ਮੜ੍ਹੀ 'ਤੇ ਦੀਵਾ ਬਾਲ ਕੇ ਜਾ ਰਹੀ ਭਾਨੀ 'ਤੇ ਫਿਲਮ ਖਤਮ ਹੋ ਜਾਂਦੀ ਹੈ।

'ਮੜ੍ਹੀ ਦਾ ਦੀਵਾ' ਪੰਜਾਬੀ ਫਿਲਮ ਜਗਤ ਦੀ ਬਿਹਤਰੀਨ ਫਿਲਮ ਕਹੀ ਜਾ ਸਕਦੀ ਹੈ। ਇਸ ਵਿੱਚ ਸਾਰੇ ਅਦਾਕਾਰਾਂ ਦੀ ਅਦਾਕਾਰੀ ਬੇਮਿਸਾਲ ਸੀ। ਰਾਜ ਬੱਬਰ ਭਾਵੇਂ ਹਿੰਦੀ ਫਿਲਮ ਜਗਤ ਦੇ ਵੀ ਸਫਲ ਕਲਾਕਾਰ ਹਨ, ਪਰ ਇਹ ਉਹਨਾਂ ਦੀ ਜ਼ਿੰਦਗੀ ਦੀ ਬਿਹਤਰੀਨ ਪੇਸ਼ਕਾਰੀ ਹੈ, ਪੰਕਜ ਕਪੂਰ, ਦੀਪਤੀ ਨਵਲ, ਪ੍ਰੀਕਸ਼ਤ ਸਾਹਨੀ, ਹਰਭਜਨ ਜਬਲ ਭਾਵੇਂ ਛੋਟੀਆਂ ਭੂਮਿਕਾਵਾਂ ਵਿੱਚ ਹਨ, ਪਰ ਉਨ੍ਹਾਂ ਵੱਲੋਂ ਨਿਭਾਏ ਗਏ ਕਿਰਦਾਰ ਕਮਾਲ ਹਨ।

ਫਿਲਮ ਦਾ ਇੱਕ ਮਹੱਤਵਪੂਰਨ ਪੱਖ ਇਲਾਕਾਈ ਬੋਲੀ ਦਾ ਵੀ ਹੈ, ਬੋਲੀ ਸੁਭਾਵਿਕ ਮਲਵਈ ਬੋਲੀ ਹੈ ਅਤੇ ਪਹਿਰਾਵਾ ਵੀ ਸਥਾਨਕ ਪਰਿਵੇਸ਼ ਅਨੁਸਾਰ ਢੁਕਵਾਂ। ਫਿਲਮ ਹਰ ਪੱਖੋਂ ਮਜ਼ਬੂਤ ਹੈ, ਭਾਵੇਂ ਉਹ ਪਾਤਰਾਂ ਦੀ ਵੇਸ਼ ਭੂਸ਼ਾ ਹੋਵੇ ਜਾਂ ਰਹਿਣ-ਸਹਿਣ, ਬੋਲੀ ਜਾਂ ਫਿਰ ਖੇਤ, ਪਿੰਡ ਅਤੇ ਘਰ ਦੇ ਦ੍ਰਿਸ਼। ਫਿਲਮ ਵਿੱਚ ਸੰਗੀਤ ਮਹਿੰਦਰਜੀਤ ਸਿੰਘ ਦਾ ਹੈ, ਫਿਲਮ ਦੀ ਸੰਪਾਦਨਾ ਸੁਭਾਸ਼ ਸਹਿਗਲ ਨੇ ਕੀਤੀ ਹੈ।